read more on:
www.parwazparkashan.com


ISSN 2321- 4449

# ਕਹਾਣੀ ਧਾਰਾ 48

40/- ਜਨਵਰੀ-ਮਾਰਚ,2018



Year:13 Issue No.48
'KAHANI DHARA'(PUNJABI QUARTERLY) Jan.-March.,2018 R.N.I. Regd No. PUN PUN 2006/19971




ਸਾਹਿਤਕ ਧੁਨ 'ਚ ਮੈਂ ਪੰਜਾਬ ਦੇ ਉਹਨਾਂ ਲੋਕਾਂ 'ਚ ਵਿਚਰਦਾ ਹਾਂ, ਜਿਹਨਾਂ ਨੂੰ ਸਮੇਂ ਨੇ ਧੱਕ, ਹਾਸ਼ੀਏ ਉੱਤੇ ਹੀ ਕਰੀ ਰੱਖਿਆ ਹੈ। ਜ਼ਮੀਨੀ ਪੱਧਰ 'ਤੇ ਉਹਨਾਂ ਨੂੰ ਨਾ ਸਮਾਜਿਕ ਪਛਾਣ ਮਿਲੀ, ਨਾ ਸੱਭਿਆਚਾਰਕ ਤੇ ਨਾ ਹੀ ਸਿਆਸੀ। ਇਹ ਨਿਮਨ ਲੋਕ ਆਪਣੀ ਪਛਾਣ ਲਈ ਲਗਾਤਾਰ ਲੜ ਰਹੇ ਹਨ। ਕੋਈ ਆਰਥਿਕ ਪਛਾਣ ਲਈ ਲੜ ਰਿਹਾ ਹੈ। ਕੋਈ ਸਮਾਜਿਕ ਪਛਾਣ ਲਈ ਲੜ ਰਿਹਾ ਹੈ ਤੇ ਕੋਈ ਆਪਣੀ ਸਵੈ-ਪਛਾਣ ਲਈ ਲੜ ਰਿਹਾ ਹੈ। ਉਹ ਉਸ ਸਿਸਟਮ 'ਚ ਪਿਸਦੇ ਰਹੇ, ਜਿਹਨੇ ਸੱਤਾ ਦੇ ਸਿਖਰ ਵਾਸਤੇ ਹੀ ਖ਼ਿਦਮਤਗਾਰ ਰਹਿਣਾ ਹੁੰਦਾ ਹੈ। ਪਰ ਮੈਂ ਇਹਨਾਂ ਦੇ ਸਾਹਾਂ ਦਾ ਭੇਤੀ ਹਾਂ, ਇਹਨਾਂ ਦੇ ਸਾਹ ਦੱਸਦੇ ਨੇ ਕਿ ਲਗਾਤਾਰ ਲੜਦੇ ਰਹਿਣ ਦੀ ਜ਼ਿੱਦ ਇਹਨਾਂ ਵਿੱਚ ਹੈ। ਇਹ ਦਵੰਦੀ ਧੱਕ ਕਾਰਣ ਆਪਣੀ ਪਛਾਣ ਲਈ ਬਜ਼ਿੱਦ ਨੇ। ਇਹਨਾਂ ਦੇ ਇਸੇ ਸੰਘਰਸ਼ ਵਿੱਚੋਂ ਮੇਰੀਆਂ ਕਹਾਣੀਆਂ ਜਨਮ ਲੈਂਦੀਆਂ ਨੇ।

ਇਸ ਸਮਾਜ ਨੂੰ ਸਮਝਦਿਆਂ ਦੂਸਰਾ ਨੁਕਤਾ ਮੇਰੇ ਜ਼ਿਹਨ 'ਚ ਉੱਭਰਦਾ ਹੈ ਕਿ ਕਿਵੇਂ ਜੋ ਭਗਤੀ ਹੈ, ਉਹ ਇਹਨਾਂ ਲੋਕਾਂ ਦੀ ਮਨੋਚੇਤਨਾ ਨੂੰ ਖੁੰਡਿਆਂ ਕਰ ਰਹੀ ਹੈ। ਇਹ ਲੋਕ ਏਨੇ ਅਦਿੱਖ ਦਹਿਲ ਦਾ ਸ਼ਿਕਾਰ ਨੇ ਕਿ ਭਗਤੀ 'ਚੋਂ ਬਾਹਰ ਹੀ ਨਹੀਂ ਆ ਸਕਦੇ। ਇਹਨਾਂ ਨੂੰ ਖ਼ੌਫ਼ ਨੇ ਘੇਰਿਆ ਹੈ, ਤਦੇ ਇਹ ਅੰਨ੍ਹੀ ਸ਼ਰਧਾ 'ਚ ਗ਼ਲਤਾਨ ਨੇ। ਇਵੇਂ ਹੀ ਕਿਤੇ ਨਾ ਕਿਤੇ ਮਨ ਨੂੰ ਢਾਰਸ ਦੇਣ ਲਈ ਨਿਮਨ ਤੋਂ ਨਿਮਨ ਵਾਲੀ ਜੋ ਸਮਾਜਿਕ ਪੁਜੀਸ਼ਨ ਹੈ, ਉਹਦਾ ਭਰਮ ਵੀ ਦਿਖਾਈ ਦਿੰਦਾ ਹੈ। ਪੂੰਜੀ ਦਾ ਮਾਇਆ ਜਾਲ਼ ਨਿਮਨ ਕਿਸਾਨੀ-ਖੇਤ ਮਜ਼ਦੂਰ ਨੂੰ ਲਗਾਤਾਰ ਮਾਰ ਰਿਹਾ ਹੈ। ਮੈਂ ਇਸਨੂੰ ਮਹਿਸੂਸ ਕੀਤਾ ਹੈ। ਇਹ ਇੱਕ ਹੋਰ ਸਮਾਜਿਕ ਗੁੰਝਲ ਪੈਦਾ ਕਰਦੀ ਹੈ। ਮੇਰੀਆਂ ਕਹਾਣੀਆਂ ਇਸ ਗੁੰਝਲ ਨੂੰ ਵੀ ਫੜਨ ਦੀ ਕੋਸ਼ਿਸ਼ ਕਰਦੀਆਂ ਨੇ।

ਸਾਡੇ ਸਮੇਂ ਵਿੱਚ ਕੋਈ ਵੀ ਸਮਾਜਿਕ, ਸਿਆਸੀ ਜਾਂ ਸੱਭਿਆਚਾਰਕ ਲਹਿਰ ਦਾ ਉਭਾਰ ਨਜ਼ਰ ਨਹੀਂ ਆਉਂਦਾ। ਇਸ ਵਾਸਤੇ ਸਮਕਾਲ ਦਾ ਜੋ ਸਾਹਿਤ ਹੈ, ਉਹ ਲੇਖਕ ਦੇ ਆਪਣੇ ਚਿੰਤਨ ਦੀ ਉਪਜ ਹੀ ਕਹੀ ਜਾ ਸਕਦੀ ਹੈ। ਲਹਿਰਾਂ ਦੇ ਸਾਹਿਤ ਦਾ ਮਹੱਤਵ ਤਾਂ ਹੁੰਦਾ ਹੈ, ਪਰੰਤੂ ਜਦੋਂ ਲਹਿਰਾਂ ਨਹੀਂ ਹੁੰਦੀਆਂ, ਉਸ ਵਕਤ ਬਿਨਾਂ ਵਹਾਅ ਦੇ ਲਿਖਿਆ ਜਾਣ ਵਾਲਾ ਸਾਹਿਤ ਵੱਧ ਚਿੰਤਨਸ਼ੀਲ ਹੁੰਦਾ ਹੈ। ਮੈਂ ਸਮਕਾਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਪਾਤਰ ਮੇਰੇ ਹੱਥੋਂ ਪਾਰ ਜਾ ਕੇ ਆਪੇ ਫੈਲਦੇ ਸੁੰਗੜਦੇ ਨੇ। ਮੈਂ ਉਸ ਵਕਤ ਸਿਰਫ ਦ੍ਰਸ਼ਟਾ ਰਹਿ ਜਾਂਦਾ ਹਾਂ। ਜਿਵੇਂ ਹੁਣ ਪਾਠਕ ਸਾਹਮਣੇ ਇਹ ਫੈਲਣਗੇ, ਸੁੰਗੜਨਗੇ।

ਸੋ 'ਕੁੰਭੀ ਨਰਕ' ਦੀਆਂ ਕਹਾਣੀਆਂ ਪੰਜਾਬ ਦੇ ਸਮਕਾਲ ਨਾਲ ਸੰਵਾਦ ਰਚਾਉਂਦੀਆਂ ਹਨ। ਸਮਕਾਲ ਵਿਚੋਂ ਪੰਜਾਬ ਦਾ ਜੋ ਸਮਾਜਿਕ ਦ੍ਰਿਸ਼ ਉਭਰ ਰਿਹਾ ਹੈ, ਉਸ ਦ੍ਰਿਸ਼ ਵਿਚੋਂ ਮੇਰੇ ਇਰਦ-ਗਿਰਦ ਕੁਝ ਪਾਤਰ ਆ ਖੜਦੇ ਹਨ, ਉਨ੍ਹਾਂ ਦੀ ਸਮਾਜਿਕ ਸਾਂਝ, ਉਨ੍ਹਾਂ ਦੀ ਜਾਤੀ ਸਾਂਝ, ਉਨ੍ਹਾਂ ਦੀ ਕਲਚਰਲ ਸਾਂਝ, ਉਨ੍ਹਾਂ ਦੇ ਕਿੱਤੇ ਦੀ ਸਾਂਝ ਵਿਚੋਂ ਮੇਰੀ ਕਹਾਣੀ ਦੀ ਜ਼ਮੀਨ ਬਣਦੀ ਹੈ। ਮੈਂ ਸਮਕਾਲ 'ਚੋਂ ਪਾਤਰ ਚੁੱਕਦਾ ਹਾਂ ਤੇ ਕਹਾਣੀ ਦੀ ਜ਼ਮੀਨ ਵਿਚ ਛੱਡ ਦਿੰਦਾ ਹਾਂ। ਫਿਰ ਉਨ੍ਹਾਂ ਦੀ ਅਜ਼ਾਦ ਹਸਤੀ ਹੁੰਦੀ ਹੈ, ਉਹ ਜ਼ਰਖ਼ੇਜ਼ ਜ਼ਮੀਨ ਵਿਚ ਆਪਣੇ ਆਪ ਫੈਲਦੇ-ਸੁੰਗੜਦੇ, ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੇ ਨੇ।

- ਭਗਵੰਤ ਰਸੂਲਪੁਰੀ

## ਪੁਸਤਕ ਮਿਲਣ ਦਾ ਪਤਾ

ਪੰਨੇ :160 ਕੀਮਤ : 150/- ( ਡਾਕ ਖਰਚ ਸਮੇਤ)

ਪਰਵਾਜ਼ ਪ੍ਰਕਾਸ਼ਨ Parwaz Parkashan
ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350
E.mail:
parwazparkashan@gmail.com
Mob. 94170-64350

*ਜਨਵਰੀ-ਮਾਰਚ,2018 ਅੰਕ :48*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

ਕਹਾਣੀ ਧਾਰਾ

**e-mail:**
kahanidhara@gmail.com
bhagwantrasulpuri@gmail.com

ਸੰਪਾਦਕ
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,
(ਕਾਲਜ ਲਾਇਬਰੇਰੀ ਲਈ 500/-)
10 ਅੰਕ: ਡਾਲਰ:50, ਤੇ ਪੌਂਡ: 40
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

**ਸੰਪਾਦਕੀ**

ਸਮਾਜਿਕ ਯਥਾਰਥ ; ਸਮਾਜਿਕ ਪਰਿਵਰਤਨ-2

**ਕਹਾਣੀਆਂ**

ਟੂਣੇਹਾਰੀ ਰੁੱਤ/ਪਰਮਜੀਤ ਢੀਂਗਰਾ-3
ਵਾਪਸੀ / ਕੇਵਲ ਸਿੰਘ ਪਰਵਾਨਾ-7
ਦਲਦਲ / -ਵਿਪਨ ਕੁਮਾਰ-10
ਮਹੇਸ਼ / -ਸ਼ਰਤ ਚੰਦਰ /ਅਨੁ: ਜਸਮੀਤ ਕੌਰ-16

**ਆਲੋਚਨਾ**

ਜ਼ਰਖੇਜ ਸਭਿਆਚਾਰ ਦਾ ਬੰਜਰ ਹੁੰਦੇ ਜਾਣਾ ; ਬੰਜਰ ਧਰਤੀ/- ਡਾ. ਜਸਵਿੰਦਰ ਕੌਰ ਬਿੰਦਰਾ-25
ਦਲਿਤ ਜੀਵਨ ਯਥਾਰਥ ਦੀ ਕਰੂਰਤਾ ਦਾ ਪ੍ਰਗਟਾਵਾ-ਟੋਏ ਟਿੱਬੇ/- ਪ੍ਰੋ ਜੇ ਬੀ ਸੇਖੋਂ-30
ਮਾਲਵੇ ਦਾ ਦੁਖਾਂਤ: ਕੈਂਸਰ ਟਰੇਨ/ - ਡਾ. ਪਰਗਟ ਸਿੰਘ-37
ਸਭਿਆਚਾਰੀਕਰਨ ਦੇ ਪੱਖ ਤੋਂ ਜਰਨੈਲ ਸਿੰਘ ਦੀਆਂ ਕਹਾਣੀਆਂ ਦਾ ਮੁਲਾਂਕਣ/ - ਸੰਦੀਪ ਕੌਰ-42

**ਜਨ ਬੋਧ**

ਲੋਹੇ ਦੀਆਂ ਕਮਰ ਪੇਟੀਆਂ /- ਤਾਪੀ ਧਰਮਾਰਾਓ ਅਨੁਵਾਦ : ਭਗਵੰਤ ਰਸੂਲਪੁਰੀ-50

**ਸੰਵਾਦ**

ਰਾਸ਼ਟਰਵਾਦ ਤੇ ਸਭਿਆਚਾਰ ਅੰਤਰ ਸੰਵਾਦ-75

**ਪ੍ਰਤੀਕਰਮ**

ਮੇਰੇ ਪੁਰਖੇ?- ਸਰਬਜੀਤ-93

ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਜਨਵਰੀ, 2018) ਟਾਇਟਲ ਪੇਂਟਿੰਗ: ਪਿਕਾਸੋ



**ਸੰਪਾਦਕੀ:**

## ਸਮਾਜਿਕ ਪਰਿਵਰਤਨ ; ਸਮਾਜਿਕ ਯਥਾਰਥ

ਸਮਾਜਿਕ ਪਰਿਵਰਤਨ ਨੂੰ ਸਮਝਦਿਆਂ ਅਸੀਂ ਵੇਖਦੇ ਹਾਂ ਕਿ ਇਹ ਸਮਾਜਿਕ ਪਰਿਵਰਤਨ ਕਿਉਂ ਹੁੰਦਾ ਹੈ, ਇਹਦੇ ਪਿੱਛੇ ਸਮਾਜਿਕ ਕਾਰਨ ਵੀ ਹੁੰਦੇ ਨੇ ਤੇ ਆਰਥਿਕ ਵੀ। ਇਸ ਨੂੰ ਸਮਝਣ ਲਈ ਸਾਨੂੰ ਪੰਜਾਬੀ ਸਮਾਜ ਦੇ ਸਮਾਜਿਕ ਪੱਖ, ਉਸਦੇ ਇਤਿਹਾਸਕ ਪੱਖ ਤੇ ਵਿਗਿਆਨਕ ਪੱਖ ਆਦਿ ਸਾਰੇ ਲੈਣੇ ਪੈਣਗੇ ਤਾਂ ਹੀ ਅਸੀਂ ਸਮਾਜਿਕ ਪਰਿਵਰਤਨ ਨੂੰ ਸਮਝ ਸਕਦੇ ਹਾਂ। ਸਮਾਜਿਕ ਪਰਿਵਰਤਨ ਲਿਆਉਣ ਵਿਚ ਨੀਤੀਆਂ ਅਹਿਮ ਰੋਲ ਅਦਾ ਕਰਦੀਆਂ ਹਨ। ਕਈ ਵਾਰ ਨੀਤੀ ਘਾੜੇ ਕਿਸਾਨੀ, ਕਾਮੇ, ਦਲਿਤ, ਔਰਤਾਂ ਤੇ ਕਬੀਲਿਆਂ ਸੰਬੰਧੀ ਜੋ ਨੀਤੀਆਂ ਘੜਦੇ ਹਨ। ਉਨ੍ਹਾਂ ਦੇ ਲਾਗੂ ਹੋਣ ਤੋਂ ਬਹੁਤ ਦੇਰ ਬਾਅਦ ਉਨ੍ਹਾਂ ਦੇ ਅਸਰ ਦਾ ਪਤਾ ਲੱਗਦਾ ਹੈ। ਨੀਤੀ ਘਾੜੇ ਜੋ ਕਲਪਨਾ ਕਰਦੇ ਹਨ ਕਿ ਆਹ ਫਲਾਨੀਆਂ ਨੀਤੀਆਂ ਲਾਗੂ ਹੋਣ ਨਾਲ ਇਸ ਤਰ੍ਹਾਂ ਦਾ ਸਮਾਜਿਕ ਪਰਿਵਰਤਨ ਆ ਜਾਵੇਗਾ ਪਰ ਪਰਿਵਰਤਨ ਉਨ੍ਹਾਂ ਦੀ ਸੋਚ ਦੇ ਉਲਟ ਹੋਣ ਲੱਗਦਾ ਹੈ, ਜਿਸ ਨਾਲ ਕਈ ਕਿਸਮ ਦੇ ਸਮਾਜਿਕ ਵਿਕਾਰ ਪੈਦਾ ਹੋ ਜਾਂਦੇ ਹਨ। ਲੇਖਕ ਇਨ੍ਹਾਂ ਸਮਾਜਿਕ ਵਿਕਾਰਾ ਨੂੰ ਦੋ ਤਰ੍ਹਾਂ ਨਾਲ ਫੜਦਾ ਹੈ, ਇਕ ਉਹਦੇ ਸਾਹਮਣੇ ਸਮਾਜਿਕ ਯਥਾਰਥ ਪਿਆ ਹੁੰਦਾ ਹੈ। ਦੂਜਾ ਉਹਦੀ ਕਲਪਨਾ 'ਚ ਇਕ ਸਿਧਾਂਤ ਦੇ ਚੌਖਟਾ ਵਿਚ ਸਮਾਜਿਕ ਯਥਾਰਥ ਪਿਆ ਹੁੰਦਾ ਹੈ ਤੇ ਜਿਸਨੂੰ ਗਲਪੀ ਯਥਾਰਥ ਵਿਚ ਲੇਖਕ ਤਬਦੀਲ ਕਰ ਲੈਂਦਾ ਹੈ। ਇਨ੍ਹਾਂ ਦੋਹਾਂ ਯਥਾਰਥਾਂ ਦੇ ਰਲੇਵੇਂ ਨਾਲ ਸਾਹਿਤ ਬਣਦਾ ਹੈ। ਹਰ ਰਚਨਾਕਾਰ ਆਪਣੀ ਸਮਰੱਥਾਂ ਨਾਲ ਸਾਹਿਤ ਰਚਦਾ ਹੈ। ਉਹ ਉਹਦੇ ਵਸ 'ਚ ਨਹੀਂ ਹੁੰਦਾ ਕਿ ਉਹ ਚੰਗਾ ਸਾਹਿਤ ਲਿਖ ਰਿਹਾ ਹੈ ਜਾਂ ਮਾੜਾ ਲਿਖ ਰਿਹਾ ਹੈ।

ਸਮਾਜ ਵਿਗਿਆਨੀ ਸਮਾਜਿਕ ਪਰਿਵਰਤਨ ਦਾ ਅਧਿਐਨ ਸਿਧਾਂਤ ਦੇ ਵੱਖ-ਵੱਖ ਸੰਕਲਪਾਂ ਨਾਲ ਕਰਦੇ ਹਨ। ਸਾਹਿਤਕਾਰ ਆਪਣੀ ਸਮਾਜਿਕ ਸਮਝ ਅਤੇ ਮਨੁੱਖੀ ਵਿਹਾਰ ਨਾਲ ਕਰਦੇ ਹਨ। ਬਹੁਤਾ ਸਾਹਿਤ ਪਹਿਲਾਂ ਤੋਂ ਨਿਰਧਾਰਤ ਲੀਹ ਤੇ ਲਿਖਿਆ ਜਾਂਦਾ ਹੈ। ਇਹਦਾ ਚਰਚਾ ਵੀ ਵਕਤੀ ਹੋ ਜਾਂਦਾ ਹੈ। ਕਈ ਵਾਰ ਇਸ ਕਿਸਮ ਦੇ ਸਾਹਿਤ ਦਾ ਚਰਚਾ ਬੇਹੱਦ ਹੋ ਜਾਂਦਾ ਹੈ ਤੇ ਕਰਵਾ ਵੀ ਲਿਆ ਜਾਂਦਾ ਹੈ। ਇਹਦੇ ਪਿੱਛੇ ਸੰਸਥਾਵਾਂ ਹੁੰਦੀਆਂ ਹਨ, ਗਰੁੱਪ ਹੁੰਦੇ ਹਨ, ਕੁਰਸੀਆਂ ਹੁੰਦੀਆਂ ਹਨ। ਪਰ ਸਮੇਂ ਨਾਲ ਇਹ ਚਰਚਾ ਵਾਲੀ ਗਰਦ ਬੈਠ ਜਾਂਦੀ ਹੈ। ਕੇਵਲ ਉਹ ਹੀ ਸਾਹਿਤ ਬਚਿਆ ਰਹਿ ਜਾਂਦਾ ਹੈ ਜੋ ਲੀਹ ਪਾੜ ਕੇ ਲਿਖਿਆ ਗਿਆ ਹੋਵੇ। ਸਮਕਾਲ ਵਿਚ ਇਸ ਕਿਸਮ ਦੇ ਸਾਹਿਤ ਦੀ ਗੱਲ ਘੱਟ ਹੁੰਦੀ ਹੈ ਜਾਂ ਮੂਲੋਂ ਹੀ ਨਹੀਂ ਹੁੰਦੀ ਪਰ ਇਸ ਕਿਸਮ ਦਾ ਸਾਹਿਤ ਹੀ ਬਚਿਆ ਰਹਿੰਦਾ ਹੈ। ਸਾਡੇ ਸਾਹਮਣੇ ਬਹੁਤ ਨਾਂ ਹਨ... ਗੁਰਮਤਿ ਕਾਵਿ, ਸੂਫ਼ੀ ਕਾਵਿ, ਕਿੱਸਾ ਕਾਵਿ ਤੇ ਅੱਗੋਂ ਆਧੁਨਿਕ ਸਾਹਿਤ, ਜਿਨ੍ਹਾਂ ਨੇ ਲੀਹ ਪਾੜ ਕੇ ਲਿਖਿਆ, ਜਿਨ੍ਹਾਂ ਦੇ ਸਾਹਿਤ ਨੂੰ ਮੁੱਖ ਧਾਰਾ ਤੋਂ ਹਾਸ਼ੀਏ ਤੇ ਕਰਨ ਦੀਆਂ ਕੋਸ਼ਿਸ਼ਾ ਹੋਈਆਂ ਪਰ ਸਮਾਂ ਬੀਤਣ ਨਾਲ ਉਹੀ ਲੀਹ ਪਾੜਨ ਵਾਲਾ ਸਾਹਿਤ ਮੁੱਖ ਧਾਰਾ ਦਾ ਸਾਹਿਤ ਬਣਿਆ। ਸਾਹਿਤ ਦੇ ਯਥਾਰਥ ਦੀ ਬੜੀ ਗੁੰਝਲਦਾਰ ਬੁਝਾਰਤ ਹੈ ਜੋ ਇਸ ਦੀ ਥਾਹ ਪਾ ਲੈਂਦਾ ਹੈ ਆਪਣੇ ਸਾਹਿਤ ਰਾਹੀ ਲੀਹ ਤੋਂ ਵੱਖ ਹੋ ਕੇ ਤੁਰਨ ਲੱਗ ਪੈਂਦਾ ਹੈ। ਚੰਗੇ ਸਾਹਿਤ ਨੂੰ ਫੌਹੜੀਆਂ ਦਾ ਆਸਰਾ ਵੀ ਨਹੀਂ ਲੈਣਾ ਪੈਂਦਾ। ਜਿਸ ਸਾਹਿਤ ਦੀ ਰੀੜ ਮਜ਼ਬੂਤ ਹੁੰਦੀ ਹੈ ਉਹ ਛਾਤੀ ਤਾਣ ਕੇ ਉੱਠ ਖੜਦਾ ਹੈ ਤੇ ਸਾਹਿਤ ਦੇ ਮੈਦਾਨ ਵਿਚ ਹਿੱਕ ਦੇ ਜ਼ੋਰ ਨਾਲ ਵਿਚਰਦਾ ਹੈ। ਇਸ ਅੰਕ ਵਿਚ ਸਮਾਜਿਕ, ਰਾਜਨੀਤਿਕ, ਆਰਥਿਕ ਮੁੱਦਿਆਂ ਤੇ ਸੰਵਾਦ ਤੋਰਿਆ ਹੈ। ਪਾਠਕ ਇਸ ਸੰਵਾਦ ਰਾਹੀਂ ਪੰਜਾਬ ਦੇ ਸਮਾਜਿਕ ਯਥਾਰਥ ਨੂੰ ਸਮਝ ਸਕਦੇ ਹਨ।

**- ਭਗਵੰਤ ਰਸੂਲਪੁਰੀ**

# ਕਹਾਣੀ / ਟੂਣੇਹਾਰੀ ਰੁੱਤ/ਪਰਮਜੀਤ ਢੀਂਗਰਾ

ਮੋਰਾਂ ਦੇ ਨਾਚ ਦਾ ਅਜੇ ਵੇਲਾ ਨਹੀਂ ਸੀ ਆਇਆ। ਤਾਂਬੇ ਰੰਗੀ ਧੁੱਪ ਅੰਬਾਂ ਦੇ ਰੁੱਖਾਂ ਦੀਆਂ ਟੀਸੀਆਂ 'ਤੇ ਬੈਠੀ ਸੀ। ਸਿਖਰ ਦੁਪ੍ਹੈਰੇ ਕਾਂ ਦੀ ਅੱਖ ਨਿਕਲਨ ਦਾ ਸਮਾਂ ਸੀ। ਚਿੜੀਆਂ ਬਿਨਾਂ ਚੀਂ ਚੀਂ ਦੇ ਬੇਰੀਆਂ ਦੇ ਪੱਤਿਆਂ ਵਿਚ ਛੁਪ ਗਈਆਂ ਸਨ। ਮੋਰਾਂ ਵਿਚ ਖਲਬਲੀ ਮਚੀ ਹੋਈ ਸੀ। ਪਤਾ ਨਹੀਂ ਕਿਸ ਸ਼ਹਿਜ਼ਾਦੇ ਨੇ ਐਲਾਨ ਕਰ ਦਿਤਾ ਸੀ ਕਿ ਮੋਰ ਤਾਂ ਬ੍ਰਹਮਚਾਰੀ ਹੁੰਦੇ ਨੇ, ਪਰ ਸ਼ੌਕੀਨ ਤਾਂ ਪੱਟਾਂ 'ਤੇ ਮੋਰਨੀਆਂ ਖੁਦਵਾ ਕੇ ਮੇਲਿਆਂ ਵਿਚ ਬੁਕਦੇ ਨੇ। ਜੇ ਮੋਰ ਬ੍ਰਹਮਚਾਰੀ ਹੁੰਦੇ ਤਾਂ ਕੀਹਦੀ ਜੁਰਅਤ ਸੀ ਕਿ ਪੱਟ ਛੱਡ ਕੇ ਪਿੱਠ 'ਤੇ ਵੀ ਮੋਰਨੀ ਖੁਦਵਾ ਜਾਂਦਾ।

ਪਾਰੋ ਚੁਪ ਚਾਪ ਕਦਮ ਦਰ ਕਦਮ ਭਟਕਦੀ ਪੂਰੇ ਬਾਗ ਦਾ ਚੱਕਰ ਲਾ ਆਈ ਸੀ। ਮਹਿਕ ਲਾਲ ਦਾ ਕੋਈ ਪਤਾ ਨਹੀਂ ਸੀ ਕਿ ਕਿਥੇ ਹੈ। ਉਹਨੂੰ ਗਾਣ ਵਜਾਣ ਦਾ ਸ਼ੌਕ ਸੀ। ਉਹ ਨਿੱਤ ਦਿਨ ਚੜ੍ਹਦੇ ਕਿਸੇ ਨਾ ਕਿਸੇ ਲੋਕ ਟੋਲੀ ਨਾਲ ਤੁਰ ਜਾਂਦਾ। ਬਾਗਾਂ ਦੇ ਠੇਕੇ ਮਾਣਕ ਚੰਦ ਦੇ ਹਵਾਲੇ ਹੁੰਦੇ। ਜਦੋਂ ਮਹਿਕ ਲਾਲ ਆ ਜਾਂਦਾ ਤਾਂ ਮਾਣਕ ਚੰਦ ਪਿੰਡ ਚਲਿਆ ਜਾਂਦਾ।

ਇਸ ਵਾਰ ਉਹਨੇ ਮਹਿੰਗੇ ਮੁੱਲ ਅੰਬਾਂ ਦਾ ਠੇਕਾ ਲਿਆ ਸੀ। ਕਦੇ ਕਦੇ ਉਹ ਕਿਸੇ ਅੰਬ ਦੇ ਮੁਢ 'ਚ ਬਹਿ ਕੇ ਘੜਾ ਵਜਾਉਂਦਾ ਤਾਂ ਪਾਰੋ ਨੂੰ ਲਗਦਾ ਜਿਵੇਂ ਹਵਾ ਰੁਕ ਗਈ ਹੋਵੇ। ਬਾਗਾਂ ਵਿਚ ਕੋਈ ਟੂਣੇਹਾਰੀ ਰੁੱਤ ਆ ਕੇ ਬਹਿ ਗਈ ਹੋਵੇ। ਸਾਹਾਂ ਦੀ ਆਵਾਜ਼ ਵਿਚ ਵੀ ਘੜੇ ਦਾ ਸੰਗੀਤ ਘੁਲ ਜਾਂਦਾ।

ਪਾਰੋ ਨੇ ਲਾਖੀ ਨੂੰ ਸ਼ਿਸ਼ਕਾਰਿਆ ਜੋ ਭਾਂਡਿਆਂ ਵਿਚ ਮੂੰਹ ਮਾਰ ਰਹੀ ਸੀ –

ਹੱਟ ਪਰੇ, ਤੇਰੇ ਔਂਤਰੀਏ, ਭੈੜੀਏ ਨਸਲੇ।' ਤੇ ਲਾਖੀ ਕਿੱਲੇ ਵਲ ਤੁਰ ਪਈ। ਪਾਰੋ ਨੇ ਇਸ ਨਿੱਕੀ ਜਿਹੀ ਵਛੇਰੀ ਨੂੰ ਚਾਵਾਂ ਨਾਲ ਪਾਲਿਆ ਸੀ। ਉਹਦੇ ਮਾਮੇ ਨੇ ਉਹਨੂੰ ਇਹ ਸੌਗਾਤ ਦਿੱਤੀ ਸੀ ਤੇ ਮਾਰੂਖੰਡੀ ਹੋਣ ਕਰਕੇ ਹੀ ਪਾਰੋ ਨੇ ਉਹਦਾ ਨਾ ਲਾਖੀ ਰਖਿਆ ਸੀ। ਪਰ ਰੱਬ ਦੀ ਕਰਨੀ ਲਾਖੀ ਹਰ ਸੂਏ 'ਤੇ ਕਿਸੇ ਵਛੇ ਜਾਂ ਵੱਛੀ ਨੂੰ ਜੰਮਦੀ ਪਰ ਉਨ੍ਹਾਂ 'ਚੋਂ ਕੋਈ ਵੀ ਮਸਾਂ ਮਹੀਨਾ ਹੀ ਜਿਊਂਦਾ ਰਹਿੰਦਾ ਜਿਵੇਂ ਉਹਨੂੰ ਕਿਸੇ ਦਿਓਤੇ ਦਾ ਸਰਾਪ ਲਗ ਗਿਆ ਹੋਵੇ। ਹੁਣ ਫੰਡਰ ਹੋਈ ਨੂੰ ਕੋਈ ਨਹੀਂ ਸੀ ਲਿਜਾਂਦਾ। ਗਊ ਸ਼ਾਲਾ ਵਾਲਿਆਂ ਵੀ ਇਨਕਾਰ ਕਰ ਦਿਤਾ ਸੀ ਅਖੇ ਇਹ ਤਾਂ ਪੱਠੇਖਾਣੀ ਹੈ। ਇਹਦਾ ਕੀ ਫਾਇਦਾ। ਸਾਡੇ ਕੋਲ ਫੰਡਰਾਂ ਲਈ ਕੋਈ ਥਾਂ ਨਹੀਂ। ਹੁਣ ਸਾਰਾ ਦਿਨ ਲਾਖੀ ਵਿਹੜੇ ਤੇ ਅੰਬਾਂ ਦੇ ਬਾਗ ਵਿਚ ਫਿਰਦੀ ਰਹਿੰਦੀ।

ਮੋਰਾਂ ਦੀ ਪਰੇਸ਼ਾਨੀ ਦੇਖ ਕੇ ਤੋਤੇ ਵੀ ਹੈਰਾਨ ਹੋ ਗਏ। ਅੰਬਾਂ ਦੀ ਸਿਖਰ ਰੁੱਤੇ ਅਜਿਹਾ ਬਿਆਨ ਕੌਣ ਦਾਗ ਸਕਦਾ ਹੈ। ਕੱਲ੍ਹ ਕੋਤਰ ਨੂੰ ਕੋਈ ਕਹਿ ਦੇਵੇਗਾ ਕਿ ਤੋਤੇ ਵੀ ਬ੍ਰਹਮਚਾਰੀ ਹਨ ਤਾਂ ਉਨ੍ਹਾਂ ਦਾ ਤਾਂ ਜੱਗ ਤੋਂ ਸੀਰ ਹੀ ਮੁਕ ਜਾਏਗਾ। ਤੋਤਾ ਮੈਨਾ ਦੇ ਕਿੱਸੇ ਕੌਣ ਗਾਏਗਾ? ਵਿਚਾਰਾ ਕਾਮਦੇਵ ਕੀ ਕਰੇਗਾ। ਉਹ ਤਾਂ ਤੋਤੇ ਦਾ ਸ਼ਾਹ ਸਵਾਰ ਹੈ ਤੇ ਕਾਮਦੇਵ ਬ੍ਰਹਮਚਾਰੀ ਤੋਤਿਆਂ ਦੀ ਸਵਾਰੀ ਕਿਵੇਂ ਕਰੇਗਾ। ਚਿੱਠੀਆਂ ਵਿਚ ਤੋਤੇ ਦੀ ਅੱਖ ਬਣਾ ਕੇ ਕੌਣ ਭੇਜੇਗਾ। ਕੁੜੀਆਂ ਦਾਜ ਦੀਆਂ ਚਾਦਰਾਂ ਤੇ ਸਿਰਹਾਣਿਆਂ 'ਤੇ ਤੋਤੇ ਕਿਵੇਂ ਕੱਢਣਗੀਆਂ, ਕੀ ਅਜਿਹੇ ਬਿਆਨ ਦੇਣ ਵਾਲਿਆਂ ਨੇ ਕਦੇ ਮੱਧਜੁੱਗੀ ਚਿਤਰ ਨਹੀਂ ਦੇਖੇ ਜਿਨ੍ਹਾਂ ਵਿਚ ਤੋਤੇ ਮੋਰ ਇਕ ਦੂਜੇ ਨਾਲ ਹੋੜ ਲਾਉਂਦੇ ਨਜ਼ਰ ਆਉਂਦੇ ਹਨ। ਉਹ ਤਾਂ ਰਾਜੇ ਰਾਣੀਆਂ ਦੇ ਇਸ਼ਕ ਮੁਸ਼ਕ, ਚੁਹਲਬਾਜ਼ੀਆਂ ਤੇ ਦਗਾ ਫਰੇਬੀਆਂ ਦੇ ਜੁਗਾਂ ਜੁਗਾਂ ਤੋਂ ਗਵਾਹ ਹਨ।

ਓਧਰ ਮੱਛੀਆਂ ਦੀਆਂ ਅੱਖਾਂ ਫੜਕਣ ਲੱਗੀਆਂ। ਭਲਾ ਜੇ ਕੱਲ੍ਹ ਨੂੰ ਕੋਈ ਉਨ੍ਹਾਂ ਨੂੰ ਬ੍ਰਹਮਚਾਰੀ ਕਹਿ ਦੇਵੇ ਤਾਂ ਉਹ ਕੀ ਕਰਨਗੀਆਂ? ਉਨ੍ਹਾਂ ਦੀਆਂ ਤਾਂ ਪਰਜਾਤੀਆਂ ਦਾ ਕੋਈ ਅੰਤ ਨਹੀਂ। ਉਹ ਸਾਰੀਆਂ ਇਕੱਠੀਆਂ ਹੋ ਕੇ ਖੁਆਜਾ ਖਿਜ਼ਰ ਦੇ ਦਰਬਾਰ ਹਾਜ਼ਰ ਹੋ ਆਈਆਂ ਹਨ ਪਰ ਪਤਾ ਲਗਾ ਕਿ ਖੁਆਜਾ ਦੂਰ ਸਮੁੰਦਰਾਂ ਵਲ ਨਿਕਲ ਗਿਐ।

ਪਾਰੋ ਨੂੰ ਬਾਪੂ ਦੀ ਉਡੀਕ ਹੈ। ਇਕ ਮਹੀਨੇ ਤੋਂ ਵਧ ਹੋ ਗਿਐ ਉਹਨੂੰ ਊਠਾਂ ਨੂੰ ਲੈ ਕੇ ਰਾਜਿਸਥਾਨ ਗਏ ਨੂੰ।



ਕਦੇ ਉਹਨੂੰ ਲਗਦਾ ਬਾਪੂ ਬੁੱਢਾ ਹੋ ਗਿਐ ਹੁਣ ਉਹਨੂੰ ਅਰਾਮ ਦੀ ਲੋੜ ਹੈ ਪਰ ਅਰਾਮ ਤਾਂ ਜਿਵੇਂ ਉਹਦੇ ਹੱਥਾਂ ਦੀਆਂ ਲਕੀਰਾਂ ਵਿਚ ਰੱਬ ਨੇ ਵਾਹਿਆ ਹੀ ਨਹੀਂ ਸੀ। ਉਹ ਤਾਂ ਸਦਾ ਕਾਫਲੇ ਵਿਚ ਸੌਂਦਾ, ਜਾਗਦਾ, ਵਪਾਰ ਕਰਦਾ ਉਮਰ ਦੇ ਸਿਖਰ ਤੋਂ ਅੱਧੀ ਢਲਾਨ ਵਲ ਉਤਰ ਗਿਆ ਸੀ। ਉਹਨੂੰ ਮਹਿਕ ਲਾਲ ਦੀ ਵੀ ਉਡੀਕ ਹੈ। ਉਹ ਵੀ ਪਤਾ ਨਹੀਂ ਕਿਹੜੀ ਟੋਲੀ ਨਾਲ ਕਿਹੜੇ ਦੇਸ਼ ਟੁਰ ਗਿਐ।

ਰਾਤ ਮੀਂਹ ਪੈਣ ਨਾਲ ਮੌਸਮ ਵਿਚਲੀ ਗਰਮੀ ਕੁਝ ਘੱਟ ਗਈ। ਪਾਰੋ ਹੈਰਾਨ ਸੀ ਜੇਠ ਦੇ ਮਹੀਨੇ ਵਰੋਲੇ ਮੀਂਹ ਲੈ ਆਏ ਸਨ। ਉਹਨੂੰ ਡਰ ਸੀ ਜੇ ਕੱਚੀ ਅੰਬੀ ਗਿਰ ਗਈ ਤਾਂ ਨੁਕਸਾਨ ਹੋ ਜੂ। ਤੜਕੇ ਤੜਕੇ ਉਹਦਾ ਬਾਪੂ ਵੀ ਆ ਗਿਆ ਸੀ।

ਕੀ ਹਾਲ ਐ ਬਾਪੂ

ਚੰਗੈ ਧੀਏ। ਹੁਣ ਤਾਂ ਬਸ ਹੋ ਗਈ ਏ, ਜਿਵੇਂ ਮੁਹਾਰ ਫੜ ਕੇ ਗਿਆ ਸੀ ਉਵੇਂ ਹੀ ਮੁਹਾਰ ਫੜੀ ਪਰਤ ਆਇਆਂ।

ਕੀ ਗੱਲ ਹੋਗੀ ਬਾਪੂ?

ਗੱਲ ਕੀ ਹੋਣੀ ਐ ਪੁੱਤ ਸਾਰੀ ਜੇਬ ਖਾਲ੍ਹੀ ਹੋ ਗਈ। ਕੋਈ ਮੰਡੀ ਨੀਂ ਛੱਡੀ ਜਿਥੇ ਨਹੀਂ ਗਿਆ। ਘਾਟਾ ਪਾ ਕੇ ਵੀ ਕੋਈ ਊਠ ਨਹੀਓਂ ਵਿਕਿਆ।

ਇਹੋ ਜਿਹਾ ਕੀ ਲੋੜ੍ਹਾ ਆ ਗਿਆ।

ਲੋੜ੍ਹੇ ਜਿਹਾ ਲੋੜ੍ਹਾ ਆਇਐ। ਕੋਈ ਊਠ ਨੂੰ ਖਰੀਦਣ ਤਾਂ ਕੀ ਹੱਥ ਲਾਣ ਲਈ ਵੀ ਤਿਆਰ ਨਹੀਂ ਅਖੇ ਸਰਕਾਰ ਨੇ ਕਾਨੂੰਨ ਬਣਾਤਾ ਕੋਈ ਊਠ ਨਹੀਂ ਮਾਰੇਗਾ ਨਾ ਲਾਸੰਸ ਤੋਂ ਬਿਨਾਂ ਵੇਚੇਗਾ।

ਤੇ ਬੁਚੜ ਕਿਧਰ ਵਗਗੇ

ਬੁਚੜਾਂ ਨੇ ਤਾਂ ਬੁਚੜਖਾਨੇ ਬੰਦ ਕਰਤੇ। ਸਾਰੀ ਮੰਡੀ ਊਠਾਂ ਨਾਲ ਭਰੀ ਪਈ ਏ ਪਰ ਖਰੀਦਦਾਰ ਕੋਈ ਨਹੀਂ। ਹੁਣ ਦਸ ਇਨ੍ਹਾਂ ਬੇਜ਼ਬਾਨਾਂ ਨੂੰ ਕਿਹੜੇ ਖੂਹ 'ਚ ਧੱਕਾ ਦਿਆਂ।

ਬਾਪੂ ਇਹ ਤਾਂ ਕੋਈ ਗੱਲ ਨਾ ਹੋਈ, ਸਰਕਾਰ ਨੂੰ ਕੀ ਊਠ ਦੰਦੀ ਵੱਢਦੇ ਐ। ਲੱਖਾਂ ਕਰੋੜਾਂ ਦਾ ਵਪਾਰ ਐ। ਮੁਲਖਾਂ ਦੇ ਮੁਲਖ ਇਹਨੂੰ ਖਾਂਦੇ ਨੇ।

ਹੁਣ ਕੋਈ 'ਲਾਜ ਨੀ ਰਹਿ ਗਿਆ। ਮ੍ਹੀਨਾ ਭਰ ਇਨ੍ਹਾਂ ਨੂੰ ਖੁਆਂਦਾ ਮੈਂ ਥੱਕ ਗਿਆਂ। ਇਨ੍ਹਾਂ ਦੇ ਮੂੰਹ ਦੈਂਤਾਂ ਵਰਗੇ ਹੋ ਗਏ ਨੇ। ਲੰਬੇ ਸਫ਼ਰਾਂ ਕਰਕੇ ਥੱਕੇ ਹਾਰੇ ਬਾਗ 'ਚ ਇੰਜ ਬੈਠੇ ਨੇ ਜਿਵੇਂ ਪਹਾੜਾਂ ਤੋਂ ਜੋਗੀ ਉਤਰੇ ਹੋਣ।

ਪਰ ਹੁਣ ਇਨ੍ਹਾਂ ਦਾ ਕਰਾਂਗੇ ਕੀ, ਬਾਪੂ ਕੋਈ ਜੁਗਾੜ ਲਾ ਨਹੀਂ ਤਾਂ ਇਹ ਆਪਾਂ ਨੂੰ ਖਾ ਜਾਣਗੇ।

ਨਾਨੀ ਵੱਧ ਪਰੇਸ਼ਾਨ ਸੀ। ਮਾਮੇ ਨੂੰ ਗਿਆਂ ਦੋ ਮਹੀਨੇ ਤੋਂ ਉਪਰ ਹੋ ਚੁਕੇ ਸਨ। ਉਹਦੀ ਕੋਈ ਉਘ ਸੁਘ ਨਹੀਂ ਸੀ। ਨਿੱਕੇ ਭਲਵਾਨ ਕੋਲੋਂ ਸਿਰਫ ਏਨਾ ਹੀ ਪਤਾ ਲੱਗਿਆ ਸੀ ਕਿ ਮਾਮੇ ਦਾ ਪਸ਼ੂਆਂ ਨਾਲ ਭਰਿਆ ਟਰੱਕ ਯੂ.ਪੀ. ਵਿਚ ਗਊ ਭਗਤਾਂ ਨੇ ਖੋਹ ਲਿਐ। ਉਨ੍ਹਾਂ ਨੂੰ ਸ਼ੱਕ ਸੀ ਕਿ ਇਹ ਗਾਵਾਂ ਤੇ ਵੱਛੇ ਬੁੱਚੜਖਾਨਿਆਂ ਵਿਚ ਵੱਢਣ ਲਈ ਲੈ ਕੇ ਚਲੇ ਹਨ। ਵਿਚਲੀ ਗੱਲ ਨਿੱਕੇ ਭਲਵਾਨ ਨੇ ਅੰਦਰੇ ਅੰਦਰ ਦੱਬ ਲਈ ਸੀ ਕਿ ਗਊ ਭਗਤਾਂ ਨੇ ਮਾਮੇ ਦੀ ਚੰਗੀ ਤੌੜ ਲਾਈ ਸੀ ਤੇ ਉਹਦੀਆਂ ਲੱਤਾਂ ਬਾਹਵਾਂ ਤੋੜ ਦਿਤੀਆਂ ਸਨ। ਉਹਨੇ ਬਥੇਰੀ ਦੁਹਾਈ ਮਚਾਈ ਕਿ ਉਹਦੇ ਕੋਲ ਪਰਚੀਆਂ ਵੀ ਹਨ। ਉਹ ਤਾਂ ਦੁਧਾਰੂ ਪਸ਼ੂ ਲੈ ਕੇ ਚਲਿਐ ਪਰ ਕਿਸੇ ਨੇ ਉਹਦੀ ਇਕ ਨਹੀਂ ਸੀ ਸੁਣੀ। ਅਖੇ ਸਰਕਾਰ ਨੇ ਕਾਨੂੰਨ ਪਾਸ ਕਰਤੈ ਕਿ ਕੋਈ ਪਸ਼ੂ ਏਧਰੋਂ ਓਧਰ ਜਾਂ ਓਧਰੋਂ ਏਧਰ ਨਹੀਂ ਲਿਜਾਇਆ ਜਾ ਸਕਦਾ। ਮਾਮਾ ਤਾਂ ਰਾਮਪੁਰ ਦੇ ਹਸਤਪਾਲ ਵਿਚ ਫੱਟੜ ਹੋਇਐ ਪਿਐ।

ਨਾਨੀ ਨੂੰ ਵੀ ਮਹਿਕ ਲਾਲ ਦੀ ਉਡੀਕ ਸੀ ਕਿ ਸ਼ਾਇਦ ਉਹ ਕੁਝ ਅਤਾ ਪਤਾ ਕਰਕੇ ਮਾਮੇ ਬਾਰੇ ਕੋਈ ਖ਼ਬਰ ਕੱਢ ਲਿਆਵੇ ਪਰ ਮਹਿਕ ਲਾਲ ਤਾਂ ਆਪ ਲਾ-ਪਤਾ ਸੀ।

ਤੋਤੇ ਅੰਬ ਟੁੱਕਣ ਤੇ ਕਾਮਦੇਵ ਨਾਲੋਂ ਸਵਾਰੀ ਤੋੜਣ ਲਈ ਤਿਆਰ ਨਹੀਂ ਸਨ। ਮੋਰਾਂ ਨੂੰ ਅਜੀਬ ਸੁਝੀ

ਉਨਾਂ ਨੇ ਚਮਕਦੇ ਰੰਗਾਂ ਨੂੰ ਹੋਰ ਚਮਕਾ ਲਿਆ ਕਿ ਉਨ੍ਹਾਂ ਦੀ ਸ਼ੋਖੀ ਤੇ ਚੰਚਲਤਾ ਹੀ ਦਸ ਦੇਵੇ ਕਿ ਉਹ ਬ੍ਰਹਮਚਾਰੀ ਨਹੀਂ ਹਨ। ਨਾਨੀ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ ਕਿ ਕੋਈ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਕਰ ਸਕਦਾ। ਸਾਉਣ ਦਾ ਮਹੀਨਾ ਆ ਲਵੇ ਫਿਰ ਉਹਨੂੰ ਦਸ ਦੇਣਾ ਕਿ ਬ੍ਰਹਮਚਾਰਯ ਕੀ ਹੁੰਦੈ। ਨਾਨੀ ਚਾਹੁੰਦੀ ਸੀ ਕਿ ਢਲੀ ਸ਼ਾਮ ਦੀ ਰੁਮਕਦੀ ਹਵਾ ਵਿਚ ਮਹਿਕ ਲਾਲ ਘੜਾ ਵਜਾਵੇ, ਉਹਦੇ 'ਚੋਂ ਉਹਦੀ ਜਵਾਨੀ ਦਾ ਇਕ ਕਾਂਡ ਖੁਲ੍ਹਦਾ ਹੈ। ਜੀਵਣ ਲਾਲ ਮੁੜ ਜਿਉਂਦਾ ਹੋ ਕੇ ਉਹਦਾ ਹੱਥ ਫੜ ਝਨ੍ਹਾਂ ਦੇ ਕੰਢੇ ਵਲ ਤੁਰ ਪੈਂਦਾ ਏ।

ਨਾਨੀ ਸੋਚਦੀ ਕਿ ਹੁਣ ਸਾਹ ਹੀ ਕਿੰਨੇ ਬਚੇ ਨੇ ਪਰ ਲਾਲਸਾ ਹੈ ਕਿ ਉਹ ਮਰਨ ਤੋਂ ਪਹਿਲਾਂ ਇਕ ਵਾਰ ਘੜਾ ਸੁਣ ਲਵੇ ਤੇ ਜਵਾਨੀ ਦੇ ਅਧਿਆਏ ਨੂੰ ਖੁਲ੍ਹਿਆ ਵੇਖ ਕੇ ਹੱਸ ਹੱਸ ਇਸ ਦੁਨੀਆ ਤੋਂ ਵਿਦਾ ਹੋਵੇ।

ਪਾਰੋ ਸਾਹੋ ਸਾਹ ਹੋਈ ਸਾਰਾ ਬਾਗ ਟੋਹ ਆਈ ਹੈ। ਸੂਰਜ ਅੰਬਾਂ ਦੀਆਂ ਟੀਸੀਆਂ ਤੋਂ ਖਿਸਕ ਕੇ ਜੋਗੀਆਂ ਦੇ ਖੂਹ ਨੇੜੇ, ਪਰਛਾਵਿਆਂ ਨੂੰ ਲੰਮੇ ਕਰ ਧਰਤੀ 'ਤੇ ਲਿਟਾਂਦਾ ਕੁਝ ਕੁਝ ਘਸ ਗਿਆ ਲਗਦੈ। ਜੋਗੀ ਰਾਤ ਦੀ ਉਡੀਕ 'ਚ ਚਿਲਮਾਂ ਗਰਮ ਕਰ ਰਹੇ ਨੇ। ਸੱਪਾਂ ਦੀਆਂ ਪਟਾਰੀਆਂ ਉਨ੍ਹਾਂ ਬੰਦ ਕਰ ਦਿੱਤੀਆਂ ਨੇ।

ਮੋਰ ਸੌਂ ਗਏ ਨੇ। ਤੋਤੇ ਅੰਬ ਛੱਡ ਟਾਹਲੀਆਂ ਵਲ ਹੋ ਗਏ ਨੇ। ਮੱਛੀਆਂ ਡੂੰਘੇ ਪਾਣੀਆਂ 'ਚ ਚਲੀਆਂ ਗਈਆਂ ਨੇ, ਪਾਰੋ ਨੂੰ ਅਜੇ ਵੀ ਉਡੀਕ ਏ ਕਿ ਮਹਿਕ ਲਾਲ ਤਾਰਿਆਂ ਦੀ ਛਾਵੇਂ ਆ ਕੇ ਘੜਾ ਵਜਾਏਗਾ। ਮੋਰ ਨੱਚਣਗੇ, ਪੈਲਾਂ ਪਾਣਗੇ, ਤੋਤੇ ਅੰਬ ਟੁਕਣਗੇ ਤੇ ਮੱਛੀਆਂ ਤੈਰਦੀਆਂ ਹੋਈਆਂ ਸੁਹਾਗਵਤੀ ਹੋ ਜਾਣਗੀਆਂ। ਨਾਨੀ ਵੀ ਇਹੀ ਚਾਹੁੰਦੀ ਏ ਕਿ ਬਾਗ ਦੀ ਟੂਣੇਹਾਰੀ ਰੁੱਤ ਮੁੜ ਆਵੇ ਉਹਦੇ ਸਵਾਸ ਭਾਵੇਂ ਰਹਿਣ ਭਾਵੇਂ ਨਾ ਰਹਿਣ।

ਕਥਾ ਅੱਗੇ ਤੁਰ ਪਈ।

ਪੀਟਰ ਭਾਵੇਂ ਬ੍ਰਹਮਚਾਰੀ ਨਹੀਂ ਪਰ ਉਹ ਪਾਪ ਪੁੰਨ ਵਿਚ ਉਲਝ ਗਿਐ। ਉਹ ਹਰ ਰੋਜ਼ ਦਾਰੂ ਨਾਲ ਰੱਜਿਆ ਰੱਬ ਨੂੰ ਗਾਲ੍ਹਾਂ ਕਢਦੈ। ਇਸ ਦੁਨੀਆ ਨੂੰ ਬਣਾਉਣ ਵਾਲੇ ਮਹਾਂ ਪੁਰਖ ਦੀ ਯੇਹੀ ਤੇਹੀ ਫੇਰਦੈ। ਸਵੇਰੇ ਉਠ ਕੇ ਐਲਾਨ ਕਰ ਦੇਂਦੈ ਕਿ ਉਹ ਈਸਾ ਮਸੀਹ ਹੈ ਤੇ ਮੁੜ ਜਿੰਦਾ ਹੋ ਗਿਐ। ਪਾਦਰੀ ਵਿਚ ਏਨੀ ਜੁਅਰਤ ਨਹੀਂ ਕਿ ਉਹ ਕੋਈ ਫਤਵਾ ਜਾਰੀ ਕਰਕੇ ਪੀਟਰ ਨੂੰ ਕਬੀਲੇ ਵਿਚੋਂ ਛੇਕ ਦੇਵੇ।

ਇਕ ਦਿਨ ਪੀਟਰ ਦੇ ਕੰਨਾਂ ਵਿਚ ਮੋਰਾਂ ਦੀ ਦੁਖਦਾਈ ਦਾਸਤਾਨ ਪਈ ਤਾਂ ਉਹਨੇ ਆਪਣੇ ਪਾਪ ਪੁੰਨ ਦਾ ਨਿਬੇੜਾ ਕਰਨ ਦਾ ਫੈਸਲਾ ਕਰ ਲਿਆ। ਉਹ ਤੜਕੇ ਪਾਦਰੀ ਵਾਲਾ ਚੋਗਾ ਪਾ ਕੇ ਤਿਆਰ ਹੋ ਗਿਆ। ਉਹਨੇ ਤਰੀਕ ਦੇਖੀ। ਉਨੱਤੀ ਫਰਵਰੀ – ਦਿਨ ਐਤਵਾਰ– ਸ਼ੁਭ ਦਿਹਾੜਾ। ਉਹਨੂੰ ਸਾਰੇ ਲੱਛਣ ਠੀਕ ਲੱਗੇ। ਬਿੱਲੀ ਦੇ ਰਸਤਾ ਕੱਟਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ਕਿਉਂਕਿ ਉਹਨੇ ਖੁਦ ਦੋ ਬਿੱਲੀਆਂ ਪਾਲੀਆਂ ਹੋਈਆਂ ਸਨ ਜੋ ਰਸਤਾ ਕੱਟਣ ਨਾਲੋਂ ਆਪਸ ਵਿਚ ਲੜਨਾ ਬੇਹਤਰ ਸਮਝਦੀਆਂ ਸਨ। ਉਨ੍ਹਾਂ ਦੀ ਲੜਾਈ ਦਾ ਮੁਖ ਮੁੱਦਾ ਡਬਲ ਰੋਟੀ ਨਹੀਂ ਸੀ ਸਗੋਂ ਉਸ ਨਾਲ ਮਿਲਣ ਵਾਲਾ ਮੀਟ ਸੀ। ਮੀਟ ਲਈ ਸਰਕਾਰੀ ਕਾਨੂੰਨ ਬਣਨ ਪਿਛੋਂ ਉਨ੍ਹਾਂ ਵਿਚ ਲੜਾਈ ਹੋਰ ਤਿੱਖੀ ਹੋ ਗਈ ਸੀ।

ਪੀਟਰ ਦਸ ਕੁ ਵਜੇ ਚਰਚ ਪਹੁੰਚ ਗਿਆ। ਸੰਡੇ ਦੀ ਪਰੇਅਰ ਸਮਾਪਤ ਹੋਣ ਵਾਲੀ ਸੀ। ਉਹ ਅੰਦਰ ਜਾਣ ਦੀ ਬਜਾਏ ਬਾਹਰ ਗੇਟ ਕੋਲ ਖਲ੍ਹੋ ਗਿਆ ਜਿਥੇ ਚੰਦ ਕੁ ਮਿੰਟਾਂ ਬਾਅਦ ਪਾਦਰੀ ਨੇ ਜਾ ਰਹੇ ਲੋਕਾਂ ਨੂੰ ਅਸੀਸ ਦੇਣੀ ਸੀ ਤੇ ਉਨ੍ਹਾਂ ਨੇ ਅੱਗੋਂ ਛਾਤੀ 'ਤੇ ਕਰਾਸ ਬਣਾ ਕੇ ਉਹਦਾ ਅਭਾਰ ਪ੍ਰਗਟ ਕਰਨਾ ਸੀ।

ਜਦੋਂ ਬਾਹਰ ਆ ਰਹੇ ਲੋਕਾਂ ਨੇ ਪੀਟਰ ਨੂੰ ਚਰਚ ਦੇ ਦਰ 'ਤੇ ਖੜੇ ਵੇਖਿਆ ਤਾਂ ਉਹ ਬੜੇ ਹੈਰਾਨ ਹੋਏ। ਉਨ੍ਹਾਂ ਨੇ ਕਿਹਾ ਤਾਂ ਭਾਵੇਂ ਕੁਝ ਨਾ ਪਰ ਉਨ੍ਹਾਂ ਦੀਆਂ ਅੱਖਾਂ ਵਿਚ ਅਜਿਹੇ ਭਾਵ ਸਨ ਕਿ ਆ ਗਈ ਖੋਤੀ ਬੋਹੜ ਹੇਠਾਂ, ਕਈਆਂ ਦੇ ਇਸ਼ਾਰੇ ਸਨ ਕਿ ਆ ਗਿਆ ਪੀਟਰ ਆਨੇ ਵਾਲੀ ਥਾਂ। ਹੁਣ ਇਹ ਫਾਦਰ ਦੇ ਪੈਰਾਂ 'ਚ ਡਿੱਗ ਕੇ ਗਿੜਗਿੜਾਏਗਾ, ਮਾਫੀਆਂ ਮੰਗੇਗਾਂ ਤੇ ਗੋਡਿਆਂ ਪਰਨੇ ਹੋ ਕੇ ਕਨਫੈਸ਼ਨ ਕਰੇਗਾ।

ਪਰ ਪੀਟਰ ਚੁਪ ਚਾਪ ਸ਼ਾਂਤ ਖੜਾ ਰਿਹਾ। ਸਾਰੇ ਲੋਕ ਉਹਦਾ ਤਮਾਸ਼ਾ ਦੇਖਣ ਲਈ ਖੜੇ ਸਨ। ਉਹਨੇ



ਪਾਦਰੀ ਨੂੰ ਬੇਨਤੀ ਕੀਤੀ ਕਿ ਉਹ ਇਕ ਸੁਆਲ ਪੁੱਛਣਾ ਚਾਹੁੰਦਾ ਹੈ :

ਹਾਂ... ਹਾਂ... ਜ਼ਰੂਰ ਪੁੱਛੋ।' ਪਾਦਰੀ ਨੇ ਉਹਦੀਆਂ ਸ਼ਾਂਤ ਅੱਖਾਂ 'ਚ ਝਾਕਦਿਆਂ ਕਿਹਾ।

ਫਾਦਰ ਜੇ ਮੈਂ ਖਜੂਰ ਖਾ ਲਵਾਂ ਤਾਂ ਕੀ ਮੈਨੂੰ ਪਾਪ ਲਗੇਗਾ

ਬਿਲਕੁਲ ਨਹੀਂ। ਤੂੰ ਜਿੰਨੀਆਂ ਚਾਹੇ ਖਜੂਰਾਂ ਖਾ ਸਕਦਾ ਏਂ।

ਹੁਣ ਇਹ ਦਸੋ ਕੀ ਮੈਂ ਖਜੂਰ ਖਾ ਕੇ ਉਤੋਂ ਪਾਣੀ ਪੀ ਸਕਦਾਂ। ਇਸ ਨਾਲ ਪਾਪ ਤਾਂ ਨਹੀਂ ਲਗੇਗਾ।

ਨਹੀਂ ਬਿਲਕੁਲ ਨਹੀਂ। ਖਜੂਰਾਂ ਤੋਂ ਬਾਅਦ ਭਾਵੇਂ ਤੂੰ ਜੱਗ ਪਾਣੀ ਦਾ ਡਕਾਰ ਲੈ।

ਜੇ ਮੈਂ ਖਜੂਰਾਂ ਦੇ ਨਾਲ ਪਾਣੀ ਪੀ ਕੇ ਉਤੋਂ ਥੋੜ੍ਹਾ ਜਿਹਾ ਖਮੀਰ ਖਾ ਲਵਾਂ ਤਾਂ ਕੀ ਮੈਨੂੰ ਪਾਪ ਲਗੇਗਾ।

ਪਾਦਰੀ ਹੈਰਾਨ ਪਰੇਸ਼ਾਨ ਹੋ ਗਿਆ। ਉਹ ਪੀਟਰ ਦੀ ਮੰਸ਼ਾ ਤਾੜ ਗਿਆ ਤੇ ਕਹਿਣ ਲੱਗਾ –

ਇਸ ਨਾਲ ਵੀ ਤੈਨੂੰ ਕੋਈ ਪਾਪ ਨਹੀਂ ਲਗੇਗਾ।

ਇੰਜ ਹੀ ਤਾਂ ਸ਼ਰਾਬ ਕਸ਼ੀਦ ਹੁੰਦੀ ਹੈ। ਫਿਰ ਸ਼ਰਾਬ ਪੀਣ ਨਾਲ ਪਾਪ ਕਿਉਂ ਲਗਦੈ? ਫਿਰ ਮਾਸ ਖਾਣ ਨਾਲ ਪਾਪ ਕਿਉਂ ਲਗਦੈ? ਕੀ ਜਾਨਵਰ ਵੀ ਦਿਓਤੇ ਨੇ?

ਪਾਦਰੀ ਕੋਲ ਇਸਦਾ ਕੋਈ ਜੁਆਬ ਨਹੀਂ ਸੀ। ਸਾਰੀ ਭੀੜ ਵਿਚ ਖੁਸਰ ਫੁਸਰ ਹੋਣ ਲੱਗੀ। ਕੋਈ ਕਹਿ ਰਿਹਾ ਸੀ ਕਿ ਮਾਰੋ ਪੀਟਰ ਦੇ ਛਿਤਰ ਚਾਰ, ਸਾਲਾ ਹਰਾਮੀ ਐ। ਇਹਦੀ ਜ਼ਬਾਨ ਵਧਦੀ ਜਾਂਦੀ ਏ। ਪਰ ਕੋਈ ਹੋਰ ਕਹਿ ਰਿਹਾ ਸੀ ਕਿ ਉਹਦੇ ਤਿਖੇ ਸਵਾਲਾਂ ਦੇ ਜਵਾਬ ਲੱਭੋ। ਇਕ ਹੋਰ ਚੀਕ ਰਿਹਾ ਸੀ ਕਿ ਪਾਪ ਪੁੰਨ ਮੱਧ ਜੁੱਗੀ ਗੱਲਾਂ ਹਨ। ਇਨ੍ਹਾਂ 'ਤੇ ਬਹਿਸ ਨਹੀਂ ਹੋਣੀ ਚਾਹੀਦੀ। ਸਗੋਂ ਇਹ ਗੱਲ ਨਿੱਜ 'ਤੇ ਛੱਡ ਦੇਣੀ ਚਾਹੀਦੀ ਹੈ ਕਿ ਕੋਈ ਕੀ ਖਾਂਦਾ ਹੈ ਜਾਂ ਖਾਣਾ ਚਾਹੁੰਦਾ ਹੈ। ਕੀ ਪੀਂਦਾ ਹੈ ਜਾਂ ਪੀਣਾ ਚਾਹੁੰਦਾ ਹੈ। ਇਹ ਸਭ ਬਕਵਾਸ ਹੈ।

ਪੀਟਰ ਆਪਣੀ ਧੁਨ ਵਿਚ ਤੁਰਦਾ ਬਾਗ ਵਿਚ ਅੰਬਾਂ ਦੇ ਰੁੱਖਾਂ ਵਿਚ ਅਲੋਪ ਹੋ ਗਿਆ।

ਅਗਲੇ ਦਿਨ ਮਹਿਕ ਲਾਲ ਪਰਤ ਆਇਆ। ਪਰ ਬਾਗ ਦੀ ਰੌਣਕ ਨਾ ਪਰਤੀ। ਪਾਰੋ ਹੈਰਾਨ ਸੀ। ਮਹਿਕ ਲਾਲ ਘੜਾ ਛਾਤੀ ਨਾਲ ਲਾ ਕੇ ਬੈਠਾ ਵਜਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸ ਵਿਚੋਂ ਭਰੜ ਭਰੜ ਦੀ ਅਵਾਜ਼ ਆ ਰਹੀ ਸੀ। ਉਹਨੇ ਛੱਲਾ ਦੋ ਵਾਰ ਅੰਗੂਠੇ ਵਿਚ ਫਸਾਇਆ ਪਰ ਉਹ ਤਾਲ ਹੀ ਨਹੀਂ ਸੀ ਦੇ ਰਿਹਾ।

ਕੀ ਗੱਲ ਹੋ ਗਈ ਮੇਰੀ ਜਾਨ – ਪਾਰੋ ਨੇ ਪੁੱਛਿਆ

ਮੇਰੇ ਕੋਲੋਂ ਘੜਾ ਖੋਹ ਲਿਆ ਗਿਐ।

ਪਰ ਕਿਉਂ ?

ਮੈਂ ਦੂਰ ਦੁਰੇਡੇ ਗਿਆ ਸੀ। ਖੂਬ ਘੜਾ ਵਜਾਇਆ ਪਰ ਮੂੰਹ 'ਚੋਂ ਬੋਲ ਅੰਗਾਰਿਆਂ ਵਰਗੇ ਕੱਢ ਬੈਠਾ ਫਿਰ ਕੀ ਸੀ ਹਾਕਮ ਨੇ ਪਹਿਲਾਂ ਮੇਰੀ ਜ਼ਬਾਨ ਠਾਕੀ ਫਿਰ ...

ਫਿਰ ਕੀ ਹੋਇਆ

ਫਿਰ ਘੜਾ ਖੋਹ ਲਿਆ ਮੇਰੀਆਂ ਉਂਗਲਾਂ ਵਿਚ ਅੱਟਣ ਪਾ ਦਿੱਤੇ ਨੇ ਪਾਰੋ ਮੈਂ ਲੁਟਿਆ ਗਿਆ। ਹੁਣ ਮੇਰਾ ਕੋਈ ਵਿਸਾਹ ਨਹੀਂ

ਇੰਜ ਨਹੀਂ ਉਹ ਸਾਰਾ ਕੁਝ ਖੋਹ ਸਕਦੇ। ਬਾਪੂ, ਮਾਮਾ, ਤੂੰ ਨਾਨੀ, ਮੋਰ, ਤੋਤੇ, ਮੱਛੀਆਂ ਸਾਰਿਆਂ ਨੂੰ ਉਹ ਨਹੀਂ ਠਾਕ ਸਕਦੇ। ਹੁਣ ਮੈਂ ਵਜਾਵਾਂਗੀ ਘੜਾ ਤੂੰ ਦੇਖੀ ਜਾ। ਸਾਰੇ ਨੱਚਣਗੇ।

ਪਾਰੋ ਨੇ ਉੱਠ ਕੇ ਵਾਲ ਖੋਲ੍ਹ ਲਏ। ਦੁਪੱਟਾ ਲੱਕ 'ਤੇ ਬੰਨ੍ਹ ਲਿਆ ਤੇ ਘੁੰਮ ਕੇ ਮੋਰ ਨਾਚ ਨੱਚਿਆ। ਸਾਰੇ ਬਾਗ 'ਚ ਹਲਚਲ ਹੋ ਗਈ, ਮੋਰ ਨੱਚਣ ਲੱਗ ਪਏ, ਤੋਤੇ ਅੰਬ ਟੁੱਕਣ ਲੱਗੇ, ਮੱਛੀਆਂ ਤੈਰਨ ਲੱਗੀਆਂ, ਘੜੇ ਦੀ ਗੂੰਜ 'ਚੋਂ ਬਾਗ ਵਿਚ ਧੁਨੀ ਗੂੰਜਣ ਲੱਗੀ। ਟੂਣੇਹਾਰੀ ਰੁੱਤ ਮੁੜ ਆਈ, ਹਰ ਕੋਈ ਗੂੰਜ ਨੂੰ ਫੜਣ ਦੇ ਆਹਰ ਵਿਚ ਸੀ। ਗੂੰਜ ਬਾਗ 'ਚੋਂ ਨਿਕਲ ਕੇ ਦੂਰ ਤੱਕ ਗੂੰਜਣ ਲੱਗੀ। ਨਾਨੀ ਖ਼ੁਸ਼ ਸੀ ਕਿ ਹੁਣ ਜੀਵਨ ਲਾਲ ਮੁੜ ਆਏਗਾ ਤੇ ਉਹ ਸੌਖਿਆ ਮਰ ਸਕੇਗੀ।(**ਸੰਪਰਕ**-94173-58120)

## ਕਹਾਣੀ/ **ਵਾਪਸੀ** / ਕੇਵਲ ਸਿੰਘ ਪਰਵਾਨਾ

ਭੋਲਾ ਸਿੰਘ ਹੈ ਤਾਂ ਭਾਵੇਂ ਸੇਵਾਦਾਰ ਹੀ ਸੀ ਪਰ ਬਾਕੀ ਸੇਵਾਦਾਰਾਂ ਨਾਲੋਂ ਚੇਤੰਨ ਜ਼ਿਆਦਾ ਸੀ। ਕੋਈ ਵੀ ਕੰਮ ਅੱਖਾਂ ਮੀਟ ਕੇ ਜਾਂ ਅਣਗਹਿਲੀ ਨਾਲ ਨਹੀਂ ਸੀ ਕਰਦਾ, ਸਗੋਂ ਦੱਸੇ ਹੋਏ ਕੰਮ ਨੂੰ, ਚੇਤਨ ਦਿਮਾਗ਼ ਨਾਲ, ਬਿਨਾਂ ਕਿਸੇ ਗ਼ਲਤੀ ਤੋਂ, ਆਪਣੀ ਸੂਝ ਤੇ ਸਿਆਣਪ ਦਾ ਰੰਗ ਚਾੜ੍ਹ ਕੇ ਕਰਦਾ ਸੀ। ਮੈਂ ਜਦੋਂ ਤੋਂ ਪਹਿਲੇ ਕਾਲਜ ਤੋਂ ਬਦਲੀ ਕਰਵਾ ਕੇ ਇਸ ਕਾਲਜ ਵਿਚ ਆਇਆ ਸੀ, ਮੈਂ ਵੇਖ ਰਿਹਾ ਸਾਂ ਕਿ ਭਾਵੇਂ ਉਸਦੀ ਡਿਊਟੀ ਪ੍ਰਿੰਸੀਪਲ ਦੇ ਦਫ਼ਤਰ ਵਿਚ ਹੁੰਦੀ ਸੀ ਪਰ ਜੇ ਕਰ ਉਸਨੂੰ ਕੋਈ ਲੈਕਚਰਰ ਜਾਂ ਦਫ਼ਤਰ ਦਾ ਕਰਮਚਾਰੀ ਵੀ ਕੋਈ ਕੰਮ ਕਰਨ ਨੂੰ ਕਹਿ ਦਿੰਦਾ ਸੀ ਤਾਂ ਉਹ ਨਾਂਹ ਨਹੀਂ ਸੀ ਕਰਦਾ, ਸਗੋਂ ਖਿੜੇ ਮੱਥੇ ਕਰਦਾ ਸੀ।

ਉਸਨੂੰ ਵੇਖ ਕੇ, ਮੈਨੂੰ ਪਿਛਲੇ ਕਾਲਜ ਦਾ ਉਹ ਫੌਜੀ ਸੇਵਾਦਾਰ ਯਾਦ ਆਉਂਦਾ ਰਹਿੰਦਾ ਸੀ, ਜੋ ਕੰਮ ਤੋਂ ਸਾਫ ਨਾਂਹ ਕਰ ਦਿੰਦਾ ਸੀ ਜੇ ਉਸਨੂੰ ਕਹਿਣਾ "ਫੌਜੀ ਸਾਹਬ, ਪਾਣੀ ਦਾ ਗਲਾਸ ਲਿਆਇਓ।" ਉਹਨੇ ਪਹਿਲਾਂ ਹੀ ਘੜਿਆ ਹੋਇਆ ਜਵਾਬ ਦੇਣਾ, "ਮੇਰੀ ਡਿਊਟੀ ਪਾਣੀ ਪਿਆਉਣ ਵਾਲੇ ਦੀ ਨਹੀਂ, ਵਾਟਰ ਕੈਰੀਅਰ ਨੂੰ ਆਖੋ" ਜੇ ਅੱਗਿਉਂ ਕਹਿਣਾ, "ਤੁਸੀਂ ਵਿਹਲੇ ਈ ਬੈਠੇ ਓ, ਨਾਲੇ ਤੁਹਾਡੀ ਡਿਊਟੀ ਸਟਾਫ ਰੂਮ 'ਚ ਸਟਾਫ ਦੇ ਕੰਮ ਕਰਨ ਲਈ ਲਗਾਈ ਗਈ ਆ" ਤਾਂ ਉਹਨੇ ਪਹਿਲਾਂ ਤੋਂ ਵੀ ਉੱਚੀ ਆਵਾਜ਼ ਵਿਚ ਕਹਿਣਾ, "ਮੈਂ ਹੁਣੇ ਪ੍ਰਿੰਸੀਪਲ ਕੋਲ ਜਾ ਕੇ ਆਪਣੀ ਡਿਊਟੀ ਬਦਲਾਅ ਲੈਨਾਂ ਵਾਂ" ਅਸਲ ਵਿਚ ਉਹ ਹੈ ਵੀ ਥੋੜਾ ਅੱਖੜ ਸੁਭਾਅ ਦਾ ਸੀ, ਇਕ ਤਾਂ ਉਹਨੂੰ ਜੱਟ ਹੋ ਕੇ ਸੇਵਾਦਾਰ ਲੱਗੇ ਹੋਣ ਦਾ ਵੀ ਕੰਪਲੈਕਸ ਸੀ, ਦੂਜਾ ਉਹ ਫੌਜ ਦੀ ਪੂਰੀ ਪੈਨਸ਼ਨ ਵੀ ਲੈਂਦਾ ਸੀ ਅਤੇ ਏਥੇ ਸਰਕਾਰੀ ਕਾਲਜ ਦੀ ਨੌਕਰੀ ਦੀ ਵੀ ਸੋਧੇ ਹੋਏ ਗਰੇਡ ਵਿਚ ਚੋਖੀ ਤਨਖ਼ਾਹ ਸੀ, ਉਸਦਾ ਪਿੰਡ ਵੀ ਨੇੜੇ ਹੀ ਸੀ ਅਤੇ ਦੋ-ਚਾਰ ਕਿੱਲੇ ਜ਼ਮੀਨ ਵੀ ਸੀ।

ਅਸੀਂ ਖਾਸ ਤੌਰ 'ਤੇ ਚਾਰ-ਪੰਜ ਲੈਕਚਰਾਰਾਂ ਨੇ ਕਈ ਵਾਰ ਨੋਟ ਕੀਤਾ ਕਿ ਇਹ ਕੇਵਲ ਸਾਨੂੰ ਹੀ ਕੰਮ ਤੋਂ ਨਾਂਹ ਕਰਦਾ ਸੀ, ਬਾਕੀਆਂ ਲਈ ਇਹ ਦੌੜ ਦੌੜ ਕੇ, "ਲਉ ਸਾਹਬ ਜੀ, ਲਉ ਸਾਹਬ ਜੀ।" ਕਰਦਾ ਰਹਿੰਦਾ ਸੀ। ਉਹ ਸਾਡੇ ਲਈ ਕੰਟੀਨ ਤੋਂ ਚਾਹ ਵੀ ਲੈਣ ਨਹੀਂ ਸੀ ਜਾਂਦਾ, ਅਸੀਂ ਉਥੇ ਜਾ ਕੇ ਪੀਂਦੇ ਸਾਂ। ਅਸੀਂ ਪੰਜਾਂ ਨੇ ਇਕ ਦਿਨ ਕੰਟੀਨ 'ਚ ਬੈਠਿਆਂ ਇਹ ਸਮੱਸਿਆ ਸਾਂਝੀ ਕੀਤੀ। ਸਿੱਟਾ ਇਹ ਨਿਕਲਿਆ ਕਿ ਅਸੀਂ ਪੰਜੇ ਜਣੇ ਅਨੁਸੂਚਿਤ ਜਾਤੀਆਂ 'ਚੋਂ ਹੋਣ ਕਾਰਨ, ਉਹ ਸਾਡੀ ਕੋਈ ਪ੍ਰਵਾਹ ਨਹੀਂ ਸੀ ਕਰਦਾ। ਉਥੇ ਹੋਰ ਵੀ ਦੋ ਅਨੁਸੂਚਿਤ ਜਾਤੀ ਦੇ ਸੇਵਾਦਾਰ ਸਨ, ਦੋ ਮਾਲੀ ਵੀ ਸਨ ਅਤੇ ਦੋ ਸਫਾਈ ਸੇਵਕ ਵੀ ਸਨ। ਉਹ ਸਾਨੂੰ ਕਦੇ ਨਾਂਹ ਨਹੀਂ ਸੀ ਕਰਦੇ। ਚੌਕੀਦਾਰ ਦੀ ਤਾਂ ਖ਼ੈਰ ਡਿਊਟੀ ਹੀ ਰਾਤ ਦੀ ਹੁੰਦੀ ਸੀ। ਇਸ ਗੱਲ ਦਾ ਸਾਨੂੰ ਬਹੁਤ ਦੁੱਖ ਸੀ ਕਿ ਕੰਮ ਉਹ ਸਾਡਾ ਕੋਈ ਕਰੇ ਨਾ ਕਰੇ ਪਰ ਜਾਤੀ ਆਧਾਰ 'ਤੇ ਵਖਰੇਵਾਂ ਤਾਂ ਨਾ ਕਰੇ, ਸਾਨੂੰ ਮਨੁੱਖ ਤਾਂ ਸਮਝੇ। ਅਸੀਂ ਉੱਚ-ਵਿੱਦਿਆ ਪ੍ਰਾਪਤ, ਪਹਿਲੇ ਦਰਜੇ ਦੇ ਸਰਕਾਰੀ ਮੁਲਾਜ਼ਮ ਹਾਂ, ਉਹ 9-8 ਜਮਾਤਾਂ ਪਾਸ ਸੇਵਾਦਾਰ, ਫਿਰ ਵੀ ਅਸੀਂ ਉਸਨੂੰ ਮਨੁੱਖ ਤਾਂ ਸਮਝਦੇ ਹੀ ਸਾਂ।

ਅਸੀਂ ਪ੍ਰਿੰਸੀਪਲ ਕੋਲ ਜਾ ਕੇ ਗੱਲ ਕੀਤੀ, ਪ੍ਰਿੰਸੀਪਲ ਕਹਿਣ ਲੱਗਾ, "ਪਾਣੀ ਤਾਂ ਉਹ ਮੈਨੂੰ ਵੀ ਨਹੀਂ ਪਿਆਉਂਦਾ, ਮੈਂ ਵੀ ਤਾਂ ਤੁਹਾਡੀ ਕੈਟਾਗਰੀ 'ਚੋਂ ਈ ਆਂ, ਏਸੇ ਕਰਕੇ ਉਸਦੀ ਡਿਊਟੀ ਏਥੋਂ ਹਟਾ ਕੇ ਸਟਾਫ ਰੂਮ 'ਚ ਲਗਾਈ ਸੀ। ਹੁਣ ਕਹੋ ਤੇ ਉਥੋਂ ਹਟਾ ਕੇ ਸਪੋਰਟਸ ਵਿਭਾਗ ਵਿਚ ਭੇਜ ਦਿੰਨੇ ਆਂ।" ਸਾਡੇ ਜੋਰ ਦੇਣ 'ਤੇ ਪ੍ਰਿੰਸੀਪਲ ਨੇ ਉਸ ਦਿਨ ਤੋਂ ਹੀ ਉਸ ਦੀ ਡਿਊਟੀ ਬਦਲ ਕੇ ਉਸ ਨੂੰ ਸਪੋਰਟਸ ਵਿਭਾਗ ਵਿਚ ਭੇਜ ਦਿੱਤਾ ਤੇ ਉਥੋਂ ਸੇਵਾਦਾਰ ਮਲਕੀਤ ਸਿੰਘ ਦੀ ਡਿਊਟੀ ਸਟਾਫ ਰੂਮ ਵਿਚ ਲਗਾ ਦਿੱਤੀ। ਸਾਡਾ ਮਸਲਾ ਤਾਂ



ਹੱਲ ਹੋ ਗਿਆ ਪਰ ਜਦੋਂ ਤੋਂ ਉਸਦੀ ਡਿਊਟੀ ਬਦਲੀ ਸੀ, ਉਦੋਂ ਤੋਂ ਉਸਨੇ ਸਾਨੂੰ ਬੁਲਾਉਣਾ ਈ ਛੱਡ ਦਿੱਤਾ ਸੀ।

ਖ਼ੈਰ ਮੈਂ ਗੱਲ ਕਰ ਰਿਹਾ ਸਾਂ ਇਸ ਕਾਲਜ ਦੇ ਸੇਵਾਦਾਰ ਭੋਲਾ ਸਿੰਘ ਦੀ। ਉਹ ਤਾਂ ਸਚਮੁੱਚ ਦਾ ਸੇਵਾਦਾਰ ਸੀ। ਉਂਜ ਵੀ ਉਹ ਪੂਰਾ ਗੁਰਸਿੱਖ ਸੀ, ਭਾਵੇਂ ਉਹ ਅਨੁਸੂਚਿਤ ਜਾਤੀ ਨਾਲ ਹੀ ਸੰਬੰਧ ਰੱਖਦਾ ਸੀ, ਰੰਗ ਉਸਦਾ ਏਨਾ ਗੋਰਾ ਸੀ ਕਿ ਕੋਈ ਪਛਾਣ ਨਹੀਂ ਸੀ ਸਕਦਾ ਕਿ ਉਹ ਮਜ਼ਬੀ ਸਿੱਖ ਹੋਵੇਗਾ। ਉਸਦੀ ਉਮਰ ਪੈਂਤੀ ਕੁ ਸਾਲ ਦੀ ਹੋਵੇਗੀ, ਕਾਲੀ ਦਾੜ੍ਹੀ ਕਾਰਨ ਉਹ ਇਸਤੋਂ ਵੀ ਜਵਾਨ ਲਗਦਾ ਸੀ। ਮੇਰੇ ਨਾਲ ਉਹ ਕਈ ਵਾਰ ਗੱਲੀਂ ਜੁੱਟ ਪੈਂਦਾ ਸੀ। ਇਕ ਦਿਨ ਉਸਦੇ ਗਲ਼ ਵਿਚ ਪਾਇਆ ਗਾਤਰਾ ਵੇਖ ਕੇ ਮੈਂ ਪੁੱਛ ਹੀ ਲਿਆ, "ਭੋਲਾ ਸਿੰਘ ਇਹ ਗਾਤਰਾ ਕਦੋਂ ਦਾ ਪਾ ਲਿਆ ਬਈ?" ਉਹ ਬੋਲਿਆ, "ਸਰ ਜੀ, ਸਵੇਰੇ ਇਸ਼ਨਾਨ ਕਰਕੇ ਸਭ ਤੋਂ ਪਹਿਲਾਂ ਮੈਂ ਪੰਜ ਬਾਣੀਆਂ ਦਾ ਪਾਠ ਕਰਦਾ ਹਾਂ, ਫਿਰ ਪਿੰਡ ਦੇ ਗੁਰਦੁਆਰਾ ਸਾਹਿਬ ਜਾਕੇ ਮੱਥਾ ਟੇਕਦਾ ਹਾਂ, ਭਾਈ ਪਾਠ ਕਰਦਾ ਹੈ, ਫਿਰ ਭਾਈ ਸਾਹਬ ਕੀਰਤਨ ਕਰਦੇ ਨੇ ਤੇ ਮੈਂ ਢੋਲਕ ਵਜਾਉਂਦਾ ਹਾਂ, ਫਿਰ ਭਾਈ ਦੇ ਅਰਦਾਸ ਕਰਨ ਤੋਂ ਬਾਅਦ ਪ੍ਰਸ਼ਾਦ ਲੈ ਕੇ, ਮੈਂ ਘਰ ਆਉਂਦਾ ਹਾਂ ਤੇ ਰੋਟੀ ਖਾ ਕੇ ਫਿਰ ਕਾਲਜ ਡਿਊਟੀ 'ਤੇ ਆਉਂਦਾ ਹਾਂ।"

"ਇਹ ਤਾਂ ਹੋਇਆ ਤੇਰਾ ਨਿੱਤ-ਨੇਮ, ਮੈਂ ਪੁੱਛਦਾਂ ਇਹ ਗਾਤਰਾ ਕਦੋਂ ਦਾ ਪਾਇਆ?" ਮੈਂ ਆਪਣੀ ਉਤਸੁਕਤਾ ਨੂੰ ਜਲਦੀ ਸ਼ਾਂਤ ਕਰਨਾ ਚਾਹੁੰਦਾ ਸਾਂ।" ਇਹ ਗੱਲ ਇੰਜ ਹੋਈ ਸਰ ਜੀ ਕਿ ਇਕ ਦਿਨ ਅੰਮ੍ਰਿਤਸਰ ਤੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਆਏ ਸਨ, ਉਹ ਕਹਿੰਦੇ ਸਨ ਕਿ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ ਜਿਸ ਨਾਲ ਜਾਤ-ਪਾਤ ਤੇ ਛੂਆਛੂਤ ਖ਼ਤਮ ਹੋ ਜਾਂਦੀ ਹੈ।ਭਾਈ ਸਾਹਿਬ ਦੀ ਪ੍ਰੇਰਨਾ ਨਾਲ ਮੈਂ ਵੀ ਅੰਮ੍ਰਿਤ ਛਕ ਲਿਆ ਸੀ ਤੇ ਉਸ ਦਿਨ ਤੋਂ ਗਾਤਰਾ ਵੀ ਪਾ ਲਿਆ ਸੀ ਉਸ ਦਿਨ ਤੋਂ ਮੈਂ ਪੂਰਨ ਗੁਰ ਮਰਿਆਦਾ ਵਿਚ ਰਹਿੰਦਾ ਹਾਂ।" ਉਸ ਨੇ ਸਚਾਈ ਅਤੇ ਈਮਾਨਦਾਰੀ ਵੀ ਬਿਆਨ ਕਰ ਦਿੱਤੀ ਸੀ।

"ਇਸਦਾ ਮਤਲਬ ਹੁਣ ਤੂੰ ਮਜ਼ਬੀ ਨਹੀਂ ਰਿਹਾ, ਫਿਰ ਹੁਣ ਕੀ ਬਣ ਗਿਆਂ ਏਂ?" ਮੈਂ ਅਚਾਨਕ ਹੀ ਸਵਾਲ ਕਰ ਦਿੱਤਾ। "ਹੁਣ ਮਜ਼ਬੀ ਸਿੱਖ" ਉਸਦੇ ਮੂੰਹੋਂ ਸਹਿਜ ਸੁਭਾਅ ਹੀ ਇਹ ਸ਼ਬਦ ਨਿਕਲ ਗਏ।

ਮੈਂ ਉਸਨੂੰ ਸਮਝਾਇਆ, "ਦੇਖ ਭੋਲਾ ਸਿਆਂ, ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਛਕਾ ਕੇ, ਪੰਜਾਂ ਪਿਆਰਿਆਂ ਦੀ ਸਾਜਨਾ ਕੀਤੀ ਸੀ ਤਾਂ ਉਨ੍ਹਾਂ ਦਾ ਮਕਸਦ ਏਹੋ ਸੀ, ਜਾਤ-ਪਾਤ ਤੇ ਛੂਆ ਛੂਤ ਦਾ ਖ਼ਾਤਮਾ। ਪਰ ਹੁਣ ਵੀ ਜਦੋਂ ਕਦੇ ਪੰਜਾਂ ਪਿਆਰਿਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਦੱਸਿਆ ਜਾਂਦਾ ਹੈ ਕਿ ਉਹ ਕਿਹੜੀ ਕਿਹੜੀ ਜਾਤ ਵਿਚੋਂ ਸਨ। ਕੀ ਜਾਤ-ਪਾਤ ਖ਼ਤਮ ਹੋਈ? ਅੰਮ੍ਰਿਤ ਛਕਣ ਨਾਲ ਤੇਰੀ ਜਾਤ ਨਾਲ 'ਸਿੱਖ' ਸ਼ਬਦ ਜੁੜ ਗਿਆ, ਜਾਤ ਤਾਂ ਉਹੀ ਰਹੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਗੁਰੂ ਗ੍ਰੰਥ ਸਾਹਬ ਦੀ ਸੰਪਾਦਨਾ ਕੀਤੀ ਤਾਂ ਉਨ੍ਹਾਂ ਨੇ ਬਿਨਾਂ ਕਿਸੇ ਜਾਤ-ਪਾਤੀ ਭਿੰਨਤਾ ਦੇ, ਵੱਖ ਵੱਖ ਜਾਤਾਂ ਦੇ, ਸਾਰੇ ਦੇਸ਼ ਦੇ ਸੰਤਾ-ਭਗਤਾਂ ਦੀ ਬਾਣੀ ਇਸ ਵਿਚ ਦਰਜ ਕੀਤੀ, ਤਾਂ ਜੋ ਜਾਤ-ਪਾਤ ਦਾ ਮੂਲੋਂ ਨਾਸ ਹੋਵੇ, ਪਰ ਕੀ ਜਾਤ-ਪਾਤ ਖ਼ਤਮ ਹੋਈ? ਅੱਜ ਪਿੰਡਾਂ ਤੇ ਸ਼ਹਿਰਾਂ ਵਿਚ, ਇਥੋਂ ਤੱਕ ਕਿ ਬਦੇਸ਼ਾਂ ਵਿਚ ਵੀ ਵੱਖ ਵੱਖ ਜਾਤਾਂ ਦੇ ਨਾਂ ਤੇ ਅਨੇਕਾਂ ਹੀ ਗੁਰਦੁਆਰੇ ਮਿਲਦੇ ਨੇ।" ਪਿੰਸੀਪਲ ਦੇ ਦਫ਼ਤਰ ਦੀ ਘੰਟੀ ਵੱਜੀ, ਉਹ ਘੰਟੀ ਦੀ ਆਵਾਜ਼ ਸੁਣ ਕੇ, ਬਿਨਾਂ ਕੋਈ ਜਵਾਬ ਦਿੱਤੇ, ਕੁਝ ਸੋਚਦਾ ਸੋਚਦਾ ਚਲਾ ਗਿਆ।

ਪੱਤਝੜ ਦੀਆਂ ਛੁੱਟੀਆਂ ਤੋਂ ਬਾਅਦ ਜਦੋਂ ਕਾਲਜ ਖੁੱਲ੍ਹੇ ਤਾਂ ਭੋਲਾ ਸਿੰਘ ਕੁਝ ਉਖੜਿਆ ਉਖੜਿਆ ਲੱਗਾ ਅਤੇ ਮੇਰੇ ਨਾਲ ਅੱਖਾਂ ਵੀ ਨਹੀਂ ਸੀ ਮਿਲਾ ਰਿਹਾ। ਪੱਤਝੜ ਦੀਆਂ ਛੁੱਟੀਆਂ ਤੋਂ ਬਾਅਦ ਵਿਦਿਆਰਥੀਆਂ ਦੇ ਪੇਪਰ ਸਨ। ਮੇਰੀ ਡਿਊਟੀ ਸੁਪਰਵਾਈਜ਼ਰ ਦੀ ਸੀ, ਮੈਂ 20 ਮਿੰਟ ਦੀ ਰੈਸਟ ਵਿਚ

ਕੰਟੀਨ ਤੇ ਚਾਹ ਦਾ ਕੱਪ ਪੀਣ ਆ ਗਿਆ। ਭੋਲਾ ਸਿੰਘ ਉਥੇ ਕੇਤਲੀ ਲਈ ਖੜਾ ਸੀ, ਉਹ ਪ੍ਰਿੰਸੀਪਲ ਲਈ ਚਾਹ ਲੈਣ ਆਇਆ ਸੀ। ਉਸਨੇ ਢਿੱਲੇ ਜਿਹੇ ਮੂੰਹ ਨਾਲ ਮੈਨੂੰ 'ਸਤਿ ਸ੍ਰੀ ਅਕਾਲ' ਬੁਲਾਈ। ਮੈਂ ਉਸਦੇ ਵਤੀਰੇ ਨੂੰ ਦੇਖ ਕੇ ਹੈਰਾਨ ਸੀ। ਅੱਜ ਭੋਲਾ ਸਿੰਘ ਨੇ ਆਪਣੇ ਗਲ਼ ਵਿਚ ਗਾਤਰਾ ਵੀ ਨਹੀਂ ਸੀ ਪਾਇਆ ਹੋਇਆ। "ਭੋਲਾ ਸਿਆਂ ਕੀ ਗੱਲ ਹੋ ਗਈ, ਅੱਜ ਗਾਤਰਾ ਪਾਉਣਾ ਭੁੱਲ ਗਿਆਂ?" ਮੈਂ ਬੜੀ ਹੈਰਾਨੀ ਨਾਲ ਪੁੱਛਿਆ, "ਸਰ ਜੀ, ਮੈਂ ਸਾਹਬ ਨੂੰ ਚਾਹ ਦੇ ਕੇ ਆਇਆ।" ਉਹ ਕੇਤਲੀ 'ਚ ਚਾਹ ਪੁਆ ਕੇ ਚਲਾ ਗਿਆ। ਮੈਂ ਆਪਣੀ ਚਾਹ ਪੀਣ ਲੱਗ ਪਿਆ, ਪਰ ਉਹ ਵਾਪਸ ਨਹੀਂ ਆਇਆ। ਮੈਂ ਸੋਚਿਆ ਪ੍ਰਿੰਸੀਪਲ ਨੇ ਹੋਰ ਕੋਈ ਕੰਮ ਦੇ ਦਿੱਤਾ ਹੋਣੈ। ਮੈਂ ਫਿਰ ਅੰਦਰ ਆਪਣੀ ਡਿਊਟੀ ਦੇਣ ਚਲਾ ਗਿਆ। ਪਰ ਮੈਨੂੰ ਦਾਲ਼ ਵਿਚ ਕੁਝ ਕਾਲ਼ਾ ਜ਼ਰੂਰ ਨਜ਼ਰ ਆਇਆ।

ਜਦੋਂ ਮੈਂ ਡਿਊਟੀ ਖ਼ਤਮ ਹੋਣ ਤੋਂ ਬਾਅਦ ਬਾਹਰ ਗੇਟ ਵੱਲ ਜਾ ਰਿਹਾ ਸਾਂ ਤਾਂ "ਸਰ ਜੀ... ਸਰ ਜੀ।" ਦੀ ਆਵਾਜ਼ ਨੇ ਮੈਨੂੰ ਰੋਕ ਲਿਆ। "ਸਰ ਜੀ, ਥੋੜਾ ਟੈਮ ਹੈਗਾ? ਮੈਂ ਤੁਹਾਡੇ ਨਾਲ਼ ਇਕ ਗੱਲ ਕਰਨੀ ਸੀ, ਹੁਣ ਸਾਹਬ ਵੀ ਚਲੇ ਗਏ ਨੇ, ਮੈਂ ਵੀ ਵੇਹਲਾ ਹੋ ਗਿਆਂ।" ਭੋਲਾ ਸਿੰਘ ਕਹਿ ਰਿਹਾ ਸੀ। ਅਸੀਂ ਫਿਰ ਕੰਟੀਨ ਵੱਲ ਚਲੇ ਗਏ ਤੇ ਇਕ ਪਾਸੇ ਕੁਰਸੀਆਂ 'ਤੇ ਬੈਠ ਗਏ।

"ਹਾਂ ਦੱਸ ਬਈ ਭੋਲਾ ਸਿਆਂ, ਕੀ ਗੱਲ ਕਰਨੀ ਆਂ?" ਮੈਂ ਘਰ ਜਾਣ ਦੀ ਕਾਹਲੀ ਵਿਚ ਪੁੱਛਿਆ। ਭੋਲਾ ਸਿੰਘ ਬੋਲਿਆ, "ਸਰ ਜੀ, ਤੁਸੀਂ ਠੀਕ ਕਹਿੰਦੇ ਸੀ, ਮੈਂ ਗਾਤਰਾ ਲਾਹ ਕੇ ਕਿੱਲੀ ਉੱਤੇ ਟੰਗ ਦਿੱਤਾ।" "ਹੈਂ! ਕੀ ਗੱਲ ਹੋ ਗਈ? ਕਿੱਲੀ ਉੱਤੇ ਕਿਉਂ ਟੰਗ ਦਿੱਤਾ ਗਾਤਰਾ?" ਮੈਂ ਹੈਰਾਨ ਤੇ ਚਿੰਤਾਤੁਰ ਹੋ ਕੇ ਪੁੱਛਿਆ।

"ਸਰ ਜੀ, ਗੱਲ ਬਹੁਤ ਮਾੜੀ ਹੋਈ ਆ, ਮੇਰਾ ਤਾਂ ਦਿਲ ਵਲੂੰਧਰਿਆ ਗਿਆ। ਗੱਲ ਇੰਜ ਹੋਈ, ਇਕ ਦਿਨ ਅਰਦਾਸ ਕਰ ਕੇ, ਭਾਈ ਜੀ ਵਾਕ ਲੈਣ ਲੱਗ ਪਏ, ਵਾਕ ਦੀ ਸਮਾਪਤੀ ਤੇ ਮੈਂ ਉੱਠ ਕੇ ਪ੍ਰਸ਼ਾਦ ਵਰਤਾਉਣ ਲੱਗ ਪਿਆ, ਪਹਿਲਾਂ ਕੌਲੇ 'ਚ ਪ੍ਰਸ਼ਾਦ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਦੀ ਭੇਟਾ ਕੀਤਾ, ਫਿਰ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਕੱਢ ਕੇ ਸਾਰੇ ਪ੍ਰਸ਼ਾਦ ਵਿਚ ਰਲਾ ਦਿੱਤਾ, ਜਦੋਂ ਮੈਂ ਬਾਟੇ 'ਚ ਪ੍ਰਸ਼ਾਦ ਪਾ ਕੇ ਸੰਗਤ ਨੂੰ ਵਰਤਾਉਣ ਲਈ ਗਿਆ ਤਾਂ ਸਿਰਫ ਉਥੇ ਚਾਰ-ਪੰਜ ਜਣੇ ਹੀ ਬੈਠੇ ਸਨ।ਬਹੁਤ ਸਾਰੇ ਬੰਦੇ ਅਤੇ ਔਰਤਾਂ ਉੱਠ ਕੇ ਜਾ ਚੁੱਕੇ ਸਨ। ਮੈਂ ਚਾਰ-ਪੰਜ ਜਣਿਆਂ ਨੂੰ ਪ੍ਰਸ਼ਾਦ ਵੰਡ ਕੇ, ਆਪਣੇ ਘਰ ਚਲਾ ਗਿਆ ਪਰ ਮੈਂ ਸਾਰਾ ਦਿਨ ਅਤੇ ਸਾਰੀ ਰਾਤ ਸੋਚਦਾ ਰਿਹਾ।ਅਗਲੇ ਦਿਨ ਫਿਰ ਮੈਂ ਉਸੇ ਤਰ੍ਹਾਂ ਕੀਤਾ, ਪ੍ਰਸ਼ਾਦ ਵੰਡਣ ਵੇਲੇ ਫਿਰ ਸੰਗਤ ਉੱਠ ਕੇ ਚਲੇ ਗਈ, ਸਿਰਫ ਚੰਦ ਕੁ ਲੋਕ ਹੀ ਬੈਠੇ ਰਹੇ। ਜਦੋਂ ਤੀਜੇ ਦਿਨ ਵੀ ਮੈਂ ਪ੍ਰਸ਼ਾਦ ਵੰਡਣ ਲਈ ਉਠਿਆ, ਤਾਂ ਭਾਈ ਜੀ ਕਹਿਣ ਲੱਗੇ, "ਭੋਲਾ ਸਿੰਘ, ਤੂੰ ਰਹਿਣ ਦੇ, ਪ੍ਰਸ਼ਾਦ ਮੈਂ ਵੰਡਾਂਗਾ।" ਮੈਂ ਪਿੱਛੇ ਹਟ ਕੇ ਬੈਠ ਗਿਆ। ਅੱਜ ਸਾਰੀ ਸੰਗਤ ਬੈਠੀ ਰਹੀ ਅਤੇ ਪ੍ਰਸ਼ਾਦ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਬ ਅੱਗੇ ਨਤਮਸਤਕ ਹੋ ਕੇ, ਸਾਰੇ ਆਪਣੇ ਆਪਣੇ ਘਰ ਗਏ। ਇਸ ਘਟਨਾ ਨੇ ਮੈਨੂੰ ਹਲੂਣ ਦਿੱਤਾ ਸਰ ਜੀ, ਮੈਂ ਨਿਰਾਸ਼ ਹੋ ਗਿਆ ਹਾਂ ਸਰ ਜੀ, ਮੈਨੂੰ ਸਮਝ ਨਹੀਂ ਆਉਂਦੀ ਮੈਂ ਕੀ ਕਰਾਂ?"

ਭੋਲਾ ਸਿੰਘ ਦੀ ਕਹਾਣੀ ਸੁਣ ਕੇ ਤਾਂ ਮੈਂ ਵੀ ਪੱਥਰ ਹੋ ਗਿਆ ਸੀ, ਮੇਰੇ ਬੁੱਲ੍ਹ ਜੁੜ ਗਏ ਸਨ। ਮੈਂ ਭੋਲਾ ਸਿੰਘ ਨੂੰ ਕੀ ਜਵਾਬ ਦਿੰਦਾ, ਮੈਂ ਲਾ ਜਵਾਬ ਹੋ ਗਿਆ ਸਾਂ। ਫਿਰ ਵੀ ਮੈਂ ਭੋਲਾ ਸਿੰਘ ਨੂੰ ਕਿਹਾ, "ਭੋਲਾ ਸਿੰਘ, ਨਿਰਾਸ਼ ਹੋਣ ਦੀ ਲੋੜ ਨਹੀਂ, ਪਿੰਡਾਂ, ਸ਼ਹਿਰਾਂ ਤੇ ਇਥੋਂ ਤੱਕ ਕਿ ਬਦੇਸ਼ਾਂ ਵਿਚ ਵੀ ਵੱਖ ਵੱਖ ਗੁਰਦੁਆਰੇ ਏਸੇ ਲਈ ਬਣੇ ਹਨ, ਧਰਮ ਨਾਲੋਂ ਅਣਖ਼ ਜ਼ਰੂਰੀ ਹੈ, ਡਾ. ਅੰਬੇਡਕਰ ਵੀ ਏਸੇ ਲਈ ਸਿੱਖ ਨਹੀਂ ਸੀ ਬਣੇ।" ਮੈਂ ਭੋਲਾ ਸਿੰਘ ਨੂੰ ਮੁਸਕ੍ਰਾ ਕੇ ਕਿਹਾ। ਜਦੋਂ ਅਸੀਂ ਉੱਠੇ, ਭੋਲਾ ਸਿੰਘ ਵੀ ਮੁਸਕ੍ਰਾ ਰਿਹਾ ਸੀ।

( **ਸੰਪਰਕ: 98550-84588** )



## ਕਹਾਣੀ/ ਦਲਦਲ / -ਵਿਪਨ ਕੁਮਾਰ

"ਛੁੱਟੀ ਮਨਜ਼ੂਰ ਹੋਗੀ" ਆਖ ਉਹ ਆਪ ਤਾਂ ਕਮਰੇ 'ਚੋਂ ਬਾਹਰ ਨਿਕਲ ਗਿਆ ਪਰ ਮੈਨੂੰ ਸੋਚਾਂ ਦੀਆਂ ਘੁੰਮਣ-ਘੇਰੀਆਂ ਦੇ ਹਨੇਰੇ ਕਮਰੇ ਅੰਦਰ ਵਾੜ ਗਿਆ। ਆਉਣ ਵਾਲਾ ਹੋਰ ਕੋਈ ਨਹੀਂ, ਮੇਰਾ ਪਤੀ ਹੈ, ਘਰਵਾਲਾ, ਮੇਰਾ ਪਰਮੇਸ਼ਵਰ। ਮੈਨੂੰ ਸਮਝ ਨਹੀਂ ਆ ਰਹੀ ਕਿ ਮੈਂ ਖ਼ੁਸ਼ ਹੋਵਾਂ ਜਾਂ ਉਦਾਸ। ਆਖ਼ਰ ਇਹੀ ਤਾਂ ਮੈਂ ਚਾਹੁੰਦੀ ਸਾਂ। ਮੈਂ ਤਾਂ ਚਾਹੁੰਦੀ ਸੀ ਕਿ ਉਹ ਜਾਵੇ ਹੀ ਨਾ ਪਰ 'ਇੱਥੇ ਰਹਿ ਕੇ ਨਈਂ ਸੀ ਬਣਨਾ ਸਰਨਾ ਕੁਝ' ਇਸੇ ਲਈ ਮੇਰੇ ਲੱਖ ਮਨ੍ਹਾਂ ਕਰਨ ਦੇ ਬਾਵਜੂਦ ਵੀ ਉਹ ਚਲਾ ਗਿਆ ਸੀ। ਹੁਣ ਉਹ ਆ ਰਿਹਾ ਹੈ ਪਰ ਮੈਂ ਖ਼ੁਸ਼ ਨਹੀਂ ਹਾਂ। ਇਹਨਾਂ ਤਿੰਨਾਂ ਸ਼ਬਦਾਂ ਨੇ ਮੈਨੂੰ ਧੁਰ-ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਹੈ। ਮੈਨੂੰ ਆਪਣੇ ਆਪ ਤੋਂ ਨਫ਼ਰਤ ਹੋ ਰਹੀ ਹੈ। ਦੋਸ਼ੀ ਹੋਣ ਦਾ ਅਹਿਸਾਸ ਮੇਰੇ ਚਾਰੇ ਪਾਸੇ ਮੰਡਰਾ ਰਿਹਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਠੀਕ ਕੀਤਾ ਕਿ ਗ਼ਲਤ। ਥੋੜ੍ਹੀ ਦੇਰ ਪਹਿਲਾਂ ਜਿਸ ਚਿਹਰੇ 'ਤੇ ਖ਼ੁਸ਼ੀ ਸੀ, ਚਾਅ ਸੀ, ਹੁਣ ਉਸ 'ਤੇ ਉਦਾਸੀ ਛਾ ਗਈ ਹੈ। ਮੈਂ ਉੱਠਦੀ ਹਾਂ, ਆਪਣੇ ਕਮਰੇ ਵਿਚ ਜਾਂਦੀ ਹਾਂ। ਅਚਾਨਕ ਮੇਰਾ ਧਿਆਨ ਰਾਹੁਲ ਵੱਲ ਜਾਂਦਾ ਹੈ, ਉਹ ਘੂਕ ਸੁੱਤਾ ਪਿਆ ਹੈ। ਉਸ ਦੇ ਨੈਣ-ਨਕਸ਼ ਨਿਰੇ-ਪੁਰੇ ਆਪਣੇ ਬਾਪ 'ਤੇ ਗਏ ਹਨ, ਮੈਨੂੰ ਉਸਦੇ ਬੋਲ ਸੁਣਾਈ ਦਿੰਦੇ ਹਨ, ਜੋ ਉਸ ਨੇ ਰਾਹੁਲ ਦਾ ਨਾਮ ਰੱਖਣ ਤੋਂ ਬਾਅਦ ਕਹੇ ਸਨ, "ਤੈਨੂੰ ਪਤਾ, ਰਾਹੁਲ ਦਾ ਮਤਲਭ ਕੀ ਹੁੰਦਾ? ਰਾਹੁਲ ਦਾ ਮਤਲਭ ਹੁੰਦਾ 'ਬੰਧਨ'। ਮੈਂ ਇਹਦਾ ਨਾਮ ਰਾਹੁਲ ਇਸੇ ਲਈ ਰੱਖ ਰਿਹਾ ਕਿ ਜਦੋਂ ਮੈਂ ਕਿਤੇ ਜਾਵਾਂ ਪਿੱਛੋਂ ਇਹ ਤੈਨੂੰ ਆਪਣੇ ਪਵਿੱਤਰ ਬੰਧਨ ਦੀ ਯਾਦ ਦਿਵਾਉਂਦਾ ਰਹੇ।" ਹੁਣ ਸਮਝ ਲੱਗੀ ਕਿਉਂ ਕਿਹਾ ਸੀ ਉਹਨੇ ਇਸ ਤਰ੍ਹਾਂ। ਸੋਚਦੀ ਮੈਂ ਅਲਮਾਰੀ ਖੋਲ੍ਹਦੀ ਹਾਂ, ਆਪਣੀ ਸੱਸ ਦੀ ਤਸਵੀਰ ਕੱਢਦੀ ਹਾਂ ਤੇ ਵਾਪਸ ਉਸੇ ਕਮਰੇ ਵਿਚ ਆਣ, ਉਹਨੂੰ ਉੱਥੇ ਹੀ ਟੰਗ ਦਿੰਦੀ ਹਾਂ, ਜਿੱਥੋਂ ਪਹਿਲਾਂ ਲਾਹੀ ਸੀ। ਮੈਨੂੰ ਆਵਾਜ਼ਾਂ ਸੁਣਾਈ ਦਿੰਦੀਆਂ ਹਨ—

"ਕੰਬਦਾ ਕਿਉਂ ਪਿਆ, ਡਰ ਲੱਗਦਾ ?"

"ਇਧਰ ਆ ਬੈੱਡ 'ਤੇ।"

"ਸ਼ਰਮਾ ਕਿਉਂ ਰਿਹਾ ?"

"ਪਹਿਲਾਂ ਉਹ ਫੋਟੋ ਲਾਹ ਦੇ।"

ਮੈਨੂੰ ਸਾਰਾ ਕਮਰਾ ਵੱਢ-ਖਾਣ ਨੂੰ ਪੈ ਰਿਹਾ ਹੈ। ਮੇਰਾ ਇਸ ਕਮਰੇ ਵਿਚ ਸਾਹ ਘੁੱਟਣ ਲੱਗਦਾ ਹੈ। ਮੈਂ ਇੱਥੋਂ ਭੱਜ ਜਾਣਾ ਚਾਹੁੰਦੀ ਹਾਂ। ਮੈਂ ਡਰਦੀ ਹਾਂ, ਜਦੋਂ ਉਹ ਵਾਪਸ ਆਵੇ, ਕਿਤੇ ਇਹੀ ਆਵਾਜ਼ਾਂ ਉਹਨੂੰ ਸੁਣ ਨਾ ਜਾਣ। ਕਿਤੇ ਬੈੱਡ ਦੀ ਚਾਦਰ 'ਚੋਂ ਉਹਨੂੰ ਮੇਰੇ ਤੇ ਉਹਦੇ ਸਾਹਾਂ ਦਾ ਅਹਿਸਾਸ ਨਾ ਹੋ ਜਾਏ। ਮੈਂ ਚਾਦਰ ਇਕੱਠੀ ਕਰਦੀ ਹਾਂ, ਸਿਰਹਾਣਿਆਂ ਦੇ ਛਾੜ ਲਾਹ ਦਿੰਦੀ ਹਾਂ ਤੇ ਖੁਰੇ 'ਚ ਲਿਜਾ ਕੇ ਬਾਲਟੀ 'ਚ ਸਰਫ਼ ਪਾ ਭਿਉਂ ਦਿੰਦੀ ਹਾਂ। ਫੇਰ ਵਾਪਸ ਉਸੇ ਕਮਰੇ ਵਿਚ ਆ ਜਾਂਦੀ ਹਾਂ। ਮੈਂ ਡਰਦੀ ਹਾਂ ਕਿਤੇ ਉਹਨੂੰ ਮੇਰੇ ਤੇ ਉਹਦੇ ਕਦਮਾਂ ਦੇ ਨਿਸ਼ਾਨ ਫ਼ਰਸ਼ 'ਤੇ ਨਜ਼ਰ ਨਾ ਆ ਜਾਣ। ਦੂਜੀ ਬਾਲਟੀ 'ਚ ਫਰਨੈਲ ਪਾ ਕੇ ਮੈਂ ਸਾਰੇ ਕਮਰੇ 'ਚ ਪੋਚਾ ਮਾਰਦੀ ਹਾਂ। ਪੋਚਾ ਮਾਰਦੀ ਨੂੰ ਉਹਦਾ ਖ਼ਿਆਲ ਆਉਂਦਾ ਹੈ। ਮੈਂ ਜਾਣਦੀ ਹਾਂ, ਉਹ ਕਿੱਥੇ ਗਿਆ ਹੈ ਪਰ ਮੈਂ ਉਹਦੇ ਪਿੱਛੇ ਨਹੀਂ ਜਾਂਦੀ।

ਆਪਣੀ ਸੱਸ ਦੇ ਕਮਰੇ ਨੂੰ ਕੁੰਡਾ ਮਾਰ ਮੈਂ ਆਪਣੇ ਕਮਰੇ ਵਿਚ ਆ ਜਾਂਦੀ ਹਾਂ। ਰਾਹੁਲ ਅਜੇ ਵੀ ਘੂਕ ਸੁੱਤਾ ਪਿਆ ਹੈ। ਮੈਂ ਇਕ ਵਾਰ ਫੇਰ ਉਸਦੇ ਚਿਹਰੇ ਵੱਲ ਦੇਖਦੀ ਹਾਂ। ਕਿੰਨਾ ਭੋਲਾ, ਮਾਸੂਮ, ਗੋਭਲਾ

ਜਿਹਾ ਤੇ ਨਿਰਛਲ ਹੈ ਉਹ ਤੇ ਕਿੰਨੀ ਛਲਾਵੇਬਾਜ਼ ਹਾਂ ਮੈਂ। ਉਹ ਜਦ ਵੀ ਮੈਨੂੰ ਫੋਨ ਕਰਦਾ ਮੈਂ ਉਸ ਨਾਲ ਇਸ ਤਰ੍ਹਾਂ ਗੱਲ ਕਰਦੀ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ ਪਰ ਹੁਣ ਮੈਨੂੰ ਆਤਮ-ਗਿਲਾਨੀ ਦੇ ਅਹਿਸਾਸ ਨੇ ਜਕੜ ਲਿਆ ਹੈ। ਬੀਤ ਚੁੱਕੀ ਜ਼ਿੰਦਗੀ ਦਾ ਇਕ-ਇਕ ਪਰ ਧੁੰਦਲਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਦਾ ਹੈ। ਮੈਂ ਸੋਚਣਾ ਨਹੀਂ ਚਾਹੁੰਦੀ, ਦੇਖਣਾ ਨਹੀਂ ਚਾਹੁੰਦੀ ਬੱਸ ਸੌਣਾ ਚਾਹੁੰਦੀ ਹਾਂ ਪਰ ਨੀਂਦ ਨਹੀਂ ਆ ਰਹੀ। ਦਿਲ ਕਰਦਾ ਹੈ ਕਿ ਸਵੇਰ ਦਾ ਸੂਰਜ ਚੜ੍ਹੇ ਤੇ ਮੈਂ ਜਦ ਅੱਖਾਂ ਖੋਲ੍ਹਾਂ, ਉਹ ਮੇਰੇ ਸਾਹਮਣੇ ਹੋਵੇ ਪਰ ਅਜੇ ਤਾਂ ਛੁੱਟੀ— । ਮੈਂ ਆਪਣੀਆਂ ਅੱਖਾਂ ਅੱਗੇ ਬਾਂਹ ਰੱਖ ਲੈਂਦੀ ਹਾਂ। ਦ੍ਰਿਸ਼ ਸਾਫ਼ ਹੋਣ ਲੱਗਦੇ ਹਨ। ਚਿਹਰੇ ਉਭਰਦੇ ਹਨ।

ਜਦੋਂ ਮੈਂ ਵਿਆਹੀ ਆਈ, ਮੇਰੀ ਸੱਸ, ਜੋ ਦਮੇ ਦੀ ਮਰੀਜ਼ ਸੀ, ਨੇ ਸੁਭਾਗ ਜੋੜੀ ਉੱਤੋਂ ਪਾਣੀ ਵਾਰਿਆ। ਸਭ ਸ਼ਗਨ ਵਿਹਾਰ ਕੀਤੇ। ਮੈਂ ਚੌਂਕੇ ਚੜ੍ਹੀ। ਗੋਤ ਰਲੇ। ਮੈਂ ਇਸ ਘਰ  ਦੀ ਮੈਂਬਰ ਬਣ ਗਈ ਸਾਂ। ਮੇਰੀ ਸੱਸ ਤੇ ਨਨਾਣ ਬਹੁਤ ਖ਼ੁਸ਼ ਸਨ। ਨਨਾਣ ਵਿਆਹ ਤੋਂ ਇਕ ਹਫ਼ਤੇ ਬਾਅਦ ਗਈ ਸੀ। ਉਹਦਾ ਮੁੰਡਾ ਮੈਨੂੰ 'ਮਾਮੀ', 'ਮਾਮੀ' ਕਹਿ ਕੇ ਮੇਰੇ ਅੱਗੇ ਪਿੱਛੇ ਘੁੰਮਦਾ ਸੀ। ਮੇਰੀ ਸੱਸ ਉਹਨੂੰ ਕਹਿੰਦੀ,

"ਦੀਪ, ਜਸਬੀਰ ਤੇਰੀ ਵੀ ਵਹੁਟੀ ਆ।"

"ਐਂਵੀਂ, ਮਾਮੀ ਆ।" ਉਹ ਕਹਿੰਦਾ।

"ਬੀਬੀ ਤੂੰ ਤਾਂ ਕੁਛ ਵੀ ਬੋਲਦੀ ਰਹਿੰਦੀ ਆਂ।" ਮੇਰੀ ਨਨਾਣ ਟੋਕਦੀ।

"ਕੁਛ ਵੀ ਕਿਉਂ। ਜਦ ਸਾਲੀ ਅੱਧੀ ਘਰਵਾਲੀ ਹੋ ਸਕਦੀ ਆ ਤਾਂ ਸਰਬਾਲਾ ਅੱਧਾ ਘਰਵਾਲਾ ਕਿਉਂ ਨਈਂ ਹੋ ਸਕਦਾ।"

ਗੱਲ ਸੁਣ ਕੇ ਸਾਰੇ ਹੱਸ ਪੈਂਦੇ। ਮੈਂ ਸ਼ਰਮਾ ਜਾਂਦੀ। ਪੰਦਰਾਂ ਕੁ ਸਾਲ ਦਾ ਸੀ ਹਰਦੀਪ। ਸਾਰੇ ਉਹਨੂੰ ਦੀਪ ਹੀ ਕਹਿੰਦੇ ਸਨ। ਨਨਾਣ ਦੇ ਜਾਣ ਤੋਂ ਬਾਅਦ ਘਰ ਵਿਚ ਅਸੀਂ ਤਿੰਨ ਜੀਅ ਰਹਿ ਗਏ। ਜ਼ਿੰਦਗੀ ਗੁਲਜ਼ਾਰ ਬਣੀ ਹੋਈ ਸੀ ਮੇਰੀ। ਰਾਤ ਤਾਂ ਰਾਤ ਮੇਰਾ ਤਾਂ ਦਿਨ ਵੀ 'ਸੁਹਾਗਰਾਤ' ਵਾਂਗ ਗੁਜ਼ਰਦਾ ਸੀ। ਦਿਨ ਹਫ਼ਤੇ ਬਣੇ, ਹਫ਼ਤਾ ਸਾਲ ਤੇ ਸਾਲ ਦੇ ਹੁੰਦਿਆਂ-ਹੁੰਦਿਆਂ ਰਾਹੁਲ ਆ ਗਿਆ। ਘਰ 'ਚ ਖ਼ੁਸ਼ੀ ਦਾ ਮਾਹੌਲ ਦੁੱਗਣਾ ਹੋ ਗਿਆ।—ਪਰ ਇਹ ਖ਼ੁਸ਼ੀ ਦਾ ਮਾਹੌਲ ਮੇਰੇ ਲਈ ਜ਼ਿਆਦਾ ਦੇਰ ਤੱਕ ਨਾ ਰਿਹਾ। ਰਾਹੁਲ ਦਾ ਨਾਮ ਰੱਖਣ ਵੇਲੇ ਉਹਨੇ ਦੱਸਿਆ ਤਾਂ ਸੀ ਪਰ ਮੈਨੂੰ ਸਮਝ ਨਹੀਂ ਸੀ ਆਈ। ਮਹੀਨੇ ਕੁ ਪਿੱਛੋਂ ਹੀ ਉਹਦਾ ਵੀਜ਼ਾ ਲੱਗ ਗਿਆ ਤੇ ਉਹ ਪ੍ਰਦੇਸ਼ ਜਾਣ ਦੀ ਤਿਆਰੀ ਕਰਨ ਲੱਗਾ। ਉਹ ਖ਼ੁਸ਼ ਸੀ, ਮੇਰੀ ਨਨਾਣ ਖ਼ੁਸ਼ ਸੀ। ਨਈਂ ਸੀ ਖ਼ੁਸ਼ ਤਾਂ ਉਹ ਮੇਰੀ ਸੱਸ ਸੀ, ਉਹ ਮੈਂ ਸੀ। ਸੱਸ ਏਸ ਕਰਕੇ 'ਉਹਦਾ ਪੁੱਤ ਜਾ ਰਿਹਾ ਸੀ' ਤੇ ਮੈਂ ਇਸ ਕਰਕੇ 'ਮੇਰਾ ਸਭ ਕੁਝ ਜਾ ਰਿਹਾ ਸੀ'। ਮੇਰੀ ਨਨਾਣ ਮੈਨੂੰ ਸਮਝਾਉਣ ਲੱਗੀ,

"ਭਾਬੀ, ਇੱਧਰ ਰਹਿ ਕੇ ਨਈਂ ਬਣਨਾ ਸਰਨਾ ਕੁਝ, ਸਫ਼ਰ ਲਾ ਆਣ ਦੇ, ਚਾਰ ਪੈਸੇ ਕਮਾ ਕੇ, ਇੱਧਰ ਹੀ ਆਪਣਾ ਕੋਈ ਕੰਮ ਖੋਲ੍ਹ ਲਉ। ਅੱਗੇ ਦੀ ਸੋਚ।"

ਪਰ ਮੈਂ ਅੱਗੇ ਦੀ ਹੀ ਸੋਚ ਰਹੀ ਸਾਂ, ਇਸੇ ਲਈ ਰੋ ਰਹੀ ਸਾਂ। ਮੇਰਾ ਦਿਲ ਨਾ ਓਦਰੇ, ਇਸ ਲਈ ਉਹ ਦੀਪ ਨੂੰ ਕੁਝ ਦਿਨਾਂ ਲਈ ਛੱਡ ਗਈ। ਆਖ਼ਰ ਉਹ ਚਲਾ ਗਿਆ। ਦੀਪ ਵੀ ਇਕ ਦਿਨ ਚਲਾ ਗਿਆ। ਦੀਪ ਦਿਨ ਵੇਲੇ ਤਾਂ ਮਾਮੀ, ਮਾਮੀ ਕਰਦਾ ਮੇਰੇ ਅੱਗੇ ਪਿੱਛੇ ਘੁੰਮਦਾ ਰਹਿੰਦਾ ਸੀ ਪਰ ਰਾਤ ਨੂੰ...  ਰਾਤ ਨੂੰ ਮੈਨੂੰ ਬਿਸਤਰਾ ਵੱਢ-ਖਾਣ ਨੂੰ ਪੈਂਦਾ। ਮੇਰੇ ਅੰਦਰ ਖੋਹ ਪੈਂਦੀ। ਮੇਰਾ ਮਨ ਸਾਰੇ ਕੱਪੜੇ ਲਾਹ ਦੇਣ ਨੂੰ ਕਰਦਾ। ਬੈੱਡ 'ਤੇ ਵਿਛਾਈ ਚਾਦਰ 'ਤੇ ਬਣੇ ਫੁੱਲ ਕੰਡੇ ਬਣ ਜਾਂਦੇ ਤੇ ਮੇਰੇ ਰੋਮ-ਰੋਮ ਵਿਚ ਖੁੱਭਦੇ। ਮੇਰੇ ਮਨ ਵਿਚ ਅੱਗ ਲੱਗ ਜਾਂਦੀ, ਤਨ ਸੜਨ ਲੱਗਦਾ। ਹਰ ਰਾਤ ਮੈਂ ਲੜਦੀ। ਇਹ ਲੜਾਈ ਜੰਗ ਦੇ ਮੈਦਾਨ ਵਿਚ ਨਹੀਂ ਬਲਕਿ ਮੇਰੀ 'ਮੇਰੇ ਆਪੇ' ਨਾਲ ਹੁੰਦੀ।



ਮੇਰੀ ਸੱਸ ਜ਼ਿਆਦਾ ਬਿਮਾਰ ਰਹਿਣ ਲੱਗੀ। ਇਕ ਵਾਰ ਉਹਨੂੰ ਹੁਥੂ ਛਿੜਦਾ, ਪੰਪ ਲੈਣ 'ਤੇ ਵੀ ਨਾ ਹੱਟਦਾ। ਇਸ ਲਈ ਉਹਨੂੰ ਹਰ ਦੂਜੇ ਚੌਥੇ ਦਿਨ ਹਸਪਤਾਲ ਲਿਜਾਣਾ ਪੈਂਦਾ। ਰਾਹੁਲ ਛੋਟਾ ਸੀ, ਇਸ ਲਈ ਮੇਰੀ ਸੱਸ ਨੇ ਦੀਪ ਨੂੰ ਫੇਰ ਆਪਣੇ ਕੋਲ ਬੁਲਾ ਲਿਆ। ਪੜ੍ਹਾਈ ਉਹ ਛੱਡ ਚੁੱਕਾ ਸੀ। ਦੱਸਵੀਂ ਪਾਸ ਨਈਂ ਸੀ ਹੋਈ ਉਸ ਤੋਂ। ਹੁਣ ਮੈਂ ਘਰ ਰਹਿੰਦੀ, ਦੀਪ ਉਹਨੂੰ, ਜਿੱਥੇ ਉਹ ਕਹਿੰਦੀ, ਲੈ ਜਾਂਦਾ। ਘਰ ਆ ਕੇ ਫੋਨ 'ਚ ਵੜਿਆ ਰਹਿੰਦਾ। ਪਤਾ ਨਈਂ ਕੀ-ਕੀ ਵੇਖਦਾ ਰਹਿੰਦਾ। ਪਹਿਲਾਂ ਮੈਂ, ਰਾਹੁਲ ਤੇ ਦੀਪ ਇਕੱਠੇ ਇਕੋ ਬੈੱਡ 'ਤੇ ਸੌਂਦੇ ਸਾਂ ਪਰ ਹੁਣ ਦੀਪ ਜਵਾਨ ਹੋ ਰਿਹਾ ਸੀ, ਇਸ ਲਈ ਮੇਰੀ ਸੱਸ ਨੇ ਉਹਨੂੰ ਵੱਖਰਾ ਕਮਰਾ ਦੇ ਦਿੱਤਾ। ਉਹ ਆਪਣੇ ਕਮਰੇ 'ਚ ਹੀ ਵੜਿਆ ਰਹਿੰਦਾ। ਬੱਸ 'ਵਾਜ਼ ਮਾਰਨ 'ਤੇ ਹੀ ਨਿਕਲਦਾ। ਦਿਨ ਬੀਤਦੇ ਗਏ ਤੇ ਇਕ ਦਿਨ— ਗਰਮੀਆਂ ਦੇ ਦਿਨ ਸਨ। ਲੋਆਂ ਵੱਗਦੀਆਂ ਤੇ ਹਰ ਪਾਸੇ ਚੁੱਪ-ਚਾਂ ਛਾਈ ਰਹਿੰਦੀ। ਮੇਰਾ ਕਿਸੇ ਕੰਮ ਵਿਚ ਮਨ ਨਾ ਲੱਗਦਾ। ਨਾ ਖਾਣ ਦੀ ਸੁਰਤ, ਨਾ ਪਹਿਨਣ ਦੀ। ਕਈ-ਕਈ ਦਿਨ ਉਹੀ ਮੈਲੇ ਕੱਪੜੇ ਪਾਈ ਰੱਖਦੀ। ਵਾਲ ਵਾਹੇ, ਨਾ ਵਾਹੇ, ਕੋਈ ਪਰਵਾਹ ਨਈਂ। ਬੱਸ ਜਿਵੇਂ ਦਿਨ ਕਟੀ ਕਰ ਰਹੀ ਹੋਵਾਂ। ਘਰ ਦਾ ਕੰਮ ਕਰਨਾ ਤੇ ਰਾਹੁਲ ਤੇ ਆਪਣੀ ਸੱਸ ਦਾ ਅੱਗਾ-ਤੱਗਾ ਕਰਨਾ, ਬੱਸ ਇਹਦੀ ਖ਼ਬਰ ਸੀ ਮੈਨੂੰ।—ਤੇ ਉਸ ਦਿਨ ਵੀ ਭਾਵਨਾਵਾਂ ਦੀ ਮਧੋਲੀ ਮੈਂ ਰਸੋਈ 'ਚ ਚਾਹ ਬਣਾ ਰਹੀ ਸਾਂ। ਮੇਰੀ ਸੱਸ ਬਾਹਰ ਵਿਹੜੇ ਵਿਚ ਬੈਠੀ ਸੀ। ਦੀਪ ਨਹਾਉਣ ਲੱਗਾ ਸੀ। ਉਹ ਉਹਨੂੰ ਅੰਦਰਲੇ ਖੁਰੇ ਵਿਚ ਜਾ ਕੇ ਨਹਾਉਣ ਦੀ ਤਾਗੀਦ ਕਰ ਰਹੀ ਸੀ ਪਰ ਉਹ ਨਾ ਮੰਨਿਆ। ਮੈਂ ਰਸੋਈ ਵਿਚੋਂ ਸਭ ਦੇਖ ਰਹੀ ਸਾਂ। ਉਹ ਉਹਨੂੰ ਗਾਲ੍ਹਾਂ ਕੱਢਣ ਲੱਗੀ। ਉਹ ਹੱਸ ਰਿਹਾ ਸੀ। ਪਾਣੀ ਦੀ ਬਾਲਟੀ ਭਰੀ, ਦੀਪ ਨੇ ਕੱਪੜੇ ਲਾਹੇ ਤੇ ਠੰਡਾ ਪਾਣੀ ਆਪਣੇ ਪਿੰਡੇ 'ਤੇ ਪਾਇਆ। ਨਾਨੀ ਦੋਹਤੇ ਨੂੰ ਦੇਖ ਕੇ ਖ਼ੁਸ਼ ਹੋ ਰਹੀ ਸੀ। ਮੈਂ ਉਸ ਦਿਨ ਦੀਪ ਨੂੰ ਅੱਧ-ਨੰਗਾ ਵੇਖਿਆ। ਉਹਨੂੰ ਵੇਖ ਕੇ ਭੁੱਖ ਲਹਿੰਦੀ ਸੀ। ਗੁੰਦਵਾਂ ਸਰੀਰ, ਚੌੜੀ ਛਾਤੀ, ਲੁਭਾਵਣਾ ਕਾਲਾ ਰੰਗ। ਮੇਰੇ ਧੁਰ-ਅੰਦਰੋਂ ਇਕ ਚੀਸ ਉੱਠੀ। ਉਹ ਠੰਡਾ ਪਾਣੀ ਆਪਣੇ ਪਿੰਡੇ 'ਤੇ ਪਾ ਰਿਹਾ ਸੀ ਪਰ 'ਸੇਕ' ਮੇਰੇ ਪਿੰਡੇ 'ਚੋਂ ਨਿਕਲ ਰਿਹਾ ਸੀ। ਮੈਂ ਪਹਿਲੀ ਵਾਰ ਦੀਪ ਨੂੰ ਪੂਰੀਆਂ ਅੱਖਾਂ ਫੈਲਾ ਕੇ ਵੇਖਿਆ।

ਦੀਪ ਦਿਨਾਂ ਵਿਚ ਹੀ ਜਵਾਨ ਹੋ ਗਿਆ। ਉਹ ਪੰਦਰਾਂ-ਸੋਲ੍ਹਾਂ 'ਚ ਹੀ ਵੀਹ-ਬਾਈ ਦਾ ਲੱਗ ਰਿਹਾ ਸੀ ਪਰ ਮੇਰੀ ਸਿਹਤ ਨਿਘਰਦੀ ਜਾ ਰਹੀ ਸੀ। ਕੋਈ ਝੋਰਾ ਮੈਨੂੰ ਅੰਦਰ ਹੀ ਅੰਦਰ ਖਾਈ ਜਾ ਰਿਹਾ ਸੀ। ਰਾਹੁਲ ਵੀ ਰਿੜ੍ਹਨ ਲੱਗ ਪਿਆ ਸੀ। ਸਭ ਅੱਗੇ ਵੱਧ ਰਹੇ ਸਨ ਪਰ ਮੇਰੀ ਜ਼ਿੰਦਗੀ ਵਿਚ ਠਹਿਰਾਓ ਸੀ, ਖੜੋਤ ਸੀ। ਆਖ਼ਰ ਮੇਰੀ ਸੱਸ ਵੀ ਅੱਗੇ ਵੱਧ ਗਈ। ਇਕ ਦਿਨ ਉਹਨੂੰ ਦਮੇ ਦਾ ਅਜਿਹਾ ਦੌਰਾ ਪਿਆ ਕਿ ਉਸਦੇ ਸਾਹ ਲੈ ਕੇ ਹੀ ਹਟਿਆ। ਵਿਹੜੇ 'ਚ ਤੁਰਦੀ-ਫਿਰਦੀ ਮੇਰੀ ਸੱਸ ਤਸਵੀਰ ਬਣ ਕੇ ਆਪਣੇ ਕਮਰੇ 'ਚ ਟੰਗੀ ਗਈ। ਉਹਨੇ ਸਿਰਫ਼ ਫੋਨ 'ਤੇ ਹੀ ਹੰਝੂ ਕੇਰੇ ਸਨ। ਮੈਨੂੰ ਤੇ ਰਾਹੁਲ ਨੂੰ ਇਕੱਲਾ ਜਾਣ ਉਹਨੇ ਦੀਪ ਨੂੰ ਵਾਪਸ ਨਾ ਜਾਣ ਲਈ ਕਿਹਾ ਤੇ ਉਹ ਮੰਨ ਗਿਆ ਸੀ। ਰੋਜ਼ ਰਾਤ ਨੂੰ ਹੁਣ ਦੀਪ ਮੇਰੀਆਂ ਅੱਖਾਂ ਮੂਹਰੇ ਨਹਾਉਂਦਾ। ਮੈਂ ਉਹਨੂੰ ਪਿੱਛੋਂ ਘੁੱਟ ਕੇ ਫੜ ਲੈਂਦੀ। ਫੇਰ ਅਸੀਂ ਬੈੱਡ 'ਤੇ ਹੁੰਦੇ। ਮੇਰੀ ਜਾਗ ਖੁੱਲ੍ਹ ਜਾਂਦੀ। ਠੰਡੀਆਂ ਤ੍ਰੇਲੀਆਂ ਨਾਲ ਮੇਰਾ ਮੱਥਾ ਭਿੱਜ ਜਾਂਦਾ। ਮੈਂ ਆਪਣੇ ਆਪ ਨੂੰ ਕੋਸਦੀ। ਇਕ ਦਿਨ ਅੱਧੀ ਰਾਤ ਨੂੰ ਉੱਠ ਮੈਂ ਦੀਪ ਦੇ ਕਮਰੇ 'ਚ ਗਈ। ਦੀਪ ਗੂੜ੍ਹੀ ਨੀਂਦ ਵਿਚ ਸੀ। ਉਹਨੂੰ ਆਦਤ ਸੀ ਧੜੋਂ ਨੰਗਾ ਸੌਣ ਦੀ। ਮੈਂ ਉਸਦੇ ਨੇੜੇ ਜਾ ਕੇ ਖਲੋ ਗਈ। ਉਹਨੂੰ ਨਿਹਾਰਦੀ ਰਹੀ। ਜੀਅ 'ਚ ਆਇਆ, ਨਾਲ ਪੈ ਜਾਵਾਂ ਪਰ 'ਮਰਿਆਦਾਵਾਂ ਦੇ ਬੰਧਨ' ਨੇ ਮੈਨੂੰ ਰੋਕ ਲਿਆ। ਮੈਂ ਹੋਰ ਤੜਫ਼ਦੀ। ਕਲਪਦੀ। ਆਪਣੇ ਸਰੀਰ ਨੂੰ ਕੋਹਦੀ। ਖਰੂਟ ਵੱਢਦੀ ਪਰ ਮਨ ਅੰਦਰ ਉੱਠਦੇ ਉਬਾਲ ਸ਼ਾਂਤ ਨਾ ਹੁੰਦੇ। ਮੇਰੇ ਤਨ 'ਤੇ ਸੱਪ ਮੇਲਦੇ। ਤੇ ਉਸ ਦਿਨ—

ਉਹ ਦਿਨ ਵੀ ਬਾਕੀ ਦਿਨਾਂ ਵਰਗਾ ਦਿਨ ਸੀ। ਮੈਂ ਦੀਪ ਨੂੰ ਪੁੱਛਿਆ,

"ਵੇ ਦੀਪ, ਸਾਰਾ ਦਿਨ ਫੋਨ 'ਚ ਈ ਵੜਿਆ ਰਹਿੰਨਾ, ਕਿਹੜੀ ਮਾਂ ਨਾਲ ਲੱਗਾ ਰਹਿੰਨਾ ਸਾਰੀ ਦਿਹਾੜੀ ?"

"ਕੋਈ ਨਈਂ ਮਾਮੀ।" ਉਹ ਮੇਰੇ ਵੱਲ ਹੈਰਾਨ ਹੋ ਕੇ ਦੇਖਣ ਲੱਗਾ। ਉਹ ਡਰ ਗਿਆ ਸੀ ਜਿਵੇਂ ਮੈਂ ਉਹਦੀ ਚੋਰੀ ਫੜ ਲਈ ਹੋਵੇ।

"ਕਾਕਾ, ਜੇ ਕੋਈ ਹੈਗੀ ਆ ਤਾਂ ਦੱਸ ਦੇ, ਮੈਂ ਗੱਲ ਕਰ ਲਊ ਤੇਰੀ ਮੰਮੀ ਨਾਲ।"

ਹੁਣ ਉਹ ਸਹਿਜ ਹੋ ਗਿਆ। ਮੱਥੇ ਦੀਆਂ ਤਿਉੜੀਆਂ ਘੱਟ ਗਈਆਂ। ਉਹ ਬੋਲਿਆ,

"ਸੱਚੀ।"

"ਹਾਂ।"

"ਚੱਲੋ, ਫੇਰ ਮੈਂ ਦਿਖਾਉਂਦਾ।" ਉਹ ਫੋਨ 'ਚ ਮੈਨੂੰ ਉਹਦੀ ਫੋਟੋ ਦਿਖਾਉਣ ਲੱਗਾ। ਉਹ ਸੋਹਣੀ ਸੀ। ਸਕੂਲ ਦੀ ਵਰਦੀ 'ਚ ਸੀ।

"ਵੇ ਕੁਝ ਕੀਤਾ ਕਰਾਇਆ ਵੀ ਕਿ ਬੱਸ... ?" ਪਤਾ ਨਈਂ ਇਹ ਸਵਾਲ ਮੈਥੋਂ ਕਿੱਦਾਂ ਪੁੱਛਿਆ ਗਿਆ। ਅਚੇਤ ਹੀ।

ਇਹ ਸੁਣ ਕੇ ਦੀਪ ਪਹਿਲਾਂ ਨਾਲੋਂ ਵੀ ਵੱਧ ਹੈਰਾਨ ਹੋ ਗਿਆ। ਉਹ ਮੇਰੇ ਵੱਲ ਗ਼ੌਰ ਨਾਲ ਵੇਖਣ ਲੱਗਾ। ਸ਼ਾਇਦ ਉਹਨੂੰ ਮੇਰੇ ਤੋਂ ਇਹੋ ਜਿਹੇ ਸਵਾਲ ਦੀ ਉਮੀਦ ਨਹੀਂ ਸੀ। ਮੈਂ ਅੱਖਾਂ ਨੀਵੀਆਂ ਕਰ ਲਈਆਂ।

"ਦੀਪ, ਤੈਨੂੰ ਬੀਬੀ ਦੀ ਉਹ ਗੱਲ ਯਾਦ ਆ।" ਮੈਂ ਗੰਭੀਰ ਹੁੰਦਿਆਂ ਪੁੱਛਿਆ।

"ਕਿਹੜੀ?"

"ਸਰਬਾਲਾ ਅੱਧਾ ਘਰਵਾਲਾ, ਵਾਲੀ।"

"ਹਾਂ।" ਉਹਨੇ ਮੁਸਕਰਾਉਂਦਿਆਂ ਜਵਾਬ ਦਿੱਤਾ।

ਫੇਰ ਪਤਾ ਨਈਂ ਮੈਨੂੰ ਕੀ ਸੁੱਝੀ ਮੈਂ ਦੀਪ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਉਹਨੂੰ ਬੁੱਲ੍ਹਾਂ ਤੋਂ ਚੁੰਮ ਲਿਆ। ਦੀਪ ਬੌਂਦਲ ਜਿਹਾ ਗਿਆ। ਉਹ ਸੁੰਨ ਹੋ ਗਿਆ। ਮੈਂ ਉਹਨੂੰ ਉਹਦੀ ਬਾਂਹ ਫੜ ਕੇ ਆਪਣੀ ਸੱਸ ਦੇ ਕਮਰੇ 'ਚ ਲੈ ਗਈ। ਜਾਂਦਿਆਂ ਚੋਰ ਅੱਖੀ ਮੈਂ ਰਾਹੁਲ ਵੱਲ ਧਿਆਨ ਮਾਰਿਆ। ਉਹ ਖੇਡ ਰਿਹਾ ਸੀ। ਮੈਨੂੰ ਉਹਦੇ ਬੋਲ ਸੁਣਾਈ ਦਿੱਤੇ,... ਰਾਹੁਲ... ਬੰਧਨ... ਬੰਧਨ... ਰਾਹੁਲ... ਪਰ ਉਹ ਸਭ ਮੇਰੇ ਧੁਰ-ਅੰਦਰੋਂ ਉੱਠੀਆਂ ਕਾਮਨਾਵਾਂ ਦੇ ਉਛਾਲ ਵਿਚ ਕਿਧਰੇ ਗੁੰਮ ਹੋ ਗਏ। ਕਮਰੇ 'ਚ ਜਾ ਕੇ ਮੇਰੀ ਹਿੰਮਤ ਹੋਰ ਵੱਧ ਗਈ। ਮੈਂ ਦੀਪ ਨੂੰ ਪਹਿਲਾਂ ਘੁੱਟ ਕੇ ਗਲਵਕੜੀ ਪਾਈ ਤੇ ਫੇਰ ਉਹਦੇ ਕੱਪੜੇ ਲਾਹੁਣ ਲੱਗੀ। ਉਹਦਾ ਦਿਮਾਗ਼ ਸੁੰਨ ਸੀ ਤੇ ਸਰੀਰ ਕੰਬ ਰਿਹਾ ਸੀ,

"ਕੰਬਦਾ ਕਿਉਂ ਪਿਆ, ਡਰ ਲੱਗਦਾ ?"

"ਇਧਰ ਆ ਬੈੱਡ 'ਤੇ।"

"ਸ਼ਰਮਾ ਕਿਉਂ ਰਿਹਾ ?"

ਮੈਂ ਹੀ ਬੋਲੀ ਜਾ ਰਹੀ ਸਾਂ। ਦੀਪ ਚੁੱਪ ਸੀ। ਕੁਝ ਦੇਰ ਬਾਅਦ ਉਹਨੇ ਅੱਖਾਂ ਬੰਦ ਕੀਤੀਆਂ ਤੇ ਬੋਲਿਆ,

"ਪਹਿਲਾਂ ਉਹ ਫੋਟੋ ਲਾਹ ਦੇ।"

ਮੈਂ ਆਪਣੀ ਸੱਸ ਦੀ ਫੋਟੋ ਲਾਹ ਕੇ ਅਲਮਾਰੀ 'ਚ ਰੱਖ ਆਈ। ਰਾਹੁਲ ਅਜੇ ਵੀ ਖੇਡ ਰਿਹਾ ਸੀ। ਜਦੋਂ



ਮੈਂ ਆਪਣੀ ਸੱਸ ਦੇ ਕਮਰੇ 'ਚੋਂ ਬਾਹਰ ਨਿਕਲੀ, ਮੈਂ ਬਹੁਤ ਖ਼ੁਸ਼ ਸੀ, ਜਿਵੇਂ ਮਣਾਂ-ਮੂੰਹ ਭਾਰ ਲੱਥ ਗਿਆ ਹੋਵੇ।

ਰਾਹੁਲ ਰੋ ਪੈਂਦਾ ਹੈ। ਮੈਂ ਅੱਭੜਵਾਹੇ ਉੱਠਦੀ ਹਾਂ। ਰਾਤ ਦੇ ਤਿੰਨ ਵੱਜ ਗਏ ਹਨ। ਮੇਰੇ ਖ਼ਿਆਲਾਂ ਦੀ ਲੜੀ ਟੁੱਟ ਜਾਂਦੀ ਹੈ। ਮੈਂ ਰਾਹੁਲ ਨੂੰ ਥਪਥਪਾਉਂਦੀ ਹਾਂ ਤੇ ਉਹ ਸੌਂ ਜਾਂਦਾ ਹੈ। ਮੈਂ ਉੱਠਦੀ ਹਾਂ ਤੇ ਦੀਪ ਦੇ ਕਮਰੇ ਵੱਲ ਵੱਧਦੀ ਹਾਂ। ਉਹ ਮੈਨੂੰ 'ਖ਼ਬਰ' ਦੇ ਕੇ ਆਪਣੇ ਕਮਰੇ 'ਚ ਆ ਗਿਆ ਸੀ। ਸਾਡਾ ਰਿਸ਼ਤਾ ਬਦਲ ਚੁੱਕਾ ਹੈ। ਮੈਨੂੰ ਆਪਣਾ ਆਪ ਕਿਸੇ ਬੋਝ ਹੇਠਾਂ ਦੱਬਿਆ ਮਹਿਸੂਸ ਹੋ ਰਿਹਾ ਹੈ। ਦੀਪ ਦੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਹੈ। ਮੈਂ ਅੰਦਰ ਜਾਂਦੀ ਹਾਂ।

"ਸੌਂ ਗਿਆ, ਦੀਪ।" ਮੈਂ ਪੁੱਛਦੀ ਹਾਂ।

"ਨਈਂ।" ਉਹ ਪਾਸਾ ਪਰਤਦਾ ਹੈ।

"ਕੀ ਸੋਚਦਾ ?"

"ਕੁਝ ਨਈਂ।"

"ਇਕ ਗੱਲ ਪੁੱਛਾਂ ?"

"ਹੂੰ।"

"ਤੂੰ ਆਪਣੇ ਬਾਰੇ ਕਿਸੇ ਨੂੰ ਦੱਸਿਆ ਤਾਂ ਨਈਂ ?"

"ਮੇਰਾ ਦਿਮਾਗ਼ ਖ਼ਰਾਬ ਆ... ਪਰ... ?"

"ਪਰ ਕੀ ?"

ਕੁਝ ਦੇਰ ਚੁੱਪ ਪਸਰੀ ਰਹੀ। ਅਸੀਂ ਦੋਵੇਂ ਇਕ ਦੂਜੇ ਦੇ ਮੂੰਹ ਵੱਲ ਵੇਖਦੇ ਹਾਂ। ਉਹਨੇ ਮੇਰੇ ਚਿਹਰੇ ਵੱਲ ਗ਼ੌਰ ਨਾਲ ਵੇਖਿਆ ਤੇ ਕਹਿਣ ਲੱਗਾ, "ਪਰ ਤੈਨੂੰ ਪਤਾ, ਗਲੀ ਦੇ ਮੁੰਡੇ ਮੈਨੂੰ ਮੇਰੀ ਪਿੱਠ ਪਿੱਛੇ ਕੀ ਕਹਿ ਕੇ ਬੁਲਾਉਂਦੇ ਆ ?"

"ਕੀ ?"

"... ।"

ਮੈਂ ਮੁਸਕਰਾ ਪੈਂਦੀ ਹਾਂ। "ਉਹ ਠੀਕ ਹੀ ਤਾਂ ਕਹਿੰਦੇ ਆ ।"

"ਤੂੰ ਵੀ ਹੁਣ—।"

ਫੇਰ ਮੈਂ ਗ਼ਮਗੀਨ ਹੋ ਜਾਂਦੀ ਹਾਂ। "ਦੀਪ, ਉਹ ਹੁਣ ਆਣ ਲੱਗਾ।"

"ਹੂੰ।"

"ਤੂੰ ਖ਼ੁਸ਼ ਆ ।"

"ਹਾਂ।"

"ਪਰ ਮੈਂ ਨਈਂ।"

"ਕਿਉਂ?"

"ਮੈਨੂੰ ਲੱਗਦਾ, ਮੈਂ ਬਹੁਤ ਵੱਡੀ ਗ਼ਲਤੀ ਕਰ ਲਈ।"

"ਕੀ ਮਤਲਭ ?"

"ਮਤਲਭ, ਮੈਨੂੰ ਇਹ ਸਭ ਨਈਂ ਸੀ ਕਰਨਾ ਚਾਹੀਦਾ, ਇਹ ਧੋਖਾ ਆ ਉਹਦੇ ਨਾਲ।"

"ਕੋਈ ਧੋਖਾ-ਧੁਖਾ ਨਈਂ ਹੁੰਦਾ। ਤੈਨੂੰ ਲੋੜ ਸੀ, ਮੈਂ ਪੂਰੀ ਕਰਤੀ। ਮੈਂ ਨਾ ਸਹੀ, ਕੋਈ ਹੋਰ ਹੁੰਦਾ ਤਾਂ ਬਦਨਾਮੀ ਹੁੰਦੀ। ਹੁਣ ਉਹਨੇ ਆਉਣਾ, ਮੈਂ ਚਲੇ ਜਾਣਾ, ਮਾਮਲਾ ਖ਼ਤਮ ਤੇ ਨਾਲੇ ਮੈਂ ਤਾਂ ਇਹ ਜਾਣਦਾ

ਕਿ ਬੰਦੇ ਨੂੰ ਜਦੋਂ, ਜਿਸ ਚੀਜ਼ ਦੀ ਲੋੜ ਆ, ਉਹ ਉਹਨੂੰ ਮਿਲਣੀ ਚਾਹੀਦੀ ਆ।"

"ਮੈਂ ਮੁਸਕਰਾ ਪੈਂਦੀ ਹਾਂ।"ਫੇ, ਤੂੰ ਕਿੱਦਾਂ ਪੂਰੀ ਕਰੂ ਲੋੜ ?"

"ਮੇਰੀ ਚਿੰਤਾ ਨਾ ਕਰ, ਮੇਰੇ ਕੋਲ... ।"

"ਕੀ ਤੇਰੇ ਕੋਲ?"

"ਮੇਰੇ ਕੋਲ ਹੈਗੀ ਉਹੀ ਜਿਹਦੀ ਫੋਟੋ ਦਿਖਾਈ ਸੀ।"

"ਹੱਛਾ! ਵੇ, ਕੁਝ ਕੀਤਾ ਵੀ ਕਿ ਐਵੇਂ... ?"

"ਤੈਨੂੰ ਕੋਈ ਸ਼ੱਕ ਆ ?"

"ਬੀਮਾਰੀ ਪੈਣਾ, ਮੀਸਣਾ ਜਿਹਾ, ਤੇਰੀਆਂ ਤਾਂ ਪੰਜੇ ਉਂਗਲਾਂ ਘੇ 'ਚ ਆ।"

"ਉਂਗਲਾਂ ਹੀ ਨਈਂ... ।"

ਮੈਂ ਦੀਪ ਨੂੰ ਜ਼ੋਰ ਨਾਲ ਧੱਫਾ ਮਾਰਦੀ ਹਾਂ ਤੇ ਬੈੱਡ ਤੋਂ ਉੱਠਣ ਲੱਗਦੀ ਹਾਂ। ਉਹ ਮੇਰਾ ਝੱਗਾ ਜ਼ੋਰ ਨਾਲ ਖਿੱਚਦਾ ਹੈ ਜੋ ਬੱਖੀ ਤੋਂ ਉੱਧੜ ਜਾਂਦਾ ਹੈ। ਮੈਂ ਉਸ ਵੱਲ ਗੁੱਸੇ ਨਾਲ ਵੇਖਦੀ ਹਾਂ।

"ਮਾਮੇ ਦੀ ਛੁੱਟੀ ਮਨਜ਼ੂਰ ਹੋਈ ਆ, ਉਹ ਅਜੇ ਆਇਆ ਤੇ ਨਈਂ ?" ਉਹ ਮੇਰੇ ਗੁੱਸੇ ਦੀ ਪਰਵਾਹ ਕੀਤੇ ਬਿਨਾਂ ਕਹਿੰਦਾ ਹੈ।

ਮੈਂ ਉਸ ਤੋਂ ਝੱਗਾ ਛੁਡਾ ਦਰਵਾਜ਼ੇ ਵੱਲ ਵੱਧਦੀ ਹਾਂ। ਮੈਨੂੰ ਆਵਾਜ਼ਾਂ ਸੁਣਾਈ ਦਿੰਦੀਆਂ ਹਨ...

ਰਾਹੁਲ... ਬੰਧਨ... ਧੋਖਾ... ਲੋੜ...

ਬੰਧਨ... ਧੋਖਾ... ਲੋੜ...।

ਧੋਖਾ ... ਲੋੜ... ਧੋਖਾ... ਲੋੜ... ਧੋਖਾ...।

ਦਰਵਾਜ਼ਾ ਭੇੜ, ਚਟਿੱਕਣੀ ਲਾ ਮੈਂ ਦੀਪ ਵੱਲ ਵੇਖਦੀ ਹਾਂ। ਉਹ ਮੁਸਕਰਾ ਰਿਹਾ ਹੈ। ਮੈਨੂੰ ਦੀਪ ਦੇ ਚਿਹਰੇ 'ਚੋਂ ਉਹਦਾ ਚਿਹਰਾ ਦਿਖਾਈ ਦੇਣ ਲੱਗਦਾ ਹੈ। ਮੈਂ ਉਦਾਸ ਹੋ ਜਾਂਦੀ ਹਾਂ। ਦੋਸ਼ੀ ਹੋਣ ਦਾ ਅਹਿਸਾਸ ਮੈਨੂੰ ਫੇਰ ਜਕੜ ਲੈਂਦਾ ਹੈ। ਮੈਂ ਆਤਮ-ਗਿਲਾਨੀ ਦੀ ਦਲਦਲ ਵਿਚ ਧਸਦੀ ਦਾ ਰਹੀ ਹਾਂ। ਦਰਵਾਜ਼ਾ ਖੋਲ੍ਹ, ਦੀਪ ਨੂੰ ਮੁਸਕਰਾਉਂਦਾ ਛੱਡ ਮੈਂ ਆਪਣੇ ਕਮਰੇ 'ਚ ਆ ਜਾਂਦੀ ਹਾਂ। ਰਾਹੁਲ ਅਜੇ ਵੀ ਘੂਕ ਸੁੱਤਾ ਪਿਆ ਹੈ। ਮੈਂ ਚੁੱਪ-ਚਾਪ ਉਸ ਨਾਲ ਲੰਮੀ ਪੈ ਜਾਂਦੀ ਹੈ। ਮੈਂ ਬੱਤੀ ਬੁਝਾਉਣ ਲਈ ਦੁਬਾਰਾ ਉੱਠਦੀ ਹਾਂ ਤੇ ਦੀਪ ਦੇ ਕਮਰੇ ਵੱਲ ਦੇਖਦੀ ਹਾਂ। ਉਸਦੇ ਕਮਰੇ ਦਾ ਦਰਵਾਜ਼ਾ ਅਜੇ ਵੀ ਖੁੱਲ੍ਹਾ ਹੈ ਤੇ ਬੱਤੀ ਜਗ ਰਹੀ ਹੈ। ਮੈਂ ਦੀਪ ਦੇ ਕਮਰੇ ਵੱਲ ਜਾਂਦੀ ਹਾਂ,ਦਰਵਾਜ਼ੇ ਮੂਹਰੇ ਖੜ੍ਹ ਦੀਪ ਵੱਲ ਵੇਖਦੀ ਹਾਂ ਉਹ ਵੀ ਸੌਂ ਚੁੱਕਾ ਹੈ। ਮੈਂ ਆਪਣੇ ਕਮਰੇ 'ਚ ਆ, ਬੱਤੀ ਬੁਝਾ ਸੌਣ ਦੀ ਨਾਕਾਮ ਕੋਸ਼ਿਸ਼ ਕਰਦੀ ਹਾਂ ਪਰ ਮੈਨੂੰ ਨੀਂਦ ਕਿੱਥੇ...?

(**ਸੰਪਰਕ-94636-13986**)

**ਪਾਠਕਾਂ ਦੇ ਧਿਆਨ ਹਿੱਤ**

'ਕਹਾਣੀ ਧਾਰਾ' ਉਨ੍ਹਾਂ ਹੀ ਪਾਠਕਾਂ ਨੂੰ ਡਾਕ ਰਾਹੀਂ ਭੇਜਿਆ ਜਾਂਦਾ ਹੈ, ਜਿਨ੍ਹਾਂ ਦੇ ਸਾਨੂੰ ਚੰਦੇ ਪ੍ਰਾਪਤ ਹੁੰਦੇ ਹਨ। ਪਰਚੇ ਦਾ ਡਾਕ ਖਰਚ ਕਾਫੀ ਵੱਧ ਗਿਆ ਹੈ। ਪਾਠਕ ਜਦੋਂ ਚੰਦਾ ਖਤਮ ਹੋ ਜਾਵੇ, ਆਪਣੇ ਆਪ ਹੀ ਚੰਦਾ ਭੇਜ ਦਿਆ ਕਰਨ, ਅਸੀਂ ਕੇਵਲ ਇਕ ਅੱਧੀ ਵਾਰ ਹੀ ਸੂਚਿਤ ਕਰ ਸਕਦੇ ਹਾਂ।

-ਸੰਪਾਦਕ



## ਹਿੰਦੀ ਕਹਾਣੀ / ਮਹੇਸ਼ / -ਸ਼ਰਤ ਚੰਦਰ /ਅਨੁਵਾਦ: ਜਸਮੀਤ ਕੌਰ

ਪਿੰਡ ਦਾ ਨਾਂ ਹੈ ਕਾਸ਼ੀਪੁਰ। ਇੱਕ ਨਿੱਕਾ ਜਿਹਾ ਪਿੰਡ ਦਾ ਜ਼ਿੰਮੀਦਾਰ ਉਸ ਤੋਂ ਵੀ ਨਿੱਕਾ ,ਪਰ ਰੋਹਬ ਉਸਦਾ ਐਨਾ ਕਿ ਲੋਕੀ ਚੂੰ ਤੱਕ ਨਹੀਂ ਸਨ ਕਰਦੇ। ਛੋਟੇ ਮੁੰਡੇ ਦੀ ਪੂਜਾ ਸੀ। ਜਨਮ ਦਿਨ ਦੀ ਪੂਜਾ ਮੁਕਾ ਤਰਕਰਤਨ ਹੁਰੀਂ, ਦੁਪਹਿਰੇ ਘਰ ਨੂੰ ਪਰਤ ਰਹੇ ਸਨ। ਵਿਸਾਖ ਮੁੱਕਣ 'ਤੇ ਆਇਆ ਪਰ ਅੰਬਰੀ ਬੱਦਲਾਂ ਦਾ ਥੋਹ ਪਤਾ ਹੀ ਨਹੀਂ। ਮੀਂਹ ਨਾ ਵਰ੍ਹਨ ਕਰਕੇ ਅੰਬਰੋਂ ਅੱਗ ਪਈ ਵਰਦੀ ਏ। ਸਾਹਮਣੇ ਚਾਰ ਚੁਫੇਰੇ ਖਿਲਰਿਆ ਹੋਇਆ ਮੈਦਾਨ, ਕਰੜੀ ਧੁੱਪ ਕਰਕੇ ਸੁੱਕ ਕੇ ਫੱਟਣ ਨੂੰ ਆ ਗਿਆ ਹੈ, ਉਨ੍ਹਾਂ ਲੱਖਾਂ ਤਰੇੜਾਂ ਕਰਕੇ ਧਰਤ ਦੀ ਛਾਤੀ ਦਾ ਲਹੂ ਜਿਵੇਂ ਧੂੰਏਂ 'ਚ ਤਬਦੀਲ ਹੋ ,ਉਡਿਆ ਜਾ ਰਿਹਾ ਹੈ। ਅੱਗ ਦੇ ਭਾਂਬੜ ਵਾਂਗ ਵਲੇਂਵੇ ਲੈਂਦੀ ਉਸਦੀ ਚਾਲ ਵੱਲ ਤੱਕਣ ਤੇ ਸਿਰ, ਘੁੰਮਣ ਘੇਰੀਆਂ ਖਾਣ ਲੱਗ ਪੈਂਦਾ ਹੈ, ਜਿਵੇਂ ਨਸ਼ਾ ਚੜ੍ਹ ਗਿਆ ਹੋਵੇ।

ਉਸ ਮੈਦਾਨ ਦੇ ਕਿਨਾਰੇ, ਰਸਤੇ ਉੱਪਰ ਹੀ ਗਫ਼ੂਰ ਜੁਲਾਹੇ ਦਾ ਘਰ ਹੈ। ਉਸਦੀ ਕੱਚੀ ਕੰਧ ਢਹਿ ਪਈ ਹੈ। ਤੇ ਵਿਹੜਾ ਸੜਕ ਨਾਲ ਆ ਰਲਿਆ ਹੈ ਜਿਵੇਂ ਅੰਦਰਲੀ ਸ਼ਰਮ ਤੇ ਹਯਾ ਤੁਰਨ ਵਾਲੇ ਰਾਹਗੀਰਾਂ ਦੀ ਦਯਾ ਦੇ ਅੱਗੇ ਆਤਮ ਸਮਰਪਣ ਕਰ, ਨਿਸ਼ਚਿੰਤ ਹੋ ਗਈ ਹੋਵੇ। ਸੜਕ ਕੰਡੇ ਇੱਕ ਰੁੱਖ ਦੀ ਛਾਂ ਹੇਠ ਖਲੋ ਤਰਕਰਤਨ ਨੇ ਅਵਾਜ਼ ਮਾਰੀ, "ਓਏ ਗਫ਼ੂਰ ਓਏ -ਘਰੇ ਹੀ ਹੈਂ?" ਉਸਦੀ ਦਸਾਂ ਵਰ੍ਹਿਆਂ ਦੀ ਕੁੜੀ ਨੇ ਬੂਹੇ 'ਤੇ ਆ ਕੇ ਆਖਿਆ -"ਕਿਉਂ. . ਉਸਨੂੰ ਤਾਂ ਤਾਪ ਚੜ੍ਹਿਆ ਪਿਆ ਹੈ।"

"ਤਾਪ!! ਬੁਲਾ ਹਰਾਮਜ਼ਾਦੇ ਨੂੰ ...ਪਖੰਡੀ , ਮਲੇਛ ਕਿਸੇ ਥਾਂ ਦਾ...।" ਰੌਲਾ ਸੁਣ ਗਫ਼ੂਰ ਘਰੋਂ ਨਿਕਲ, ਬੁਖਾਰ ਵਿੱਚ ਤਪਦਾ ਬਾਹਰ ਆ ਖਲੋਤਾ। ਟੁੱਟੀ ਭੱਜੀ ਕੰਧ ਨਾਲ ਲੱਗਿਆ ਬਬੂਲ ਦਾ ਰੁੱਖ ਹੈ, ਉਸਦੇ ਤਣੇ ਨਾਲ ਇੱਕ ਬਲਦ ਬੰਨ੍ਹਿਆ ਹੋਈਆ ਹੈ। "ਆ ਕੀ ਹੁੰਦਾ ਹੈ ਪਿਆ... ਪਤਾ ਤਾਂ ਲੱਗੇ... ਆ ਹਿੰਦੂਆਂ ਦਾ ਪਿੰਡ ਹੈ, ਜ਼ਿੰਮੀਦਾਰ ਬਾਹਮਣ ਨੇ.. ਕੁਝ ਹੋਸ਼ ਵੀ ਹੈ?"

ਉਸਦਾ ਮੂੰਹ ਗੁੱਸੇ ਤੇ ਧੁੱਪ ਨਾਲ ਸੁਰਖ ਹੋ ਰਿਹਾ ਸੀ ਫਿਰ ਇੱਦਾਂ ਦੇ ਮੂੰਹ 'ਚੋਂ ਗਰਮ ਤੇ ਕੋੜੀ ਗੱਲ ਹੀ ਨਿਕਲਨੀ ਸੀ। ਪਰ ਵਜ੍ਹਾ ਨਾ ਸਮਝ ਆਉਣ ਕਰਕੇ ਗਫ਼ੂਰ ਸਿਰਫ ਉਸਦੇ ਮੂੰਹ ਵੱਲ ਤੱਕੀ ਗਿਆ। ਤਰਕਰਤਨ ਨੇ ਕਿਹਾ," ਸਵੇਰੇ ਜਾਂਦਿਆਂ ਹੋਇਆਂ ਤੱਕਿਆ ਸੀ, ਉਹ ਬੰਨ੍ਹਿਆਂ ਪਿਆ ਸੀ। ਹੁਣ ਵੀ ਉਸੇ ਤਰ੍ਹਾਂ ਬੰਨ੍ਹਿਆ ਪਿਆ ਹੈ। ਗਊ ਹੱਤਿਆ ਹੋਣ ਤੇ ਮਾਲਕ ਤੈਨੂੰ ਜਿਉਂਦੇ ਨੂੰ ਦੱਬ ਛੱਡਣਗੇ। ਉਹ ਐਵੇਂ ਹੀ ਬਾਹਮਣ ਨਹੀਂ।"

"ਕੀ ਕਰਾਂ ਪੰਡਿਤ ਜੀ ਮਹਾਰਾਜ, ਬੜੀ ਲਚਾਰੀ ਵਿੱਚ ਪਿਆ ਹੋਇਆ ਹਾਂ। ਕਈ ਦਿਨ ਹੋ ਗਏ ਤਾਪ ਚੜਦੇ ਨੂੰ ਰੱਸੀ ਫੜ ਮਾੜਾ ਮੋਟਾ ਚਰਾ ਲਿਆਉਂਦਾ ਸਾਂ, ਹੁਣ ਹੁੰਦਾ ਨਹੀਂ। ਚੱਕਰ ਖਾ ਡਿੱਗ ਪੈਂਦਾ ਹਾਂ...।"

"ਤਾਂ ਖੋਲ੍ਹ ਛੱਡ, ਆਪ ਹੀ ਚਰ ਆਵੇਗਾ।"

"ਕਿੱਥੇ ਛੱਡ ਆਵਾਂ, ਪੰਡਿਤ ਜੀ, ਲੋਕਾਂ ਦੀ ਜੀਰੀ ਅਜੇ ਝੜੀ ਨਹੀਂ ਸਾਰੀ; ਖੇਤਾਂ ਵਿੱਚ ਹੀ ਪਈ ਹੈ। ਸਰਕੜਾ ਵੀ ਅਜੇ ਉਸੇ ਤਰ੍ਹਾਂ ਪਿਆ ਹੈ, ਹੋਰ ਮੈਦਾਨ ਤਾਂ ਸਾਰਾ ਇਕਦਮ ਸਫ਼ਾ ਚੱਟ ਪਿਆ ਹੈ ਕਿਤੇ ਇੱਕ ਮੁੱਠ ਘਾਹ ਵੀ ਨਹੀਂ। ਕਿਸੇ ਦੇ ਝੋਨੇ ਵਿੱਚ ਜਾ ਮੂੰਹ ਮਾਰੇ, ਕਿਸੇ ਦਾ ਸਰਕੜਾ ਤਹਿਸ-ਨਹਿਸ ਕਰ ਛੱਡੇ.. ਕੋਈ ਪਤਾ ਨਹੀਂ। ਛੱਡਾਂ ਤਾਂ ਕਿਵੇਂ ਛੱਡਾਂ, ਮਹਾਰਾਜ?" ਤਰਕਰਤਨ ਤੱਤਾ ਹੋ ਗਿਆ... ਆਖਿਆ, "ਨਹੀਂ ਛੱਡਦਾ ਕਿਤੇ ਤਾਂ ਛਾਂ ਹੇਠ ਬੰਨ੍ਹ ਕੇ ਦੋ ਗੰਢਾਂ ਸਰਕੜਾ ਹੀ ਪਾ ਛੱਡ ਚੱਬਿਆ

ਜਾਵੇਗਾ ਉਦੋਂ ਤੱਕ। ਤੇਰੀ ਕੁੜੀ ਨੇ ਚੌਲ ਨਹੀਂ ਚਾੜ੍ਹੇ? ਪਿੱਛ-ਪਾਣੀ ਦੇਦੇ, ਪੀ ਲਵੇਗਾ।"

ਗਫ਼ੂਰ ਨੇ ਅੱਗੋਂ ਕੁਝ ਨਾ ਕਿਹਾ। ਲਾਚਾਰੀ ਨਾਲ ਤਰਕਰਤਨ ਦੇ ਮੂੰਹ ਵੱਲ ਤੱਕੀ ਗਿਆ। ਉਸਦੇ ਮੂੰਹੋਂ ਇੱਕ ਲੰਬਾ ਹੌਂਕਾ ਨਿਕਲ ਗਿਆ। ਤਰਕਰਤਨ ਨੇ ਕਿਹਾ, "ਉਹ ਵੀ ਨਹੀਂ ਕੀ? ਸਾਰੇ ਸਰਕੜੇ ਦਾ ਕੀ ਕਰ ਛੱਡਿਆ ਈ? ਹਿੱਸੇ 'ਚ ਜੋ ਕੁਝ ਆਇਆ ਉਹ ਸਭ ਕੁਝ ਵੇਚ ਵੱਟ ਢਿੱਡ 'ਚ ਪਾ ਛੱਡਿਆ। ਬਲਦ ਵਾਸਤੇ ਉੱਕਾ ਕੁਝ ਨਹੀਂ ਰੱਖਿਆ, ਕਸਾਈ ਕਿਸੇ ਥਾਂ ਦਾ।"

ਇਸ ਕਰੜੀ ਤੋਹਮਤ ਨਾਲ ਗਫ਼ੂਰ ਦੀ ਜ਼ੁਬਾਨ ਬੰਦ ਹੋ ਗਈ। ਪਲ ਪਿੱਛੋਂ ਉਸਨੇ ਹੌਲੀ ਜਿਹੀ ਆਖਿਆ, "ਜੋ ਕੁਝ ਵੀ ਹਿੱਸੇ ਆਇਆ ਸੀ ਉਹ ਮਾਲਕ ਸਾਹਿਬ ਨੇ ਪਿਛਲੇ ਬਕਾਏ 'ਚ ਰਖਾ ਲਿਆ ਹੈ। ਕਲਪ ਕੇ ਹੱਥ ਪੈਰ ਜੋੜ ਆਖਿਆ, "ਬਾਬੂ ਸਾਹਿਬ, ਹਾਕਮ ਹੋ ਤੁਸਾਂ ਤਾਂ ਤੁਹਾਡੀ ਜ਼ਮੀਨਦਾਰੀ ਛੱਡ ਮੈਂ ਕਿਤੇ ਨੱਠਿਆ ਤੇ ਨਹੀਂ ਜਾਂਦਾ। ਮੈਨੂੰ ਥੋੜ੍ਹੀ ਸੁੱਕੀ ਘਾਹ ਦੇ ਦਿਉ, ਛੱਪਰ ਪਾਉਣੀ ਹੈ... ਇੱਕ ਛੋਟਾ ਜਿਹਾ ਕਮਰਾ ਹੈ, ਪਿਉ-ਧੀ ਨੇ ਰਹਿਣਾ ਹੈ, ਤਾਂ ਵੀ ਕੋਈ ਗੱਲ ਨਹੀਂ, ਇਸ ਵਰ੍ਹੇ ਤਾੜ ਪੱਤਿਆਂ ਨਾਲ ਗੁਜਾਰਾ ਕਰ ਲਵਾਂਗਾ ਪਰ ਮੇਰਾ ਮਹੇਸ਼ ਭੁੱਖਾ ਮਰ ਜਾਵੇਗਾ।" ਤਰਕਰਤਨ ਨੇ ਹੱਸ ਕੇ ਆਖਿਆ, "ਆਹੋ.. ਤੇ ਆਪਣੇ ਸ਼ੌਂਕ ਲਈ ਤੂੰ ਇਸਦਾ ਨਾਂ ਮਹੇਸ਼ ਰੱਖ ਛੱਡਿਆ ਹੈ- ਹਾਸਾ ਆਉਂਦਾ ਹੈ।" ਪਰ ਇਹ ਟਿੱਚਰ ਗਫ਼ੂਰ ਦੇ ਕੰਨਾ ਤੱਕ ਨਾ ਅੱਪੜੀ। ਆਖਣ ਲੱਗਾ, "ਐਪਰ, ਹਾਕਮ ਦੀ ਮਿਹਰਬਾਨੀ ਨਾ ਹੋਈ। ਦੋ ਮਹੀਨਿਆਂ ਜੋਗਾ ਝੋਨਾ ਸਾਨੂੰ ਦੇ ਛੱਡਿਆ ਪਰ ਸਰਕੜਾ ਸਾਰਾ ਹਿਸਾਬ ਖਾਤੇ ਪਾ ਛੱਡਿਆ। ਇਸ ਵਿਚਾਰੇ ਨੂੰ ਤਾਂ ਤਿਣਕਾ ਵੀ ਨਹੀਂ ਲੱਭਾ।" ਆਖਦੇ ਉਸਦਾ ਗੱਚ ਭਰ ਆਇਆ। ਪਰ ਤਰਕਰਤਨ ਨੂੰ ਤਾਂ ਵੀ ਉਸ ਤੇ ਤਰਸ ਨਾ ਆਇਆ। ਆਖਣ ਲੱਗਾ, "ਚੰਗਾ ਬੰਦਾ ਹੈ ਤੂੰ ਤਾਂ ਪਹਿਲਾਂ ਤੋਂ ਲੈ ਚੁੱਕਿਆ ਹੈ। ਹੁਣ ਦੇਣਾ ਨਹੀਂ? ਜ਼ਿੰਮੀਦਾਰ ਕੀ ਤੈਨੂੰ ਘਰੋਂ ਖੁਆਵੇਗਾ। ਭਾਈ... ਤੁਸੀਂ ਤਾਂ ਰਾਮ ਰਾਜ ਵਿੱਚ ਰਹਿੰਦੇ ਹੋ ਪਰ ਜਾਤ ਤਾਂ ਨੀਵੀਂ ਹੀ ਹੈ ਨਾਂ, ਤਾਂਹਿਉ ਤਾਂ ਬੁਰਾਈ ਕਰਦੇ ਫਿਰਦੇ ਹੋ।"

ਗਫ਼ੂਰ ਨੇ ਸ਼ਰਮਿੰਦਗੀ ਨਾਲ ਆਖਿਆ, "ਮੈਂ ਭਲਾ ਕਿਉਂ ਨਿੰਦਿਆ ਚੁਗਲੀ ਕਰਦਾਂ, ਉਨ੍ਹਾਂ ਦੀਆਂ ਨਿਖੇਧੀਆਂ ਕਰਾਂ ਅਸੀਂ ਨਹੀਂ ਕਰਦੇ, ਐਪਰ ਦਵਾਂ ਕਿੱਥੋਂ, ਦੱਸੋ? ਚਾਰ ਬੀਘੇ , ਹਿੱਸੇ ਆਏ ਖੇਤਾਂ 'ਤੇ ਵਾਹੀ ਕਰਦਾ ਹਾਂ ਪਰ ਦੋ ਸਾਲ ਲਗਾਤਾਰ ਅਕਾਲ ਪੈ ਗਿਐ, ਖੇਤ ਦਾ ਝੋਨਾ ਖੇਤ 'ਚ ਹੀ ਸੁੱਕ ਗਿਆ। ਪਿਉ-ਧੀ ਨੂੰ ਢਿੱਡ ਭਰ ਕੇ ਖਾਣ ਨੂੰ ਵੀ ਨਹੀਂ ਲੱਭਦਾ। ਘਰ ਵੱਲ ਤੱਕੋ , ਮੀਂਹ ਪੈਂਦਾ ਹੈ ਤਾਂ ਧੀ ਨੂੰ ਲੈ ਕੇ ਖੂੰਜੇ 'ਚ ਬਹਿ ਕੇ ਰਾਤ ਕੱਢਣੀ ਪੈਂਦੀ ਹੈ, ਲੱਤਾਂ ਖਲਾਰ ਸੌਣ ਦੀ ਥਾਂ ਵੀ ਨਹੀਂ। ਮਹੇਸ਼ ਵੱਲ ਤੱਕੋ , ਹੱਡ ਨਿਕਲ ਆਏ ਹਨ। ਦਿਉ ਨਾ ਮਹਾਰਾਜ ਮਾੜਾ ਸਰਕੜਾ ਉਧਾਰ ਦੇ ਦਿਉ। ਦੋ ਚਾਰ ਦਿਨ ਢਿੱਡ ਭਰ ਕੇ ਖਵਾ ਦਵਾਂ।", ਆਖਦੇ ਆਖਦੇ ਉਹ ਧੜੱਪ ਕਰਕੇ ਬ੍ਰਾਹਮਣ ਦੇ ਪੈਰਾਂ ਕੋਲ ਬਹਿ ਗਿਆ। ਤਰਕਰਤਨ ਹੁਰੀ ਤੀਰ ਵਾਂਗ ਦੋ ਕਦਮ ਪਿੱਛਾਂਹ ਨੂੰ ਹੋ, ਆਖ ਉੱਠੇ, "ਓਏ ਮੋਏ, ਛੂਹ ਲਵੇਂਗਾ ਭਲਾ?"

"ਨਹੀਂ ਮਹਾਰਾਜ ਮੈਂ ਛੂਹਣਾ ਭਲਾ ਕਿਉਂ? ਇਸ ਵਰ੍ਹੇ ਦੇ ਦਿਉ ਮਹਾਰਾਜ ਮਾੜਾ ਜਿਹਾ ਸਰਕੜਾ। ਤੁਹਾਡੇ ਕੋਲ ਤਾਂ ਚਾਰ ਚਾਰ ਟਾਲਾਂ ਲੱਗੀਆਂ ਪਈਆਂ ਨੇ। ਉਸ ਦਿਨ ਮੈਂ ਤੱਕ ਆਇਆ ਸਾਂ। ਮਾੜਾ ਜਿਹਾ ਦੇ ਦੇਣ ਨਾਲ ਤੁਹਾਡਾ ਕੁਝ ਨਹੀਂ ਘਟਣ ਵਾਲਾ। ਬੜਾ ਸਾਊ ਜੀਵ ਹੈ। ਮੂਹੋਂ ਕੁਝ ਨਹੀਂ ਆਖ ਸਕਦਾ, ਐਪਰ ਬਿੱਟ ਬਿੱਟ ਤੱਕੀ ਜਾਂਦਾ ਹੈ ਤੇ ਅੱਖਾਂ 'ਚ ਅੱਥਰੂ ਭਰ ਲੈਂਦਾ ਹੈ।"

ਤਰਕਰਤਨ ਨੇ ਆਖਿਆ "ਉਧਾਰ ਲੈ ਤੇ ਲਵੇਂਗਾ ... ਮੋੜੇਂਗਾ ਕਿੱਦਾਂ? ਉਹ ਤਾਂ ਦਸ?"

ਗਫ਼ੂਰ ਨੇ ਆਸਵੰਦ ਹੋ ਕੇ ਕਾਹਲੀ 'ਚ ਕਿਹਾ "ਜਿਵੇਂ ਵੀ ਹੋਵੇਗਾ, ਮੈਂ ਮੋੜ ਦਿਵਾਂਗਾ ਮਹਾਰਾਜ ਜੀ ਤੁਹਾਨੂੰ ਧੋਖਾ ਨਹੀਂ ਦੇਵਾਂਗਾ।" ਤਰਕਰਤਨ ਹੁਰੀਂ ਨੇ ਮੂਹੋਂ ਉਸ ਵਰਗੀ ਆਵਾਜ਼ ਕੱਡ ਕਾਹਲੇ ਪਏ ਗਫ਼ੂਰ ਦੇ ਬੋਲਾਂ ਦੀ ਸਾਂਗ ਲਾਉਂਦਿਆਂ ਆਖਿਆ, "ਧੋਖਾ ਨਹੀਂ ਦੇਵਾਂਗਾ, ਜਿਵੇਂ ਵੀ ਹੋਵੇਗਾ, ਮੈਂ ਮੋੜ



ਦਿਆਂਗਾ।"

"ਰਸਿਕ ਨਾਗਰ ਬਣਦਾ ਹੈਂ ਪਿਆ। ਚਲ ਚਲ ਪਰਾਂ ਹੋ, ਰਸਤਾ ਛੱਡ। ਘਰ ਅਪੜਨਾ ਹੈ, ਪਹਿਲਾਂ ਹੀ ਕੁਵੇਲਾ ਹੋ ਗਿਆ ਹੈ।" ਇੰਨਾ ਆਖ ਮੁਸਕਨੀ ਜਿਹੀ ਨਾਲ ਪੈਰ ਪੁੱਟਿਆ ਹੀ ਸੀ ਕਿ ਭੈ ਨਾਲ ਪਿੱਛੇ ਆਉਂਦਿਆ ਨੇ ਗੁੱਸੇ ਨਾਲ ਆਖਿਆ, "ਓਏ ਮੋਏ , ਸਿੰਗ ਹਿਲਾ ਮਾਰਨ ਵਾਸਤੇ ਆਉਂਦਾ ਹੈ ਪਿਆ, ਸਿੰਗ ਮਾਰੇਗਾ?" ਗਫ਼ੂਰ ਉੱਠ ਖਲੋਤਾ। ਪੰਡਿਤ ਜੀ ਦੇ ਹੱਥ ਵਿੱਚ ਫ਼ਲ ਫੁੱਲ ਤੇ ਭਿੱਜੇ ਚੌਲਾਂ ਦੀ ਪੋਟਲੀ ਸੀ। ਉਸਨੂੰ ਵਿਖਾਉਂਦਿਆਂ ਗਫ਼ੂਰ ਨੇ ਕਿਹਾ, "ਮੁਸ਼ਕ ਅੱਪੜ ਗਈ ਹੈ ਨਾਂ ਇਸ ਨੂੰ ,ਤਹਿਉਂ ਖਾਣ ਨੂੰ ਮੰਗਦਾ ਹੈ।"

"ਖਾਣ ਨੂੰ ਮੰਗਦਾ ਏ ਪਿਆ। ਇਕਦਮ ਉਵੇਂ ਈ ਜਿਵੇਂ ਆਪ ਗੰਵਾਰ ਹੈ, ਓਵੇਂ ਬੈਲ ਵੀ ਹੈ। ਸਰਕੜਾ ਤਾਂ ਨਸੀਬਾਂ 'ਚ ਨਹੀਂ, ਕੇਲੇ ਚੌਲ ਖਾਣ ਨੂੰ ਚਾਹੀਦੇ ਨੇ, ਹਟ-ਹਟ ਰਸਤੇ 'ਚੋਂ ਇੱਕ ਪਾਸੇ, ਪਰਾਂ ਕਰ ਕੇ ਬੰਨ੍ਹ ਛੱਡ। ਕਿਹੋ ਜਿਹੇ ਸਿੰਗ ਹਨ, ਕਿਸੇ ਦਿਨ ਕਿਸੇ ਦੀ ਜਾਨ ਨਾ ਕੱਢ ਲੈਣ।" ਆਖਦੇ ਹੋਏ ਪੰਡਿਤ ਜੀ ਇੱਕ ਪਾਸੇ ਜਿਹੇ ਹੋ ਕੇ ਨਿਕਲ ਗਏ। ਗਫ਼ੂਰ ਉਨਾਂ ਵੱਲੋਂ ਅੱਖਾਂ ਪਰ੍ਹਾਂ ਕਰ ਮਹੇਸ਼ ਵੱਲ ਇੱਕੋ ਸਾਰ ਤੱਕੀ ਗਿਆ। ਉਸਦੀਆਂ ਗੰਭੀਰ ਕਾਲੀਆਂ ਅੱਖਾਂ ਦੁੱਖ ਤੇ ਭੁੱਖ ਨਾਲ ਭਰੀਆਂ ਪਈਆਂ ਸਨ। ਉਸ ਆਖਿਆ, " ਤੈਨੂੰ ਬੁੱਕ ਭਰ ਕੇ ਦਿੱਤੀ ਨਹੀਂ, ਉਨ੍ਹਾਂ ਕੋਲ ਬਥੇਰਾ ਹੈ ਫਿਰ ਵੀ ਦਿੰਦੇ ਨਹੀਂ, ਕਿਸੇ ਨੂੰ ਨਾ ਦੇਣ।" ਆਖਦੇ ਆਖਦੇ ਉਸਦਾ ਗੱਚ ਭਰ ਆਇਆ ਤੇ ਅੱਖਾਂ 'ਚੋਂ ਟੱਪ ਟੱਪ ਅੱਥਰੂ ਵਗਣ ਲੱਗੇ। ਮਹੇਸ਼ ਲਾਗੇ ਆ ਕੇ ਉਹ ਚੁੱਪ ਜਿਹਾ ਹੋ ਉਸਦੇ ਗਲ਼ , ਮੱਥੇ 'ਤੇ ਪਿੱਠ 'ਤੇ ਹੱਥ ਫੇਰਦਾ ਆਖਣ ਲੱਗਾ, "ਮਹੇਸ਼ ਤੂੰ ਮੇਰਾ ਪੁੱਤਰ ਹੈਂ, ਤੂੰ ਸਾਨੂੰ ਅੱਠ ਵਰ੍ਹਿਆਂ ਤੱਕ ਖਵਾਉਂਦਾ ਪਿਆਉਂਦਾ ਰਿਹਾ ਹੈਂ। ਹੁਣ ਬਿਰਧ ਹੋ ਗਿਆ ਹੈਂ, ਮੈਂ ਤੈਨੂੰ ਢਿੱਡ ਭਰ ਕੇ ਖਵਾ-ਪਿਆ ਵੀ ਨਹੀਂ ਸਕਦਾ। ਪਰ ਤੈਨੂੰ ਤਾਂ ਪਤਾ ਹੈ ਮੈਂ ਤੈਨੂੰ ਕਿੰਨਾ ਪਿਆਰ ਕਰਦਾ ਹਾਂ। ਮਹੇਸ਼ ਨੇ ਜਵਾਬ ਵਿੱਚ ਸਿਰਫ ਆਪਣੀ ਧੌਣ ਅਗਾਂਹ ਕਰ ਅਰਾਮ ਨਾਲ ਅੱਖਾਂ ਬੰਦ ਕਰ ਲਈਆਂ। ਗਫ਼ੂਰ ਆਪਣੇ ਅੱਥਰੂ ਮਹੇਸ਼ ਦੀ ਪਿੱਠ ਨਾਲ ਪੂੰਝਦਾ ਉਸੇ ਤਰ੍ਹਾਂ ਬੁੜ-ਬੁੜ ਕਰਦਾ ਰਿਹਾ "ਜ਼ਮੀਨਦਾਰ ਨੇ ਤੇਰੇ ਮੂੰਹ ਦੀ ਗਰਾਹੀ ਖੋਹ ਲਈ, ਸ਼ਮਸ਼ਾਨ ਕੋਲ ਜਿਹੜੀ ਚਰਨ ਦੀ ਥਾਂ ਸੀ, ਉਹ ਪੈਸਿਆਂ ਲਾਲਚ ਹੇਠ ਠੇਕੇ 'ਤੇ ਲਾ ਛੱਡੀ, ਇਸ ਤਰ੍ਹਾਂ ਦੇ ਅਕਾਲ ਵਿੱਚ ਤੈਨੂੰ ਕਿਵੇਂ ਜਿਉਂਦਾ ਰੱਖਾਂ ਦੱਸ? ਤੈਨੂੰ ਛੱਡ ਦੇਣ ਤੇ ਤੂੰ ਦੂਜਿਆਂ ਦਿਆਂ ਟਾਲਾਂ ਤੇ ਮੂੰਹ ਮਾਰੇਂਗਾ ਲੋਕਾਂ ਦੇ ਕੇਲਿਆਂ ਦੇ ਤਣੇ ਭੰਨ, ਖਾ ਲਵੇਂਗਾ। ਤੇਰੇ ਵਾਸਤੇ ਮੈਂ ਕੀ ਕਰਾਂ? ਤੇਰੇ ਪਿੰਡੇ 'ਚ ਹੁਣ ਜਾਨ ਵੀ ਨਹੀਂ, ਪਿੰਡ ਵਿਚ ਤੈਨੂੰ ਕੋਈ ਪੁੱਛਦਾ ਵੀ ਨਹੀਂ, ਲੋਕੀ ਆਖਦੇ ਹਨ, ਹੁਣ ਤੈਨੂੰ ਵੇਚ ਦੇਣਾ ਚਾਹੀਦਾ," ਅੰਦਰੋਂ-ਅੰਦਰੀ ਇਹ ਗੱਲਾਂ ਆਖਦੇ ਉਸਦੀਆਂ ਅੱਖਾਂ 'ਚੋਂ ਟੱਪ-ਟੱਪ ਅੱਥਰੂ ਵਗਣ ਲੱਗੇ। ਉਨ੍ਹਾਂ ਨੂੰ ਹੱਥਾਂ ਨਾਲ ਪੂੰਝ ਉਹ ਇੱਧਰ-ਉਧਰ ਤੱਕਣ ਲੱਗਾ।

ਫਿਰ ਟੁੱਟੇ ਹੋਏ ਘਰ ਦੀ ਛੱਤ ਵਿੱਚੋਂ ਬੇਹਾ ਸੁੱਕਾ ਤੇ, ਮੈਲ਼ਾ ਸਰਕੜਾ ਖਿੱਚ ਲਿਆਇਆ ਤੇ ਉਸਨੂੰ ਮਹੇਸ਼ ਮੂਹਰੇ ਰੱਖ ਹੌਲੀ ਜਿਹੀ ਆਖਣ ਲੱਗਾ, "ਲੈ ਜਲਦੀ ਮਾੜਾ ਮੋਟਾ ਖਾ ਲੈ, ਦੇਰ ਹੋਣ ਨਾਲ ਫਿਰ...।"

"ਬਾਪੂ।"

" ਹਾਂ ਧੀਏ।"

" ਆ ਚੌਲ ਖਾ ਲੈ।" ਆਖਦਿਆਂ ਅਮੀਨਾ ਘਰੋਂ ਬਾਹਰ ਆ ਬੂਹੇ ਤੇ ਖੜ ਗਈ। ਪਲ ਭਰ ਲਈ ਉਸ ਤੱਕਿਆ ਫਿਰ ਆਖਿਆ, "ਮਹੇਸ਼ ਨੂੰ ਫਿਰ ਛੱਪੜ ਦਾ ਸਰਕੜਾ ਖੁਆਉਣਾ ਪਿਆ ਹੈ, ਬਾਪੂ?" ਉਸਨੂੰ ਇਸੇ ਗੱਲ ਦਾ ਭੈਅ ਸੀ, ਸ਼ਰਮਿੰਦਾ ਹੋਇਆ ਆਖਣਾ ਲੱਗਾ- "ਸੜਿਆ ਸੜਾਇਆ ਸਰਕੜਾ

ਹੈ ਧੀਏ, ਆਪ ਹੀ ਝੁਰ ਝੁਰ ਵਗੀ ਜਾਂਦਾ ਸੀ।"

" ਮੈਂ ਅੰਦਰੋਂ ਵਾਜਾਂ ਸੁਣਦੀ ਸਾਂ ਪਈ, ਤੂੰ ਆਪ ਹੀ ਖਿੱਚ ਕੇ ਕੱਢਦਾ ਸੈਂ ਪਿਆ",

"ਨਾ ਧੀਏ, ਮੈਂ ਖਿੱਚਕੇ ਨਹੀਂ ਕੱਢਿਆ।"

"ਪਰ ਕੰਧ ਜੇ ਢੈਅ ਪਈ ਬਾਪੂ?"

ਗਫ਼ੂਰ ਚੁੱਪ ਰਿਹਾ। ਸਿਰਫ ਇੱਕ ਛੋਟੇ ਕਮਰੇ ਤੋਂ ਇਲਾਵਾ , ਹੋਰ ਸਭ ਟੁੱਟ-ਫੁੱਟ ਗਿਆ ਹੈ ਤੇ ਇੰਝ ਤਾਂ ਅਗਲ਼ੀਆਂ ਬਰਸਾਤਾਂ 'ਚ ਆਹ ਵੀ ਨਹੀਂ ਟਿਕਣਾ, ਇਹ ਗੱਲ ਉਸ ਤੋਂ ਵੱਧ ਹੋਰ ਕੌਣ ਜਾਣ ਸਕਦਾ ਸੀ। ਹੋਰ ਕਿੰਨਾ ਚਿਰ ਕੱਢ ਸਕਦੇ ਹਾਂ ਇਸ ਤਰ੍ਹਾਂ?

ਕੁੜੀ ਨੇ ਕਿਹਾ, "ਹੱਥ ਪੈਰ ਧੋ ਕੇ ਚੌਲ ਖਾ ਲਉ, ਬਾਪੂ, ਮੈਂ ਪਾ ਦਿੱਤੇ ਨੇ।" ਗਫ਼ੂਰ ਨੇ ਕਿਹਾ "ਪਿੱਛ ਤਾਂ ਦੇਦੇ ਧੀਏ, ਮਹੇਸ਼ ਨੂੰ ਪਿਆ ਕੇ ਬੇਫਿਕਰੀ ਨਾਲ ਖਾਵਾਂਗਾ।"

"ਪਿੱਛ ਤਾਂ ਅੱਜ ਹੈ ਹੀ ਨਹੀਂ, ਬਾਪੂ। ਪਤੀਲੇ ਨਾਲ ਹੀ ਲੱਗ ਗਈ ਹੈ",

"ਨਹੀਂ ਹੈ?" ਗਫ਼ੂਰ ਚੁੱਪ ਹੋ ਗਿਆ। ਇੰਨੀ ਔਖਿਆਈ ਦੇ ਦਿਨਾਂ ਵਿੱਚ ਮਾੜੀ ਜਿਹੀ ਕੋਈ ਚੀਜ ਵੀ ਖਰਾਬ ਨਹੀਂ ਕੀਤੀ ਜਾ ਸਕਦੀ। ਇਸ ਗੱਲ ਨੂੰ ਉਹ ਦਸਾਂ ਸਾਲਾਂ ਦੀ ਕੁੜੀ ਵੀ ਸਮਝ ਗਈ ਹੈ। ਹੱਥ-ਪੈਰ ਧੋ ਕੇ ਉਹ ਕਮਰੇ ਵਿੱਚ ਆਣ ਖਲੋਤਾ। ਇੱਕ ਪਿੱਤਲ ਦੇ ਥਾਲ ਵਿੱਚ ਪਿਉ ਲਈ ਦਾਲ-ਚੌਲ ਪਾ ਉਹ ਆਪਣੇ ਲਈ ਮਿੱਟੀ ਦੇ ਥਾਲ ਵਿੱਚ ਦਾਲ ਚੌਲ ਪਾ ਕੇ ਬੈਠੀ ਹੈ। ਵੇਖ ਕੇ ਗਫ਼ੂਰ ਨੇ ਹੌਲੀ ਜਿਹੀ ਆਖਿਆ "ਅਮੀਨਾ, ਮੈਨੂੰ ਤਾਂ ਅੱਜ ਫਿਰ ਠੰਡ ਪਈ ਲਗਦੀ ਹੈ, ਧੀਏ, ਬੁਖਾਰ ਵਿੱਚ ਖਾਣਾ ਠੀਕ ਰਹੇਗਾ?" ਅਮੀਨਾ ਨੇ ਪਰੇਸ਼ਾਨੀ ਨਾਲ ਆਖਿਆ "ਪਰ ਤੂੰ ਤੇ ਆਖਿਆ ਸੀ, ਡਾਢੀ ਭੁੱਖ ਪਈ ਲੱਗੀ ਏ?"

"ਹਾਂ ਉਸ ਵੇਲੇ ਸ਼ਾਇਦ ਤਾਪ ਨਹੀਂ ਸੀ ਚੜਿਆ।"

"ਤਾਂ ਚੱਕ ਕੇ ਧਰ ਦਿਆਂ? ਸ਼ਾਮ ਨੂੰ ਖਾ ਲਵੀ?" ਗਫ਼ੂਰ ਨੇ ਸਿਰ ਹਿਲਾਉਂਦਿਆਂ ਆਖਿਆ "ਪਰ ਠੰਡੇ ਚੌਲ ਖਾਣ ਨਾਲ ਤਾਂ ਸਿਹਤ ਹੋਰ ਵੀ ਵਿਗੜ ਜਾਵੇਗੀ, ਅਮੀਨਾ!" ਜਵਾਬ ਵਿੱਚ ਅਮੀਨਾ ਨੇ ਕਿਹਾ, " ਤੇ ਫਿਰ?" ਗਫ਼ੂਰ ਨੇ ਪਤਾ ਨਹੀਂ ਕੀ ਸੋਚ ਇਸ ਔਖ ਦਾ ਸਿੱਟਾ ਕੱਡ ਲਿਆ। "ਇੱਕ ਕੰਮ ਕਰ ਧੀਏ, ਏਦਾਂ ਕਰ , ਮਹੇਸ਼ ਨੂੰ ਖਵਾ ਦੇ। ਰਾਤੀ ਮੇਰੇ ਵਾਸਤੇ ਇੱਕ ਮੁੱਠ ਫਿਰ ਨਾ ਚਾੜ ਲਵੇਂਗੀ, ਅਮੀਨਾ"? ਜਵਾਬ 'ਚ ਅਮੀਨਾ ਮੂੰਹ ਚੱਕ ਚੁਪ ਕਰਕੇ ਪਿਉ ਵੱਲ ਤੱਕੀ ਗਈ, ਫਿਰ ਸਿਰ ਸੁੱਟ ਹੌਲੀ ਜਿਹੀ ਬੋਲੀ," ਆਹੋ ਬਾਪੂ ਬਣਾ ਦਵਾਂਗੀ"। ਗਫ਼ੂਰ ਦਾ ਚਿਹਰਾ ਸੁਰਖ ਹੋ ਗਿਆ। ਪਿਉ-ਧੀ 'ਚ ਆ ਜਿਹੜਾ ਝੂਠ-ਮੂਠ ਦਾ ਥੋੜ੍ਹਾ ਜਿਹਾ ਡਰਾਮਾ ਜਿਹਾ ਹੋਇਆ ਉਸਨੂੰ ਇਨ੍ਹਾਂ ਦੋ ਲੋਕਾਂ ਤੋਂ ਇਲਾਵਾ ਵੀ ਸ਼ਾਇਦ ਕਿਸੇ ਹੋਰ ਨੇ ਅਸਮਾਨੋ ਤੱਕਿਆ।

ਪੰਜਾਂ ਸੱਤਾਂ ਦਿਨਾਂ ਪਿੱਛੋਂ ਇੱਕ ਦਿਨ ਬੀਮਾਰ ਗਫ਼ੂਰ ਚਿੰਤਾ 'ਚ ਪਿਆ ਆਪਣੇ ਵਿਹੜੇ 'ਚ ਬੈਠਾ ਸੀ। ਉਸਦਾ ਮਹੇਸ਼ ਕੱਲ ਤੋਂ ਅਜੇ ਤੱਕ ਪਰਤਿਆ ਹੀ ਨਹੀਂ ਸੀ। ਆਪ ਉਹ ਕਮਜੋਰ ਹੋ ਗਿਆ ਹੈ ਇਸ ਕਰਕੇ ਅਮੀਨਾ ਸਵੇਰ ਤੋਂ ਹੀ ਉਸਨੂੰ ਪਈ ਭਾਲਦੀ ਸੀ। ਤਰਕਾਲਾਂ ਵੇਲੇ ਤੋਂ ਪਹਿਲਾਂ ਉਸਨੇ ਵਾਪਿਸ ਆ ਬਾਪੂ ਨੂੰ ਆਖਿਆ, "ਸੁਣਿਐ ਬਾਪੂ, ਮਾਣਕ ਹੋਰਾਂ ਨੇ ਮਹੇਸ਼ ਨੂੰ ਥਾਣੇ 'ਚ ਘੱਲ ਛੱਡਿਆ ਹੈ। "

ਗਫ਼ੂਰ ਨੇ ਕਿਹਾ "ਚੱਲ ਝੱਲੀ!"

" ਹਾਂ ਬਾਪੂ ਸੱਚੀ, ਓਨਾਂ ਦੇ ਕਾਮੇ ਨੇ ਮੈਨੂੰ ਕਿਹਾ ਹੈ ਕਿ ਆਪਣੇ ਪਿਉ ਨੂੰ ਜਾ ਕੇ ਦੱਸ ਦੇ , ਦਰਿਆ ਗੰਜ ਦੇ ਮਵੇਸ਼ੀਖਾਨੇ ਵਿੱਚ ਲੱਭਣ ਜਾ ਕੇ।"

" ਕੀ ਕੀਤਾ ਸੀ ਉਹਨੇ?"

"ਉਨ੍ਹਾਂ ਦੇ ਬਗੀਚੇ 'ਚ ਵੜ ਉਹਨਾਂ ਦੇ ਫੁੱਲ-ਪੌਦੇ ਰੋਲ਼ ਛੱਡੇ ਨੇ।"



ਗਫ਼ੂਰ ਸੁੰਨ ਰਹਿ ਗਿਆ। ਮਹੇਸ਼ ਵਾਸਤੇ ਉਸਨੇ ਵਾਧੂ ਮਾੜੀਆਂ ਗੱਲਾਂ ਦੇ ਫੁਰਨੇ ਤੱਕੇ ਸਨ ਪਰ ਇਸ ਗੱਲ ਦਾ ਅੰਦਾਜ਼ਾ ਉਸਨੂੰ ਨਹੀ ਸੀ। ਉਹ ਜਿੰਨਾ ਸਾਊ ਹੈ ਓਨਾ ਹੀ ਗਰੀਬ, ਲਿਹਾਜਾ ਕੋਈ ਪੜੋਸੀ ਉਸ ਨੂੰ ਇੰਨੀ ਵੱਡੀ ਸਜ਼ਾ ਕਿਵੇਂ ਦੇ ਸਕਦਾ ਹੈ। ਇਸ ਗੱਲ ਦਾ ਭੈਅ ਉਸਨੂੰ ਨਹੀਂ ਸੀ। ਖਾਸ ਕਰ ਮਾਣਿਕ ਘੋਸ਼ ਵੱਲੋਂ ਤੇ, ਜਿਸਦੀ ਗਊਆਂ ਤੇ ਬ੍ਰਾਹਮਣਾ ਵਾਸਤੇ ਭਗਤੀ ਹੋਰਨਾ ਪਿੰਡਾਂ ਤੱਕ ਵੀ ਮਸ਼ਹੂਰ ਸੀ, ਇਹ ਆਸ ਨਹੀਂ ਸੀ। ਕੁੜੀ ਨੇ ਕਿਹਾ, "ਤਰਕਾਲਾਂ ਪੈਣ ਲੱਗੀਆਂ ਨੇ ਬਾਪੂ, ਮਹੇਸ਼ ਨੂੰ ਲੈਣ ਨਹੀਂ ਜਾਣਾ?"

ਗਫ਼ੂਰ ਨੇ ਕਿਹਾ "ਨਹੀਂ।"

"ਪਰ ਉਸਨੇ ਤੇ ਆਖਿਆ ਸੀ ਜੇ ਤ੍ਰੈ ਦਿਹਾੜੀਆਂ ਤੱਕ ਛੱਡੌਣ ਨਾ ਆਏ ਤਾਂ ਪੁਲਿਸ ਵਾਲੇ ਉਸਨੂੰ ਗਊ ਹੱਟੀ ਵਿੱਚ ਵੇਚ ਛੱਡਣਗੇ।" ਗਫ਼ੂਰ ਨੇ ਕਿਹਾ, "ਵੇਚ ਛੱਡਣ।"

ਗਊ ਹੱਟੀ ਕੀ ਹੁੰਦੀ ਹੈ, ਅਮੀਨਾ ਨੂੰ ਇਹ ਗੱਲ ਚੰਗੀ ਤਰ੍ਹਾਂ ਪਤਾ ਨਹੀਂ ਸੀ। ਪਰ ਮਹੇਸ਼ ਦੀ ਗੱਲ ਤੁਰਦਿਆਂ ਹੀ ਉਸਦਾ ਪਿਉ ਬੇਚੈਨ ਹੋ ਜਾਂਦਾ ਹੈ, ਇਹ ਉਸਨੇ ਕਈ ਵਾਰ ਤੱਕਿਆ ਸੀ। ਐਪਰ ਅੱਜ ਉਸ ਕੁਝ ਨਾ ਆਖਿਆ ਤੇ ਹੌਲੀ ਜਿਹੀ ਉਥੋਂ ਚਲਾ ਗਿਆ। ਰਾਤੀਂ ਹਨੇਰ ਦੁਆਲੇ ਲੁੱਕ ਗਫ਼ੂਰ ਬੰਸੀ ਦੀ ਹੱਟੀ 'ਤੇ ਜਾ ਕੇ ਆਖਣ ਲੱਗਾ "ਚਾਚਾ, ਅੱਜ ਇੱਕ ਰੁਪਇਆ ਦੇਣਾ ਪਵੇਗਾ।" ਆਖਦੇ ਉਸਨੇ ਆਪਣੀ ਪਿੱਤਲ ਦੀ ਥਾਲੀ ਬੰਸੀ ਦੇ ਬੈਠਣ ਵਾਲੇ ਮੂੜੇ ਦੇ ਥੱਲੇ ਧਰ ਦਿੱਤੀ। ਇਸ ਵਸਤ ਦੀ ਤੋਲ ਤੋਂ ਬੰਸੀ ਜਾਣੂ ਸੀ। ਪਿਛਲੇ ਦੋ ਵਰ੍ਹਿਆ ਵਿੱਚ ਉਸਨੇ ਇਸਨੂੰ ਪੰਜ-ਛੇ ਵਾਰਾਂ ਗਿਰਵੀ ਰੱਖ ਇੱਕ-ਇੱਕ ਰੁਪਇਆ ਦਿੱਤਾ ਸੀ। ਇਸ ਕਰਕੇ ਅੱਜ ਵੀ ਉਸਨੇ ਕੋਈ ਇਤਰਾਜ ਨਾ ਕੀਤਾ। ਦੂਜੇ ਦਿਨ ਮਹੇਸ਼ ਮੁੜ ਆਪਣੀ ਥਾਂ 'ਤੇ ਬੱਧਾ ਦਿਸਿਆ, ਉਹੋ ਹੀ ਕਿੱਕਰ ਦਾ ਰੁੱਖ, ਉਹੋ ਹੀ ਰੱਸੀ, ਉਹੋ ਹੀ ਕਿੱਲਾ, ਉਹੋ ਹੀ ਖਾਲੀ ਖੁਰਲੀ.. ਉਂਜ ਹੀ ਭੁੱਖ ਨਾਲ ਬੇਚੈਨ ਕਾਲੀਆਂ ਤੇ ਭਿੱਜੀਆਂ ਹੋਈਆਂ ਉਤਸੁੱਕ ਅੱਖਾਂ।

ਇੱਕ ਬਿਰਧ ਮੁਸਲਮਾਨ ਉਸਨੂੰ ਬੜੀ ਤਿੱਖੀ ਦਿਖ ਨਾਲ ਤਕਦਾ ਪਿਆ ਸੀ। ਨਾਲ ਹੀ ਇੱਕ ਖੂੰਜੇ 'ਚ ਗੋਡੇ ਜੋੜ ਗਫ਼ੂਰ ਚੁੱਪ ਕਰਕੇ ਬੈਠਾ ਸੀ। ਚੰਗੀ ਤਰ੍ਹਾਂ ਪੜਤਾਲ ਕਰ ਉਸ ਬੁੱਢੇ ਨੇ ਚਾਦਰ ਦੀ ਕੰਨੀ 'ਚੋਂ ਦਸ ਰੁਪਈਏ ਦਾ ਨੋਟ ਕੱਢ, ਉਸਦੀ ਤਹਿ ਖੋਲ੍ਹ ਉਸਨੂੰ ਪਰਤ ਪਰਤ ਸਵਾਰਦੇ ਹੋਏ, ਗਫ਼ੂਰ ਕੋਲ ਜਾ ਕੇ ਆਖਿਆ, "ਹੁਣ ਮੋਲ ਤੋਲ ਕਰਕੇ ਇਸਨੂੰ ਛੁਡਾਉਣਾ ਨਹੀਂ, ਇਹ ਲੈ ਪੂਰੇ ਦਸ ਦੇ ਦੱਸ ਦਿੰਦਾ ਹਾਂ, ਆਹ ਲਉ।" ਗਫ਼ੂਰ ਨੇ ਹੱਥ ਵਧਾ ਕੇ ਨੋਟ ਫੜ ਲਿਆ ਤੇ ਉਸੇ ਤਰ੍ਹਾਂ ਚੁੱਪ ਚਾਪ ਬੈਠਾ ਰਿਹਾ, ਪਰ ਜਿਹੜੇ ਬੰਦੇ ਉਸ ਬੁੱਢੇ ਨਾਲ ਆਏ ਸਨ ਉਨਾਂ ਦੇ ਰੱਸੀ ਨੂੰ ਫੜਦਿਆਂ ਸਾਰ ਹੀ ਗਫ਼ੂਰ ਚਾਣਚੱਕ ਮੁਸਤੈਦੀ ਨਾਲ ਉੱਠ ਖਲੋਤਾ ਤੇ ਭਰਵੇਂ ਵਾਕਾਂ 'ਚ ਆਖਣ ਲੱਗਾ "ਰੱਸੀ ਨੂੰ ਹੱਥ ਨਾ ਲਾਈਂ.. ਆਖਦਾ ਹਾਂ ਪਿਆ । ਖਬਰਦਾਰ ਚੰਗਾ ਨਹੀਂ ਹੋਣਾ।" ਉਹ ਤ੍ਰਬਕ ਗਏ। ਬੁੱਢੇ ਨੇ ਅਚੰਭੀ 'ਚ' ਪੈਂਦਿਆਂ ਆਖਿਆ-"ਕਿਉਂ?"

ਗਫ਼ੂਰ ਨੇ ਉਸੇ ਤਰਾਂ ਗੁੱਸੇ ਨਾਲ ਜਵਾਬ ਦਿੱਤਾ, "ਕਿਉ ਦਾ ਕੀ ਮਤਲਬ.. ਮੇਰੀ ਵਸਤ ਹੈ, ਮੈਂ ਨਹੀਂ ਵੇਚਣੀ ਮੇਰੀ ਖੁਸ਼ੀ।" ਇਹ ਆਖਦਿਆਂ ਉਸਨੇ ਨੋਟ ਪਰਾਂ ਸੁੱਟ ਮਾਰਿਆ। ਉਨ੍ਹਾਂ ਲੋਕਾਂ ਨੇ ਆਖਿਆ "ਕੱਲ ਰਸਤੇ 'ਚ ਬਿਆਨਾ ਜਿਹੜਾ ਫੜਿਆ ਸੀ?"

"ਆਹ ਲੈ ਆਪਣਾ ਬਿਆਨਾ ਵਾਪਸ ਲੈ।", ਆਖਦਿਆਂ ਉਸਨੇ ਜੇਬ 'ਚੋਂ ਦੋ ਰੁਪਈਏ ਕੱਢ ਸੁੱਟ ਮਾਰੇ। ਰੌਲਾ ਪੈ ਜਾਵੇਗਾ, ਇਸ ਖਿਆਲ ਨਾਲ ਬੁੱਢੇ ਨੇ ਹੱਸ ਕੇ ਧੀਰਜ ਨਾਲ ਆਖਿਆ "ਦਬਾਅ ਪਾ ਕੇ ਹੋਰ ਦੋ ਰੁਪਈਏ ਵੱਧ ਲੈਣਾ ਚਾਹੁੰਦਾ ਹੈ , ਇਹੋ ਗੱਲ ਹੈ ਨਾ.. ਦੇ ਛੱਡੋ ਜੀ। ਨਾਸ਼ਤੇ , ਪਾਣੀ ਵਾਸਤੇ ਉਸਦੀ ਧੀ ਦੀ ਤਲੀ 'ਤੇ ਧਰ ਛੱਡੋ ਦੋ ਰੁਪਈਏ। ਬਸ ਇਹੋ ਗੱਲ ਹੈ ਨਾਂ ...।"

"ਨਹੀਂ!!"

"ਪਰ ਇਸ ਤੋਂ ਵੱਧ ਕਿਸੇ ਧੇਲਾ ਵੀ ਨਹੀਂ ਦੇਣਾ ਪਤਾ ਈ?"

ਗਫ਼ੂਰ ਨੇ ਜੋਰ ਲਾ ਕੇ ਆਖਿਆ "ਨਹੀਂ।" ਬੁੱਢੇ ਨੇ ਨਰਾਜ ਹੋ ਕੇ ਕਿਹਾ, "ਤੇ ਹੋਰ ਕੀ, ਚਮੜੀ ਹੀ ਤਾਂ ਵੱਟਣੀ ਹੈ, ਨਹੀਂ ਤੇ ਮਾਲ ਇਸ ਵਿੱਚ ਕਿਹੜਾ ਹੈ?"

"ਤੋਬਾ- ਤੋਬਾ!!" ਗਫ਼ੂਰ ਦੇ ਮੂਹੋਂ ਅਚਨਚੇਤ ਇੱਕ ਭੱਦੀ ਕੌੜੀ ਗੱਲ ਨਿਕਲ ਗਈ ਤੇ ਦੂਜੇ ਹੀ ਪਲ ਉਹ ਆਪਣੇ ਕਮਰੇ ਵਿੱਚ ਵੜ ਉੱਚੀ-ਉੱਚੀ ਰੌਲਾ ਪਾ ਧਮਕੀਆਂ ਦੇਣ ਲੱਗਾ ਕਿ ਜੇ ਉਹ ਛੇਤੀ ਦੇਣੀ ਪਿੰਡੋਂ ਬਾਹਰ ਨਾ ਗਏ ਤਾਂ ਜ਼ਿਮੀਦਾਰ ਦੇ ਬੰਦਿਆਂ ਨੂੰ ਬੁਲਾ, ਜੁੱਤੀਆਂ ਮਾਰ ਇਥੋਂ ਕਢਵਾ ਸੁੱਟਾਂਗਾ। ਰੌਲਾ ਗੌਲਾ ਸੁਣ ਲੋਕੀ ਇਕੱਠੇ ਹੋ ਗਏ, ਇੰਨੀ ਚਿਰੀਂ ਜ਼ਿਮੀਦਾਰ ਦੇ ਘਰੋਂ ਉਸ ਨੂੰ ਸੱਦਾ ਆ ਗਿਆ। ਗੱਲ ਮਾਲਕ ਸਾਬ ਹੁਰਾਂ ਤੱਕ ਅੱਪੜ ਗਈ ਸੀ। ਕਚਹਿਰੀ ਵਿੱਚ ਉਸ ਵੇਲੇ ਚੰਗੇ-ਮਾੜੇ, ਉੱਚੇ-ਨੀਵੇਂ ਸਾਰੇ ਬੰਦੇ ਬੈਠੇ ਹੋਏ ਸਨ। ਸ਼ਿਵ ਸ਼ੰਕਰ ਹੁਰਾਂ ਨੇ ਅੱਖਾਂ ਕੱਢਦਿਆਂ ਆਖਿਆ, "ਗਫ਼ੂਰੇ ਤੈਨੂੰ ਕੀ ਸਜ਼ਾ ਦਿੱਤੀ ਜਾਵੇ, ਕੁਝ ਸਮਝ ਨਹੀਂ ਆ ਰਿਹਾ, ਤੂੰ ਕਿਸ ਜ਼ਿਮੀਦਾਰ ਹੇਠ ਰਹਿੰਦਾ ਹੈ ...ਪਤਾ ਹੈ ਭਲਾ?" ਗਫ਼ੂਰ ਨੇ ਹੱਥ ਜੋੜਦਿਆਂ ਆਖਿਆ' "ਪਤਾ ਹੈ , ਅਸੀਂ ਅੰਨ ਬਿਨਾਂ ਮਰਦੇ ਜਾਂਦੇ ਹਾਂ ਹਜ਼ੂਰ.. ਨਹੀਂ ਤਾਂ ਅੱਜ ਤੁਸੀਂ ਜੋ ਵੀ ਜ਼ੁਰਮ ਲਾਉਂਦੇ, ਮੈਂ ਨਾਂਹ ਨਾ ਕਰਦਾ।" ਸਾਰੇ ਹੈਰਾਨ ਰਹਿ ਗਏ।

ਇਸ ਬੰਦੇ ਨੂੰ ਉਹ ਜਿੱਦੀ ਤੇ ਬਦਤਮੀਜ਼ ਸਮਝਦੇ ਆ ਰਹੇ ਸਨ। ਗਫ਼ੂਰ ਨੇ ਭਰੇ ਗੱਚ ਨਾਲ ਆਖਿਆ, "ਇਸ ਤਰਾਂ ਦਾ ਹੁਣ ਕਦੇ ਨਹੀਂ ਕਰਾਂਗਾ ਮਾਲਿਕ ਸਾਬ।" ਇੰਨਾ ਆਖ ਉਸਨੇ ਆਪ ਹੀ ਆਪਣੇ ਦੋਹੇਂ ਹੱਥਾਂ ਨਾਲ ਆਪਣੇ ਕੰਨ ਫੜੇ ਤੇ ਵਿਹੜੇ 'ਚ ਇੱਕ ਪਾਸੇ ਆਪਣੀ ਨੱਕ ਰਗੜ ਕੇ ਆ ਖਲੋਤਾ। ਸ਼ਿਵ ਸ਼ੰਕਰ ਹੁਰਾਂ ਨੇ ਤਰਸ ਵਾਲੀ ਆਵਾਜ਼ ਵਿੱਚ ਕਿਹਾ, "ਚੰਗਾ, ਜਾ-ਜਾ ਹੁਣ ਬਹੁਤ ਹੋ ਗਿਆ, ਜਾ.. ਮੁੜ ਏਦਾਂ ਕਦੇ ਨਾ ਕਰੀਂ।"

ਗੱਲ ਸੁਣ ਸਾਰਿਆਂ ਦੇ ਲੂੰ ਕੰਡੇ ਖੜ੍ਹੇ ਹੋ ਗਏ। ਇਸ ਗੱਲ ਵਿੱਚ ਕਿਸੇ ਨੂੰ ਮਾੜਾ ਜਿਹਾ ਸ਼ੱਕ ਵੀ ਨਾ ਰਹਿ ਗਿਆ ਕਿ ਇਹ ਜੋ ਇਨਾਂ ਪਾਪ ਹੋਣੋ ਰਹਿ ਗਿਆ-ਇਹ ਮਾਲਿਕ ਸਾਬ ਦੇ ਪੁੰਨ ਕਰਕੇ ਤੇ ਉਨ੍ਹਾਂ ਦੇ ਰਾਜ ਕਰਕੇ। ਤਰਕਰਤਨ ਹੁਰੀਂ ਵੀ ਉਥੇ ਹੀ ਸਨ। ਉਨ੍ਹਾਂ ਨੇ ਗਊ ਸ਼ਬਦ ਦੀ ਸ਼ਾਸਤਰਾਂ ਦੇ ਅਨੁਸਾਰ ਵਿਆਖਿਆ ਕੀਤੀ ਤੇ ਇਸ ਤਰ੍ਹਾਂ ਦੇ ਧਰਮ ਗਿਆਨ ਤੋਂ ਪਰੇ ਮਲੇਛ ਜਾਤ ਨੂੰ , ਪਿੰਡ ਦੇ ਨੇੜੇ ਤੇੜੇ ਵੀ ਕਿਉਂ ਨਹੀਂ ਵੱਸਣ ਦੇਣਾ ਚਾਹੀਦਾ... ਇਹ ਗੱਲ ਦੱਸ ਕੇ ਲੋਕਾਂ ਦੇ ਗਿਆਨ ਨੇਤਰ ਖੋਲ੍ਹ ਛੱਡੇ। ਗਫ਼ੂਰ ਨੇ ਕਿਸੇ ਗੱਲ ਦਾ ਕੋਈ ਜਵਾਬ ਨਾ ਦਿੱਤਾ, ਪਰ ਉਸ ਨੇ ਇਸ ਨਿੰਦਾ ਤੇ ਬੇਇੱਜ਼ਤੀ ਨੂੰ ਸਹੀ ਮੰਨ, ਸਿਰ ਮੱਥੇ ਤੇ ਲਿਆ ਤੇ ਖੁਸ਼ੀ ਖੁਸ਼ੀ ਘਰ ਨੂੰ ਮੁੜ ਗਿਆ। ਉਸਨੇ ਗਵਾਂਢੀਆਂ ਕੋਲੋਂ ਪਿੱਛ ਮੰਗ ਕੇ ਮਹੇਸ਼ ਨੂੰ ਪਿਆਈ ਤੇ ਉਸਦੇ ਪਿੰਡੇ, ਸਿਰ ਤੇ ਸਿੰਗਾਂ ਤੇ ਵਾਰ-ਵਾਰ ਹੱਥ ਫੇਰ ਬੁੜਬੁੜਾਉਂਦਿਆਂ ਪਤਾ ਨਹੀਂ ਕੀ ਕਹਿੰਦਾ ਰਿਹਾ।

ਜੇਠ ਮਹੀਨਾ ਮੁੱਕ ਚੱਲਿਆ ਸੀ।

ਰੁਦਰ ਦੀ ਜਿਸ ਮੂਰਤੀ ਨੇ ਇੱਕ ਦਿਨ ਵਿਸਾਖੀ ਦੇ ਅਖੀਰ ਵਿੱਚ ਆਤਮ ਪ੍ਰਕਾਸ਼ ਕੀਤਾ ਸੀ, ਉਹ ਕਿੰਨੀ ਵਿਸ਼ਾਲ ਤੇ ਕਠੋਰ ਹੋ ਸਕਦੀ ਹੈ ਇਸ ਗੱਲ ਦਾ ਅੰਦਾਜ਼ਾ ਅੱਜ ਦੇ ਅਕਾਸ਼ ਵੱਲ ਬਿਨਾਂ ਤੱਕੇ ਕੀਤਾ ਹੀ ਨਹੀਂ ਜਾ ਸਕਦਾ। ਕਿਤੇ ਵੀ ਜਰਾ ਜਿੰਨੀ ਦਾਇਆ ਦਾ ਚਿੱਤ ਚੇਤਾ ਵੀ ਨਹੀਂ।

ਕਦੇ ਇਹ ਰੂਪ ਜਰਾ ਜਿਹਾ ਵੀ ਬਦਲ ਸਕਦਾ ਹੈ ਤੇ ਕਿਸੇ ਦਿਨ ਇਹ ਅਕਾਸ਼ ਬੱਦਲਾਂ ਨਾਲ ਭਰ ਵੀ ਸਕਦਾ ਹੈ, ਇਹ ਗੱਲ ਅੱਜ ਸੋਚ ਵਿੱਚ ਵੀ ਭੈ ਦਿੰਦੀ ਹੈ। ਸਾਰੇ ਅਕਾਸ਼ ਤੇ ਜੋ ਬਲਦੀ ਅੱਗ ਜਿਹੀ ਇੱਕੋ ਸਾਰ ਵਰ੍ਹ ਰਹੀ ਹੈ ਉਸਦਾ ਕੋਈ ਅੰਤ ਨਹੀਂ, ਸਮਾਪਤੀ ਵੀ ਨਹੀਂ, ਸਾਰਿਆਂ ਨੂੰ ਅਖੀਰ ਤੱਕ ਸਾੜਨ ਬਗੈਰ ਉਹ ਰੁਕਣ ਵਾਲੀ ਨਹੀਂ।

ਇਸ ਤਰ੍ਹਾਂ ਦੇ ਹੀ ਇੱਕ ਦਿਨ ਗਫ਼ੂਰ ਐਨ ਦੁਪਹਿਰ ਘਰ ਪਰਤਿਆ। ਦੂਜਿਆਂ ਦੇ ਬੂਹੇ ਤੇ ਉਸਨੂੰ



ਨੌਕਰੀ ਕਰਨ ਦੀ ਆਦਤ ਨਹੀਂ, ਤੇ ਅਜੇ ਪਿੰਡੇ ਦਾ ਤਾਪ ਚੜ੍ਹੇ ਨੂੰ ਵੀ ਚਾਰ-ਪੰਜ ਦਿਹਾੜੇ ਹੀ ਹੋਏ ਸਨ। ਪਿੰਡਾ ਕਮਜੋਰ ਹੈ, ਥੱਕਿਆ ਹੋਇਆ। ਫਿਰ ਵੀ ਅੱਜ ਉਹ ਕੰਮ ਦੀ ਤਲਾਸ਼ ਵਿੱਚ ਘਰੋਂ ਤੁਰਿਆ ਸੀ, ਪਰ ਇੰਨੀ ਧੁੱਪ ਵਿੱਚ ਤੁਰਨ ਮਗਰੋਂ ਵੀ ਹੱਥ 'ਚ ਕੁਝ ਨਾ ਆਇਆ। ਧੁੱਪ ਤ੍ਰੇਹ ਤੇ ਥਕੇਵੇਂ ਨਾਲ ਉਸ ਦੀਆਂ ਅੱਖਾਂ ਅੱਗੇ ਹਨੇਰਾ ਦਿਸਦਾ ਸੀ। ਵਿਹੜੇ 'ਚ ਖਲੋ ਉਸਨੇ ਅਮੀਨਾ ਨੂੰ ਅਵਾਜ਼ ਮਾਰੀ-"ਅਮੀਨਾ ਚੌਲ ਰਿੰਨੇ ਗਏ ਨੇ?" ਕੁੜੀ ਕਮਰੇ 'ਚੋਂ ਨਿਕਲ ਚੁੱਪ ਕਰਕੇ ਕਿੱਲੇ ਦੇ ਨਾਲ ਲਗ ਕੇ ਖਲੋ ਗਈ। ਜਵਾਬ ਨਾ ਮਿਲਣ ਕਰਕੇ ਗਫ਼ੂਰ ਚੀਖ਼ ਕੇ ਆਖਣ ਲੱਗਾ, "ਹੈ ਨੀਂ ਚੌਲ? ਕੀ ਆਖਿਆ ... ਨਹੀਂ ਹਨ? ਕਿਉਂ ਨਹੀਂ ਹਨ ਦੱਸ?"

"ਚੌਲ ਹੈ ਨਹੀਂ ਬਾਪੂ।"

" ਚੌਲ ਨਹੀਂ ਹਨ? ਸਵੇਰੇ ਦੱਸਿਆ ਕਿਉਂ ਨਹੀਂ ਮੈਨੂੰ?"

"ਰਾਤੀ ਤਾਂ ਦੱਸਿਆ ਸੀ।"

ਗਫ਼ੂਰ ਨੇ ਮੂੰਹ ਬਣਾ ਕੇ ਉਸਦੀਆਂ ਸਾਂਗਾ ਲਾਉਂਦਿਆਂ ਕਿਹਾ, "ਰਾਤੀ ਤਾਂ ਦੱਸਿਆ ਸੀ, ਰਾਤੀ ਦੱਸਣ ਨਾਲ ਚੇਤਾ ਰਹਿੰਦਾ ਹੈ ਭਲਾ?" ਕੁਰਲਾਵੀਂ ਅਵਾਜ਼ ਨਾਲ ਉਸ ਦਾ ਕਰੋਧ ਦੁੱਗਣਾ ਹੋ ਗਿਆ। ਉਹ ਸ਼ਕਲ ਵਿਗਾੜ ਕੇ ਆਖਣ ਲੱਗਾ, "ਚੌਲ ਬਚਣੇ ਕਿੱਥੋਂ ਨੇ। ਬਿਮਾਰ ਪਿਉ ਖਾਏ ਨਾ ਖਾਏ ਢੀਂਗੜੀ ਧੀ ਨੂੰ ਚਾਰ-ਚਾਰ, ਪੰਜ-ਪੰਜ ਵੇਰਾਂ ਖਾਣ ਨੂੰ ਚਾਹੀਦੈ। ਅੱਜ ਤੋਂ ਚੌਲ ਮੈਂ ਜਿੰਦੇ ਅੰਦਰ ਰੱਖਣੇ ਨੇ। ਲਿਆ ਇੱਕ ਗੜਵੀ ਪਾਣੀ ਦੇ, ਪਿਆਸ ਨਾਲ ਛਾਤੀ ਫਟੀ ਜਾਂਦੀ ਹੈ.. ਆਖ ਛੱਡ ਪਾਣੀ ਵੀ ਅੰਦਰ ਨਹੀਂ।"

ਅਮੀਨਾ ਉਸੇ ਤਰ੍ਹਾਂ ਸਿਰ ਸੁੱਟ ਕੇ ਖਲੋਤੀ ਰਹੀ। ਕੁਝ ਚਿਰ ਪਿੱਛੋਂ ਜਦੋਂ ਗਫ਼ੂਰ ਸਮਝ ਗਿਆ ਕਿ ਘਰ ਪੀਣ ਵਾਲਾ ਪਾਣੀ ਵੀ ਨਹੀਂ ਹੈ ਤਾਂ ਆਪਣੇ ਆਪ ਨੂੰ ਸੰਭਾਲ ਨਾ ਸਕਿਆ। ਉਸਨੇ ਝਟਪਟ ਕੋਲ ਆ ਕੇ ਉਸਦੀਆਂ ਗੱਲਾਂ ਤੇ ਚਪੇੜ ਦੇ ਮਾਰੀ ਤੇ ਆਖਿਆ, "ਕਾਲੇ ਮੂੰਹ ਵਾਲੀਏ, ਹਰਾਮ ਜਾਦੀਏ ਕੁੜੀਏ, ਸਾਰੀ ਦਿਹਾੜੀ ਤੂੰ ਕੀ ਪਈ ਕਰਦੀ ਰਹਿੰਦੀ ਏਂ? ਇੰਨੇ ਲੋਕੀ ਮਰਦੇ ਨੇ ਤੂੰ ਕਿਉਂ ਨਹੀਂ ਮਰਦੀ।"

ਕੁੜੀ ਨੇ ਕੋਈ ਜਵਾਬ ਨਾ ਦਿੱਤਾ, ਮਿੱਟੀ ਦੀ ਗਾਗਰ ਚੁੱਕ ਇੰਨੀ ਸਖਤ ਧੁੱਪ ਵਿੱਚ ਅੱਖਾਂ ਪੂੰਝਦੀ ਚੁੱਪ ਕਰਕੇ ਤੁਰ ਪਈ , ਪਰ ਉਸਦੀਆਂ ਅੱਖਾਂ ਓਹਲੇ ਹੁੰਦੇ ਹੀ ਗਫ਼ੂਰ ਦੀ ਛਾਤੀ 'ਚ ਸੂਲ ਜਿਹਾ ਰੜਕਣ ਲੱਗਾ। ਬਿਨਾਂ ਮਾਂ ਦੀ ਧੀ ਨੂੰ ਉਸ ਕਿਸ ਤਰਾਂ ਪਾਲ ਕੇ ਵੱਡਾ ਕੀਤਾ, ਹੈ ਇਹ ਤਾਂ ਉਹੀ ਜਾਣਦਾ ਹੈ।

ਉਹ ਸੋਚਾਂ 'ਚ ਪੈ ਗਿਆ-ਉਸਦੀ ਲਾਡ ਲਡਾਉਣੀ , ਰੱਜ ਕੇ ਕੰਮ ਕਰਨ ਵਾਲੀ ਧੀ ਦਾ ਕੋਈ ਕਸੂਰ ਨਹੀਂ। ਖੇਤ 'ਚੋਂ ਜਿਹੜਾ ਮਾੜਾ ਜਿਹਾ ਅਨਾਜ ਸੀ ਉਹ ਮੁੱਕ ਜਾਣ ਦੇ ਬਾਦ ਉਸਨੂੰ ਦੋ ਡੰਗ ਢਿੱਡ ਭਰ ਕੇ ਖਾਣ ਜੋਗਾ ਵੀ ਨਹੀਂ ਲੱਭਦਾ। ਕਿਸੇ ਦਿਨ ਇੱਕ ਡੰਗ ਹੀ ਖਾਂਦੀ ਹੈ ਕਿਸੇ ਦਿਨ ਉਹ ਵੀ ਨਸੀਬ ਨਹੀਂ ਹੁੰਦਾ। ਦਿਨ ਵਿੱਚ ਚਾਰ-ਚਾਰ, ਪੰਜ-ਪੰਜ ਡੰਗ ਖਾਣ ਦੀ ਗੱਲ ਜਿੰਨੀ ਅਸੰਭਵ ਸੀ, ਓਨੀ ਹੀ ਝੂਠ ਤੇ ਘਰ-ਪਾਣੀ ਨਾ ਰਹਿਣ ਦੀ ਵਜ੍ਹਾ ਵੀ ਉਸ ਕੋਲੋਂ ਲੁਕੀ ਨਹੀਂ ਸੀ। ਪਿੰਡ ਦੇ ਦੋਹੇ-ਤਿੰਨੇ ਤਲਾ ਸੁੱਕ ਗਏ ਸਨ। ਸ਼ਿਵਚਰਨ ਹੁਰਾਂ ਦੇ ਪਿਛਵਾੜੇ ਵਾਲੇ ਟੋਬੇ 'ਚ ਜਿਹੜਾ ਮਾੜਾ-ਮੋਟਾ ਪਾਣੀ ਸੀ ਵੀ ਉਹ ਸਾਰਿਆਂ ਨੂੰ ਨਹੀਂ ਸੀ ਲੱਭਦਾ । ਵੱਖ-ਵੱਖ ਛੱਪੜਾਂ 'ਚ, ਇੱਕ ਅੱਧੀ ਥਾਂ ਤੇ ਟੋਏ ਪੁੱਟ, ਜਿਹੜਾ ਪਾਣੀ ਇਕੱਠਾ ਹੁੰਦਾ ਉਸ ਵਾਸਤੇ ਵੀ ਧੂਹ ਖਿੱਚ ਪੈ ਜਾਂਦੀ ਤੇ ਉਥੇ ਭੀੜ ਵੀ ਪੈ ਜਾਂਦੀ। ਮੁਸਲਮਾਨ ਹੋਣ ਕਰਕੇ ਉਹ ਉਨ੍ਹਾਂ ਲਾਗੇ ਵੀ ਨਹੀਂ ਸੀ ਜਾ ਸਕਦੀ। ਘੰਟਿਆਂ ਬੱਧੀ ਦੂਰ ਖਲੋ ਡਾਹਡੇ ਤਰਲਿਆਂ ਪਿੱਛੋਂ ਕੋਈ ਤਰਸ ਕਰ ਉਸਦੇ ਭਾਂਡੇ 'ਚ ਪਾਣੀ ਪਾ ਦੇਵੇ ਤਾਂ ਉਹ ਘਰ ਨੂੰ ਲਿਆਏ ਇਸ ਗੱਲ ਤੋਂ ਤਾਂ ਉਹ ਜਾਣੂ ਸੀ। ਹੋ ਸਕਦਾ ਹੈ.. ਅੱਜ ਪਾਣੀ ਹੋਵੇ ਈ ਨਾ ਜਾਂ ਖੋਹਾ ਖੋਹੀ 'ਚ ਕਿਸੇ ਨੂੰ ਕੁੜੀ ਤੇ ਤਰਸ ਕਰਨ ਦਾ ਵੇਲਾ ਹੀ ਨਾ ਲੱਭਿਆ ਹੋਵੇ। ਇੱਦਾਂ ਦੀ ਹੀ ਕੋਈ ਗੱਲ ਬਣੀ ਹੋਣੀ ਹੈ। ਇਹ ਸਮਝ ਆਉਂਦਿਆਂ ਹੀ ਉਸਦੀਆਂ

ਅੱਖਾਂ 'ਚ' ਹੰਝੂ ਭਰ ਆਏ। ਇੰਨੀ ਚਿਰੀਂ ਜ਼ਿਮੀਦਾਰ ਦਾ ਪਿਆਦਾ,ਯਮਦੂਤ ਵਾਂਗ ਵਿਹੜੇ 'ਚ ਆਣ ਖਲੋਤਾ.. ਆਖਣ ਲੱਗਾ "ਗਫ਼ੂਰ ਘਰੇ ਹੈ ਕੀ"? ਗਫ਼ੂਰ ਨੇ ਤਿੱਖੀ ਬੋਲੀ 'ਚ ਜਵਾਬ ਦਿੱਤਾ, "ਆਹੋ ਕਿਉਂ, ਕੀ ਗੱਲ?"

"ਸ੍ਹਾਬ ਹੁਰੀਂ ਸੱਦਦੇ ਨੇ.. ਚਲ ਤੁਰ।"

ਗਫ਼ੂਰ ਨੇ ਆਖਿਆ "ਅਜੇ ਮੈਂ ਖਾਧਾ-ਪੀਤਾ ਨਹੀਂ ਕੱਖ.. ਤੇਰੇ ਮਗਰੇ ਹੀ ਆਉਂਦਾ ਹਾਂ।"

ਇੰਨਾ ਜਬਰਦਸਤ ਹੌਂਸਲਾ ਪਿਆਦੇ ਤੋਂ ਜਰ ਨਾ ਹੋਇਆ।ਉਸਨੇ ਮਾੜਾ ਬੋਲ ਬੋਲਦਿਆਂ ਆਖਿਆ, "ਸ੍ਹਾਬ ਹੁਰਾਂ ਦਾ ਹੁਕਮ ਹੈ, ਜੁੱਤੀਆਂ ਮਾਰਦੇ ਮਾਰਦੇ ਘੜੀਸ ਕੇ ਲੈ ਆਣ ਦਾ"। ਗਫ਼ੂਰ ਦੂਜੀ ਵਾਰ ਆਪਾ ਵਿਸਰ ਗਿਆ। ਉਸਨੇ ਵੀ ਕੌੜਾ ਬੋਲ ਬੋਲਦਿਆਂ ਆਖਿਆ, " ਮਹਾਰਾਣੀ ਦੇ ਰਾਜ ਵਿੱਚ ਕੋਈ ਕਿਸੇ ਦਾ ਗੁਲਾਮ ਨਹੀਂ। ਲਗਾਨ ਦਿੰਦਾ ਹਾਂ, ਮੁਫ਼ਤ ਨਹੀਂ ਮੈਂ ਆਉਣਾ।"

ਪਰ ਦੁਨੀਆਂ ਵਿੱਚ ਇੰਨੀ ਨਿੱਕੀ ਗੱਲ ਵਾਸਤੇ, ਇੰਨੇ ਵੱਡੇ ਦੀ ਦੁਹਾਈ ਪਾਉਣਾ, ਐਵੇਂ ਜਿਹਾ ਹੀ ਨਹੀਂ ਸਗੋਂ ਔਖਿਆਇਆਂ ਨੂੰ ਸੱਦਾ ਹੈ। ਇਹ ਤਾਂ ਖ਼ੈਰ ਹੋਈ ਕੀ ਉਸਦੀ ਬਰੀਕ ਸੰਘੀ ਦੀ ਅਵਾਜ਼ ਪਿਆਦੇ ਦੇ ਵੱਡੇ ਕੰਨਾ ਤੱਕ ਅੱਪੜੀ ਨਹੀਂ, ਨਹੀਂ ਤਾਂ ਉਸਦੇ ਮੂੰਹ ਦੀ ਗਰਾਹੀ ਤੇ ਅੱਖਾਂ ਦੀ ਨਿੰਦਰ ਉੱਡ ਜਾਣੀ ਸੀ। ਇਸ ਪਿੱਛੋਂ ਕੀ ਹੋਇਆ ਵਾਧੂ ਆਖਣ ਦੀ ਲੋੜ ਨਹੀਂ ਐਪਰ ਘੰਟੇ ਪਿੱਛੋਂ ਜਦ ਉਹ ਜ਼ਿਮੀਦਾਰ ਦੇ ਘਰੋਂ ਮੁੜ, ਚੁੱਪ-ਚੁਪੀਤਾ ਪਿਆ ਹੋਇਆ ਸੀ ਤਾਂ ਉਸਦਾ ਚਿਹਰਾ 'ਤੇ ਅੱਖਾਂ ਸੁੱਜ ਗਈਆਂ ਸਨ ਤੇ ਇਸਦਾ ਵੱਡਾ ਕਾਰਨ ਸੀ, ਮਹੇਸ਼। ਉਸਦੇ ਘਰੋਂ ਬਾਹਰ ਨਿਕਲਨ ਪਿੱਛੋਂ ਹੀ ਉਹ ਰੱਸੀ ਤੋੜ ਕੇ ਨੱਠ ਗਿਆ ਤੇ ਜ਼ਿਮੀਦਾਰ ਦੇ ਬਗੀਚੇ 'ਚ ਵੱੜ ਸਾਰੇ ਫੁੱਲਾਂ ਦੇ ਬੂਟੇ ਭੰਨ ਸੁੱਟੇ। ਅਖੀਰ ਫੜਨ ਦੀ ਵਿਉਂਤ ਕੀਤੀ ਤਾਂ ਉਹ ਸਾਬ ਹੁਰਾਂ ਦੀ ਛੋਟੀ ਧੀ ਨੂੰ ਸੁੱਟ ਕੇ ਨੱਠ ਗਿਆ। ਇਹ ਗੱਲ ਪਹਿਲਾਂ ਪਹਿਲ ਹੋਈ ਸੀ, ਇੰਝ ਨਹੀਂ ਹੈ, ਪਹਿਲਾਂ ਵੀ ਵਾਪਰ ਚੁੱਕੀ ਹੈ, ਪਰ ਗਰੀਬ ਹੋਣ ਕਰਕੇ ਉਸਨੂੰ ਮਾਫੀ ਮਿਲ ਜਾਂਦੀ ਸੀ। ਪਰ ਪਰਜਾ ਹੋ ਕੇ , ਉਸਦਾ ਇਹ ਆਖਣਾ ਕਿ ਉਹ ਲਗਾਨ ਦੇ ਕੇ ਰਹਿੰਦਾ ਹੈ ਤੇ ਕਿਸੇ ਦਾ ਗੁਲਾਮ ਨਹੀਂ, ਜ਼ਿਮੀਦਾਰ ਤੋਂ ਜ਼ਰ ਨਾ ਹੋਇਆ। ਉੱਥੇ ਉਸਨੇ ਕੁੱਟ ਖਾਣ ਤੇ ਬੇਇੱਜ਼ਤੀ ਹੋਣ ਤੇ ਜਰਾ ਵੀ ਔਖ ਨਾ ਮਨਾਈ, ਸਾਰਾ ਕੁਝ ਸਹਿ ਲਿਆ ਤੇ ਘਰ ਆ ਕੇ ਵੀ ਉਸ ਤਰਾਂ ਮੂੰਹ ਸੀਂ ਕੇ ਪਿਆ ਰਿਹਾ।

ਭੁੱਖ-ਤ੍ਰੇਹ ਤਾਂ ਵਿਸਰ ਗਈ ਪਰ ਛਾਤੀ ਅੰਦਰ ਭਾਂਬੜ ਬਲ ਪਿਆ। ਇਸੇ ਤਰ੍ਹਾਂ ਕਿੰਨਾ ਚਿਰ ਲੰਘ ਗਿਆ, ਉਸਨੂੰ ਕੋਈ ਹੋਸ਼ ਨਾ ਰਹੀ, ਪਰ ਵਿਹੜੇ 'ਚੋਂ ਚਾਣ ਚੱਕ ਆਪਣੀ ਧੀ ਦੀ ਹੂੰਗਣ ਦੀ ਅਵਾਜ਼ ਕੰਨੀ ਪੈਂਦਿਆਂ ਹੀ ਉਹ ਝਟਪਟ ਉੱਠ ਬੈਠਾ ਤੇ ਉਧਰ ਨੂੰ ਭੱਜਿਆ। ਬਾਹਰ ਜਾ ਕੇ ਕੀ ਤੱਕਦਾ ਹੈ ਅਮੀਨਾ ਜ਼ਮੀਨ ਤੇ ਪਈ ਹੈ, ਉਸਦੀ ਟੁੱਟੀ ਗਾਗਰ 'ਚੋਂ ਪਾਣੀ ਵੱਗ ਰਿਹਾ ਹੈ ਤੇ ਮਹੇਸ਼ ਮਿੱਟੀ ਤੇ ਮੂੰਹ ਲਾ ਕੇ ਮਾਰੂਥਲ ਵਾਂਗ , ਪਾਣੀ ਸੋਖ ਕੇ ਪੀ ਰਿਹਾ ਹੈ। ਅੱਖਾਂ ਦੀਆਂ ਪਲਕਾਂ ਵੀ ਨਾ ਫੜਕੀਆਂ। ਗਫ਼ੂਰ ਦੀ ਹੋਸ਼ ਗੁੰਮ ਹੋ ਗਈ। ਕੱਲ ਉਸਨੇ ਹੱਲ ਦਾ ਇਹ ਸਿਰਾ ਖੋਲ੍ਹ ਕੇ ਮੁਰੰਮਤ ਵਾਸਤੇ ਧਰਿਆ ਸੀ, ਉਸੇ ਨੂੰ ਦੋਹਾਂ ਹੱਥਾਂ ਨਾਲ ਚੱਕ ਉਸਨੇ ਮਹੇਸ਼ ਦੇ ਝੁਕੇ ਹੋਏ ਮੱਥੇ 'ਤੇ ਵਗਾ ਮਾਰਿਆ। ਇੱਕ ਵਾਰ ਸਿਰਫ ਇੱਕ ਵਾਰ ਮਹੇਸ਼ ਨੇ ਮੂੰਹ ਤਹਾਂ ਚੁੱਕਣ ਦੀ ਕੋਸ਼ਿਸ਼ ਕੀਤੀ। ਉਸ ਪਿੱਛੋਂ ਉਸਦਾ ਭੁੱਖਾ ਤੇ ਤ੍ਰੇਹਿਆ ਸਰੀਰ ਜ਼ਮੀਨ ਤੇ ਜਾ ਲੱਗਾ। ਅੱਖਾਂ 'ਚੋਂ ਹੰਝੂਆਂ ਦੀਆਂ ਕੁਝ ਬੂੰਦਾਂ ਪੁੜ ਪੁੜੀ ਵੱਲ ਨੂੰ ਹੋ ਤੁਰੀਆਂ ਤੇ ਕੰਨਾਂ ਰਾਹੀਂ ਥੋੜ੍ਹਾ ਲਹੂ ਵਗ ਨਿਕਲਿਆ। ਦੋ-ਤ੍ਰੈ ਵਾਰਾਂ ਸਾਰਾ ਪਿੰਡਾ ਥਰ-ਥਰ ਕੰਬਿਆ ਪਿੱਛੋਂ , ਅਗਲੇ ਤੇ ਪਿਛਲੇ ਪੈਰ ਜਿੰਨੇ ਕੁ ਆਕੜ ਸਕਦੇ ਸਨ, ਅਕੜਾ ਕੇ ਮਹੇਸ਼ ਨੇ ਅਖੀਰਲਾ ਸਾਹ ਲਿਆ। ਅਮੀਨਾ ਰੋਣ ਲੱਗ ਪਈ, ਆਖਿਆ.. "ਕੀ ਕਰ ਧਰਿਆ ਬਾਪੂ? ਆਪਣਾ ਮਹੇਸ਼ ਤੇ ਮਰ ਗਿਆ।"

ਗਫ਼ੂਰ ਟਸ ਤੋਂ ਮਸ ਨਾ ਹੋਇਆ ਨਾ ਕੋਈ ਜਵਾਬ ਦਿੱਤਾ, ਸਿਰਫ ਇੱਕ ਸਾਰ, ਅੱਖਾਂ ਮੂਹਰੇ ਪਏ



ਮਹੇਸ਼ ਦੀਆਂ ਪੱਥਰ ਹੋਇਆਂ ਗਹਿਰੀਆਂ ਕਾਲੀਆਂ ਅੱਖਾਂ ਵੱਲ ਤੱਕਦਾ ਹੋਇਆ ਆਪ ਵੀ ਵੱਟੇ ਵਾਂਗ ਖਲੋਤਾ ਰਿਹਾ। ਦੋ ਘੰਟਿਆਂ ਅੰਦਰ ਖ਼ਬਰ ਸੁਣ ਦੂਜੇ ਪਿੰਡ ਦੇ ਮੋਚੀ ਵੀ ਆਣ ਜੁਟੇ ਤੇ ਮਹੇਸ਼ ਨੂੰ ਬਾਂਸ ਨਾਲ ਬੰਨ੍ਹ ਜੰਗਲਾਂ 'ਚ ਲੈ ਤੁਰੇ। ਉਨਾਂ ਦੇ ਹੱਥਾਂ 'ਚ ਲਿਸ਼ਕਦੇ ਧਾਰੀਦਾਰ ਛੁਰੇ ਤੱਕ ਗਫ਼ੂਰ ਕੰਬ ਗਿਆ। ਝੱਟ ਉਸਨੇ ਅੱਖਾਂ ਬੰਦ ਕਰ ਲਈਆਂ। ਉਸਦੇ ਮੂਹੋਂ ਕੋਈ ਬੋਲ ਨਾ ਫੁੱਟਿਆ। ਮੁਹੱਲੇ ਦੇ ਲੋਕੀ ਆਖਣ ਲੱਗ ਪਏ, "ਤਰਕਰਤਨ ਹੁਰਾਂ ਪਾਸੋਂ ਇਸ ਸਾਰੀ ਗੱਲਬਾਤ ਦੀ ਪੜਤਾਲ ਲਈ ਜ਼ਿਮੀਦਾਰ ਨੇ ਬੰਦਾ ਘੱਲਿਆ। ਪਛਤਾਵੇ ਵਾਸਤੇ ਪੈਸਾ ਇਕੱਠਾ ਕਰਨ ਵਿੱਚ ਹੁਣ ਤੇਰਾ ਘਰ-ਬਾਰ ਤੱਕ ਵਿਕ ਜਾਣਾ।"

ਗਫ਼ੂਰ ਨੇ ਇਨ੍ਹਾਂ ਗੱਲਾਂ ਦਾ ਕੋਈ ਜਵਾਬ ਨਾ ਦਿੱਤਾ। ਉਹ ਗੋਡਿਆਂ 'ਤੇ ਸਿਰ ਦੇ ਕੇ ਚੁਪ ਕਰਕੇ ਬੈਠਾ ਰਿਹਾ।

ਰਾਤ ਦਾ ਬਹੁਤ ਵੇਲਾ ਲੰਘਣ ਮਗਰੋਂ ਗਫ਼ੂਰ ਨੇ ਕੁੜੀ ਨੂੰ ਜਗਾ ਕੇ ਆਖਿਆ "ਅਮੀਨਾ ਚੱਲ, ਅਸੀਂ ਤੁਰੀਏ ਇੱਥੋਂ।" ਉਹ ਬਰਾਂਡੇ 'ਚ ਸੁੱਤੀ ਪਈ ਸੀ। ਅੱਖਾਂ ਮਲਦੀ ਉੱਠ ਬੈਠੀ, ਆਖਣ ਲੱਗੀ, "ਕਿੱਧਰ ਬਾਪੂ?"

ਗਫ਼ੂਰ ਨੇ ਆਖਿਆ "ਫੁਲਵਾੜੀ ਦੀ ਜੂਟ ਮਿਲ ਵਿੱਚ ਕੰਮ ਕਰਨ।" ਕੁੜੀ ਅਚੰਭੇ 'ਚ ਪੈ ਗਈ ਤੇ ਪਿਉ ਦਾ ਮੂੰਹ ਤੱਕਣ ਲੱਗੀ। ਇਸ ਤੋਂ ਪਹਿਲਾਂ ਵੱਡੇ ਤੋਂ ਵੱਡੇ ਦੁੱਖ ਵੇਲੇ ਵੀ ਉਸਦਾ ਬਾਪੂ ਜੂਟ ਮਿੱਲ 'ਚ ਕੰਮ ਕਰਨ ਨੂੰ ਰਾਜੀ ਨਹੀਂ ਸੀ ਹੁੰਦਾ, ਆਖਦਾ ਹੁੰਦਾ ਸੀ, ਉੱਥੇ ਧਰਮ ਕਾਇਮ ਨਹੀਂ ਰਹਿੰਦਾ। ਧੀਆਂ ਭੈਣਾਂ ਦੀ ਇੱਜ਼ਤ ਆਬਰੂ ਮਹਿਫੂਜ਼ ਨਹੀਂ ਰਹਿੰਦੀ। ਗਫ਼ੂਰ ਨੇ ਆਖਿਆ, "ਹੁਣ ਦੇਰ ਨਾ ਲਾ ਧੀਏ, ਬੜੀ ਦੂਰ ਪੈਦਲ ਜਾਣਾ ਹੈ।" ਅਮੀਨਾ ਪਾਣੀ ਪੀਣ ਵਾਲੀ ਗੜਵੀ ਤੇ ਪਿਉ ਦੀ ਰੋਟੀ ਖਾਣ ਵਾਲਾ ਪਿੱਤਲ ਦਾ ਥਾਲ ਨਾਲ ਰੱਖ ਰਹੀ ਸੀ ਪਰ ਗਫ਼ੂਰ ਨੇ ਮਨਾ ਕਰ ਛੱਡਿਆ, "ਇਹ ਸਾਰਾ ਰਹਿਣ ਦੇ ਧੀਏ, ਇਸ ਨਾਲ ਆਪਣੇ ਮਹੇਸ਼ ਦਾ ਪਛਤਾਵੇ ਵਾਲਾ ਕੰਮ ਨਿਬੜੇਗਾ।" ਕਾਲੀ ਸਿਆਹੀ ਰਾਤ ਤੇ ਗਹਿਰੇ ਸੰਨਾਟੇ ਵਿੱਚ ਗਫ਼ੂਰ ਕੁੜੀ ਦਾ ਹੱਥ ਫੜ ਘਰੋਂ ਨਿਕਲ ਪਿਆ, ਪਿੰਡ ਵਿੱਚ ਉਸਦਾ ਆਪਣਾ ਅਖਵਾਉਣ ਵਾਲਾ ਕੋਈ ਨਹੀਂ ਸੀ। ਲਿਹਾਜਾ ਕਿਸੇ ਨਾਲ ਕੁਝ ਆਖਣ-ਸੁਣਨ ਦੀ ਲੋੜ ਨਹੀਂ ਸੀ। ਵਿਹੜਾ ਲੰਘ ਰਸਤੇ ਦੇ ਕਿਨਾਰੇ ਉਸ ਬਬੂਲ ਦੇ ਰੁੱਖ ਹੇਠਾਂ ਅੱਪੜ ਉਹ ਫਿਰ ਠੰਠਬਰ ਗਿਆ ਤੇ ਫੁੱਟ-ਫੁੱਟ ਰੋਣ ਲੱਗਾ । ਤਾਰਿਆਂ ਜੜੇ ਕਾਲੇ ਅੰਬਰ ਵੱਲ ਮੂੰਹ ਚੁੱਕ ਆਖਣ ਲੱਗਾ, "ਅੱਲਾਹ ਮੇਰਾ ਮਹੇਸ਼ ਪਿਆਸਾ ਮਰ ਗਿਆ, ਉਸਦੇ ਚਰਨ-ਖਾਣ ਵਾਸਤੇ ਵੀ ਕਿਸੇ ਨੇ ਥਾਂ ਨਾ ਦਿੱਤੀ।

ਮੈਨੂੰ ਭਾਵੇਂ ਜਿੰਨੀ ਮਰਜੀ ਸਜ਼ਾ ਦੇ ਲੈ, ਐਪਰ ਜਿੰਨਾ ਨੇ ਤੇਰੀ ਦਿੱਤੀ ਹੋਈ ਘਾਹ ਤੇ ਤੇਰਾ ਦਿੱਤਾ ਹੋਇਆ ਪਾਣੀ ਉਸਨੂੰ ਪੀਣ ਲਈ ਨਹੀਂ ਦਿੱਤਾ, ਉਨ੍ਹਾਂ ਦਾ ਕਸੂਰ ਤੂੰ ਮਾਫ਼ ਨਾ ਕਰੀਂ।"

**(ਸੰਪਰਕ, ਅਨੁਵਾਦਕ-98720-81117)**

ਕਹਾਣੀ ਧਾਰਾ


**ਦਾ**

**'ਸਮਕਾਲੀ ਕਹਾਣੀ'**
**ਵਿਸ਼ੇਸ਼ ਅੰਕ**

**'ਕਹਾਣੀ ਧਾਰਾ' ਦਾ ਅਗਲਾ ਵਿਸ਼ੇਸ਼ ਅੰਕ 'ਸਮਕਾਲੀ ਕਹਾਣੀ' ਹੋਵੇਗਾ। ਕਹਾਣੀਕਾਰ ਇਸ ਅੰਕ ਲਈ ਆਪਣੀਆਂ ਅਣ ਛਪੀਆਂ ਕਹਾਣੀਆਂ ਭੇਜ ਸਕਦੇ ਹਨ। ਕਹਾਣੀ ਸੰਬੰਧੀ ਆਲੋਚਨਾ ਅਤੇ ਨਵੇਂ ਕਹਾਣੀ ਸੰਗ੍ਰਹਿ ਸੰਬੰਧੀ ਆਲੋਚਨਾ ਲੇਖ ਤੇ ਮੁਲਾਕਾਤਾਂ ਵੀ ਪ੍ਰਕਾਸ਼ਤ ਕੀਤੀਆਂ ਜਾਣਗੀਆਂ -ਸੰਪਾਦਕ**

# ਜ਼ਰਖੇਜ ਸਭਿਆਚਾਰ ਦਾ ਬੰਜਰ ਹੁੰਦੇ ਜਾਣਾ ; ਬੰਜਰ ਧਰਤੀ

- ਡਾ. ਜਸਵਿੰਦਰ ਕੌਰ ਬਿੰਦਰਾ




ਬਲਬੀਰ ਪਰਵਾਨਾ ਪੰਜਾਬੀ ਦਾ ਅਜਿਹਾ ਗਲਪਕਾਰ ਹੈ, ਜੋ ਸਾਹਿਤ ਰਚਨਾ ਨੂੰ ਵੀ ਇਕ ਜ਼ਿੰਮੇਵਾਰ ਕਾਰਜ ਸਮਝ ਕੇ ਨਿਭਾਉਂਦਾ ਹੈ। ਉਸ ਦੀਆਂ ਰਚਨਾਵਾਂ ਸਮਾਜ ਦੇ ਅਸਤੁੰਲਨ, ਅਣਸੁਖਾਵੇਂਪਨ ਤੇ ਅਨਿਆਂ ਦੀ ਡੂੰਘਾਈ ਨਾਲ ਪੜਚੋਲ ਕਰਦੀਆਂ ਤੇ ਉਨ੍ਹਾਂ ਕਾਰਜਾਂ ਦੀ ਤਹਿ ਤਕ ਜਾਣ ਦਾ ਜਤਨ ਕਰਦੀਆਂ ਹਨ, ਜਿੱਥੋਂ ਸਮਾਜ ਵਿੱਚ ਇਹ ਸਾਰੀਆਂ ਅਸੰਗਤੀਆਂ ਤੇ ਬੁਰਾਈਆਂ ਜੜ੍ਹ ਫੜਦੀਆਂ ਹਨ। ਉਹ ਸਿਰਫ਼ ਕਹਾਣੀ ਲਿਖਣ ਲਈ ਕਹਾਣੀ ਨਹੀਂ ਲਿਖਦਾ ਤੇ ਨਾ ਹੀ ਨਾਵਲ ਹੀ, ਸਗੋਂ ਉਸ ਪਿੱਛੇ ਡੂੰਘੀ ਸੋਚ ਤੇ ਵਿਚਾਰਧਾਰਾ ਕੰਮ ਕਰ ਰਹੀ ਹੁੰਦੀ ਹੈ। ਇਸ ਸੰਦਰਭ ਵਿੱਚ ਉਹ ਆਪ ਵੀ ਵੱਖ-ਵੱਖ ਮੁਹਾਜਾਂ ਤੇ ਖੜੇ ਹੋ ਕੇ, ਇਸ ਨੂੰ ਵਾਚਦਾ ਹੈ ਤੇ ਇਕ ਮਨੁੱਖ ਹੋਣ ਦੇ ਨਾਤੇ, ਪੰਜਾਬੀ ਹੋਣ ਦੇ ਨਾਤੇ ਤੇ ਇਕ ਨਾਗਰਿਕ ਹੋਣ ਦੇ ਨਾਤੇ ਉਸ ਨੂੰ ਨਿਵੇਕਲੇ ਅੰਦਾਜ਼ ਵਿੱਚ ਪ੍ਰਸਤੁਤ ਕਰਦਾ ਹੈ। ਜਿਸ ਤੋਂ ਉਸ ਦੀ ਗੰਭੀਰਤਾ ਦਾ ਅਹਿਸਾਸ ਹੁੰਦਾ ਹੈ, ਜੋ ਆਪਣੀ ਸਿਰਜਨਾ ਨਾਲ ਪਾਠਕਾਂ ਨੂੰ ਝਿੰਜੋੜਦਾ ਹੈ ਤੇ ਲੁਕੇ ਹੋਏ ਜ਼ਖ਼ਮਾਂ ਨੂੰ ਉਘਾੜਨ ਦਾ ਜਤਨ ਕਰਦਾ ਹੈ। ਉਨ੍ਹਾਂ ਪ੍ਰਸੰਗਾਂ ਤੇ ਸੰਦਰਭਾਂ ਨੂੰ ਇਕ ਕਥਾਨਕ ਵਿੱਚ ਬੁਣ ਕੇ, ਚੇਤੰਨ ਕਰਨਾ ਚਾਹੁੰਦਾ ਹੈ ਕਿ ਇਹ ਲੁਕੇ ਜ਼ਖ਼ਮ ਰਿਸ ਕੇ ਨਾਸੂਰ ਬਣ ਜਾਣ, ਉਨ੍ਹਾਂ ਦਾ ਹਲ ਲੱਭ ਲਏ ਜਾਣ, ਕਿਉਂਕਿ ਉਨ੍ਹਾਂ ਦੇ ਮਾੜੇ ਪ੍ਰਭਾਵ ਸਾਨੂੰ ਪੰਜਾਬੀਆਂ ਨੂੰ, ਭਾਰਤੀਆਂ ਨੂੰ ਤੇ ਮਨੁੱਖਾਂ ਨੂੰ ਹੀ ਭੁਗਤਣੇ ਪੈ ਰਹੇ ਹਨ। ਇਸ ਦੀ ਤਾਜਾ ਮਿਸਾਲ ਹੈ, ਉਸ ਦਾ ਨਵਾਂ ਨਾਵਲ 'ਬੰਜਰ ਧਰਤੀ'।(**ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**)

'ਇੰਡੀਆ ਬਿਗਿੰਸ ਹੇਅਰ' ਪੰਜਾਬ ਸੂਬੇ ਦੀ 'ਟੈਗ ਲਾਈਨ' ਹੈ। ਜਿਸ ਧਰਤੀ ਤੋਂ ਭਾਰਤ ਦਾ ਅਰੰਭ ਹੁੰਦਾ ਹੈ, ਉਹ ਪੰਜਾਬ ਇੰਡੀਆ ਦੇ ਇਕ ਪ੍ਰਮੁੱਖ ਸੂਬੇ ਵਜੋਂ ਹੀ ਸਾਰੇ ਵਿਸ਼ਵ ਵਿੱਚ ਨਹੀਂ ਜਾਣਿਆ-ਪਛਾਣਿਆ ਜਾਂਦਾ, ਸਗੋਂ ਗੁਰੂਆਂ ਦੀ ਧਰਤੀ, ਵੇਦਾਂ ਦੀ ਰਚਨਾ, ਮਹਾਂਭਾਰਤ ਦੇ ਪ੍ਰਸੰਗਾਂ ਦੇ ਨਾਲ ਦਰਬਾਰ ਸਾਹਿਬ ਦਾ ਜਲੌਅ, ਸਿੱਖਾਂ ਦੀ ਨਿਵੇਕਲੀ ਨੁਹਾਰ, ਢੋਲ ਦੇ ਤਾਲ ਉਤੇ ਨੱਚਦੇ-ਟੱਪਦੇ ਪੰਜਾਬੀਆਂ ਦੇ ਗਿੱਧੇ-ਭੰਗੜੇ ਰਾਹੀਂ ਉਸ ਨੇ ਆਪਣੀ ਇਕ ਵੱਖਰੀ ਪਛਾਣ ਵੀ ਕਾਇਮ ਕੀਤੀ ਹੈ। ਇੱਥੋਂ ਦਾ ਰੰਗਲਾ ਸਭਿਆਚਾਰ, ਮਸਾਲੇਦਾਰ ਖਾਣਾ, ਲਲਕਾਰੇ ਤੇ ਹਾਸਿਆਂ ਦੇ ਨਾਲ ਪੰਜਾਬੀ ਗਾਲ੍ਹਾਂ, ਪੰਜਾਬ ਤੇ ਭਾਰਤ ਦੇ ਹੱਦਾ-ਬੰਨ੍ਹੇ ਟੱਪ ਕੇ ਸਾਰੀ ਦੁਨੀਆਂ ਵਿੱਚ ਪ੍ਰਸਿੱਧ ਹਨ। ਉਹ ਪੰਜਾਬ ਜੋ ਕਦੇ ਸਾਰੇ ਭਾਰਤ ਲਈ ਅੰਨ ਪੈਦਾ ਕਰਦਾ ਸੀ, ਉਸ ਪੰਜਾਬ ਦਾ ਕਿਸਾਨ ਅੱਜ ਕਰਜ਼ੇ ਦੀ ਮਾਰ ਹੇਠ ਖ਼ੁਦਕੁਸ਼ੀ ਦੇ ਰਾਹ ਉਤੇ ਤੁਰਿਆ ਹੋਇਆ ਹੈ। ਜਿਨ੍ਹਾਂ ਪੰਜਾਬੀਆਂ ਨੇ ਵੰਡ ਦੀ ਸਭ ਤੋਂ ਜ਼ਬਰਦਸਤ ਮਾਰ ਝੱਲੀ ਤੇ ਆਪਣਾ ਸਭ ਕੁਝ ਗਵਾਂ ਕੇ ਖਾਲੀ ਹੱਥ ਪੱਛਮੀ ਪੰਜਾਬ ਤੋਂ ਉੱਤਰੀ ਪੰਜਾਬ ਤੇ ਦਿੱਲੀ ਵੱਲ ਆਏ ਸਨ, ਉਨ੍ਹਾਂ ਪੰਜਾਬੀਆਂ ਨੇ ਆਪਣੀ ਹੱਡ-ਭੰਨਵੀਂ ਮਿਹਨਤ ਤੇ ਸਿਰੜ ਸਦਕਾ ਅਗਲੇ ਦਸ ਸਾਲਾਂ ਵਿੱਚ ਹੀ ਉੱਜੜ ਜਾਣ ਦੇ



ਬਾਵਜੂਦ, ਆਪਣੇ ਪੈਰ ਪੱਕੇ ਕਰ ਲਏ ਸਨ, ਬਿਨਾ ਕਿਸੇ ਤੋਂ ਮੰਗਿਆਂ ਜਾਂ ਸਰਕਾਰੀ ਇਮਦਾਦ ਦੇ ਉਨ੍ਹਾਂ ਪੰਜਾਬੀਆਂ ਦੀ ਇਸ ਤੀਜੀ ਪੀੜ੍ਹੀ ਨੂੰ ਕਿਸ ਦੀ ਨਜ਼ਰ ਲੱਗ ਗਈ ? ਜੋ ਅੱਜ ਨਸ਼ਿਆਂ ਦੀ ਰਾਹ ਉਤੇ ਤੁਰ ਕੇ ਆਪਣੀ ਜ਼ਿੰਦਗੀ ਨੂੰ ਹੀ ਨਹੀਂ ਸਗੋਂ ਆਪਣੇ ਸੂਬੇ, ਆਪਣੇ ਦੇਸ, ਆਪਣੀ ਕੌਮ ਨੂੰ ਵੀ ਬਰਬਾਦ ਕਰਦੀ ਜਾ ਰਹੀ ਹੈ। ਰੱਬ ਨਾ ਕਰੇ, ਜੇ ਕਦੇ ਅਜਿਹੇ ਹਾਲਾਤਾਂ ਵਿੱਚ ਵੰਡ ਜਿਹੀ ਅਣਹੋਣੀ ਘਟਨਾ ਵਾਪਰ ਜਾਏ ਜਾਂ ਕਿਸੇ ਹੋਰ ਅਣਸੁਖਾਵੇਂ ਹਾਦਸੇ ਦਾ ਸ਼ਿਕਾਰ ਹੋਣਾ ਪੈ ਜਾਵੇ ਤਾਂ ਕੀ ਅੱਜ ਦੀ ਨੌਜਵਾਨ ਪੀੜ੍ਹੀ ਵਿੱਚ ਐਨਾ ਦਮ, ਹੌਂਸਲਾ ਤੇ ਹਿੰਮਤ ਹੈ ਕਿ ਉਹ ਉਸ ਦਾ ਮੁਕਾਬਲਾ ਕਰ ਕੇ ਮੁੜ ਤੋਂ ਸਿਰ ਉੱਚਾ ਕਰ ਕੇ, ਆਪਣੇ ਪੈਰਾਂ ਹੇਠਲੀ ਜ਼ਮੀਨ ਨੂੰ ਖਿਸਕਣ ਨਾ ਦੇਵੇ। ਜਿਸ ਤਰ੍ਹਾਂ ਪਿੱਛਲੇ ਦੋ-ਢਾਈ ਦਹਾਕਿਆਂ ਦਾ ਵਰਤਾਰਾ ਪੰਜਾਬ ਵਿੱਚ ਚਲ ਰਿਹਾ ਹੈ, ਉਸ ਤੋਂ ਬਹੁਤ ਨਿਰਾਸਾਵਾਦੀ ਸੋਚ ਦਾ ਹੀ ਪ੍ਰਗਟਾਵਾ ਹੁੰਦਾ ਹੈ।

ਅੱਸੀਵੇਂ ਤੋਂ ਪੰਜਾਬ ਤੋਂ ਪੱਛਮੀ ਮੁਲਕਾਂ ਵੱਲ ਪ੍ਰਵਾਸ ਕਰਨ ਦਾ ਜੋ ਸਿਲਸਿਲਾ ਚਲ ਨਿਕਲਿਆ ਹੈ, ਉਸ ਤੋਂ ਤਾਂ ਇਹੀ ਲੱਗਦਾ ਹੈ ਕਿ ਭਾਰਤ ਦਾ ਮੁੱਖ ਦਵਾਰ ਜ਼ਰੂਰ ਪੰਜਾਬ ਹੈ, ਪਰ ਹੁਣ ਪੰਜਾਬੀ ਉਥੋਂ ਗ਼ੈਰਹਾਜ਼ਰ ਹੋ ਚੁਕਾ ਹੈ। ਪੰਜਾਬ ਵਿੱਚ ਨਾ ਪੰਜਾਬੀ ਬੋਲੀ ਰਹੀ ਤੇ ਨਾ ਉਹ ਪੱਗੜੀ ਵਾਲੀ ਨਿਵੇਕਲੀ ਨੁਹਾਰ ਰਹੀ, ਉਥੇ ਹੁਣ ਉਤਨਾ ਹੀ ਬਿਹਾਰੀ ਵੱਸਦਾ ਹੈ, ਜਿੰਨਾ ਕਿ ਕੈਨੇਡਾ ਤੇ ਲੰਦਨ ਵਿੱਚ ਪੰਜਾਬੀ। ਜਿਸ ਕੋਲ ਵਸੀਲੇ ਸਨ ਤੇ ਪੈਸਾ ਸੀ, ਉਹ ਜਾਇਜ਼-ਨਾਜਾਇਜ਼ ਤਰੀਕਿਆਂ ਨਾਲ ਡਾਲਰ ਤੇ ਪੌਂਡਾਂ ਦੀ ਚਮਕ ਤੇ ਵਧੀਆ ਜ਼ਿੰਦਗੀ ਦਾ ਸੁਪਨਾ ਲੈ ਕੇ ਬਾਹਰਲੇ ਮੁਲਕਾਂ ਵੱਲ ਪ੍ਰਵਾਸ ਜਾਂ ਸ਼ਾਇਦ ਪਲਾਇਨ ਕਰ ਗਏ ਤੇ ਪਿੱਛੇ ਰਹਿ ਗਏ ਪੰਜਾਬੀਆਂ ਨੂੰ ਜਾਂ ਕਰਜ਼ਿਆਂ ਨੇ ਢਾਹ ਲਿਆ ਜਾਂ ਨਸ਼ਿਆਂ ਨੇ ਡੱਸ ਲਿਆ। ਬਾਕੀ ਰਹਿੰਦੀ ਕਸਰ ਰਸਾਇਣੀ ਖਾਦ ਤੇ ਟਿਊਬਵੈੱਲ ਦੇ ਪਾਣੀ ਨੇ ਪੂਰੀ ਕਰ ਦਿੱਤੀ। ਪੰਜਾਬ ਦੀ ਰੰਗੀਨੀ ਨੂੰ ਤੇ ਜ਼ਰਖੇਜ ਜ਼ਮੀਨ ਨੂੰ ਬੰਜਰ ਵਿੱਚ ਤਬਦੀਲ ਕਰਨ ਵਾਲੇ ਇਹ ਕਾਰਣ ਨਾ ਘੱਟ ਹਨ ਤੇ ਨਾ ਹੀ ਮਾਮੂਲੀ। ਬਲਬੀਰ ਪਰਵਾਨਾ ਦਾ ਨਾਵਲ 'ਬੰਜਰ ਧਰਤੀ' ਇਸ ਸਾਰੀ ਸੋਚ ਤੇ ਸਮਾਜ ਸ਼ਾਸਤਰੀ ਨਜ਼ਰੀਏ ਨੂੰ ਬਿਰਤਾਂਤਰੂਪ ਵਿੱਚ ਪ੍ਰਗਟ ਕਰਦਾ ਹੈ।

ਤਾਰੇ ਦੀ ਡਿੱਕੇ-ਡੋਲੇ ਖਾਂਦੀ ਗ੍ਰਹਿਸਥੀ ਨੂੰ ਛੋਟੇ ਭਰਾ ਸੱਤੇ ਨੇ ਡੁੱਬਈ ਤੇ ਫਿਰ ਕਨੇਡਾ ਪਹੁੰਚ ਕੇ, ਕਰਜ਼ਿਆਂ ਤੋਂ ਮੁਕਤ ਕਰ ਦਿੱਤਾ। ਪਿੰਡ ਵਿੱਚ ਵੱਡੀ ਸਾਰੀ ਕੋਠੀ ਤੇ ਉਸ ਵਿੱਚ ਆਧੁਨਿਕ ਸੁਖ-ਸਹੂਲਤਾਂ ਦਾ ਹਰ ਸਾਮਾਨ ਇਸ ਗੱਲ ਦੀ ਸਾਖ਼ੀ ਭਰਨ ਲੱਗੇ ਕਿ ਇਹ ਘਰ ਹੁਣ 'ਵੱਡੇ ਘਰਾਂ' ਵਿੱਚ ਗਿਣਿਆ ਜਾਣ ਲੱਗਾ ਹੈ। ਤਾਰੇ ਦਾ ਵੱਡਾ ਪੁੱਤਰ ਕੁਲਵਿੰਦਰ ਵੀ ਜਦੋਂ ਦਾ ਆਪਣੇ ਚਾਚੇ ਨਾਲ ਬਾਹਰ ਸੈਟਲ ਹੋ ਗਿਆ, ਉਸ ਤੋਂ ਬਾਦ ਤਾਂ ਕਾਰਾਂ ਤੇ ਜ਼ਮੀਨ ਦੀ ਆਮਦ ਦਾ ਅੰਤ ਹੀ ਨਾ ਰਿਹਾ। ਤਾਰੇ ਦੇ ਬਾਕੀ ਦੋਵੇਂ ਬੱਚਿਆਂ ਬਲਵੰਤ ਤੇ ਬਲਜੀਤ ਨੇ ਪ੍ਰਾਈਵੇਟ ਸੰਸਥਾਨਾਂ ਤੋਂ 'ਪੇਡ ਸੀਟ' ਲੈ ਕੇ ਪੜ੍ਹਾਈ ਜ਼ਰੂਰ ਕਰ ਲਈ, ਪਰ ਨਾ ਬਲਵੰਤ ਨੂੰ ਇੰਜਨੀਅਰ ਵਰਗੀ ਕਾਬਲੀਅਤ ਹਾਸਿਲ ਸੀ ਤੇ ਨਾ ਹੀ ਨਰਸਿੰਗ ਟਰੇਨਿੰਗ ਦਾ ਕੋਰਸ ਕਰ ਇਕ ਪ੍ਰਾਈਵੇਟ ਹਸਪਤਾਲ ਵਿੱਚ ਨਰਸ ਲੱਗੀ ਬਲਜੀਤ ਵਿੱਚ ਆਪਣੇ ਕਿੱਤੇ ਵਾਲੀ ਸੇਵਾਭਾਵਨਾ ਤੇ ਨਾ ਕੋਈ ਸੰਵੇਦਨਸ਼ੀਲਤਾ ਸੀ। ਦੋਵਾਂ ਲਈ ਇਹ ਪੜ੍ਹਾਈ ਘੱਟ ਤੇ ਮੌਜ-ਮਸਤੀ ਦਾ ਸਬਬ ਵਧੇਰੇ ਬਣਿਆ। ਹੋਸਟਲਾਂ ਵਿੱਚ ਰਹਿ ਕੇ ਪੜ੍ਹਦੇ ਹੋਏ ਦੋਵਾਂ ਨੇ ਸ਼ਰਾਬ ਤੇ ਨਸ਼ਿਆਂ ਦੇ ਨਾਲ ਖੁੱਲ੍ਹ ਕੇ ਜਿਸਮਾਨੀ ਸੰਬੰਧ ਕਾਇਮ ਕੀਤੇ।

ਪੜ੍ਹਾਈ ਮਗਰੋਂ ਬਲਵੰਤ ਨੇ ਆਪਣੀਆਂ ਜ਼ਮੀਨਾਂ ਵੱਲ ਮਾੜੀ-ਮੋਟੀ ਤਵੱਜੋ ਦਿੱਤੀ ਪਰ ਉਸ ਦਾ ਬਹੁਤਾ ਸਮਾਂ ਇਲਾਕੇ ਦੇ ਕੌਂਸਲਰ ਦੇ ਪੁੱਤਰ ਤੇਜਿੰਦਰਪਾਲ ਨਾਲ ਵਧੇਰੇ ਬੀਤਣ ਲੱਗਾ, ਕਿਉਂਕਿ ਉਹ ਨਸ਼ਿਆਂ ਦਾ ਧੰਦਾ ਕਰਦਾ ਸੀ ਤੇ ਖੂਬ ਪੈਸਾ ਕਮਾਉਂਦਾ ਸੀ। ਪੈਸੇ ਤੇ ਆਪਣੇ ਬਾਪ ਦੇ ਸਿਆਸੀ ਰੰਗ

ਕਾਰਣ ਉਸ ਦੀ ਇਲਾਕੇ ਦੇ ਵੱਡੇ-ਵੱਡੇ ਅਧਿਕਾਰੀਆਂ ਨਾਲ ਜਾਣ-ਪਛਾਣ ਸੀ, ਇਸੇ ਕਾਰਣ ਉਹ ਪੂਰੇ ਧਾਕੜ ਅੰਦਾਜ਼ ਵਿੱਚ ਰਹਿੰਦਾ ਸੀ। ਬਲਵੰਤ ਵੀ ਤੇਜਿੰਦਰਪਾਲ ਦੇ ਨਕਸ਼ੇ-ਕਦਮ ਉਤੇ ਚਲਣ ਦਾ ਇਛੁੱਕ ਸੀ। ਉਸ ਨੂੰ ਵੀ ਇਹ ਸਿਆਸੀ ਤੇ ਧਾਕੜ ਅੰਦਾਜ਼ ਭਾਉਂਦਾ ਸੀ, ਜਿਸ ਨਾਲ ਪੈਸਾ ਤੇ ਇਲਾਕੇ ਵਿੱਚ ਦਬਦਬਾ ਕਾਇਮ ਹੋ ਸਕਦਾ ਸੀ। ਦੂਜੇ ਪਾਸੇ ਬਲਜੀਤ ਪ੍ਰਾਈਵੇਟ ਹਸਪਤਾਲ ਵਿੱਚ ਥੋੜ੍ਹੀ ਜਿਹੀ ਤਨਖ਼ਾਹ ਉਤੇ ਨੌਕਰੀ ਇਸ ਲਈ ਕਰਦੀ ਸੀ ਕਿ ਉਸ ਨੂੰ ਘਰੋਂ ਬਾਹਰ ਜਾਣ ਨੂੰ ਮਿਲੇ। ਬਾਹਰ ਨਿਕਲਣ ਲਈ ਉਹ ਵੰਨ-ਸਵੰਨੇ ਫੈਸ਼ਨ ਤੇ ਮੇਕਅੱਪ ਕਰ ਕੇ ਆਪਣੀ ਜਵਾਨੀ ਤੇ ਖ਼ੂਬਸੂਰਤੀ ਦਾ ਪ੍ਰਭਾਵ ਦੂਜਿਆਂ ਉਤੇ ਪਾਉਣ ਲਈ ਜ਼ਿਆਦਾ ਉਤਸੁਕ ਸੀ। ਇਸੇ ਬਹਾਨੇ ਉਸ ਨੂੰ ਬਾਹਰ ਸੰਬੰਧ ਬਣਾਉਣ ਦੇ ਮੌਕੇ ਮਿਲਦੇ ਸਨ। ਪਹਿਲਾ ਇਕ ਬਸ ਡਰਾਈਵਰ, ਫਿਰ ਉਸੇ ਹਸਪਤਾਲ ਦੇ ਡਾਕਟਰ ਤੇ ਫਿਰ ਪੁਲਿਸੀਏ ਸੁਖਬੀਰ ਨਾਲ ਉਸ ਦੇ ਸੰਬੰਧ ਬਣੇ। ਇਸ ਤਰ੍ਹਾਂ ਇਹ ਦੋਵੇਂ ਭੈਣ ਭਰਾ ਅਜੋਕੇ ਸਮੇਂ ਦੀ ਨੌਜਵਾਨ ਪੀੜ੍ਹੀ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ, ਜੋ ਪੈਸਿਆਂ ਦੇ ਬਲ ਉਤੇ ਸਿਰਫ਼ ਐਸ਼ਪ੍ਰਸਤੀ ਨੂੰ ਤਰਜ਼ੀਹ ਦੇਂਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ, ਬਸ ਇਹੀ ਉੱਮਰ ਹੈ, ਜਦੋਂ ਹਰ ਤਰ੍ਹਾਂ ਦੀ ਐਸ਼ ਕੀਤੀ ਜਾ ਸਕਦੀ ਹੈ। ਇਨ੍ਹਾਂ ਲਈ ਹੋਰ ਕੋਈ ਰਿਸ਼ਤੇ ਮਾਇਨੇ ਨਹੀਂ ਰੱਖਦੇ।

ਇਨ੍ਹਾਂ ਦੇ ਨਾਲ ਹੀ ਗਰੀਬ ਘਰ ਦੀ ਰਾਜਬੀਰ ਵੀ ਸੁਫ਼ਨਿਆਂ ਦੀ ਦੁਨੀਆ ਵਿੱਚ ਉਡਾਰੀ ਮਾਰਨਾ ਚਾਹੁੰਦੀ ਹੈ। ਬਲਵੰਤ ਦੇ ਗਵਾਂਢ ਰਹਿੰਦੇ ਉਹ ਉਸ ਨਾਲ ਸੰਬੰਧ ਕਾਇਮ ਕਰਦੀ ਹੈ, ਸਗੋਂ ਸ਼ਰੇਆਮ ਉਸ ਦੇ ਕਮਰੇ ਵਿੱਚ ਜਾ ਵੜਦੀ ਹੈ। ਭਾਵੇਂ ਸਾਹਮਣੇ ਉਸ ਦੀ ਮਾਂ ਮਿੰਦੋ ਹੀ ਕਿਉਂ ਨਾ ਬੈਠੀ ਹੋਵੇ। ਬਲਵੰਤ ਤੋਂ ਗਰਭਪਾਤ ਦੇ ਨਾਂ ਉਤੇ ਖ਼ਾਸੀ ਰਕਮ ਵੀ ਐਂਠ ਲੈਂਦੀ ਹੈ, ਜੋ ਅਸਲ ਵਿੱਚ ਉਸ ਨੂੰ ਸਹੇਲੀ ਦੇ ਵਿਆਹ ਉਤੇ ਲਹਿੰਗਾ ਬਣਾਉਣ ਲਈ ਚਾਹੀਦੀ ਸੀ। ਘਰੋਂ ਭਰਾ-ਭਰਜਾਈ ਦੇ ਵਤੀਰੇ ਕਾਰਣ ਉਹ ਫਿਰ ਬਲਵੰਤ ਦੇ ਕਈ ਦੋਸਤਾਂ-ਮਿੱਤਰਾਂ ਨਾਲ ਵੀ ਤੁਰਨ ਲੱਗਦੀ ਹੈ। ਇਨ੍ਹਾਂ ਤੋਂ ਇਲਾਵਾ ਸੋਨੀਆ ਤੇ ਹੋਰ ਕਈ ਕੁੜੀਆਂ ਦਾ ਜ਼ਿਕਰ ਵੀ ਨਾਵਲ ਵਿੱਚ ਆਉਂਦਾ ਹੈ, ਜੋ ਜਣੇ-ਖਣੇ ਨਾਲ ਜਿਸਮਾਨੀ ਸੰਬੰਧਾਂ ਨੂੰ ਸਿਰਫ਼ ਆਪਣੀ ਐਸ਼ਪ੍ਰਸਤੀ ਤੇ ਮਹਿੰਗੇ ਕਪੜੇ ਤੇ ਮੋਬਾਈਲਾਂ ਲਈ ਵਰਤਦੀਆਂ ਹਨ। ਹੈਰਾਨੀ ਹੁੰਦੀ ਹੈ, ਕਿਸੇ ਨੌਜਵਾਨ ਦੀ ਅੱਖਾਂ ਵਿੱਚ ਕੋਈ ਉੱਚਾ ਸੁਪਨਾ ਨਹੀਂ ਪਲਦਾ, ਕਿਸੇ ਮੁਕਾਮ ਉਤੇ ਪਹੁੰਚਣ ਦੀ ਕੋਈ ਖ਼ਾਹਿਸ਼ ਨਜ਼ਰ ਨਹੀਂ ਆਉਂਦੀ। ਬਸ ਮੌਜ-ਮਸਤੀ ਤੇ ਖਾਣਾ-ਪੀਣਾ ਹੀ ਉਨ੍ਹਾਂ ਲਈ ਸਭ ਤੋਂ ਵੱਡੀਆਂ ਖ਼ਾਹਿਸ਼ਾਂ ਤੇ ਜ਼ਰੂਰਤਾਂ ਰਹਿ ਗਈਆਂ ਹਨ। ਇਹ ਪੀੜ੍ਹੀ ਜੋ ਆਪਣੇ ਸਰੀਰ ਦੇ ਸੁਖਾਂ ਤੋਂ ਉੱਪਰ ਕੁਝ ਹੋਰ ਸੋਚ ਹੀ ਨਹੀਂ ਸਕਦੀ, ਉਨ੍ਹਾਂ ਤੋਂ ਜੀਵਨ ਵਿੱਚ ਵੱਡੀਆਂ ਪੁਲਾਘਾਂ ਮਾਰਨ ਦੀ ਆਸ ਵੀ ਨਹੀਂ ਕੀਤੀ ਜਾ ਸਕਦੀ।

ਹਾਲਾਂਕਿ ਇਨ੍ਹਾਂ ਪਾਤਰਾਂ ਨੂੰ ਆਪਣੀ ਰਹਿਣੀ-ਬਹਿਣੀ ਦੇ ਮਾੜੇ ਨਤੀਜੇ ਵੀ ਭੁਗਤਣੇ ਪੈਂਦੇ ਹਨ। ਬਲਵੰਤ ਨਸ਼ਿਆਂ ਕਾਰਣ ਫੜਿਆ ਤਾਂ ਜਾਂਦਾ ਹੈ ਪਰ ਪੈਸੇ ਤੇ ਸਿਆਸੀ ਦਾਅ-ਪੇਚ ਨਾਲ ਉਹ ਇਸ ਤੋਂ ਨਿਕਲ ਵੀ ਜਾਂਦਾ ਹੈ। ਦੂਜੇ ਪਾਸੇ ਬਲਜੀਤ ਨੂੰ ਆਪਣੇ ਹੀ ਘਰ ਤੇਜਿੰਦਰਪਾਲ ਦੀ ਹਵਸ ਦਾ ਸ਼ਿਕਾਰ ਹੋਣਾ ਪਿਆ ਤੇ ਧਮਕੀ ਦਿੱਤੇ ਜਾਣ ਕਾਰਣ ਉਸ ਨੇ ਇਹ ਗੱਲ ਘਰਦਿਆਂ ਤੋਂ ਛੁਪਾ ਕੇ ਰੱਖੀ। ਇਕ ਵਾਰ ਸੁਖਬੀਰ ਦੇ ਤਬਾਦਲੇ ਨੂੰ ਰੁਕਾਵਣ ਲਈ ਉਸ ਨੇ ਆਪ ਤੇਜਿੰਦਰਪਾਲ ਨਾਲ ਹੋਟਲ ਜਾਣਾ ਸਵੀਕਾਰ ਕੀਤਾ, ਜਿਸ ਦਾ ਪਤਾ ਸੁਖਬੀਰ ਨੂੰ ਬਿਲਕੁਲ ਨਹੀਂ ਸੀ। ਇਸ ਘਟਨਾ ਤੋਂ ਇਹ ਪਤਾ ਲੱਗਦਾ ਹੈ ਕਿ ਬਲਜੀਤ ਸੁਖਬੀਰ ਨੂੰ ਚਾਹੁੰਣ ਲੱਗੀ ਸੀ ਤੇ ਉਸ ਨਾਲ ਵਿਆਹ ਕਰ ਕੇ ਸੈਟਲ ਹੋਣਾ ਚਾਹੁੰਦੀ ਸੀ।

ਮਾਪੇ ਆਪਣੇ ਬੱਚਿਆਂ ਨੂੰ ਗਲਤ ਰਾਹ ਤੋਂ ਜਾਣ ਤੋਂ ਹਮੇਸ਼ਾ ਰੋਕਦੇ ਹਨ, ਪਰ ਜੇ ਅਧੇੜ ਉਮਰ ਨੂੰ ਢੁੱਕੀ ਉਨ੍ਹਾਂ ਦੀ ਮਾਂ ਮਿੰਦੋ ਲਈ ਵੀ ਸਰੀਰਕ ਸੁਖ ਅਹਿਮੀਅਤ ਰੱਖਦੇ ਸਨ, ਉਥੇ ਉਹ ਆਪਣੇ ਧੀ-ਪੁੱਤਰ



ਨੂੰ ਜ਼ੋਰਦਾਰ ਢੰਗ ਨਾਲ ਰੋਕਣ ਵਿੱਚ ਅਸਮਰੱਥ ਜਾਪਦੀ ਹੈ। ਮਿੰਦੋ ਦਾ ਹਰ ਵੇਲੇ ਬਣ-ਠਣ ਕੇ ਰਹਿਣਾ, ਨਵੇਂ ਫੈਸ਼ਨ ਦੇ ਕਪੱੜਿਆਂ ਤੇ ਬਿਊਟੀ ਪਾਰਲਰ ਵੱਲ ਝੁਕਾਓ, ਇਹ ਦਰਸਾਉਂਦਾ ਹੈ ਕਿ ਅੱਜ ਦੀ ਔਰਤ ਲਈ ਘਰ-ਗ੍ਰਹਿਸਥੀ ਤੇ ਬੱਚਿਆਂ ਤੋਂ ਉੱਪਰ ਵੀ ਹੁਣ ਕੁਝ ਗੱਲਾਂ ਹਨ, ਜਿੱਥੇ ਉਹ ਆਪਣੇ ਆਪ ਨੂੰ, ਆਪਣੇ ਵਿਅਕਤਿਤਵ ਨੂੰ ਸੰਵਾਰਨ ਲਈ ਸਮਾਂ ਤੇ ਧਨ ਖਰਚ ਕਰਨ ਲੱਗੀ ਹੈ। ਮਿੰਦੋ ਦਾ ਯੋਗਾ ਕਰਨਾ ਜਾਂ ਬਿਊਟੀ ਪਾਰਲਰ ਵਿੱਚ ਜਾਣਾ ਅੱਜ ਦੇ ਲਿਹਾਜ਼ ਨਾਲ ਕੋਈ ਮਾੜਾ ਕੰਮ ਜਾਂ ਗੁਨਾਹ ਨਹੀਂ ਹੈ, ਪਰ ਉਹ ਇਹ ਸਭ ਵਿਆਹ ਬਾਹਰੇ ਆਪਣੇ ਸੰਬੰਧਾਂ ਲਈ ਆਕਰਸ਼ਿਤ ਲੱਗਣ ਲਈ ਕਰਦੀ ਜਾਪਦੀ ਹੈ।ਪਹਿਲਾ ਆਪਣੇ ਦਿਓਰ ਸੱਤੇ ਨਾਲ ਕਈ ਵਰ੍ਹਿਆਂ ਤਕ ਸੰਬੰਧ ਰਹੇ, ਫਿਰ ਆਪਣੇ ਜ਼ਮੀਨਾਂ ਲਈ ਲੱਗੇ ਕਾਮੇ ਰਾਮੂੰ ਬਿਹਾਰੀ ਨਾਲ ਉਹ ਅਕਸਰ ਸਮਾਂ ਗੁਜ਼ਾਰਨ ਲੱਗੀ। ਉਸ ਦੀ ਰਹਿਣੀ-ਬਹਿਣੀ ਤੇ ਰਾਮੂੰ ਨਾਲ ਸੰਬੰਧਾਂ ਦੀ ਚਰਚਾ ਸਾਰੇ ਪਿੰਡ ਵਿੱਚ ਹੁੰਦੀ ਸੀ, ਜਿਸ ਤੋਂ ਉਹ ਆਪਣੀ ਕੋਠੀ ਦੇ ਵੱਡੇ ਬੰਦ ਗੇਟ ਅੰਦਰ ਬੈਠੀ ਅਵੇਸਲੀ ਰਹਿੰਦੀ ਸੀ।

ਸਾਰਾ ਨਾਵਲ ਅਜੋਕੇਂ ਸਮੇਂ ਦੀ ਭੋਗਵਾਦੀ ਪ੍ਰਵਿਰਤੀ ਤੇ ਨਿਜਵਾਦੀ ਸੋਚ ਦਾ ਪ੍ਰਗਟਾਵਾ ਕਰਦਾ ਹੈ, ਜਿੱਥੇ ਹਰ ਕੋਈ ਇਕ-ਦੂਜੇ ਨੂੰ ਬੇਵਕੂਫ਼ ਸਮਝ ਕੇ, ਆਪਣੇ ਨਿਜੀ ਸਵਾਰਥ ਲਈ ਭੋਗ ਜਾਂ ਵਰਤ ਰਿਹਾ ਹੈ। ਭਾਵੇਂ ਉਹ ਰਾਮੂੰ ਹੈ ਜਾਂ ਰਾਜਬੀਰ ਜਾਂ ਮਿੰਦੋ, ਬਲਵੰਤ, ਬਲਜੀਤ, ਤੇਜਿੰਦਰਪਾਲ ਆਦਿ ਸਾਰੇ ਇਸੇ ਹੀ ਬੇੜੇ ਉਤੇ ਸਵਾਰ ਨਜ਼ਰ ਆਉਂਦੇ ਹਨ। ਆਪਣੇ ਸਵਾਰਥ ਤੇ ਨਿੱਜੀ ਹਿੱਤਾਂ ਖ਼ਾਤਿਰ ਵੀ ਸਿਆਸੀ ਰਿਸ਼ਤੇ ਬਣਦੇ ਜ਼ਰੂਰ ਹਨ, ਪਰ ਨਿਭਦੇ ਘੱਟ ਹਨ। ਜਿਸ ਪਾਸੇ ਵੱਲ ਪਾਰਟੀ ਤੇ ਰਸੂਖ਼ ਵਲੋਂ ਪਲੜਾ ਭਾਰੀ ਦਿੱਸੇ, ਉਸੇ ਪਾਸੇ ਵੱਲ ਚਾਹੁੰਦੇ-ਨਾ ਚਾਹੁੰਦੇ ਹੋਏ ਤਾਰੇ ਜਿਹੇ ਛੋਟੇ-ਮੋਟੇ ਮੋਹਰੇ ਵੀ ਇੱਧਰ-ਉੱਧਰ ਪਲਟਦੇ ਰਹਿੰਦੇ ਹਨ।

ਨਾਵਲ ਵਿੱਚ ਰਿਸ਼ਤਿਆਂ ਦੇ ਘਾਣ ਦਾ ਨਿਘਾਰ ਉਦੋਂ ਆਉਂਦਾ ਹੈ, ਜਦ ਬਲਜੀਤ ਨੂੰ ਕਨੇਡਾ ਭੇਜਣ ਲਈ ਉਸ ਦਾ ਵਿਆਹ ਉਸ ਦੇ ਸਕੇ ਚਾਚੇ ਸੱਤੇ ਨਾਲ ਕੀਤਾ ਜਾਂਦਾ ਹੈ। ਕਹਿਣ ਨੂੰ ਭਾਵੇਂ ਸਾਰਾ ਝੂਠਾ ਵਰਤਾਰਾ, ਪਰ ਅਨੰਦ-ਕਾਰਜ ਤੇ ਹਨੀਮੂਨ ਵੀ ਇਸ ਵਿੱਚ ਪੂਰੀ ਸ਼ਾਨ-ਸ਼ੌਕਤ ਨਾਲ ਸ਼ਾਮਿਲ ਹੈ। ਜਿੱਥੇ ਰਾਤ ਨੂੰ ਮਿੰਦੋ ਬਲਜੀਤ ਨੂੰ ਦੂਜੇ ਕਮਰੇ ਵਿੱਚ ਇੱਕਲੇ ਛੱਡ ਕੇ ਆਪ ਸੱਤੇ ਦੇ ਕਮਰੇ ਵਿੱਚ ਜਾ ਵੜਦੀ ਹੈ। ਕਦੇ-ਕਦੇ ਸ਼ਰਾਬੀ ਹੋਏ ਸੱਤੇ ਦੀ ਨਜ਼ਰ ਵਿੱਚ ਬਲਜੀਤ ਲਈ ਬੇਸ਼ਰਮੀ ਵੀ ਦਿੱਸਦੀ ਹੈ, ਜਿਸ ਨੂੰ ਦੇਖ ਕੇ ਮਿੰਦੋ, ਸੱਤੇ ਨੂੰ ਇਸ ਗੱਲ ਤੋਂ ਜਾਣੂ ਕਰਵਾਉਂਦੀ ਹੈ ਕਿ ਬਲਵੰਤ ਤੇ ਬਲਜੀਤ ਦੋਵੇਂ ਹੀ ਉਸ ਦੀ ਔਲਾਦ ਹਨ, ਸਿਰਫ਼ ਨਾਂ ਹੀ ਤਾਰੇ ਦਾ ਹੈ। ਇਹ ਸਭ ਦੇਖ ਕੇ ਬਲਜੀਤ ਦਾ ਮਨ ਅੰਦਰੋਂ ਬਹੁਤ ਦੁਖੀ ਵੀ ਹੁੰਦਾ ਹੈ। ਅੰਨ੍ਹੇ ਨਸ਼ੇ ਤੇ ਨਿੱਤ ਨਵੇਂ ਭੋਗਾਂ ਕਾਰਣ ਬਲਵੰਤ ਏਡਸ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਦਾ ਪਤਾ ਲੱਗਦੇ ਹੀ ਉਸ ਦੇ ਸਾਰੇ ਦੋਸਤਾਂ ਤੇ ਸਹੇਲੀਆਂ ਨੂੰ ਆਪਣੀ ਬਿਮਾਰੀ ਦਾ ਫ਼ਿਕਰ ਪੈ ਜਾਂਦਾ ਹੈ ਉਹ ਸਾਰੇ ਹੁਣ ਉਸ ਤੋਂ ਕਤਰਾਉਣ ਲੱਗਦੇ ਹਨ, ਨਾ ਕੋਈ ਉਸ ਨੂੰ ਦੇਖਣ ਜਾਂ ਪੁੱਛਣ ਲਈ ਆਉਂਦਾ ਹੈ ਤੇ ਨਾ ਹੀ ਕੋਈ ਫੋਨ ਤੇ ਗੱਲ ਕਰਨ ਲਈ ਰਾਜ਼ੀ ਹੁੰਦਾ ਹੈ। ਇਸ ਵੇਲੇ ਬਲਵੰਤ ਨੂੰ ਮਿਲਣ ਉਸ ਦੀ ਉਹ ਪਹਿਲੀ ਮਿੱਤਰ ਲਵਲੀਨ ਆਪਣੇ ਪ੍ਰੇਮੀ ਹਰਮਨ ਨਾਲ ਹਸਪਤਾਲ ਆਉਂਦੀ ਹੈ, ਜਿਸ ਨੇ ਵਾਰ-ਵਾਰ ਬਲਵੰਤ ਨੂੰ ਇਸ ਰਾਹ ਉਤੇ ਤੁਰਨ ਤੋਂ ਹੋੜਿਆ ਸੀ, ਪਰ ਉਦੋਂ ਬਲਵੰਤ ਨੂੰ ਡਾਲਰਾਂ ਦੀ ਚਮਕ ਕਾਰਣ ਕੁਝ ਹੋਰ ਸੁੱਝਦਾ ਨਹੀਂ ਸੀ। ਇਸ ਤਰ੍ਹਾਂ ਲਵਲੀਨ ਤੇ ਹਰਮਨ ਦੇ ਰੂਪ ਵਿੱਚ ਅਜੋਕੀ ਨੌਜਵਾਨ ਪੀੜ੍ਹੀ ਵਿਚਲੀ ਆਸ ਦਿਖਾਈ ਦੇਂਦੀ ਹੈ, ਜੋ ਹੈ ਤਾਂ ਇਕ ਫੀਸਦੀ ਜਿੰਨੀ ਹੀ, ਪਰ ਕੋਈ ਨਹੀਂ ਆਸ ਤਾਂ ਹੈ। ਇਸ ਸਭ ਦੌਰਾਨ ਹਾਸਿਲ ਕੁਝ ਵੀ ਨਹੀਂ ਹੁੰਦਾ। ਸਾਰੇ ਹੀ ਪਾਤਰ ਅੱਧੇ-ਅਧੂਰੇ ਤੇ ਅੱਧਵਾਟੇ ਖੜ੍ਹੇ ਨਜ਼ਰ ਆਉਂਦੇ ਹਨ, ਜਿੱਥੋਂ ਕੋਈ ਵੀ ਰਾਹ ਉਨ੍ਹਾਂ ਨੂੰ ਸੇਧ ਦੇਣ ਵਿੱਚ ਅਸਮਰੱਥ ਜਾਪਦਾ ਹੈ।

ਖੱਪਤਵਾਦ ਦੇ ਦੌਰ ਵਿੱਚ ਵਿਸ਼ਵੀ ਪੱਧਰ ਤੇ ਹਰ ਸ਼ੈਅ ਦੀ ਕੀਮਤ ਤੈਅ ਹੋਣ ਲੱਗੀ ਹੈ। ਚੀਜ਼ਾਂ ਨੂੰ ਵੇਚਣਾ ਆਉਣਾ ਅਜੋਕੇ ਸਮੇਂ ਵਿੱਚ ਇਕ ਵੱਡੀ ਖ਼ਾਸੀਅਤ ਹੀ ਨਹੀਂ ਰਹੀ ਸਗੋਂ ਇਸ ਨੇ ਵਿਸ਼ਵੀ ਪੱਧਰ ਉਤੇ ਬਾਜ਼ਾਰਵਾਦ ਨੂੰ ਖੜਾ ਕਰ ਦਿੱਤਾ ਹੈ। ਹਰ ਪਾਸੇ ਬਾਜ਼ਾਰ ਤੇ ਮੰਡੀਆਂ ਲੱਗ ਗਈਆਂ ਹਨ। ਇਸ ਵਿੱਚ ਮੁਸ਼ਕਿਲ ਇਹ ਆਣ ਖੜੀ ਹੋਈ ਹੈ ਕਿ ਘਰ-ਘਰ ਵਿੱਚ ਬਾਜ਼ਾਰਵਾਦੀ ਸੋਚ ਪਹੁੰਚ ਗਈ ਹੈ। ਹਰ ਬੰਦਾ ਕੁਝ ਨ ਕੁਝ ਪਾਉਣਾ ਚਾਹੁੰਦਾ ਹੈ, ਲੈਣਦਾਰ ਤੇ ਖਰੀਦਦਾਰ ਦੋਵੇਂ ਕੋਲ ਆਪਣੀਆਂ-ਆਪਣੀਆਂ ਜਿਨਸਾਂ ਹਨ, ਵੇਚਣ ਤੇ ਖਰੀਦਣ ਲਈ। ਇੱਥੇ ਜਿਸਮ, ਸੋਚ, ਰਿਸ਼ਤੇ ਵੀ ਬਾਕੀ ਸ਼ੈਆਂ ਵਾਂਗ ਵਿਕਣ ਲੱਗੇ ਹਨ। ਜਿਸ ਕੋਲ ਜਿੰਨੀ ਖਰੀਦਣ ਦੀ ਕੁਵੱਤ ਹੋਵੇ, ਉਹ ਕੁਝ ਵੀ ਖਰੀਦ ਲਵੇ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜਾ ਅੰਨ ਖਾਧਾ ਤੇ ਨਸ਼ੇ ਕੀਤੇ ਜਾ ਰਹੇ ਹਨ, ਉਨ੍ਹਾਂ ਨਾਲ ਸਰੀਰ ਨਰੋਏ ਹੋਣ ਦੀ ਬਜਾਏ ਅੰਦਰੋਂ ਖੋਖਲੇ ਤੇ ਬਿਮਾਰ ਹੁੰਦੇ ਜਾ ਰਹੇ ਹਨ। ਅਜਿਹੇ ਬਿਮਾਰ ਸਰੀਰਾਂ ਅੰਦਰੋਂ ਨਾ ਕੋਈ ਉਸਾਰੂ ਸੋਚ ਪੁੰਗਰ ਰਹੀ ਹੈ ਤੇ ਨਾ ਹੀ ਕਿਸੇ ਟੀਸੀ ਉਤੇ ਪਹੁੰਚਣ ਦੀ ਚਾਹ ਪੈਦਾ ਹੋ ਰਹੀ ਹੈ। ਬਾਜ਼ਾਰਵਾਦੀ ਸੋਚ ਕਾਰਣ ਕੋਈ ਇਸ ਪੱਖੋਂ ਚੇਤੰਨ ਹੀ ਨਹੀਂ ਰਿਹਾ ਕਿ ਅਜਿਹੇ ਮਾਹੌਲ ਵਿੱਚ ਸਾਡੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਕਿੰਨੀ ਜ਼ਬਰਦਸਤ ਢਾਹ ਲੱਗ ਰਹੀ ਹੈ। ਪੱਛਮੀ ਮੁਲਕਾਂ ਤੇ ਡਾਲਰ-ਪੌਡਾਂ ਦੀ ਚਮਕ ਨੇ ਰਿਸ਼ਤਿਆਂ ਦੀ ਮਰਿਆਦਾ ਨੂੰ ਹੀ ਭੁੱਲਾ ਦਿੱਤਾ ਹੈ। ਸੱਤੇ ਤੇ ਬਲਜੀਤ ਦਾ ਵਿਆਹ ਯਾਨਿ ਚਾਚੇ-ਭਤੀਜੀ ਜਾਂ ਬਾਪ-ਧੀ ਦੇ ਵਿਆਹ ਤਕ ਪਹੁੰਚ ਜਾਣ ਨਾਲ ਲੱਗਦਾ ਹੈ ਕਿ ਲੋਕ ਸਾਰੀ ਸ਼ਰਮ ਨੂੰ ਸ਼ਰਾਬ ਵਿੱਚ ਘੋਲ ਕੇ ਪੀ ਗਏ ਹਨ ਜਾਂ ਨਸ਼ਿਆਂ ਕਾਰਣ ਖੁੰਢੇ ਹੋਏ ਦਿਲ-ਦਿਮਾਗ਼ਾਂ ਵਿੱਚ ਕੋਈ ਸੰਵੇਦਨਾ ਜਾਂ ਕੌਮਲਤਾ ਵੀ ਬਾਕੀ ਨਹੀਂ ਰਹੀ। ਇਸੇ ਤਰ੍ਹਾਂ ਬਲਵੰਤ ਨੂੰ ਏਡਸ ਹੋਣਾ ਉਸ ਦੇ ਸ਼ਰਾਬ-ਸ਼ਬਾਬ ਦੇ ਅਤਿ ਵਰਤੋਂ ਦੇ ਨਤੀਜੇ ਵਜੋਂ ਸਾਹਮਣੇ ਆਉਂਦਾ ਹੈ।

ਸਾਹਿਤ ਦਾ ਕਾਰਜ ਹੈ, ਉਹ ਆਪਣੇ ਸਮੇਂ ਦੇ ਸੱਚ ਨੂੰ ਦਿਖਾਵੇ। ਪੰਜਾਬ ਅੱਜ ਜਿਸ ਦੌਰ ਵਿਚੋਂ ਲੰਘ ਰਿਹਾ ਹੈ ਉਸੇ ਨੂੰ ਕੇਂਦਰ ਵਿੱਚ ਰੱਖ ਕੇ ਨਾਵਲਕਾਰ ਨੇ ਇਕ ਪਰਿਵਾਰ ਦੀਆਂ ਦੋ-ਤਿੰਨ ਪੀੜੀਆਂ ਨੂੰ ਲੈ ਕੇ ਹੌਲੀ-ਹੌਲੀਪੰਜਾਬ ਵਿੱਚ ਆਉਂਦੇ ਨਿਘਾਰ ਨੂੰ ਨਾਵਲੀ ਤਾਣੇ-ਬਾਣੇ ਰਾਹੀਂ ਪ੍ਰਸਤੁਤ ਕੀਤਾ ਹੈ। ਜਿਸ ਵਿੱਚ ਸਾਰੇ ਵੱਡੇ ਮੁੱਦੇ ਨਾਵਲੀ ਬਿਰਤਾਂਤ ਦਾ ਹਿੱਸਾ ਬਣਾ ਕੇ ਪੇਸ਼ ਕੀਤੇ ਤੇ ਉਸ ਦਾ ਸਿਰਲੇਖ 'ਬੰਜਰ ਧਰਤੀ' ਬਹੁਤ ਵੱਡੇ ਸਵਾਲ ਖੜੇ ਕਰਦਾ ਹੈ। ਪਹਿਲਾ ਪੰਜਾਬ ਦੇ 'ਪੰਜ ਆਬ' ਉਸ ਤੋਂ ਨਿਖੜ ਗਏ, ਜਿਸ ਵਿੱਚ ਪੰਜਾਬੀਆਂ ਦੀ ਥਾਂ ਸਿਆਸੀ ਚਾਲਾਂ ਦਾ ਵੱਡਾ ਹੱਥ ਸੀ, ਪਰ ਇਸ ਜ਼ਰਖੇਜੀ ਧਰਤੀ ਨੂੰ 'ਬੰਜਰ' ਕਰਨ ਲਈ ਪੰਜਾਬੀ ਆਪ ਜ਼ਿੰਮੇਵਾਰ ਹਨ। (**ਸੰਪਰਕ- 98681-82835**)


**'ਕਹਾਣੀ ਧਾਰਾ' ਬਾਰੇ ਜਾਣਕਾਰੀ**

| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਭਗਵੰਤ ਰਸੂਲਪੁਰੀ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਭਗਵੰਤ ਰਸੂਲਪੁਰੀ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।


ਮਿਤੀ. 2 ਜਨਵਰੀ, 2018 — ਦਸਤਖਤ

ਭਗਵੰਤ ਰਸੂਲਪੁਰੀ, ਪ੍ਰਕਾਸ਼ਕ




# ਦਲਿਤ ਜੀਵਨ ਯਥਾਰਥ ਦੀ ਕਰੂਰਤਾ ਦਾ ਪ੍ਰਗਟਾਵਾ-ਟੋਏ ਟਿੱਬੇ

**- ਪ੍ਰੋ. ਜੇ ਬੀ ਸੇਖੋਂ**




ਭਾਰਤੀ ਪਰਿਪੇਖ ਵਿਚ ਦਲਿਤ ਮਨੁੱਖ ਉਹ ਹੈ ਜੋ ਵਿਵਸਥਾ ਵਿਚ ਦਲ਼ਿਆ ਗਿਆ ਹੋਵੇ ਅਤੇ ਜਿਹੜਾ ਆਰਥਿਕ ਸਮਾਜਿਕ ਵਿਤਕਰਿਆਂ ਵਿਚ ਆਪਣੀ ਸੁਤੰਤਰ ਹੋਂਦ ਤੋਂ ਅਵਾਜ਼ਾਰ ਹੋ ਗਿਆ ਹੋਵੇ। ਭਾਰਤ ਦੇ ਬ੍ਰਾਹਮਣਵਾਦੀ ਤੰਤਰ ਨੇ ਸਦੀਆਂ ਤੋਂ ਦੇਸ਼ ਦੇ ਵੱਡੇ ਵਰਗ ਨੂੰ ਜਨਮ ਅਤੇ ਜਾਤੀ ਦੇ ਆਧਾਰ 'ਤੇ ਸਮਾਜ ਦੀ ਕਰੂਰ ਵਰਣ ਵਿਵਸਥਾ ਦੁਆਰਾ ਨਾ ਸਿਰਫ ਕੰਟਰੋਲ ਕਰੀ ਰੱਖਿਆ ਹੈ ਬਲ ਕਿ ਉਸਨੂੰ ਸਮਾਜਿਕ ਤੌਰ 'ਤੇ ਛੇਕਣ ਅਤੇ ਭਿੱਟ ਦੇ ਵਿਹਾਰ ਦੁਆਰਾ ਉਸਦੇ ਮੌਲਿਕ ਮਾਨਵੀ ਅਧਿਕਾਰਾਂ ਦਾ ਵੀ ਹਨਨ ਕੀਤਾ ਹੈ। ਦਲਿਤ ਵਰਗ ਨੇ ਇਸ ਅਮਾਨਵੀ ਵਰਤਾਰੇ ਖਿਲਾਫ਼ ਸਮੇਂ-ਸਮੇਂ 'ਤੇ ਸੰਘਰਸ਼ ਵੀ ਕੀਤਾ ਹੈ। ਭਾਰਤ ਵਿਚ ਦਲਿਤ ਚੇਤਨਾ ਦਾ ਪਹਿਲਾ ਦੌਰ ਬਸਤੀਵਾਦੀ ਸ਼ਾਸ਼ਨ ਦੌਰਾਨ ਸਾਹਮਣੇ ਆਉਂਦਾ ਹੈ । ਬੇਸ਼ੱਕ ਇਹ ਚੇਤਨਾ ਅੰਗਰੇਜ਼ਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਦਾ ਇਕ ਅਮਲ ਸੀ ਜਿਸ ਵਿਚ ਉਹ ਆਜ਼ਾਦੀ ਦੀ ਮੰਗ ਕਰ ਰਹੀਆਂ ਧਿਰਾਂ ਨੂੰ ਆਪਸ ਵਿਚ ਇਕਜੁੱਟ ਨਾ ਹੋਣ ਦੀ ਨੀਤੀ ਅਧੀਨ ਵੱਖ ਵੱਖ ਖਿੱਤਿਆਂ ਵਿਚ ਧਾਰਮਿਕ,ਜਾਤੀਗਤ ਅਤੇ ਖੇਤਰੀ ਪਛਾਣ ਦੇ ਆਧਾਰ 'ਤੇ ਉੱਠਦੀਆਂ ਲਹਿਰਾਂ ਦੀ ਸਰਪ੍ਰਸਤੀ ਕਰ ਰਹੇ ਸਨ। ਇਸਦੇ ਬਾਵਜੂਦ ਦਲਿਤ ਲਹਿਰ ਦਾ ਮੁੱਢਲਾ ਦੌਰ ਦੇਸ਼ ਦੇ ਦਲਿਤਾਂ ਨੂੰ ਇਕਜੁੱਟ ਕਰਦਾ ਉਨ੍ਹਾਂ ਦੀ ਹੋਂਦ ਲਈ ਸਵਾਲ ਖੜ੍ਹੇ ਕਰਦਾ ਹੈ। ਆਜ਼ਾਦੀ ਸੰਘਰਸ਼ ਮਗਰੋਂ ਡਾ.ਭੀਮ ਰਾਓ ਅੰਬੇਡਕਰ ਦੇ ਯਤਨਾਂ ਸਦਕਾ ਦਲਿਤ ਵਰਗ ਦਾ ਵੱਡਾ ਹਿੱਸਾ ਰਿਜ਼ਰਵੇਸ਼ਨ ਦੁਆਰਾ ਆਪਣੇ ਆਪ ਨੂੰ ਆਰਥਿਕ ਅਤੇ ਸਮਾਜਿਕ ਜਿੱਲਣ ਵਿਚੋਂ ਉਭਰਿਆ ਮਹਿਸੂਸ ਕਰਦਾ ਹੈ ਪਰ ਰਾਜਨੀਤਿਕ ਮੁਹਾਜ਼ ਉੱਤੇ ਦਲਿਤ ਮੁਕਤੀ ਦਾ ਪ੍ਰਸ਼ਨ ਸਿਆਸਤ ਦੀ ਘੁੰਮਣਘੇਰੀ ਵਿਚ ਉਲਝਿਆ ਰਿਹਾ । ਖੱਬੇ ਪੱਖੀ ਸਿਆਸਤ ਵਲੋਂ ਦਲਿਤ ਹੋਂਦ ਦੇ ਸਵਾਲ ਨੂੰ ਅਤੀ ਸੰਕੋਚਵੀ ਦ੍ਰਿਸ਼ਟੀ ਤੋਂ ਲੈਣ ਨਾਲ ਜਮਾਤ ਰਹਿਤ ਸਮਾਜ ਦੇ ਸੰਕਲਪ ਤੋਂ ਦਲਿਤ ਵਰਗ ਨੂੰ ਆਪਣੀ ਗੁਲਾਮੀ ਟੁੱਟਦੀ ਨਜ਼ਰ ਨਹੀਂ ਆਈ। ਸਮਕਾਲ ਦੇ ਵਿਸ਼ਵੀਕਰਣ ਅਤੇ ਕਾਰਪੋਰੇਟ ਸੈਕਟਰ ਦੇ ਦੌਰ ਵਿਚ ਦਲਿਤ ਸੰਘਰਸ਼ ਦੀ ਨਵੀਂ ਰੂਪ ਰੇਖਾ ਸਾਹਮਣੇ ਹੈ। ਹੁਣ ਦੀ ਦਲਿਤ ਚੇਤਨਾ ਵਿਹਾਰਕਤਾ ਨਾਲੋਂ ਵਿਚਾਰਾਂ ਦੇ ਸੰਘਰਸ਼ ਵਿਚੋਂ ਆਪਣੀ ਹੋਂਦ ਨਾਲ ਨਜਿੱਠ ਰਹੀ ਹੈ। ਇਸ ਪ੍ਰਸੰਗ ਵਿਚ ਸਾਹਿਤ ਸਿਰਜਣਾ ਦਾ ਖੇਤਰ ਦਲਿਤ ਚੇਤਨਾ ਦੇ ਮੁੱਦੇ ਨੂੰ ਵਿਭਿੰਨ ਕੋਣਾਂ ਤੋਂ ਪ੍ਰਸਤੁਤ ਕਰ ਰਿਹਾ ਹੈ।

ਦਲਿਤ ਵਿਚਾਰਧਾਰਾ ਦਾ ਸਿਰਜਣਾਤਮਿਕ ਸਾਹਿਤ ਜਿਸ ਸ਼ਿਲਪ ਅਤੇ ਸੁਹਜ ਦਾ ਪ੍ਰਗਟਾਵਾ ਕਰਦਾ ਹੈ। ਉਹ ਸਨਾਤਨੀ ਸੁਹਜ ਸ਼ਾਸਤਰ ਤੋਂ ਵੀ ਨਾਬਰ ਹੈ। ਇਸ ਸਾਹਿਤ ਵਿਚ ਪੱਥਰ ਬਣਾ ਦਿੱਤੀ ਗਈ ਸੁਰ ਅਤੇ ਗੁਲਾਮ ਪ੍ਰਥਾ ਵੱਲ ਧੱਕੀ ਮਾਨਸਿਕਤਾ ਦੇ ਪ੍ਰਗਟਾਵੇ ਲਈ ਅੱਖੜ ਜ਼ੁਬਾਨ, ਬੜਬੋਲੇ ਉਚਾਰ, ਤਿੱਖੇ ਖੜਵੇ ਬੋਲਾਂ ਵਾਲੀ ਭਾਸ਼ਕ ਸਮਰੱਥਾ ਵੱਖਰਾ ਸਾਹਿਤ ਸ਼ਾਸਤਰੀ ਪਰਿਪੇਖ ਉਸਾਰਦੀ ਹੈ। ਓਮ ਪ੍ਰਕਾਸ਼

ਵਾਲਮੀਕੀ ਅਨੁਸਾਰ, "ਦਲਿਤ ਸਾਹਿਤ ਜਨ ਸਾਹਿਤ ਜਾਂ ਲੋਕ ਸਾਹਿਤ ਹੈ ਯਾਨਿ ਮਾਸ ਲਿਟਰੇਚਰ। ਸਿਰਫ਼ ਇੰਨਾ ਹੀ ਨਹੀਂ, ਲਿਟਰੇਚਰ ਆਫ਼ ਐਕਸ਼ਨ ਵੀ ਹੈ ਜੋ ਮਾਨਵੀ ਮੁੱਲਾਂ ਦੀ ਭੂਮਿਕਾ ਉੱਤੇ ਸਾਮੰਤੀ ਮਾਨਸਿਕਤਾ ਦੇ ਵਿਰੁੱਧ ਆਕ੍ਰੋਸ਼ਜਨਕ ਸੰਘਰਸ਼ ਅਤੇ ਵਿਦਰੋਹ ਤੋਂ ਉਪਜਿਆ ਹੈ।[1]

ਦਲਿਤ ਸਾਹਿਤ ਵਿਚ ਦਲਿਤ ਜੀਵਨ ਯਥਾਰਥ ਦਾ ਕਰੂਰ ,ਘਿਣਾਉਣਾ ,ਅਮਾਨਵੀ ਅਤੇ ਉਤਪੀੜਤ ਵਰਤਾਰਾ ਹਾਜ਼ਰ ਹੁੰਦਾ ਹੈ। ਇਹ ਸਾਹਿਤ ਅਨੁਭਵ ਕੇਂਦਰਿਤ ਹੋਣ ਕਰਕੇ ਮੁੱਖ ਧਾਰਾ ਸਾਹਿਤ ਦੇ ਸਮਾਂਤਰ ਇਕ ਨਵੇਂ ਤੇਵਰ ਅਤੇ ਰਸਾਇਣ ਨਾਲ ਪੇਸ਼ ਹੁੰਦਾ ਹੈ। ਦਲਿਤ ਸਾਹਿਤ ਚੇਤਨਾ ਨਾਲ ਸਾਹਿਤ ਦੀ ਮੁੱਖ ਧਾਰਾ ਦੇ ਬਰਾਬਰ ਨਵੇਂ ਅਨੁਭਵ, ਨਵੀਂ ਸ਼ਬਦਾਬਲੀ, ਸਮੇਂ ਦੀ ਗਰਦ ਵਿਚ ਗੁੰਮੇ ਨਾਇਕ, ਨਵੀਂ ਦ੍ਰਿਸ਼ਟੀ ਅਤੇ ਵੇਦਨਾ ਵਿਦਰੋਹ ਦੇ ਵਿਲੱਖਣ ਸਰੂਪ ਦੀ ਪੇਸ਼ਕਾਰ ਹੁੰਦੀ ਹੈ। ਇਸ ਕਰਕੇ ਦਲਿਤ ਸਾਹਿਤ ਦਾ ਸੁਹਜ-ਸ਼ਾਸਤਰ ਅਤੇ ਸ਼ਿਲਪ-ਵਿਧਾਨ ਵਿਲੱਖਣ ਹੁੰਦਾ ਹੈ-

"ਦਲਿਤ ਸਾਹਿਤ ਨੇ ਨਵੇਂ ਬਿੰਬ ਘੜੇ,ਪੌਰਾਣਿਕ ਮਿਥਕਾਂ ਦੀ ਪਰਿਭਾਸ਼ਾ ਦੀ ਪਰਿਭਾਸ਼ਾ ਬਦਲ ਦਿੱਤੀ। ਨਵੇਂ ਮਿਥਕ ਬਣਾਏ,ਗੌਰਵਮਈ ਝੂਠ ਅਤੇ ਆਸਥਾ ਉੱਤੇ ਚੋਟ ਕੀਤੀ ਅਤੇ ਚਮਤਕਾਰ ਨੂੰ ਤੋੜਿਆ। ਅਨੁਭਵਾਂ ਦੀ ਪ੍ਰਮਾਣਿਕਤਾ ਨਾਲ ਦਲਿਤ ਸਾਹਿਤ ਵਿਚ ਨਵਾਂ ਤੇਵਰ ਉਭਰਿਆ ਜੋ ਸਿੱਧਾ ਮਨ ਨੂੰ ਛੂੰਹਦਾ ਹੈ।"[2]

ਭਾਰਤ ਦੇ ਮਰਾਠੀ ਸਾਹਿਤ ਵਿਚ ਦਲਿਤ ਸਾਹਿਤਕਾਰੀ ਨੇ ਇਕ ਲਹਿਰ ਦੇ ਰੂਪ ਵਿਚ ਕੰਮ ਕੀਤਾ ਹੈ। ਇਸ ਦੇ ਨਾਲ ਨਾਲ ਹਿੰਦੀ ਅਤੇ ਪੰਜਾਬੀ ਵਿਚ ਵੀ ਦਲਿਤ ਚੇਤਨਾ ਦਾ ਸਾਹਿਤ ਵਿਭਿੰਨ ਰੂਪਾਕਾਰਾਂ ਦੁਆਰਾ ਪ੍ਰਗਟ ਹੋ ਕੇ ਦਲਿਤ ਮਨੁੱਖ ਦੇ ਉਤਪੀੜਨ ਅਤੇ ਦਰਦ ਨੂੰ ਚਿਤਰਤ ਕਰਦਾ ਹੋਇਆ ਦਲਿਤ ਮਨੁੱਖ ਦੀ ਮੁਕਤੀ ਦੇ ਪ੍ਰਸ਼ਨ ਨੂੰ ਸੰਬੋਧਤ ਹੋਇਆ ਹੈ। ਸਾਹਿਤ ਦੇ ਰੂਪ ਸਵੈ ਜੀਵਨੀ ਵਿਚ ਸਵੈ ਦੀ ਪੇਸ਼ਕਾਰੀ ਦੇ ਮਾਧਿਅਮ ਨਾਲ ਲੇਖਕ ਆਪਣੀ ਜ਼ਿੰਦਗੀ ਦਾ ਹੀ ਨਹੀਂ ਸਗੋਂ ਉਸ ਸਮਾਜ ਨੂੰ ਦੇਖਣ ਵਾਲੀ ਦ੍ਰਿਸ਼ਟੀ ਦਾ ਪ੍ਰਗਟਾਵਾ ਵੀ ਕਰਦਾ ਹੈ। ਇਸ ਤੋਂ ਇਲਾਵਾ ਵਧੀਆ ਸਵੈ ਜੀਵਨੀ ਉਸ ਸਮਾਜਿਕ ਦ੍ਰਿਸ਼ਟੀ ਨੂੰ ਪਰਤਵੇਂ ਰੂਪ ਵਿਚ ਵੀ ਫੜਦੀ ਹੈ ਜਿਸ ਦੇ ਝਰੋਖੇ ਵਿਚੋਂ ਲੇਖਕ ਦਾ ਸਵੈ ਝਲਕਦਾ ਹੈ। ਇਸ ਕਰਕੇ ਸਵੈ ਜੀਵਨੀ ਸਿਰਫ਼ ਆਤਮ ਦੇ ਵੇਰਵੇ ਨਹੀਂ ਹੁੰਦੀ ਸਗੋਂ ਇਕੋ ਵੇਲੇ ਸਵੈ ਦੁਆਰਾ ਸਮਾਜ ਨੂੰ ਅਤੇ ਸਮਾਜ ਦੁਆਰਾ ਸਵੈ ਨੂੰ ਦੇਖਣ ਦਾ ਦੋਹਰੀ ਦ੍ਰਿਸ਼ਟੀ ਵਾਲਾ ਵਾਰਤਕ ਰੂਪਾਕਾਰ ਹੈ। ਦਲਿਤ ਸਵੈ ਜੀਵਨੀ ਇਸ ਪੱਖੋਂ ਵੀ ਅਹਿਮ ਹੈ ਕਿ ਇਸਨੇ ਭਾਰਤੀ ਸਾਹਿਤ ਆਚਾਰੀਆ ਦੇ ਉਸ ਸਨਾਤਨੀ ਸੰਕਲਪ ਦਾ ਭੰਜਨ ਕੀਤਾ ਹੈ ਜਿਸ ਵਿਚ ਸਵੈ ਜੀਵਨੀ ਦਾ ਅਰਥ ਅਜਿਹੇ ਵਿਅਕਤੀ ਦੇ ਆਤਮ ਵੇਰਵਿਆਂ ਤੋਂ ਸੀ ਜਿਹੜਾ ਉੱਚ ਪਦਵੀ ਦਾ ਅਧਿਕਾਰੀ ਹੋਵੇ .ਜਿਸਦਾ ਜੀਵਨ ਅਨੁਭਵ ਵੱਡਾ ਅਤੇ ਉੱਚਾ ਹੋਵੇ ਅਤੇ ਉਸਦੇ ਜੀਵਨ ਸੰਘਰਸ਼ ਤੋਂ ਸਮਾਜ ਦੇ ਲੋਕ ਪ੍ਰੇਰਨਾ ਲੈ ਸਕਣ। ਅਜਿਹੇ ਦ੍ਰਿਸ਼ਟੀਕੋਣ ਬ੍ਰਾਹਮਣਵਾਦੀ ਸਮਾਜਿਕ ਸੰਰਚਨਾ ਦੇ ਉਨ੍ਹਾਂ ਸਾਹਿਤਕ ਮਾਪਦੰਡਾਂ ਵੱਲ ਇਸ਼ਾਰਾ ਕਰਦੇ ਹਨ ਜਿਨ੍ਹਾਂ ਵਿਚ ਮਹਾਂਕਾਵਿਕ ਯੁੱਗ ਦੇ ਸਾਹਿਤ ਦਾ ਰਚਨਾਵੀਂ ਪੈਟਰਨ ਨਿਸ਼ਚਿਤ ਕਰਕੇ ਇਸਦੀ ਸਿਰਜਣਾ ਦਾ ਖੇਤਰ ਸਮਾਜ ਦੇ ਅਖੌਤੀ ਉੱਚ ਤਬਕਿਆਂ ਲਈ ਰਾਖਵਾਂ ਰੱਖਿਆ ਗਿਆ ਸੀ। ਆਧੁਨਿਕ ਯੁੱਗ ਵਿਚ ਹੌਲੀ ਹੌਲੀ ਸਾਹਿਤ ਦੇ ਇਹ ਰਚਨਾਤਮਿਕ ਪੈਟਰਨ ਟੁੱਟਦੇ ਹਨ ਅਤੇ ਆਧੁਨਿਕ ਸਮਿਆਂ ਦਾ ਲਘੂ ਮਾਨਵ ਬਿਰਤਾਂਤ ਦੇ ਕੇਂਦਰ ਵਿਚ ਆ ਕੇ ਸਹਿਜ ਅਤੇ ਸੁਭਾਵਕ ਜੀਵਨ ਸ਼ੈਲੀ ਦੀਆਂ ਵਿਸੰਗਤੀਆਂ ਵਿਚੋਂ ਆਪਣੀ ਹੋਂਦ ਲਈ ਸੰਘਰਸ਼ ਕਰਦਾ ਹੈ। ਵਿਧਾ ਦੇ ਨਜ਼ਰੀਏ ਤੋਂ ਸਵੈ ਜੀਵਨੀ ਰੂਪਾਕਾਰ ਪੂਰਨ ਤੌਰ 'ਤੇ ਨਾਬਰੀ ਵਾਲਾ ਹੈ ਜਿਸ ਵਿਚ ਦਲਿਤ ਪਾਤਰ ਦੇ ਅਨੁਭਵ ਨੂੰ ਸਾਹਿਤ ਦੇ ਕੇਂਦਰ ਵਿਚ ਰੱਖ ਕੇ ਇਸ ਵਿਧਾ ਦੇ ਸਨਾਤਨੀ ਮਾਡਲ ਨੂੰ ਉਲੱਦਿਆ ਗਿਆ ਹੈ। ਭਾਰਤ ਦੇ ਦਲਿਤ ਮੁਕਤੀ ਖੇਤਰਾਂ ਖਾਸ ਕਰ ਮਰਾਠੀ ਤੇ ਹਿੰਦੀ ਸਾਹਿਤ ਤੋਂ ਦਲਿਤ ਸਵੈ ਜੀਵਨੀਆਂ ਦੇ ਰਚਨਾਵੀਂ



ਰੁਝਾਨ ਨੇ ਭਾਰਤੀ ਦਲਿਤ ਸਵੈ ਜੀਵਨੀ ਲਈ ਇਕ ਮਾਡਲ ਦਾ ਕੰਮ ਕੀਤਾ ਹੈ।

" ਦਲਿਤ ਸਾਹਿਤ ਵਿਚ ਸਵੈ ਜੀਵਨੀ ਲਿਖ਼ਤ ਦਾ ਆਰੰਭ 'ਅਸਮਿਤਾਦਰਸ਼' (1976) ਦੇ 'ਦੀਵਾਲੀ ਵਿਸ਼ੇਸ਼ ਅੰਕ' ਤੋਂ ਹੋਇਆ।ਇਸ ਵਿਸ਼ੇਸ਼ ਅੰਕ ਵਿਚ ਮੈਂ ਅਤੇ ਮੇਰੀ ਲਿਖ਼ਤ ਸਿਰਲੇਖ ਅਧੀਨ ਰਾ.ਯੋ,ਕੇਸ਼ਵ ਮੇਸ਼ਰਾਮ,ਬੰਧੀ ਯਾਦਵ,ਰਾਜਾ ਢਾਲੇ,ਨਾਮਦੇਵ ਢਸਾਲ,ਯੋਗੀਰਾਜ ਬਾਘਮਾਰੇ,ਬਾਬੂ ਰਾਵ ਬਾਗੁਲ, ਆਦਿ ਮਾਰਠੀ ਦਲਿਤ ਲੇਖਕਾਂ ਦੇ ਸੰਖੇਪ ਸਵੈ ਕਥਨ ਪ੍ਰਕਾਸ਼ਿਤ ਹੋਏ। ਇਨ੍ਹਾਂ ਸਵੈ ਕਥਨਾਂ ਦੀ ਪ੍ਰੇਰਨਾ ਨਾਲ ਹੀ ਕਾਲਾਂਤਰ ਵਿਚ ਸੁਤੰਤਰ ਰੂਪ ਨਾਲ ਦਲਿਤ ਸਵੈ ਜੀਵਨੀਆਂ ਹੋਂਦ ਵਿਚ ਆਈਆਂ।"[3]

ਦਲਿਤ ਸਵੈ-ਜੀਵਨੀਆਂ ਵਿਚ ਲਕਛਮਣ ਗਾਇਕਵਾੜ, ਸ਼ਰਣ ਕੁਮਾਰ ਲਿੰਬਾਲੇ,ਓਮ ਪ੍ਰਕਾਸ਼ ਵਾਲਮੀਕੀ ਆਦਿ ਸਾਹਿਤਕਾਰਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀ ਸਾਹਿਤ ਵਿਚ ਦਲਿਤ ਲੇਖਕਾਂ ਦੀ ਆਪਣੇ ਜੀਵਨ ਨੂੰ ਪੇਸ਼ ਕਰਨ ਦੀ ਪਿਰਤ ਨਹੀਂ ਰਹੀ। ਇਸਦਾ ਕਾਰਨ ਭਾਰਤੀ ਅਵਚੇਤਨ ਦੀ ਉਹ ਬ੍ਰਾਹਮਣਵਾਦੀ ਤੰਦ ਹੋ ਸਕਦੀ ਹੈ ਜਿਸ ਵਿਚ ਦਲਿਤ ਵਿਅਕਤੀ ਹੀਣ ਬੋਧ ਭਾਵਨਾ ਤਹਿਤ ਆਪਣੇ ਜੀਵਨ ਅਨੁਭਵ ਨੂੰ ਖ਼ੁਦ ਹਿਕਾਤਰ ਦੀ ਦ੍ਰਿਸ਼ਟੀ ਨਾਲ ਦੇਖਦਾ ਹੈ। ਫਿਰ ਵੀ ਪੰਜਾਬੀ ਸਾਹਿਤ ਵਿਚ ਪ੍ਰੇਮ ਗੋਰਖੀ ਦੀ 'ਗੈਰ ਹਾਜ਼ਿਰ ਆਦਮੀ' ਲਾਲਾ ਸਿੰਘ ਦਿਲ ਦੀ 'ਦਾਸਤਾਨ' ਬਲਬੀਰ ਮਾਧੋਪੁਰੀ ਦੀ 'ਛਾਂਗਿਆ ਰੁੱਖ'ਅਤਰਜੀਤ ਦੀ 'ਅੱਕ ਦਾ ਦੁੱਧ' ਗੁਰਨਾਮ ਅਕੀਦਾ ਦੀ 'ਕੱਖ ਕੰਡੇ'ਗਿਆਨ ਦਾਸ ਕੰਵਲ ਦੀ 'ਮੇਰਾ ਜੀਵਨ ਸੰਘਰਸ਼' ਆਦਿ ਦਾ ਨਾਮ ਸ਼ਾਮਿਲ ਹੈ।

ਵਿਚਾਰ ਅਧੀਨ ਪੁਸਤਕ 'ਟੋਏ ਟਿੱਬੇ ' (**ਪ੍ਰਕਾਸ਼ਕ: ਲੋਕ ਰੰਗ ਪ੍ਰਕਾਸ਼ਨ, ਬਰਨਾਲਾ**) ਭੂਰਾ ਸਿੰਘ ਕਲੇਰ ਵਲੋਂ ਲਿਖੀ ਸਵੈ ਜੀਵਨੀ ਹੈ। ਇਸ ਸਵੈ ਜੀਵਨੀ ਦਾ ਬਿਰਤਾਂਤ ਲੇਖਕ ਦੇ ਦਲਿਤ ਜੀਵਨ ਯਥਾਰਥ ਦੁਆਲੇ ਕੇਂਦਰਿਤ ਹੈ। ਦਲਿਤ ਜੀਵਨ ਦੀ ਵਾਸਤਵਿਕਤਾ ਅਨੇਕਾਂ ਅਣਦਿਸਦੇ ਟੋਏ ਟਿੱਬਿਆਂ ਵਿਚੋਂ ਰੂਪ ਧਾਰਦੀ ਹੈ। ਭੂਰਾ ਸਿੰਘ ਕਲੇਰ ਦਾ ਜੀਵਨ ਸੰਘਰਸ਼ ਵੀ ਇਨ੍ਹਾਂ ਟੋਏ ਟਿੱਬਿਆਂ ਵਿਚੋਂ ਉਭਰਦਾ ਹੈ ਅਤੇ ਸਵੈ ਤੋਂ ਪਾਰ ਜਾ ਕੇ ਦਲਿਤ ਵਰਗ ਦੀ ਸਮੂਹਿਕ ਪੀੜ ਦਾ ਚਿੰਨ ਬਣ ਕੇ ਪੇਸ਼ ਹੁੰਦਾ ਹੈ। ਕਿਤਾਬ ਦੇ ਮੁੱਖ ਬੰਦ ਵਿਚ ਲੇਖਕ ਲਿਖਦਾ ਹੈ ,"ਟੋਏ ਟਿੱਬੇ ? ਹਾਂ ਜੀ ਮੇਰੀ ਜ਼ਿੰਦਗੀ ਟੋਏ ਟਿੱਬਿਆਂ ਵਾਂਗ ਹੀ ਹੈ। ਮੈਂ ਬਚਪਨ ਤੋਂ ਲੈ ਕੇ ਹੁਣ ਤੱਕ ਟੋਏ ਟਿੱਬਿਆਂ ਵਿਚ ਵੀ ਡਿੱਗਿਆ ਹਾਂ ਅਤੇ ਟਿੱਬਿਆਂ ਦੀਆਂ ਟੀਸੀਆਂ ਉੱਤੇ ਵੀ ਚੜ੍ਹਿਆ ਹਾਂ। ਸੱਚ ਕਹਿਣਾ ਅਤੇ ਸੱਚ ਸੁਣਨਾ ਬਹੁਤ ਔਖਾ ਹੁੰਦਾ ਹੈ। ਮੈਂ ਆਪਣੀ ਸਵੈ ਜੀਵਨੀ ਵਿਚ ਸੱਚ ਲਿਖਣ ਦੀ ਕੋਸ਼ਿਸ਼ ਕੀਤੀ ਹੈ।4.

ਭੂਰਾ ਸਿੰਘ ਕਲੇਰ ਦੀ ਪੰਜਾਬੀ ਗਲਪ ਵਿਚ ਇਕ ਆਪਣੀ ਪਛਾਣ ਹੈ। ਉਨ੍ਹਾਂ ਦਾ ਸਾਹਿਤਕ ਸਫ਼ਰ 'ਪੰਛੀਆਂ ਦੇ ਆਲ੍ਹਣੇ 'ਨਾਮਕ ਤੋਂ 1978 ਵਿਚ ਆਰੰਭ ਹੁੰਦਾ ਹੈ। ਇਸ ਮਗਰੋਂ ਉਨ੍ਹਾਂ ਨੇ ਟੁੱਟੇ ਪੱਤੇ ( 1994) ਬੇਗਮਾ ਫਾਤਮਾ ( 2012) ਤਿਹਾਇਆ ਰੁੱਖ ( 2014) ਨਾਮਕ ਪੁਸਤਕਾਂ ਦੀ ਰਚਨਾ ਕੀਤੀ ਹੈ। ਕਲੇਰ ਦੀਆਂ ਕਹਾਣੀਆਂ ਵਿਚ ਪੰਜਾਬੀ ਸਮਾਜ ਦੀਆਂ ਉਹ ਦਿਹਾਤੀ ਵਿਸੰਗਤੀਆਂ ਪੇਸ਼ ਹੋਈਆਂ ਹਨ ਜਿਨ੍ਹਾਂ ਵਿਚ ਮਨੁੱਖ ਦੀ ਆਪਣੀ ਪਛਾਣ ਕੋਈ ਨਹੀਂ ਹੈ। ਉਸਦੀ ਮੁੱਢਲੀ ਪਛਾਣ ਉਸਦੀ ਜਾਤ,ਧਰਮ,ਵਿਹੜੇ ਤੋਂ ਹੈ। ਇਸ ਪਛਾਣ ਨਾਲ ਜੂਝਦੇ ਉਸਦੇ ਕਥਾ ਪਾਤਰ ਕਹਾਣੀ ਦੇ ਰਵਾਇਤੀ ਫਰੇਮ ਵਿਚ ਪੇਸ਼ ਹੋ ਕੇ ਵੀ ਸਮਕਾਲੀ ਯਥਾਰਥ ਦਾ ਗੁੰਝਲਦਾਰ ਰੂਪ ਪੇਸ਼ ਕਰ ਜਾਂਦੇ ਹਨ। ਲੇਖਕ ਨੇ ਆਪਣੀ ਇਸ ਸਵੈ ਜੀਵਨੀ ਵਿਚ ਆਪਣੇ ਸਾਹਿਤ ਦੀ ਸਿਰਜਣ ਪ੍ਰਕਿਰਿਆ ਨਾਲੋਂ ਆਪਣੀ ਨਿੱਜੀ ਜ਼ਿੰਦਗੀ ਅਤੇ ਸਮਾਜਿਕ ਵਰਤਾਰਿਆਂ ਦੀ ਕਰੂਰਤਾ ਦਾ ਭਰਵਾਂ ਚਿਤਰਣ ਪੇਸ਼ ਕੀਤਾ ਹੈ। ਇਸ ਸਵੈ ਜੀਵਨੀ ਨੂੰ ਪੜ੍ਹਦਿਆਂ ਇਹ ਪਾਠਕੀ ਅਹਿਸਾਸ ਹੁੰਦੇ ਹਨ ਦਲਿਤ ਜੀਵਨ ਯਥਾਰਥ ਵਿਚ ਜਦੋਂ ਸਮਾਜਿਕ ਭੇਦਭਾਵ ਨਾਲ ਆਰਥਿਕ ਵਿਤਕਰੇ ਵੀ ਜੁੜ ਜਾਣ ਤਾਂ ਸ਼ੋਸ਼ਣਕਾਰੀ ਸੱਤਾ ਵਿਕਰਾਲ ਰੂਪ ਧਾਰਨ ਕਰ ਜਾਂਦੀ ਹੈ। ਸਵੈ ਜੀਵਨੀ ਦੀ ਕੇਂਦਰੀ

ਰਚਨਾ ਰੂੜ੍ਹੀ ਮਨੁੱਖ ਦਾ ਨਿੱਜੀ ਅਨੁਭਵ ਹੁੰਦਾ ਹੈ। ਵਿਚਾਰ ਅਧੀਨ ਪੁਸਤਕ ਵੀ ਭੂਰਾ ਸਿੰਘ ਕਲੇਰ ਦੇ ਨਿੱਜੀ ਤਜ਼ਰਬਿਆਂ ਵਿਚੋਂ ਨਿਕਲਿਆ ਜੀਵਨ ਬਿਰਤਾਂਤ ਹੈ ਜਿਸ ਵਿਚ ਲੇਖਕ ਆਪਣੇ ਬਚਪਨ ਤੋਂ ਜਵਾਨੀ ਤੱਕ ਦੇ ਪਰਿਵਾਰਕ ਸਮਾਜਿਕ ਸਰੋਕਾਰ ਪ੍ਰਗਟ ਕਰਦਾ ਹੋਇਆ ਇਕ ਸਮਾਜਿਕ ਬੇਗਾਨਗੀ ਦੇ ਅਹਿਸਾਸ ਵਿਚੋਂ ਗੁਜ਼ਰਦਾ ਹੈ। ਸਵੈ ਜੀਵਨੀ ਦਾ ਅਗਲਾ ਹਿੱਸਾ ਕਲੇਰ ਦੀ ਨਿੱਜੀ ਰਾਜਸੀ ਸੂਝ ਦਾ ਪ੍ਰਗਟਾਵਾ ਹੈ। ਉਹ ਦਲਿਤ ਲਹਿਰਾਂ ਲਈ ਕੰਮ ਕਰਦਾ ਰਾਜਨੀਤਕ ਵਿਸੰਗਤੀਆਂ ਦਾ ਵੱਖਰਾ ਅਨੁਭਵ ਪੇਸ਼ ਕਰਦਾ ਹੈ। ਇਸਦੇ ਨਾਲ ਨਾਲ ਲੇਖਕ ਵਲੋਂ ਗਰੀਬੀ ਦੀ ਜ਼ਿੱਲਤ ਤੋਂ ਨਿਜ਼ਾਤ ਪਾਉਣ ਲਈ ਸ਼ੁਰੂ ਕੀਤੇ ਵੱਖ ਵੱਖ ਕੰਮ ਧੰਦਿਆਂ ਦੌਰਾਨ ਆਉਂਦੀਆਂ ਮੁਸ਼ਕਿਲਾਂ ਦਾ ਬਿਰਤਾਂਤ ਵੀ ਪੇਸ਼ ਹੋਇਆ ਹੈ। ਅਜਿਹੇ ਵਰਤਾਰਿਆਂ ਵਿਚੋਂ ਭੂਰਾ ਸਿੰਘ ਕਲੇਰ ਦੀ ਸਿਰਜਣਾ ਹੁੰਦੀ ਹੈ। ਮਨੁੱਖ ਦੀ ਸ਼ਖ਼ਸੀ ਬਣਤਰ ਵਿਚ ਉਸਦੇ ਪਰਿਵਾਰ ਅਤੇ ਸਮਾਜਿਕ ਮਾਹੌਲ ਦਾ ਕਿੰਨਾ ਪ੍ਰਭਾਵ ਹੁੰਦਾ ਹੈ ਇਸਦਾ ਭੇਦ ਵੀ ਸਵੈ ਜੀਵਨੀ ਪਾਠ ਵਿਚੋਂ ਖੁੱਲ੍ਹਦਾ ਹੈ। ਕਲੇਰ ਦੀ ਸਵੈ ਜੀਵਨੀ ਵਿਚ ਵੀਹਵੀਂ ਸਦੀ ਦੇ ਛੇ ਦਹਾਕਿਆਂ ਦੀ ਸਮਾਜਿਕ ਇਤਿਹਾਸਕਾਰੀ ਦੀਆਂ ਸਿੱਧੀਆਂ ਅਸਿੱਧੀਆਂ ਝਲਕਾਂ ਦੇਖਣ ਨੂੰ ਮਿਲਦੀਆਂ ਹਨ। ਲੇਖਕ ਪੰਜਾਬ ਦੇ ਮਾਲਵੇ ਖੇਤਰ ਦੇ ਕਸਬਾ ਨਥਾਣਾ ਨੇੜੇ ਪੈਂਦੇ ਪਿੰਡ ਪੂਹਲਾਂ ਵਿਖੇ ਗੁਜ਼ਾਰੇ ਬਚਪਨ ਦੌਰਾਨ ਉਥੋਂ ਦੀ ਰਵਾਇਤੀ ਸਮਾਜਿਕ ਬਣਤਰ ਅਤੇ ਭੂਗੋਲਿਕ ਤਵਾਰੀਖ ਨੂੰ ਭਲੀਭਾਂਤ ਫੜਦਾ ਹੈ। ਰਚਨਾਕਾਰ ਨਾਨਕਾ ਪਿੰਡ ਦੇ ਉਸ ਮੋਹਖੋਰੇ ਅਹਿਸਾਸ ਦਾ ਖੂਬਸੂਰਤ ਪੇਸ਼ਕਾਰ ਹੈ ਜਿਹੜਾ ਪੰਜਾਬੀ ਅਵਚੇਤਨ ਦਾ ਅਟੁੱਟ ਹਿੱਸਾ ਹੈ। ਨਾਨਕਾ ਪਿੰਡ ਵਿਖੇ ਦਰਮਿਆਨੀ ਆਰਥਿਕਤਾ ਵਾਲੇ ਘਰ ਵਿਚੋਂ ਉਸਨੂੰ ਨਾਨਾ ਨਾਨੀ ਦਾ ਭਰਵਾਂ ਪਿਆਰ ਮਿਲਦਾ ਪਰ ਮਾਮੀ ਦੇ ਵਿਤਕਰੇ ਕਾਰਨ ਉਹ ਨਾਨਕਾ ਪਰਿਵਾਰ ਦੀਆਂ ਕਈ ਭਾਵਪੂਰਤ ਯਾਦਾਂ ਵੀ ਰਜਿਸਟਰ ਕਰਦਾ ਹੈ।

ਬਚਪਨ ਬਾਰੇ ਵਿਦਵਾਨਾਂ ਦੇ ਆਮ ਕਥਨ ਹਨ ਕਿ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਬਚਪਨ ਦਾ ਹੀ ਵਿਸਥਾਰ ਹੁੰਦੀ ਹੈ । ਬਚਪਨ ਵਿਚ ਮਨੁੱਖ ਦਾ ਜਿਹੜਾ ਚੇਤਨ ਅਵਚੇਤਨ ਸੰਸਾਰ ਉਸਰਦਾ ਹੈ ਉਹ ਜ਼ਿੰਦਗੀ ਦਾ ਆਧਾਰ ਬਣ ਜਾਂਦਾ ਹੈ। ਬਚਪਨ ਵਿਚ ਲੇਖਕ ਵਲੋਂ ਹੱਡਾ ਰੋੜੀ ਜਾ ਕੇ ਗਿਰਝਾਂ ਕੁੱਟਣ ਵਾਲਾ ਬਿਰਤਾਂਤ ਪੜ੍ਹਦਿਆਂ ਦਲਿਤ ਜੀਵਨ ਦੇ ਬਾਲਪਨ ਦੇ ਪ੍ਰਸੰਗ ਨਸ਼ਰ ਹੁੰਦੇ ਹਨ। ਮਰੇ ਪਸ਼ੂ ਦੀ ਲੀਹੇ ਨਾ ਤੁਰਨ ਦੀ ਧਾਰਨਾ ਵੀ ਲੇਖਕ ਬਚਪਨ ਵਿਚ ਤੋੜਦਾ ਹੈ ਅਤੇ ਮਰੇ ਪਸ਼ੂ ਨੂੰ ਖਿੱਚਦੇ ਕਾਮਿਆਂ ਦੇ ਪਿੱਛੇ ਜਾ ਕੇ ਉਸਨੂੰ ਖਾਣ ਆਉਂਦੀਆਂ ਗਿਰਝਾਂ ਅਤੇ ਲਮਢੀਂਗਾਂ ਨੂੰ ਡੰਡੇ ਨਾਲ ਕੁੱਟਣ ਦੀ ਖੇਡ ਖੇਡਦਾ ਹੈ। ਬਾਲ ਪਨ ਦਾ ਇਹ ਯਥਾਰਥ ਵਿਹੜਿਆਂ ਦੇ ਦਲਿਤ ਜੀਵਨ ਦੀ ਠੇਠ ਅਤੇ ਰਵਾਇਤੀ ਜੀਵਨ ਸ਼ੈਲੀ ਦਾ ਹਿੱਸਾ ਰਿਹਾ ਹੈ। ਇਸ ਤੋਂ ਇਲਾਵਾ ਮਾਲਵੇ ਦੇ ਪਿੰਡਾਂ ਦਾ ਪੰਜਵੇਂ-ਛੇਵੇਂ ਦਹਾਕੇ ਦਾ ਜੁਗਰਾਫ਼ੀਆ ਅਤੇ ਰੁੱਤਾਂ , ਮੌਸਮਾਂ ਦੇ ਬਦਲਦੇ ਸਰੋਕਾਰਾਂ ਵਿਚੋਂ ਉਭਰਦਾ ਠੇਠ ਲੋਕ ਜੀਵਨ ਵੀ ਇਸ ਸਵੈ ਜੀਵਨੀ ਦਾ ਹਿੱਸਾ ਬਣਿਆ ਹੈ।

ਦਲਿਤ ਸਵੈ ਜੀਵਨੀਆਂ ਦੀ ਰਚਨਾ ਰੂੜ੍ਹੀ ਦਾ ਇਕ ਪਾਸਾਰ ਦਲਿਤਾਂ ਦੀ ਸਕੂਲੀ ਸਿਖਿਆ ਨਾਲ ਜੁੜ ਕੇ ਪੇਸ਼ ਹੁੰਦਾ ਹੈ। ਭੂਰਾ ਸਿੰਘ ਕਲੇਰ ਪੜ੍ਹਨ ਲਿਖਣ ਵਿਚ ਹੁਸ਼ਿਆਰ ਰਿਹਾ ਅਤੇ ਉਸਨੂੰ ਸਕੂਲਾਂ ਵਿਚ ਸੇਧ ਦੇਣ ਵਾਲੇ ਅਧਿਆਪਕ ਵੀ ਮਿਲੇ ਅਤੇ ਉਸ ਨਾਲ ਜਾਤੀ ਆਧਾਰ 'ਤੇ ਵਿਤਕਰਾ ਕਰਨ ਵਾਲੇ ਵੀ। ਜਾਤ ਪਾਤ ਤੋਂ ਉਪਜਦੇ ਭਿੱਟ,ਨਫ਼ਰਤ ਅਤੇ ਹੋਰ ਵਿਤਕਰਿਆਂ ਦੀ ਭਾਵਨਾ ਨੂੰ ਤੋੜਨ ਦੇ ਜਿਸ ਸੁਪਨੇ ਦੀ ਸਿਰਜਣਾ ਆਜ਼ਾਦੀ ਪਿਛੋਂ ਦੇ ਵਿਦਿਆ ਪ੍ਰਬੰਧ ਵਿਚ ਕੀਤੀ ਗਈ ਉਸ ਸੁਪਨੇ ਦੀ ਤਿੜਕ ਦੀ ਬਿਰਤਾਂਤਕਾਰੀ ਇਸ ਸਵੈ ਜੀਵਨੀ ਵਿਚ ਪੇਸ਼ ਹੋਈ ਹੈ। ਬੇਸ਼ੱਕ ਲੇਖਕ ਅਜਿਹੇ ਜਾਤੀ ਭੇਦ ਭਾਵ ਨੂੰ ਬੜੇ ਸੰਕੋਚਵੇਂ ਰੂਪ ਵਿਚ ਪੇਸ਼ ਕਰਦਾ ਹੈ ਇਸਦਾ ਕਾਰਨ ਰਚਨਾਕਾਰ ਦਾ ਦੱਬਿਆ ਜਾਤੀ ਅਵਚੇਤਨ ਵੀ ਹੋ



ਸਕਦਾ ਹੈ ਪਰ ਫਿਰ ਵੀ ਇਸਦੇ ਹਲਕੇ ਫੁਲਕੇ ਵੇਰਵੇ ਪਾਠਕਾਂ ਨੂੰ ਆਜ਼ਾਦੀ ਦੇ ਸੁਪਨੇ ਦੀ ਤਿੜਕ ਨਾਲ ਜੋੜ ਦਿੰਦੇ ਹਨ-

"ਸਕੂਲ ਵਿਚ ਮੁੰਡੇ ਮੇਰੇ ਨਾਲ ਛੂਆ ਛਾਤ ਕਰਦੇ। ਮੈਨੂੰ ਆਪਣੇ ਨਾਲ ਬੈਠਣ ਨਾ ਦਿੰਦੇ। ਜੇ ਕੋਈ ਮੁੰਡਾ ਮੈਨੂੰ ਆਪਣੇ ਨਾਲ ਬਿਠਾ ਲੈਂਦਾ ਤਾਂ ਉਸਨੂੰ ਆਖਦੇ ਕਿ ਓਏ ਤੂੰ ਭਿਟਿਆ ਜਾਵੇਂਗਾ। ਉਹ ਵੀ ਮੈਨੂੰ ਪਰ੍ਹੇ ਕਰ ਦਿੰਦਾ. . . ਵੱਡੇ ਮਾਸਟਰ ਪ੍ਰਾਰਥਨਾ ਵਿਚ ਆਜ਼ਾਦੀ ਆਏ ਦੇ ਅਰਥ ਦੱਸ ਕੇ ਮੁੰਡਿਆਂ ਨੂੰ ਭਾਸ਼ਨ ਦਿੰਦੇ। ਉਨ੍ਹਾਂ ਸਰਕਾਰੀ ਲਫ਼ਜ਼ਾਂ ਵਿਚ ਕਿਹਾ ਕਿ ਹੁਣ ਆਜ਼ਾਦੀ ਆ ਗਈ ਹੈ- ਕੋਈ ਉਚ ਨੀਚ ਨਹੀਂ। ਲੋਕਾਂ ਦੀ ਸਰਕਾਰ ਵਗੈਰਾ ਵਗੈਰਾ। ਹੁਣ ਉਹ ਕੁਝ ਮੁੰਡੇ ਬਾਹਰੀ ਤੌਰ 'ਤੇ ਤਾਂ ਮੇਰੇ ਨਾਲ ਛੂਤ ਛਾਤ ਕਰਨ ਨਾਲੋਂ ਹਟ ਗਏ ਪਰ ਅੱਖ ਬਚਾ ਕੇ ਕਦੇ ਕਦੇ ਮੈਨੂੰ 'ਢੇਡ, ਕੁਜਾਤ, ਝੜੰਮ ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜ਼ ਦਿੰਦੇ। ਮੇਰਾ ਦਿਲ ਬੜਾ ਔਖਾ ਹੁੰਦਾ। ਜੀਅ ਕਰਦਾ ਕਿ ਇਨ੍ਹਾਂ ਦੇ ਇੱਟ ਮਾਰ ਕੇ ਸਿਰ ਪਾੜ ਦਿਆਂ ...।[5]

ਭੂਰਾ ਸਿੰਘ ਕਲੇਰ ਪੰਜਾਬ ਦੀ ਉਸ ਪੀੜ੍ਹੀ ਦੇ ਜੀਵਨ ਸੰਘਰਸ਼ ਵਿਚੋਂ ਪ੍ਰਵਾਨ ਚੜ੍ਹਦਾ ਹੈ ਜਿਸ ਨੇ ਸੀਮਤ ਵਿੱਤੀ ਵਸੀਲਿਆਂ ਦੇ ਬਾਵਜੂਦ ਮਿਹਨਤ ਅਤੇ ਹਿੰਮਤ ਦਾ ਪੱਲਾ ਨਹੀਂ ਛੱਡਿਆ। ਕਲੇਰ ਘਰ ਦੀ ਆਰਥਿਕ ਤੰਗੀ ,ਬਾਪ ਨਾਲ ਤਣਾਅ,ਦਲਿਤ ਸੰਤਾਪ ਆਦਿ ਦੇ ਬਿਰਤਾਂਤਕ ਪ੍ਰਸੰਗ ਦੱਸ ਕੇ ਪੜ੍ਹਾਈ ਦੇ ਨਾਲ ਨਾਲ ਘਰ ਦਾ ਗੁਜ਼ਾਰਾ ਤੋਰਨ ਲਈ ਜੁੱਤੀਆਂ ਗੰਢਣ ਦਾ ਕੰਮ ਕਰਦਾ ਹੈ। ਉਹ ਆਪਣੇ ਮੌਜੀ ਸੁਭਾਅ, ਸਿਨੇਮਾ ਦੇਖਣ ਦੀਆਂ ਆਦਤਾਂ,ਦੋਸਤਾਂ ਮਿੱਤਰਾਂ ਨਾਲ ਆਵਾਰਾ ਗਰਦੀ ਆਦਿ ਦੇ ਵੇਰਵੇ ਵੀ ਨਸ਼ਰ ਕਰਦਾ ਹੈ ਇਸ ਨਾਲ ਉਸਦਾ ਜੀਵਨ ਨਿਰੇ ਚੰਗੇ ਜਾਂ ਨਿਰੇ ਮੰਦੇ ਵਾਲੀ ਬਨਾਵਟੀ ਬਣਤਰ ਵਿਚੋਂ ਨਿਕਲ ਕੇ ਸੱਚ ਦੇ ਨੇੜੇ ਜਾਪਦਾ ਹੈ। ਆਰਥਿਕ ਥਪੇੜਿਆਂ ਦੀ ਮਾਰ ਹੇਠਾਂ ਆ ਕੇ ਲੇਖਕ ਨੇ ਕਈ ਕਿੱਤੇ ਸ਼ੁਰੂ ਕੀਤੇ ਪਰ ਸਫ਼ਲਤਾ ਨਾ ਮਿਲੀ। ਉਹ ਲੁਧਿਆਣੇ ਆ ਕੇ ਕਿਰਾਏ 'ਤੇ ਰਹਿਣ ਲਗਿਆ, ਟਾਇਪ ਰਾਇਟਰ ਨਾਲ ਟਾਇਪ ਕਰਨ ਲੱਗ ਗਿਆ ਪਰ ਜਲਦੀ ਮਨ ਭਰ ਗਿਆ। ਕਿਸੇ ਕਾਲਜ ਵਿਚ ਪਾਰਕਿੰਗ ਦਾ ਠੇਕੇਦਾਰ ਬਣਿਆ ਪਰ ਪ੍ਰਬੰਧਕਾਂ ਦੇ ਸਖ਼ਤ ਰਵੱਈਏ ਕਰਕੇ ਕੰਮ ਛੱਡ ਦਿੱਤਾ।

ਇਸ ਕ੍ਰਿਤ ਵਿਚ ਭੂਰਾ ਸਿੰਘ ਕਲੇਰ ਦਲਿਤ ਜੀਵਨ ਦੇ ਜਾਤੀ ਅਤੇ ਜਮਾਤੀ ਸੰਤਾਪ ਨਾਲ ਗ੍ਰਸਿਆ ਵਿਅਕਤੀ ਬਣ ਕੇ ਪੇਸ਼ ਹੋਇਆ ਹੈ। ਉਹ ਗਰੀਬੀ ਦੀ ਕੁੱਖ ਵਿਚੋਂ ਧਰਮ ਦੇ ਪਲਣ ਦੀ ਧਾਰਨਾ ਨੂੰ ਦ੍ਰਿੜ ਕਰਦਾ ਹੈ ਅਤੇ ਜ਼ਲਾਲਤ ਦਾ ਜੀਵਨ ਭੋਗਦਾ ਕਿਸੇ ਡੇਰੇ 'ਤੇ ਆਪਣਾ ਜੀਵਨ ਅਰਪਿਤ ਕਰ ਦਿੰਦਾ ਹੈ ਪਰ ਉਸਨੂੰ ਜਾਤੀ ਅਤੇ ਜਮਾਤੀ 'ਮੁਕਤੀ' ਨਹੀਂ ਮਿਲਦੀ। ਉਹ ਆਪਣੇ ਆਪ ਨੂੰ ਆਪਣੀ ਪਤਨੀ ਅਤੇ ਬੱਚਿਆਂ ਪ੍ਰਤੀ ਗੁਨਾਹ ਬੋਧ ਨਾਲ ਭਰ ਜਾਂਦਾ ਹੈ। ਰੁਜ਼ਗਾਰ ਨਾ ਮਿਲਣ ਕਰਕੇ ਘਰ ਵਿਚ ਭੰਗ ਭੁੱਜਦੀ ਹੈ ,ਜੁੱਤੀਆਂ ਗੰਢਣ ਦਾ ਕੰਮ ਮੁੜ ਆਰੰਭ ਕਰ ਦਿੰਦਾ ਹੈ। ਲੇਖਕ ਇਕ ਵਾਰ ਇਸ ਦਲਦਲ ਤੋਂ ਨਿਕਲਣ ਲਈ ਰੇਲ ਗੱਡੀ ਅੱਗੇ ਖੁਦਕੁਸ਼ੀ ਕਰਨ ਬਾਰੇ ਸੋਚਦਾ ਹੈ ਪਰ ਉਸਨੂੰ ਤੁਰੰਤ ਆਪਣਾ ਪੁੱਤਰ ਹਰਕੀਰਤ ਲੱਤ ਨੂੰ ਚਿੰਬੜਿਆ ਜਾਪਦਾ ਹੈ। ਅਜਿਹੇ ਹੋਰ ਵੀ ਕਈ ਵੇਰਵੇ ਪੇਸ਼ ਕਰਦਿਆਂ ਲੇਖਕ ਜੀਵਨ ਦੇ ਕੋੜੇ ਯਥਾਰਥ ਦੇ ਦ੍ਰਿਸ਼ ਪੇਸ਼ ਕਰਦਾ ਹੈ।

ਇਸ ਸਵੈ ਜੀਵਨੀ ਦੁਆਰਾ ਲੇਖਕ ਆਪਣੇ ਪਿੰਡ ਦੀ ਰਾਜਸੀ ਚੇਤਨਾ ਦਾ ਪ੍ਰਗਟਾਵਾ ਕਰਕੇ ਦਲਿਤ ਸੰਘਰਸ਼ ਲਈ ਉੱਠੀਆਂ ਰਾਜਸੀ ਲਹਿਰਾਂ ਦੇ ਸਿਧਾਂਤ ਅਤੇ ਵਿਹਾਰ ਬਾਰੇ ਸੰਵਾਦ ਪੇਸ਼ ਕਰਦਾ ਹੈ। ਉਹ ਖੁਦ ਰਿਪਬਲਿਕ ਪਾਰਟੀ ਆਫ਼ ਇੰਡੀਆ ਦਾ ਵਰਕਰ ਰਹਿ ਕੇ ਕੰਮ ਕਰਦਾ ਉਸ ਸਮੇਂ ਲੋਕਾਂ ਅਤੇ ਪਾਰਟੀ ਵਰਕਰਾਂ ਦੀ ਸਮਾਜਿਕ ਪ੍ਰਤੀਬੱਧਤਾ ਦਾ ਉਲੇਖ ਵੀ ਕਰਦਾ ਹੈ ਅਤੇ ਅਵਸਰਵਾਦ ਦੇ ਭੇਟ ਚੜ੍ਹੇ ਪਾਰਟੀ ਆਗੂਆਂ ਦੇ ਦੋਗਲੇ ਕਿਰਦਾਰ ਵੀ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਕਮਿਉਨਿਸਟ ਪਾਰਟੀਆਂ ਦੇ ਵਿਸ਼ਵ ਪੱਧਰੀ ਖਿੰਡਾਅ ਦੀਆਂ ਵੱਡੀਆਂ ਉਦਾਹਰਣਾਂ ਵਾਲੇ ਦੌਰ ਵਿਚ ਰੂਸ ਅਤੇ ਚੀਨ ਦੀ ਸ਼ਬਦੀ ਜੰਗ ਦਾ

ਪੰਜਾਬ ਵਿਚ ਕੰਮ ਕਰਦੀਆਂ ਖੱਬੇ ਪੱਖੀ ਧਿਰਾਂ ਉੱਤੇ ਪੈਂਦਾ ਤਤਕਾਲੀ ਅਸਰ ਪੇਸ਼ ਕਰਕੇ ਕਲੇਰ ਨੇ ਆਪਣੀ ਸਵੈ ਜੀਵਨੀ ਦਾ ਮੁੱਲ ਵਧਾਇਆ ਹੈ। ਇੰਞ ਕਰਦਿਆਂ ਉਹ ਸਵੈ ਜੀਵਨੀ ਦੀ ਨਿਰੋਲ ਨਿੱਜਤਾ ਕੇਂਦਰਿਤ ਰਚਨਾਕਾਰੀ ਨੂੰ ਛੱਡਦਾ ਹੈ ਅਤੇ ਸਮਾਜਿਕ-ਰਾਜਸੀ ਚੇਤਨਾ ਦੇ ਵੱਡੇ ਦ੍ਰਿਸ਼ ਉਲੀਕਣ ਦਾ ਯਤਨ ਕਰਦਾ ਹੈ।

ਦਲਿਤ ਵਰਗ ਨੂੰ ਲਾਮਬੰਦ ਕਰਨ ਵਾਲੇ ਯਤਨਾਂ ਵਿਚ ਲੇਖਕ ਰੀਪਬਲਿਕ ਪਾਰਟੀ ਆਫ਼ ਇੰਡੀਆ ਦਾ ਵਰਕਰ ਬਣ ਕੇ ਡਾ. ਅੰਬੇਡਕਰ ਦੀ ਵਿਚਾਰਧਾਰਾ ਦਾ ਪ੍ਰਸਾਰ ਕਰਦਾ ਹੈ, ਪਿੰਡ ਪਿੰਡ ਜਾ ਕੇ ਲੋਕਾਂ ਨੂੰ ਚੇਤਨ ਕਰਦਾ ਹੈ, ਮੀਟਿੰਗਾਂ , ਰੈਲੀਆਂ ਦਾ ਆਯੋਜਨ ਕਰਦਾ ਹੈ । ਗੁਰਚਰਨ ਸਿੰਘ ਵਰਗੇ ਦਲਿਤ ਆਗੂਆਂ ਦੀ ਦਲਿਤ ਵਰਗ ਲਈ ਪ੍ਰਤੀਬੱਧਤਾ ਦੇ ਨਾਲ ਨਾਲ ਉਹ ਹਰੀਸ਼ ਚੰਦਰ ਵਰਗੇ ਮੌਕਾਪ੍ਰਸਤ ਆਗੂਆਂ ਦੀ ਲਹਿਰ ਨਾਲੋਂ ਸਵੈ ਹਿੱਤਾਂ ਵਾਲੀ ਪਹੁੰਚ ਦਾ ਪ੍ਰਗਟਾਵਾ ਕਰਕੇ ਲਹਿਰ ਦੇ ਅੰਦਰੂਨੀ ਟੁੱਟ ਭੱਜ ਦਾ ਵਰਨਾਂ ਵੀ ਕਰਦਾ ਹੈ।1964 ਦੀਆਂ ਪੰਜਾਬ ਅਸੈਂਬਲੀ ਚੋਣਾਂ ਦੌਰਾਨ ਜਿਹੜਾ ਰਾਜਸੀ ਦ੍ਰਿਸ਼ ਪੰਜਾਬ ਵਿਚ ਬਣਦਾ ਹੈ ਉਸ ਵਿਚ ਦਲਿਤ ਪਾਰਟੀ ਦੇ ਤਿੰਨ ਵਿਧਾਇਕਾਂ ਦੀ ਜਿੱਤ ਅਤੇ ਕਸਬਾ ਭਦੌੜ ਤੋਂ ਸੀ ਪੀ ਆਈ ਦੇ ਆਗੂਆਂ ਦੀ ਜਿੱਤ ਨਾਲ ਪਾਰਟੀ ਵਰਕਰ ਵਜੋਂ ਲੇਖਕ ਇਕ ਉਤਸ਼ਾਹ ਨਾਲ ਭਰ ਜਾਂਦਾ ਹੈ ਪਰ ਇਹ ਉਤਸ਼ਾਹ ਉਦੋਂ ਕਾਫ਼ੂਰ ਹੋ ਜਾਂਦਾ ਹੈ ਜਦੋਂ ਸੀਪੀਆਈ ਆਗੂਆਂ ਦੀ ਜਿੱਤ ਵਿਚ ਰੱਈ ਕਾਨਫਰੰਸ ਦੌਰਾਨ ਰੋਟੀ ਪਾਣੀ ਦੇ ਕੀਤੇ ਪ੍ਰਬੰਧ ਦੌਰਾਨ ਦਲਿਤ ਵਰਕਰ ਆਪਣੇ ਭਾਂਡੇ ਕਾਨਫਰੰਸ ਦੇ ਨੇੜੇ ਰੱਖੇ ਰੇਤ ਦੇ ਢੇਰ ਤੋਂ ਖੁਦ ਮਾਂਜਦੇ ਦਿਸਦੇ ਹਨ। ਇਸ ਸਥਿਤੀ ਦਾ ਵਰਨਣ ਕਰਦਿਆਂ ਲੇਖਕ ਅਸਿੱਧੇ ਰੂਪ ਵਿਚ ਖੱਬੇ ਪੱਖੀ ਪਾਰਟੀਆਂ ਵਲੋਂ ਜਮਾਤੀ ਸੰਘਰਸ਼ ਦੇ ਸਟੀਰੀਓਟਾਇਪ ਫਾਰਮੂਲੇ ਉਤੇ ਦਿੱਤੇ ਬੇਲੋੜੇ ਦਬਾਅ ਦਾ ਵਰਨਣ ਕਰਦਾ ਹੈ ਜਦ ਕਿ ਨੱਕ ਹੇਠਾਂ ਚੱਲ ਰਹੇ ਘਿਣਾਉਣੇ ਜਾਤੀ ਪ੍ਰਬੰਧ ਪ੍ਰਤੀ ਕਮਿਉਨਿਸਟਾਂ ਦੀ ਅੱਖਾਂ ਬੰਦ ਕਰਨ ਵਾਲੀ ਸੰਕੋਚਵੀਂ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦਾ ਹੈ।

"ਕਸਬਾ ਭਦੌੜ ਵਿਖੇ ਭਾਰਤੀ ਕਮਿਉਨਿਸਟ ਪਾਰਟੀ ਵਲੋਂ ਸ੍ਰੀ ਭਾਨ ਸਿੰਘ ਭੌਰਾ ਜਿੱਤਿਆ ਸੀ। . . . ਪਾਰਟੀ ਨੇ ਭਦੌੜ ਵਿਖੇ ਇਖ ਵੱਡੀ ਕਾਨਫਰੰਸ ਰੱਖੀ ਹੋਈ ਸੀ।ਅਸੀਂ ਸਾਈਕਲਾਂ 'ਤੇ ਸੁਬ੍ਹਾ ਨਹਿਰੇ ਨਹਿਰੇ ਚਲਦੇ ਦੁਪਹਿਰ ਤੱਕ ਕਾਨਫਰੰਸ ਵਾਲੀ ਜਗ੍ਹਾ ਪੁੱਜ ਗਏ।ਸਟੇਜ ਉਤੇ ਸੀਪੀਆਈ ਦੇ ਕਾਰਕੁੰਨ ਕਵਿਤਾਵਾਂ-ਗੀਤ ਗਾਈ ਜਾਂਦੇ ਸਨ। ਕਾਨਫਰੰਸ ਦੇ ਉਰਲੇ ਪਾਸੇ ਮੈਂ ਦੇਖਿਆ ਕਿ ਕਿਸੇ ਜ਼ਿਮੀਦਾਰ ਦਾ ਪਸ਼ੂਆਂ ਵਾਲਾ ਖੁੱਲ੍ਹਾ ਘਰ ਹੈ। ਉਸਦੇ ਬਾਰ ਵਿਚ ਰੇਤੇ ਦਾ ਵੱਡਾ ਢੇਰ ਲੱਗਿਆ ਹੋਇਆ ਹੈ। ਅੰਦਰੋਂ ਕੁਛ ਲੋਕ ਥਾਲ ਵਗੈਰਾ ਤੇ ਬਾਟੀਆਂ ਭਾਂਡੇ ਲਈ ਨਿਕਲਦੇ ਹਨ ਤੇ ਰੇਤੇ ਦੇ ਢੇਰ ਉਤੇ ਮਾਂਜਦੇ ਹਨ। ਸਾਡੇ ਵਿਚੋਂ ਇਕ ਜਣਾ ਕਹਿਣ ਲੱਗਾ ਰੋਟੀ ਖਾਈਏ ? ਮੈਂ ਕਿਹਾ ਮੈਨੂੰ ਤਾਂ ਭੁੱਖ ਨਹੀਂ, ਘਰੋਂ ਖਾ ਕੇ ਤੁਰਿਆ ਹਾਂ।"[6].

ਲੋਕ ਹਿਤਾਂ ਲਈ ਲੜਨ ਵਾਲੀਆਂ ਪਾਰਟੀ ਦੀਆਂ ਧੜੇਬੰਦੀਆਂ , ਗੁਮਰਾਹਕੁੰਨ ਪਹੁੰਚ, ਪਾਰਟੀ ਆਗੂਆਂ ਦੀਆਂ ਅਵਸਰਵਾਦੀ ਨੀਤੀਆਂ ਅਤੇ ਸਿਧਾਂਤਕ ਵਿਹਾਰਕ ਪਾੜੇ ਦੇ ਅਨੇਕਾਂ ਪ੍ਰਸੰਗ ਇਸ ਸਵੈ ਜੀਵਨੀ ਵਿਚ ਲੇਖਕ ਨੇ ਪ੍ਰਗਟ ਕੀਤੇ ਹਨ। ਅਜਿਹਾ ਕਰਦਿਆਂ ਲੇਖਕ ਲਹਿਰਾਂ ਪ੍ਰਤੀ ਇਕ ਵਰਕਰ ਦੇ ਖਿਆਲਾਂ ਨੂੰ ਰਜਿਸਟਰ ਕਰਦਾ ਮਹੱਤਵਪੂਰਨ ਕਾਰਜ ਨਿਭਾ ਜਾਂਦਾ ਹੈ ਜਦਕਿ ਅਜਿਹੇ ਖਿਆਲ ਅਕਸਰ ਪਾਰਟੀ ਪ੍ਰੋਗਰਾਮ ਦੇ ਹਾਸ਼ੀਏ 'ਤੇ ਚਲੇ ਜਾਂਦੇ ਹਨ ਅਤੇ ਜਿਸ ਸਿਸਟਮ ਖਿਲਾਫ਼ ਕੋਈ ਲਹਿਰ ਉੱਠਦੀ ਹੈ ਉਸੇ ਵਿਚ ਖਚਿਤ ਹੋ ਜਾਂਦੀ ਹੈ। ਇਸਦੇ ਨਾਲ ਨਾਲ ਲੇਖਕ ਨੇ ਦਲਿਤ ਲਹਿਰ ਵਿਚ ਕੰਮ ਕਰਦਿਆਂ ਦੋ ਕਿਸਮ ਦੀ ਨਮੋਸ਼ੀ ਹੰਢਾਈ ਹੈ ਇਕ ਨਮੋਸ਼ੀ ਪਾਰਟੀ ਦੇ ਉੱਚ ਆਗੂਆਂ ਦੀ ਦੋਗਲੀ ਨੀਤੀ ਅਤੇ ਆਪਸੀ ਗਰੁੱਪਬਾਜ਼ੀ ਦੀ ਹੈ ਦੂਜੀ ਨਮੋਸ਼ੀ ਦਲਿਤ ਭਾਈਚਾਰੇ ਵਿਚ ਸਦੀਆਂ ਤੋਂ ਜੜ੍ਹ ਹੋ ਗਈ ਗੁਲਾਮ ਮਾਨਸਿਕਤਾ ਵਿਚੋਂ ਨਾ ਨਿਕਲਣ ਦੀ ਹੈ। ਇਸ ਨਮੋਸ਼ੀਂ ਵਿਚੋਂ ਲੇਖਕ ਸਾਹਿਤ ਅਧਿਐਨ ਦੀ ਰੁਚੀ ਅਤੇ ਸਾਹਿਤ



ਸਿਰਜਣਾ ਕਰਕੇ ਨਿਕਲਦਾ ਦਿਖਾਈ ਪਿਆ ਹੈ।ਉਸ ਸਮੇਂ ਲੇਖਕ ਕਮਿਉਨਿਸਟਾਂ ਦੀ ਕਾਂਸ਼ੀ ਵਜੋਂ ਰਾਮਪੁਰਾ ਫੂਲ ਦੀਆਂ ਸਾਹਿਤ ਸਭਾਵਾਂ ਦਾ ਹਿੱਸਾ ਬਣਿਆ ਜਿੱਥੇ ਕਈ ਸਾਹਿਤਕਾਰਾਂ ਨਾਲ ਉਸਨੇ ਮੇਲ ਮਿਲਾਪ ਦੇ ਪ੍ਰਸੰਗ ਉਲੀਕੇ ਹਨ। ਇਸੇ ਸੰਦਰਭ ਵਿਚ ਕਲੇਰ ਆਪਣੇ ਗੀਤਾਂ, ਗਜ਼ਲਾਂ ਅਤੇ ਕਹਾਣੀਆਂ ਦੀ ਸਿਰਜਣ ਪ੍ਰਕਿਰਿਆ ਬਾਰੇ ਵੀ ਲਿਖਦਾ ਹੈ।

ਸਾਹਿਤ ਸਿਰਜਣਾ ਵਿਚ ਲੇਖਕ ਦਾ ਇਹ ਝੋਰਾ ਉਸ ਸੰਵਾਦ ਨੂੰ ਜਨਮ ਦਿੰਦਾ ਹੈ ਜਿਸ ਅਧੀਨ ਪ੍ਰਗਤੀਵਾਦੀਆਂ ਨੇ ਸਾਹਿਤਕਾਰੀ ਨੂੰ ਇਕ ਜਮੂਦ ਅਤੇ ਖੜੋਤ ਵਿਚ ਬੰਨ੍ਹ ਕੇ ਸਾਹਿਤਕਾਰਾਂ ਦੀ ਸਹਿਜ ਸੁਭਾਵਿਕ ਸਿਰਜਣਕਾਰੀ ਉੱਤੇ ਇਨਕਲਾਬ ਦੀ ਸੈਂਸਰ ਸ਼ਿਪ ਲਗਾ ਦਿੱਤੀ ਸੀ।

"ਮੇਰੇ ਮਿੱਤਰ ਲੇਖਕ ਸਾਰੇ ਕਮਿਉਨਿਸਟ ਸਨ। ਜਦ ਕੋਈ ਮੈਂ ਰੁਮਾਂਟਿਕ ਰਚਨਾ ਕਰਦਾ ਤਾਂ ਉਹ ਰੱਦ ਕਰ ਦਿੰਦੇ,ਆਖਦੇ," ਯਾਰ ਕੋਈ ਇਨਕਲਾਬੀ ਰਚਨਾ ਲਿਖ।" ਉਹ ਇਕ ਕਿਸਮ ਦੀ ਬੰਦਿਸ਼ ਮੇਰੇ 'ਤੇ ਲਗਾ ਦਿੰਦੇ। ਮੈਂ ਬੇਵਕੂਫ਼ ਉਨ੍ਹਾਂ ਦੀ ਗੱਲ ਮੰਨ ਲੈਂਦਾ। ਜੇ ਮੈਂ ਆਪਣੇ ਦਿਲ ਦੀ ਗੱਲ ਮੰਨ ਕੇ ਰਚਨਾਵਾਂ ਕਰਦਾ ਰਹਿੰਦਾ ਤਾਂ ਗੱਲ ਵਧੀਆ ਹੋਣੀ ਸੀ।"[7].


ਭੂਰਾ ਸਿੰਘ ਕਲੇਰ ਦੀ ਇਸ ਸਵੈ ਜੀਵਨੀ ਵਿਚ ਉਸਦੀ ਮਾੜੀ ਆਰਥਿਕ ਹਾਲਤ ਉਸਦੇ ਕੰਮ ਵਿਚ ਅਨੇਕਾਂ ਰੁਕਾਵਟਾਂ ਪਾਉਂਦੀ ਪੇਸ਼ ਹੋਈ ਹੈ। ਲੇਖਕ ਇਕ ਪਾਸੇ ਜੁੱਤੀਆਂ ਗੰਢਦਾ ਘਰ ਦਾ ਗੁਜ਼ਾਰਾ ਕਰਦਾ ਹੈ , ਦੂਜਾ ਦਲਿਤ ਲਹਿਰਾਂ ਵਿਚ ਇਕ ਇਮਾਨਦਾਰ ਵਰਕਰ ਵਜੋਂ ਭੂਮਿਕਾ ਨਿਭਾਉਂਦਾ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਰਹਿੰਦਾ ਹੈ। ਇਸੇ ਦੇ ਨਾਲ ਨਾਲ ਸਾਹਿਤਕਾਰੀ ਦੀ ਚੇਟਕ ਉਸਨੂੰ ਸੰਵੇਦਨਸ਼ੀਲ ਬਣਾ ਦਿੰਦੀ ਹੈ ਅਤੇ ਉਹ ਸਮਾਜਿਕ ਵਰਤਾਰਿਆਂ ਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦੀ ਪਛਾਣ ਕਰਨ ਦੇ ਸਮਰੱਥ ਹੋ ਜਾਂਦਾ ਹੈ। ਇਹ ਸਵੈ ਜੀਵਨੀ ਲੇਖਕ ਦੀ ਜ਼ਿੰਦਗੀ ਦਾ ਸੱਚ ਪੇਸ਼ ਕਰਦੀ ਹੈ। ਉਹ ਸੱਚ ਜਿਹੜਾ ਸਮਾਜਿਕ ਆਰਥਿਕ ਵਰਤਾਰਿਆਂ ਦੀ ਖਹਿ ਵਿਚੋਂ ਪੈਦਾ ਹੁੰਦਾ ਹੈ। ਸਵੈ ਜੀਵਨੀ ਦਾ ਇਹ ਪਹਿਲਾ ਭਾਗ ਹੈ ਜਿਸ ਵਿਚ ਬੇਸ਼ੱਕ ਲੇਖਕ ਦੀ ਸਾਹਿਤ ਸਿਰਜਣਾ ਦੇ ਭਰਵੇਂ ਸਰੋਕਾਰ ਨਹੀਂ ਆਏ ਪਰ ਜੋ ਇਸ ਸਵੈ ਜੀਵਨੀ ਵਿਚ ਪੇਸ਼ ਹੋਇਆ ਹੈ ਉਹ ਪੰਜਾਬ ਦੇ ਦਲਿਤ ਸਮਾਜ ਦਾ ਦਸਤਾਵੇਜ਼ੀ ਯਥਾਰਥ ਹੈ। ਵਰਨਣਾਤਮਕ, ਨਾਟਕੀ ਅਤੇ ਚੇਤਨਾ ਪ੍ਰਵਾਹ ਦੀ ਰਚਨਾ ਸ਼ੈਲੀ ਦੁਆਰਾ ਲੇਖਕ ਨੇ ਇਸ ਸਵੈ ਜੀਵਨੀ ਵਿਚ ਦਲਿਤ ਜੀਵਨ ਦੀ ਵਾਸਤਵਿਕਤਾ ਭਰ ਦਿੱਤੀ ਹੈ। ਇਹ ਹੱਡੀ ਹੰਢਾਇਆ ਸੱਚ ਹੈ ਜਿਸਦੇ ਪ੍ਰਗਟਾਵੇ ਲਈ ਭਾਸ਼ਾ ਦੇ ਸ਼ਿੰਗਾਰੀ ਸੁਹਜ ਦੀ ਥਾਂ ਖਰਵ੍ਹੀਂ, ਕਿਰਕਿਰੀ ਅਤੇ ਆਕ੍ਰੋਸ਼ ਭਰੀ ਸੁਰ ਉਤਪੰਨ ਹੁੰਦੀ ਹੈ। ਲੇਖਕ ਵਧਾਈ ਦਾ ਪਾਤਰ ਹੈ।

**ਹਵਾਲੇ ਅਤੇ ਟਿੱਪਣੀਆਂ-**


1. ਓਮ ਪ੍ਰਕਾਸ਼ ਵਾਲਮੀਕੀ,ਦਲਿਤ ਸਾਹਿਤਯ ਕਾ ਸੌਂਦਰਯ ਸ਼ਾਸਤਰ, ਰਾਧਾ ਕ੍ਰਿਸ਼ਨਨ ਪ੍ਰਕਾਸ਼ਨ, ਦਿੱਲੀ, 2001, ਪੰਨਾ 15.
2. ਉਹੀ ਪੰਨਾ,8-9.
3. ਹਰੀਨਰਾਇਣ ਠਾਕੁਰ, ਦਲਿਤ ਸਾਹਿਤਯ ਕਾ ਸਮਾਜ ਸ਼ਾਸਤਰ, ਭਾਰਤੀ ਗਿਆਨਪੀਠ, ਨਵੀਂ ਦਿੱਲੀ, 2014, ਪੰਨਾ 245.
4. ਭੂਰਾ ਸਿੰਘ ਕਲੇਰ,ਟੋਏ ਟਿੱਬੇ,ਲੋਕ ਰੰਗ ਪ੍ਰਕਾਸ਼ਨ, ਬਰਨਾਲਾ, 2017 ਪੰਨਾ, 5.
5. ਉਹੀ , ਪੰਨਾ 28.
6. ਉਹੀ , ਪੰਨਾ 82., 7. ਉਹੀ , ਪੰਨਾ 82.


**ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ, (ਸੰਪਰਕ-94175- 86028)**

## ਮਾਲਵੇ ਦਾ ਦੁਖਾਂਤ: ਕੈਂਸਰ ਟਰੇਨ/- ਡਾ. ਪਰਗਟ ਸਿੰਘ




ਕੁੱਲ ਦੁਨੀਆਂ ਜਿਸ ਤਰੱਕੀ ਦੇ ਮੁਹਾਣੇ ਤੇ ਖੜ੍ਹੀ ਨਿੱਤ ਨਵੇਂ ਦਿਸਹੱਦਿਆਂ ਨੂੰ ਸਰ ਕਰ ਰਹੀ ਹੈ। ਉੱਥੇ ਪੂਰੇ ਸੰਸਾਰ 'ਚ ਕਈ ਅਜਿਹੀਆਂ ਜਾਨਲੇਵਾ ਬਿਮਾਰੀਆਂ ਨੇ ਵੀ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ ਜੋ ਲੋਕਾਈ ਦੀ ਜਾਨ ਦਾ ਖੋਹ ਬਣ ਰਹੀਆਂ ਹਨ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਇਸ ਨੇ ਤਰੱਕੀ ਦੇ ਕਈ ਸ਼ਿਖਰ/ਮੁਕਾਮ ਛੂਹੇ ਹਨ ਅਤੇ ਨਿੱਤ ਤਰੱਕੀ ਵੱਲ ਅਗਰਸਰ ਹੈ। ਪਰ ਨਾਲ ਹੀ ਕਈ ਅਜਿਹੀਆਂ ਬਿਮਾਰੀਆਂ ਵੀ ਪੰਜਾਬੀ ਜਨ-ਜੀਵਨ ਦਾ ਹਿੱਸਾ ਬਣਦੀਆਂ ਜਾ ਰਹੀਆਂ ਹਨ ਜੋ ਕੁੱਝ ਦਹਾਕੇ ਪਹਿਲਾਂ ਤੱਕ ਸੁਣੀਆਂ ਵੀ ਨਹੀਂ ਸੀ। ਖਾਸ ਤੌਰ ਤੇ ਕੈਂਸਰ ਦੀ ਬਿਮਾਰੀ ਜਿਸ ਨੇ ਪੰਜਾਬ ਦੇ ਮਾਲਵੇ ਖਿੱਤੇ ਦੀ ਇਕ ਖਾਸ ਬੈਲਟ (ਖੇਤਰ) ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ ਜਿਸ ਤੋਂ ਮੁਕਤ ਹੋਣਾ ਹੁਣ ਏਨਾ ਸੌਖਾ ਦਿਖਾਈ ਨਹੀਂ ਦਿੰਦਾ। ਇਸ ਬਿਮਾਰੀ ਦੇ ਅਨੇਕਾਂ ਕਾਰਨ ਅਸੀਂ ਆਪ ਪੈਦਾ ਕਰ ਰਹੇ ਹਾਂ ਅਤੇ ਕੁੱਝ ਹੱਦ ਤੱਕ ਸਰਕਾਰ ਦੀਆਂ ਨਲਾਇਕੀਆਂ/ਨਾਕਾਮੀਆਂ ਵੀ ਬਰਾਬਰ ਦੀਆਂ ਭਾਈਵਾਲ ਹਨ। ਕੈਂਸਰ ਵਾਲੇ ਮਸਲੇ ਦੀਆਂ ਅਨੇਕਾਂ ਤੰਦਾਂ ਨੂੰ ਆਪਣੇ ਵਿੱਚ ਸਮੇਟਦਾ ਨਾਵਲ ਹੈ 'ਕੈਂਸਰ ਟਰੇਨ'।

ਨਛੱਤਰ ਪੰਜਾਬੀ ਸਾਹਿਤ ਖਾਸ ਤੌਰ ਤੇ ਗਲਪ ਦਾ ਖਾਸ ਹਸਤਾਖ਼ਰ ਹੈ। ਜਿਸ ਨੇ ਕਈ ਅਹਿਮ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਹੀ ਨਹੀਂ ਪਾਈਆਂ ਸਗੋਂ ਇਹਨਾਂ ਰਚਨਾਵਾਂ ਦਾ ਆਮ ਪਾਠਕ ਵਰਗ ਅਤੇ ਸਾਹਿਤ ਆਲੋਚਕਾਂ ਨੇ ਖਾਸ ਤੌਰ ਤੇ ਨੋਟਿਸ ਲਿਆ। ਦਿੱਲੀ ਰਹਿੰਦਾ ਇਹ ਸਾਹਿਤਕਾਰ ਪੰਜਾਬ ਦੇ ਮਾਲਵੇ ਖਾਸ ਤੌਰ 'ਟਿੱਬਿਆਂ', 'ਵਾਂਗਰ' ਦੀ ਧਰਤੀ ਕਹੇ ਜਾਂਦੇ ਇਲਾਕੇ ਦੀ ਨਬਜ਼ ਪਹਿਚਾਣਦਾ ਉੱਥੋਂ ਦੀ ਧੜਕਦੀ ਜ਼ਿੰਦਗੀ ਦੀ ਸਾਰ ਲੈਣ ਵਾਲਾ ਸਾਹਿਤਕਾਰ ਹੈ। ਲੇਖਕ ਹੁਣ ਤੱਕ 6 ਮੌਲਿਕ ਕਹਾਣੀ ਸੰਗ੍ਰਹਿ, 5 ਮੌਲਿਕ ਨਾਵਲ ਅਤੇ 5 ਪੁਸਤਕਾਂ ਦਾ ਅਨੁਵਾਦ ਕਰ ਚੁੱਕਿਆ ਹੈ। ਕੈਂਸਰ ਟਰੇਨ (**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, ਮੁੱਲ 225 ਰੁਪਏ**) ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਉਸ ਦਾ ਨਵਾਂ ਨਾਵਲ ਹੈ।

ਪੂਰਾ ਨਾਵਲ ਅਮਨ ਨਾਂ ਦੇ ਵਿਦਿਆਰਥੀ ਜੋ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ 'ਚ ਐਮ.ਐਸ.ਸੀ. ਦਾ ਵਿਦਿਆਰਥੀ ਹੈ ਦੇ ਇਰਦ-ਗਿਰਦ ਘੁੰਮਦਾ ਹੈ। ਅਮਨ ਆਪਣੇ ਪ੍ਰੋਜੈਕਟ ਲਈ ਮਾਲਵੇ ਖੇਤਰ ਦੀ ਕੈਂਸਰ ਦੀ ਮਾਰ ਹੇਠ ਆਈ ਬੈਲਟ (ਖੇਤਰ) ਨੂੰ ਚੁਣਦਾ ਹੈ। ਇਸ ਪ੍ਰੋਜੈਕਟ ਦੀ ਪੂਰਤੀ ਹਿੱਤ ਉਹ ਬਹੁਤਾ ਸਮਾਂ ਇਸ ਖਿੱਤੇ ਦੇ ਅਨੇਕਾਂ ਪਿੰਡਾਂ ਵਿੱਚ ਲੋਕਾਂ ਨਾਲ ਵਾਹ-ਵਾਸਤਾ ਰਹਿੰਦਾ ਹੈ।



ਨਾਵਲੀ ਪੜ੍ਹਤ ਦੌਰਾਨ ਕੈਂਸਰ ਦੀ ਬਿਮਾਰੀ ਦੇ ਵਧਣ/ਫੈਲਣ/ਪਨਪਣ ਦੀਆਂ ਕਈ ਮੂਲ ਚੂਲਾਂ ਦਾ ਭੇਤ ਖੁੱਲ੍ਹਦਾ ਹੈ ਉੱਥੇ ਇਸ ਉੱਪਰ ਹੁੰਦੀ ਰਾਜਨੀਤੀ ਅਤੇ ਆਮ ਲੋਕਾਂ ਦੀ ਸੋਚ ਦੇ ਕਈ ਪੱਧਰਾਂ ਦਾ ਗਿਆਨ ਵੀ ਹੁੰਦਾ ਹੈ। ਲੇਖਕ ਪਹਿਲਾਂ ਮਸਲਾ ਜੋ ਆਪਣੇ ਇਸ ਨਾਵਲ ਵਿੱਚ ਉਠਾਉਂਦਾ ਹੈ, ਕਿ ਇਸ ਬਿਮਾਰੀ ਦੇ ਫੈਲਣ ਦਾ ਕਾਰਨ ਇੱਥੋਂ ਦਾ ਵਾਤਾਵਰਣ ਹੈ ਜਾਂ ਇਸ ਬਿਮਾਰੀ ਸਬੰਧੀ ਚੇਤਨਾ ਦੀ ਘਾਟ ਹੈ? ਅਸਲ ਵਿੱਚ ਜੇਕਰ ਘੋਖਿਆ ਜਾਵੇ ਤਾਂ ਦੋਵੇਂ ਸੁਆਲ ਹੀ ਆਪਣੇ ਥਾਂ ਤੇ ਵਾਜਬ ਜਾਪਦੇ ਹਨ। ਅਸਲ 'ਚ ਜਦੋਂ ਬਿਮਾਰੀ ਨੇ ਜੜ੍ਹ ਹੀ ਫੜ੍ਹ ਲਈ ਤਾਂ ਉਸ ਨੂੰ ਛੁਪਾ ਕੇ ਬਿਮਾਰੀ ਦਾ ਟਾਕਰਾ ਜਾਂ ਖਾਤਮਾ ਨਹੀਂ ਕੀਤਾ ਜਾ ਸਕਦਾ ਸਗੋਂ ਉਸ ਪ੍ਰਤੀ ਜਾਗਰੂਕ ਹੋ ਕੇ ਉਸ ਵਿਰੁੱਧ ਸੰਘਰਸ਼ ਵਿੱਢਣ ਅਤੇ ਲੋਕਾਈ ਨੂੰ ਜਨ-ਚੇਤਨ ਕਰਨ ਦੀ ਲੋੜ ਹੈ। ਜਿਵੇਂ ਨਾਵਲ ਵਿੱਚ ਜਦੋਂ ਅਮਨ ਆਪਣੇ ਪ੍ਰੋਜੈਕਟ ਲਈ ਕੈਂਸਰ ਪੀੜ੍ਹਤ ਲੋਕਾਂ ਦੇ ਅੰਕੜੇ ਇਕੱਠੇ ਕਰਨ ਲਈ ਆਪਣੇ ਮਿੱਤਰ ਜਰਨੈਲ ਨਾਲ ਇੱਕ ਪਿੰਡ ਵਿੱਚ ਜਾ ਬਜ਼ੁਰਗ ਤੋਂ ਉਸਦੇ ਪਿੰਡ ਦੇ ਕੈਂਸਰ ਮਰੀਜਾਂ ਸਬੰਧੀ ਸੁਆਲ ਪੁੱਛਦਾ ਹੈ "ਬਾਪੂ ਜੀ, ਥੋਡੇ ਪਿੰਡ 'ਚ ਕੈਂਸਰ ਦੇ ਕਿੰਨੇ ਕੁ ਮਰੀਜ਼ ਹੋਣਗੇ ?" ਯ ਯ ਯ ਸਾਡੇ ਪਿੰਡ ਤਾਂ ਭਾਈ ਏਸ ਵੇਲੇ ਕੋਈ ਮਰੀਜ਼ ਹੈ ਨ੍ਹੀਂ।"1 ਬਾਬੇ ਦਾ ਉਪਰੋਕਤ ਜਵਾਬ ਮਸਲੇ ਨੂੰ ਸੁਲਝਾਉਣ ਦੀ ਥਾਂ ਉਲਝਾ ਰਿਹਾ ਹੈ। ਬਾਬੇ ਦੇ ਦਿੱਤੇ ਉੱਤਰ ਦੇ ਕਈ ਕਾਰਨ ਅਤੇ ਕਈ ਉਲਝੀਆਂ ਤੰਦਾਂ ਹਨ। ਪਿੰਡ ਦੀ ਬਦਨਾਮੀ, ਮੁੰਡੇ ਕੁੜੀਆਂ ਦੇ ਰਿਸ਼ਤਿਆਂ 'ਚ ਵਿਘਨ ਆਦਿ ਉਹ ਕਾਰਨ ਹਨ ਜੋ ਮਸਲੇ ਦੀ ਸੱਚਾਈ ਉੱਪਰ ਪਰਦਾ ਪਾ ਰਹੇ ਹਨ।

ਸਿਰਫ਼ ਆਮ ਲੋਕ ਹੀ ਇਸ ਉੱਪਰ ਪਰਦਾ ਨਹੀਂ ਪਾ ਰਹੇ ਸਿਤਮਜ਼ਰੀਫੀ ਦੀ ਹੱਦ ਤਾਂ ਇਹ ਹੈ ਕਿ ਸਰਕਾਰੀ ਅਧਿਕਾਰੀ ਵੀ ਇਸ ਮਸਲੇ ਦੀ ਗੰਭੀਰਤਾ ਤੋਂ ਅਣਜਾਣ ਜਾਂ ਜਾਣ ਬੁੱਝ ਕੇ ਕੈਂਸਰ ਨਾਲ ਹੋ ਰਹੀਆਂ ਮੌਤਾਂ ਨੂੰ ਕੁਦਰਤੀ ਮੌਤ ਕਹਿ ਕੇ ਆਪਣੇ ਰਜਿਸਟਰ ਵਿੱਚ ਦਰਜ ਕਰਦੇ ਹਨ। ਜਿਸ ਨਾਲ ਇਸ ਵਿਕਰਾਲ ਬਿਮਾਰੀ ਕਾਰਨ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਲੋਕਾਂ ਦੀ ਅਸਲ ਸੰਖਿਆ ਤੋਂ ਸਮਾਜ, ਪੂਰਾ ਸੰਸਾਰ ਅਤੇ ਮੀਡੀਆ ਅਣਜਾਣ ਰਹਿ ਰਿਹਾ ਹੈ। ਇਸ ਬਿਮਾਰੀ ਕਾਰਨ ਮੌਤਾਂ ਦੀ ਗਿਣਤੀ ਘੱਟ ਦਰਸਾ ਕੇ ਸਰਕਾਰ ਆਪਣੀ ਨਾਕਾਮੀ ਤੇ ਪਰਦਾ ਪਾ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰਦੀ ਹੈ ਉੱਥੇ ਅਨੇਕਾਂ ਅਜਿਹੇ ਮਸਲੇ ਇਸ ਖਿੱਤੇ 'ਚ ਦੇਖਣ ਵਿੱਚ ਆਏ ਹਨ ਜਿੱਥੇ ਕੈਂਸਰ ਦੇ ਮਰੀਜ਼ ਦੇ ਪਰਿਵਾਰਕ ਮੈਂਬਰ ਨੂੰ ਜਾਂ ਤਾਂ ਬਿਮਾਰੀ ਬਾਰੇ ਪਤਾ ਹੀ ਨਹੀ ਜੇ ਪਤਾ ਵੀ ਹੈ ਤਾਂ ਉਹ ਕਈ ਵਾਰ ਜਾਣ ਬੁੱਝ ਕੇ 'ਚੰਦਰੀ ਬਿਮਾਰੀ' ਕਹਿ ਕੇ ਇਸ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਲੋਕਾਂ ਦੁਆਰਾ ਲੀਰੋ-ਲੀਰ ਹੋਏ ਤਨ/ਮਨ ਨੂੰ ਕੱਜਕੇ ਉਸ ਰੋਗ ਤੋਂ ਮੁਕਤ ਹੋਣ ਲਈ ਭੁਲੇਖਾ ਪਾਊ ਨੀਤੀ ਅਪਣਾਈ ਜਾਂਦੀ ਹੈ ਜੋ 'ਬਾਬਾ' ਵਰਤ ਰਿਹਾ ਹੈ। ਇਹ ਅਸਲ 'ਚ ਮਸਲੇ ਦੀ ਵਿਕਰਾਲਤਾ ਦਾ ਇੱਕ ਕਾਰਣ ਨਹੀਂ ਸਗੋਂ ਮਸਲੇ ਦੀ ਸਭ ਤੋਂ ਦੁਖਦਾਈ ਰਗ ਤਾਂ ਇਹ ਹੈ ਕਿ ਅਕਸਰ ਹੀ ਬਹੁ-ਗਿਣਤੀ ਘਰਾਂ 'ਚ ਕੈਂਸਰ ਦੀ ਬਿਮਾਰੀ ਦਾ ਪਤਾ ਲੱਗ ਜਾਣ ਤੇ ਵੀ ਉਸ ਦਾ ਸਹੀ ਤਰੀਕੇ ਨਾਲ ਇਲਾਜ ਨਹੀਂ ਹੋ ਪਾਉਂਦਾ ਜਾ ਕਿਹਾ ਜਾ ਸਕਦਾ ਹੈ ਕਿ 'ਕਰਵਾਇਆ ਨਹੀਂ ਜਾ ਸਕਦਾ' ਕਿਉਂਕਿ ਇਸ ਖਿੱਤੇ ਦੇ ਬਹੁ-ਗਿਣਤੀ ਲੋਕਾਂ ਦੀ ਮਾੜੀ ਆਰਥਿਕ ਸਥਿਤੀ ਵੀ ਕਿਸੇ ਤੋਂ ਲੁਕੀ/ਛੁਪੀ ਨਹੀਂ। ਗੇਜੇ ਦੀ ਘਰਵਾਲੀ ਬੰਸੋ ਅਤੇ ਮਨਰੇਗਾ ਵਿੱਚ ਕੰਮ ਕਰਦੀ ਕਰਮੋ ਆਪਣੀ ਦਿਨ-ਰਾਤ ਦੀ ਮਿਹਨਤ ਸਦਕਾ ਘਰ ਦਾ ਗੁਜ਼ਾਰਾ ਹੀ ਚਲਾ ਸਕਦੀਆਂ ਹਨ। ਜਦੋਂ ਇਨ੍ਹਾਂ ਨੂੰ ਕੈਂਸਰ ਦੀ ਬਿਮਾਰੀ ਘੇਰ ਲੈਂਦੀ ਹੈ ਤਾਂ ਇਲਾਜ ਲਈ ਲੋੜੀਂਦੇ ਪੈਸਿਆਂ ਦੇ ਖੁਣੋ ਤੜਪਣ ਲਈ ਮਜ਼ਬੂਰ ਹੋ ਜਾਂਦੀਆਂ ਹਨ।

ਸਿੱਖਿਆ ਅਤੇ ਸਿਹਤ ਦੋ ਅਜਿਹੇ ਵਿਭਾਗ ਹਨ ਜਿਨ੍ਹਾਂ ਵੱਲ ਸਰਕਾਰ ਦਾ ਸਭ ਤੋਂ ਜਿਆਦਾ ਧਿਆਨ ਹੀ ਨਹੀਂ ਹੁੰਦਾ ਸਗੋਂ ਆਮ/ਖਾਸ ਸਭ ਲਈ ਅਹਿਮ ਵੀ ਹੁੰਦੇ ਹਨ। ਵਿਦੇਸ਼ੋਂ ਆਏ ਸੁੱਖੀ ਦੇ ਇੱਥੇ

ਰਹਿੰਦੇ ਪਿਉ ਮਾਸਟਰ ਰਣਧੀਰ ਚੰਦ ਨੂੰ ਵੀ ਕੈਂਸਰ ਆਪਣੀ ਗ੍ਰਿਫਤ ਵਿੱਚ ਲੈ ਲੈਂਦਾ ਹੈ। ਉਸ ਦਾ ਪੁੱਤਰ ਸੁੱਖੀ ਮਹਿੰਗੇ ਇਲਾਜ ਦੇ ਬਾਵਜੂਦ ਵੀ ਆਪਣੇ ਪਿਤਾ ਨੂੰ ਤੰਦਰੁਸਤ ਕਰਨ 'ਚ ਕਾਮਯਾਬ ਨਹੀਂ ਹੁੰਦਾ। ਸੁੱਖੀ ਅਤੇ ਅਮਨ ਦੇ ਨਿਮਨਲਿਖਤ ਬੋਲ ਸਾਡੇ ਸਰਕਾਰੀ ਸਿਸਟਮ ਦੀ ਪੋਲ ਖੋਲ੍ਹਦੇ ਨਜ਼ਰੀ ਪੈਂਦੇ ਹਨ। "ਬਾਹਰਲੇ ਦੇਸ਼ਾਂ ਵਿੱਚ ਲੋਕਾਂ ਦੀ ਸੇਹਤ ਸੰਭਾਲ ਦਾ ਜਿੰਮਾ ਸਰਕਾਰਾਂ ਦਾ ਏ ਪਰ ਇੱਕ ਆਪਣਾ ਮੁਲਕ ਆ ਜਿੱਥੇ ਅਣਗਿਣਤ ਲੋਕ ਬਿਮਾਰੀਆਂ ਅਤੇ ਭੁੱਖਮਰੀ ਨਾਲ ਮਰ ਰਹੇ ਨੇ ਤੇ ਸਰਕਾਰਾਂ ਸੁੱਤੀਆਂ ਪਈਆਂ ਨੇ।"2 ਸਾਡੇ ਦੇਸ਼ ਦਾ ਸਿਸਟਮ ਬਿਲਕੁੱਲ ਉਲਟ ਹੈ। ਇੱਥੇ ਰਾਜਨੇਤਾਵਾਂ/ਸਰਕਾਰਾਂ ਲਈ ਪਰਜਾ ਦੀ ਕੋਈ ਅਹਿਮੀਅਤ ਨਹੀਂ। ਉਹਨਾਂ ਲਈ ਜੇਕਰ ਅਹਿਮੀਅਤ ਹੈ ਤਾਂ ਆਪਣੀ ਕੁਰਸੀ ਦੀ ਹੈ। ਹਲਾਤਾਂ ਦਾ ਸਿਤਮ ਇਹ ਹੈ ਕਿ ਇੱਕ ਪਾਸੇ ਆਮ ਜਨਤਾ ਗਰੀਬੀ ਕਾਰਨ ਤੇ ਡਾਕਟਰੀ ਸਹੂਲਤਾਂ ਦੀ ਘਾਟ ਕਾਰਨ ਇਲਾਜ ਖੁਣੋ ਪਲ-ਪਲ ਮਰ ਰਹੀ ਹੈ। ਉੱਥੇ ਰਾਜਨੀਤਕ ਲੋਕ ਸਰਕਾਰੀ ਖਜ਼ਾਨੇ ਵਿੱਚੋਂ ਪੈਸੇ ਖਰਚ ਕਰਕੇ ਵਿਦੇਸ਼ਾਂ ਤੋਂ ਆਪਣਾ ਮਹਿੰਗਾ ਇਲਾਜ ਕਰਵਾ ਰਹੇ ਹਨ। ਲੇਖਕ ਕਿਸੇ ਇੱਕ ਰਾਜਨੀਤਕ ਧਿਰ ਜਾਂ ਵਿਅਕਤੀ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਬਜਾਏ ਸਮਾਜਕ ਸਿਸਟਮ ਦੇ ਪੂਰੇ ਜਾਲ੍/ਜੰਜਾਲ ਉੱਪਰ ਪ੍ਰਸ਼ਨ ਚਿੰਨ ਲਾਉਂਦਾ ਹੈ। ਪੱਗਾਂ ਦੇ ਰੰਗਾਂ ਦਾ ਬਦਲ ਜਾਣਾ (ਸਰਕਾਰਾਂ ਦਾ ਬਦਲ ਜਾਣਾ) ਸਮੱਸਿਆ ਦਾ ਹੱਲ ਨਹੀਂ ਸਗੋਂ ਹਰ ਧਿਰ/ਪਾਰਟੀ ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਤੱਕ ਮਹਿਫੂਜ਼ ਦਿਖਾਈ ਦਿੰਦੀ ਹੈ।

'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤਿ' ਦਾ ਸੰਦੇਸ਼ ਦੇਣ ਵਾਲੀ ਬਾਣੀ ਨੂੰ ਮੰਨਣ ਵਾਲੇ ਜਿੱਥੇ ਇਸ ਨੂੰ ਪਲੀਤ ਕਰ ਰਹੇ ਹਨ। ਉੱਥੇ ਮਨੁੱਖਤਾ ਦੀ ਭਲਾਈ ਲਈ ਪੂਰੀ ਦੁਨੀਆਂ ਵਿੱਚ ਜਾਣੇ ਜਾਣ ਵਾਲੇ ਸਿੱਖ ਧਰਮ ਦੇ ਪੈਰੋਕਾਰ ਵੀ ਇਸ ਮਨੁੱਖਤਾ ਮਾਰੂ ਅਲਾਮਤ ਨੂੰ ਖਤਮ ਕਰਨ 'ਚ ਕੋਈ ਵੱਡਮੁੱਲਾ ਯੋਗਦਾਨ ਨਹੀਂ ਪਾ ਰਹੇ। ਬਹੁਤੇ ਧਾਰਮਿਕ ਆਗੂ ਧਰਮ ਦੇ ਨਾਂ ਤੇ ਸਿਰਫ ਪੱਥਰ/ਸੰਗਮਰਮਰੀ ਯਾਦਗਾਰਾਂ/ਬਿਲਡਿੰਗਾਂ ਹੀ ਉਸਾਰ ਰਹੇ ਹਨ। ਜਦੋਂ ਕਿ ਹੁਣ ਲੋੜ ਹੈ ਚੰਗੀਆਂ ਸਿਹਤ ਸਹੂਲਤਾਂ ਵਾਲੇ ਹਸਪਤਾਲਾਂ ਦੀ ਜਿਸ ਤੋਂ ਉਹ ਕੰਨੀ ਕਤਰਾਅ ਰਹੇ ਹਨ। ਲੇਖਕ ਧਾਰਮਿਕ ਸਥਾਨਾਂ ਤੇ ਇਕੱਠੇ ਹੁੰਦੇ ਪੈਸੇ ਅਤੇ ਉਸਦੀ ਵਰਤੋਂ ਸੰਬੰਧੀ ਬਹੁਤ ਹੀ ਚਿੰਤਾਜ਼ਨਕ ਅਤੇ ਵਜ਼ਨਦਾਰ ਸੁਆਲ ਖੜੇ ਕਰਦਾ ਹੈ। ਜਿਸ ਬਾਰੇ ਸੋਚਣ ਦੀ ਲੋੜ ਹੈ। ਲੰਗਰ ਸਿੱਖ ਧਰਮ ਦੀ ਉੱਚੀ-ਸੁੱਚੀ ਰੀਤ ਹੈ ਪਰ ਅੱਜ ਇਸ ਖਿੱਤੇ ਦੇ ਲੋਕਾਂ ਨੂੰ ਜਲੇਬੀਆਂ ਆਦਿ ਦੇ ਲੰਗਰ ਦੀ ਬਜਾਏ ਦਵਾਈਆਂ ਦੇ ਲੰਗਰ ਦੀ ਲੋੜ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਕੋਹੜੀਆਂ ਦੇ ਜ਼ਖ਼ਮਾਂ ਤੇ ਮੱਲਮ ਪੱਟੀ ਕਰਕੇ ਮਨੁੱਖਤਾ ਦੀ ਸੇਵਾ ਕੀਤੀ ਤੇ ਅਸੀਂ ਕੀ ਕਰ ਰਹੇ ਹਾਂ ? ਇਹ ਸੁਆਲ ਸਾਡੀ ਸਮੁੱਚੀ ਲੀਡਰਸ਼ਿੱਪ, ਕੌਮ ਨੂੰ ਹੈ ਕੀ ਅਸੀਂ ਕੀ ਕਰ ਰਹੇ ਹਾਂ ਅਤੇ ਕਿਸ ਦਿਸ਼ਾ ਵੱਲ ਜਾ ਰਹੇ ਹਾਂ ?

ਜੇਕਰ ਦੇਖਿਆ ਜਾਵੇ ਤਾਂ ਅਸੀਂ ਸਮੇਂ ਨਾਲ ਨਵੇਂ ਵਰਤਾਰੇ/ਸੰਦਾਂ/ਖੋਜਾਂ/ਤਕਨੀਕਾਂ ਨੂੰ ਅਪਣਾ ਕੇ ਸਮੇਂ ਦੇ ਹਾਣੀ ਹੋਣ ਦਾ ਭਰਮ ਸਿਰਜ ਲਿਆ ਹੈ। ਪਰ ਅਸਲ ਵਿੱਚ ਅਸੀਂ ਚੇਤਨ/ਜਾਗਰੂਕ ਨਹੀਂ ਹੋਏ। ਸਾਨੂੰ ਸਮੇਂ ਦੀਆਂ ਸਰਕਾਰਾਂ ਨੇ ਆਪਣੇ 'ਲੱਕੜ ਦੇ ਗੁੱਡਿਆਂ' (ਲੁਭਾਣੀ ਖੇਡ) ਨਾਲ ਖੇਡਣ ਲਾ ਲਿਆ। ਅਸੀਂ ਉਹਨਾਂ ਦੁਆਰਾ ਦਿੱਤੇ ਗਏ 'ਲੋਲੀਪੌਪਾਂ' ਤੋਂ ਖੁਸ਼ ਹੋ ਆਪਣੇ ਨਿੱਜ ਤੱਕ ਸੀਮਤ ਹੋ ਗਏ ਹਾਂ। ਸਮੇਂ ਦੀਆਂ ਸਰਕਾਰਾਂ ਨੇ ਕਈ ਤਰ੍ਹਾਂ ਦੀਆਂ ਮੁਫ਼ਤ ਸਕੀਮਾਂ ਰਾਹੀਂ ਆਪਣੀਆਂ ਲੂੰਬੜ ਚਾਲਾਂ ਦਾ ਅਜਿਹਾ ਵਿਸ਼ਾਲ ਮੱਕੜ ਜਾਲ੍ਹ ਬੁਣਿਆ ਹੈ ਕਿ ਅਸੀਂ ਉਸ ਤੰਦੂਆਂ ਜਾਲ੍ਹ ਵਿੱਚ ਫਸਕੇ ਰਹਿ ਗਏ ਹਾਂ। ਸਿਹਤ ਅਤੇ ਸਿੱਖਿਆ ਵਰਗੇ ਮੁੱਢਲੇ ਢਾਂਚੇ ਦੀਆਂ ਤੰਦਾਂ ਪ੍ਰਤੀ ਨਾਂ ਤਾਂ ਸਾਡੇ ਕੋਲ ਸੋਚਣ ਦੀ ਵਿਹਲ ਹੈ ਅਤੇ ਨਾ ਹੀ ਅਸੀਂ ਲੋੜ ਮਹਿਸੂਸ ਕਰਦੇ ਹਾਂ।



ਬਠਿੰਡੇ ਤੋਂ ਚੱਲਣ ਵਾਲੀ 'ਕੈਂਸਰ ਟਰੇਨ' ਜੋ ਬੀਕਾਨੇਰ (ਰਾਜਸਥਾਨ) ਜਾਂਦੀ ਹੈ। ਉਸ 'ਚ ਸਵਾਰ ਬਹੁ-ਗਿਣਤੀ ਮਾਲਵੇ ਪੱਟੀ ਦੇ ਕੈਂਸਰ ਪੀੜ੍ਹਤ ਬਸ਼ਿੰਦਿਆਂ ਦਾ ਹੋਣਾ ਸਰਕਾਰ ਦੀਆਂ ਬੱਜ਼ਰ ਨਾਕਾਮੀਆਂ ਤੇ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦਾ ਹੈ। ਜੇ ਕੈਂਸਰ ਸਮੱਸਿਆ ਪੈਦਾ ਹੋ ਹੀ ਗਈ। ਕਿ ਉਸ ਦੇ ਹੱਲ ਲਈ ਇਸ ਖਿੱਤੇ 'ਚ ਚੰਗਾ ਹਸਪਤਾਲ ਨਹੀਂ ਬਣਾਇਆ ਜਾ ਸਕਦਾ ? ਇੱਥੇ ਲੇਖਕ ਸਰਕਾਰ, ਮੀਡੀਏ ਉਪਰ ਵੀ ਪ੍ਰਸ਼ਨ ਚਿੰਨ ਖੜ੍ਹਾ ਕਰਦਾ ਹੈ ਕਿ ਉਹ ਅਸਲ ਸਮੱਸਿਆ ਤੋਂ ਮੁੱਖ ਕਿਉਂ ਮੋੜ ਲੈਂਦੇ ਹਨ। ਕਿਸੇ ਕੈਂਸਰ ਮਰੀਜ਼ ਦੀ ਮੌਤ ਕਿਸੇ ਇੱਕ ਦਿਨ ਲਈ ਅਖ਼ਬਾਰ ਦੀ ਸੁਰਖੀ ਬਣਦੀ ਹੈ ਅਤੇ ਕੁੱਝ ਦਿਨ ਬਾਅਦ ਇਹ ਇੱਕ ਆਮ ਵਰਤਾਰਾ ਬਣ ਜਾਂਦਾ ਹੈ।

ਲੇਖਕ ਜਿੱਥੇ ਇਸ ਖਿੱਤੇ ਦੀਆਂ ਕਈ ਸਮੱਸਿਆਵਾਂ ਵੱਲ ਧਿਆਨ ਦਿਵਾਉਂਦਾ ਹੈ। ਉੱਥੇ ਇਸ ਖਿੱਤੇ ਦੀਆਂ ਉਸਾਰੂ ਕਦਰਾਂ-ਕੀਮਤਾਂ, ਕਿਸੇ ਦੇ ਕੰਮ ਆਉਣ ਦੀ ਭਾਵਨਾ ਤੇ ਮਿਲ-ਜੁਲ ਕੇ ਰਹਿਣ ਦੀ ਬਾਤ ਵੀ ਪਾਉਂਦਾ ਹੈ। ਅਮਨ ਦਾ ਆਪਣੇ ਪ੍ਰੋਜੈਕਟ ਲਈ ਇਕੱਲੇ ਮਾਲਵੇ ਇਲਾਕੇ 'ਚ ਜਾਣ ਤੇ ਨਿਰਾਸ਼ ਹੋਣਾ। ਉੱਥੇ ਜਰਨੈਲ ਦਾ ਅਣਜਾਣ ਹੋਣ ਦੇ ਬਾਵਜੂਦ ਵੀ ਅਮਨ ਦੀ ਬਾਂਹ ਫੜ੍ਹ ਭਰਾਵਾਂ ਨਾਲੋਂ ਵੱਧ ਮੱਦਦ ਕਰਨਾ ਸਹਿਯੋਗੀ ਰਵੱਈਏ ਦੀ ਨਿਸ਼ਾਨੀ ਹੈ। ਇਸ ਖਿੱਤੇ ਦੇ ਲੋਕਾਂ ਦਾ ਹਲਾਤਾਂ ਸਾਹਮਣੇ ਹੌਂਸਲਾ, ਉਸਾਰੂ ਸੋਚ ਵੀ ਨਾਵਲ ਦਾ ਹਿੱਸਾ ਹੈ। ਛੋਟੀ ਉਮਰ ਦੀ ਨਿਰਮਲ ਅਤੇ ਜਰਨੈਲ ਦਾ ਕੈਂਸਰ ਦੀ ਮਾਰ ਹੇਠ ਹੋਣ ਦੇ ਬਾਵਜੂਦ ਵੀ ਜ਼ਿੰਦਗੀ ਨਾਲ ਦਸਤਪੰਜਾ ਲੈ ਕੇ ਉਸ ਨੂੰ ਜਿਉਣ ਦਾ ਦਿਲ ਗੁਰਦਾ ਦਿਖਾਉਣਾ ਵੀ ਲੇਖਕ ਦੀ ਸਾਕਾਰਾਤਮਕ ਸੋਚ ਨੂੰ ਦਰਸਾਉਂਦਾ ਹੈ। ਨਿਰਮਲ ਅਮਨ ਦੁਆਰਾ ਲਿਆਂਦੀਆਂ ਗਈਆਂ ਕਿਤਾਬਾਂ ਨਾਲ ਸਾਂਝ ਪਾ ਜ਼ਿੰਦਗੀ ਪ੍ਰਤੀ ਸਾਕਾਰਾਤਾਮਕ ਸੋਚ ਦੀ ਧਾਰਨੀ ਬਣਦੀ ਹੈ। ਉੱਥੇ ਜਰਨੈਲ ਸਭ ਕੁੱਝ ਜਾਣਦਾ ਹੋਇਆ ਵੀ ਖਿੜੇ-ਮੱਥੇ ਲੋਕਾਂ ਲਈ ਰਾਹ ਦਸੇਰਾ ਹੋ ਨਿਬੱੜਦਾ ਹੈ। ਜਿੱਥੇ ਪਲ-ਪਲ ਮਰਨ ਦੀ ਬਜਾਏ ਜ਼ਿੰਦਗੀ ਨਾਲ ਦੋ-ਦੋ ਹੱਥ ਕਰਨ ਦੀ ਉਸਾਰੂ ਸੋਚ ਨੂੰ ਲੇਖਕ ਪੇਸ਼ ਕਰਦਾ ਹੈ ਉੱਥੇ ਸਮੇਂ ਦੇ ਸੱਚ ਨੂੰ ਬਿਆਨ ਕਰਨ ਸਮੇਂ ਕਦੇ ਵੀ ਨਾਵਲੀ ਪਾਠ ਵਿੱਚ ਥਿੜਕਦਾ ਨਜ਼ਰੀਂ ਨਹੀਂ ਪੈਂਦਾ। ਕੁੱਝ (ਦ੍ਰਿਸ਼) ਪਾਠਕ ਨੂੰ ਭਾਵੁਕ ਜ਼ਰੂਰ ਕਰਦੇ ਹਨ।

ਨਾਵਲਕਾਰ ਕੈਂਸਰ ਵਰਗੀ ਜਾਨ ਲੇਵਾ ਬਿਮਾਰੀ ਨੂੰ ਕਿਸੇ ਇੱਕ ਪੀੜ੍ਹਤ ਵਿਅਕਤੀ ਤੱਕ ਸੀਮਤ ਨਾ ਕਰਕੇ ਉਸਨੂੰ ਪੂਰੇ ਸਮਾਜਕ ਸਿਸਟਮ ਲਈ ਖਤਰੇ ਦੀ ਘੰਟੀ ਤਸੱਵਰ ਕਰਦਾ ਹੈ। ਜਿਵੇਂ ਨਾਵਲ ਵਿੱਚ ਜਦੋਂ ਨਿਰਮਲ ਦਾ ਪਿਉ ਆਪਣੀ ਮਾੜੀ ਆਰਥਿਕ ਸਥਿਤੀ ਕਰਕੇ ਆਪਣੀ ਧੀ ਦਾ ਸਹੀ ਇਲਾਜ ਨਹੀਂ ਕਰਵਾ ਸਕਦਾ ਤਾਂ ਸ਼ਰਾਬ ਪੀ ਦੇਰ ਰਾਤ ਨੂੰ ਘਰ ਪਹੁੰਚਦਾ ਹੈ ਕਿਉਂਕਿ ਉਹ ਆਪਣੀ ਧੀ ਦੀਆਂ ਨਜ਼ਰਾਂ ਦਾ ਸਾਹਮਣਾ ਕਰਨ ਤੇ ਅਸਹਿਜ ਮਹਿਸੂਸ ਕਰਦਾ ਹੈ। ਇੱਥੇ ਲੇਖਕ ਪੂਰੇ ਪਰਿਵਾਰਕ ਮੈਂਬਰਾਂ ਦੀ ਦੁਖਾਂਤਕ ਸਥਿਤੀ ਨੂੰ ਸਿਰਜਦਾ ਹੈ। ਏਨਾ ਕੁੱਝ ਵਾਪਰਨ ਦੇ ਬਾਵਜੂਦ ਵੀ ਲੋਕ ਅਜਿਹੇ ਮਾੜੇ ਘੋਰ ਚਿੰਤਾਜਨਕ ਵਰਤਾਰੇ ਪ੍ਰਤੀ ਜਾਗਰੂਕ ਕਿਉਂ ਨਹੀਂ ? ਕਿਉਂ ਲੋਕ ਇਸ ਦੇ ਵਿਰੁੱਧ ਲਾਮਬੰਦ ਨਹੀਂ ਹੁੰਦੇ ਕਿਉਂ ਕਿਸਾਨ ਜੱਥੇਬੰਦੀਆਂ, ਵਿਦਿਆਰਥੀ ਯੂਨੀਅਨਾਂ ਜਾਂ ਅਗਾਂਹਵਧੂ ਲੋਕ ਇਸ ਅਲਾਮਤ ਵਿਰੁੱਧ ਸੰਘਰਸ਼ ਦਾ ਵਿਗੁਲ ਨਹੀਂ ਵਜਾਉਂਦੇ? ਇਹਨਾ ਸਾਰੇ ਸੁਆਲਾਂ ਦੇ ਜੁਆਬ ਜਰਨੈਲ ਦੇ ਨਿਮਨਲਿਖਤ ਬੋਲ ਦਿੰਦੇ ਹਨ:-

"ਉੱਠਣ ਕਿਵੇਂ ? ਅਗਲਿਆਂ ਨੇ ਉੱਠਣ ਜੋਗੇ ਛੱਡੇ ਈ ਨ੍ਹੀਂ। ਕਿਸੇ ਨੂੰ ਬਿਜਲੀ-ਪਾਣੀ ਮੁਫ਼ਤ ਅਤੇ ਕਿਸੇ ਨੂੰ ਆਟਾ-ਦਾਲ ਮੁਫ਼ਤ। ਬਾਕੀਆਂ ਨੂੰ ਨਸ਼ਿਆਂ 'ਤੇ ਲਾ ਤਾ। ਉੱਠਣ ਆਲਾ ਤਾਂ ਏਸ ਤੋਂ ਬਿਨਾਂ ਕੋਈ ਬਚਿਆ ਈ ਨ੍ਹੀਂ"3

ਲੇਖਕ ਟੁੱਟ ਥਿੜਕ ਰਹੀ ਕਿਸਾਨੀ, ਚੇਤਨਾ ਦੀ ਘਾਟ, ਮਜ਼ਬੂਰੀਆਂ, ਰਾਜ ਸੱਤਾ ਅਤੇ ਲੁਟੇਰੇ ਗਿਰੋਹ

ਦਾ ਗੱਠਜੋੜ, ਲੋਕ ਨਲਾਇਕੀ, ਸਿਆਸਤ ਆਦਿ ਅਨੇਕਾਂ ਅਜਿਹੀਆਂ ਤੰਦਾਂ ਦਾ ਮਿਸਾਲਾਂ ਸਹਿਤ ਜ਼ਿਕਰ ਕਰਦਾ ਹੈ। ਜੋ ਇਸ ਸਾਰੇ ਤਾਣੇ ਬਾਣੇ ਦੇ ਉਲਝਾਅ ਦੇ ਮੁੱਖ ਕਾਰਨ ਹਨ। ਉਹ ਧਰਤੀ ਜਿੱਥੋਂ ਦੇ ਯੋਧਿਆਂ ਦੀ ਧਾਕ ਪੂਰੀ ਦੁਨੀਆਂ 'ਚ ਪੈਂਦੀ ਸੀ। ਜਿੱਥੋਂ ਦੇ ਲੋਹ-ਪੁਰਸ਼ਾਂ ਨੇ ਦੂਰ-ਦੂਰ ਤੱਕ ਰਾਜ ਕੀਤਾ ਸੀ। ਅੱਜ ਉਸ ਧਰਤੀ ਦੇ ਬਸ਼ਿੰਦਿਆਂ ਦੀ ਕੀ ਹਾਲਤ ਹੋ ਗਈ ਹੈ ? ਮਾਂਵਾਂ ਬਿਮਾਰ ਬੱਚਿਆਂ ਨੂੰ ਜਨਮ ਦੇ ਰਹੀਆਂ ਹਨ। ਆਉਣ ਵਾਲੀ ਪੀੜ੍ਹੀ ਸਰੀਰਕ ਤੌਰ ਤੇ ਹੀ ਨਹੀਂ ਸਗੋਂ ਮਾਨਸਿਕ ਤੌਰ ਤੇ ਵੀ ਬਿਮਾਰ ਹੋਵੇਗੀ। ਇਹ ਕੁੱਝ ਅਜਿਹੀਆਂ ਸਮੱਸਿਆਵਾਂ ਹਨ ਜੇ ਸਮਾਂ ਰਹਿੰਦਿਆਂ ਇਹਨਾਂ ਸਮੱਸਿਆਵਾਂ ਦਾ ਹੱਲ ਨਾ ਕੀਤਾ ਗਿਆ ਤਾਂ ਪੰਜਾਬ ਦਾ ਕੀ ਹਸ਼ਰ ਹੋਵੇਗਾ, ਅਸੀਂ ਕਿਆਸ ਕਰ ਸਕਦੇ ਹਾਂ।

ਇਹ ਨਾਵਲ ਪੜਦਿਆਂ ਕਈ ਸੁਆਲ, ਖਦਸ਼ੇ, ਸ਼ੰਕੇ ਪੈਦਾ ਹੋਏ (ਹੋ ਸਕਦਾ ਸਿਰਫ ਮੇਰੇ ਮਨ ਦੀ ਉਪਜ/ਵਹਿਮ ਹੀ ਹੋਣ) ਪੰਜਾਬ ਦੇ ਇੱਕ ਖਿੱਤੇ 'ਚ ਨਰਮੇ ਅਤੇ ਕਪਾਹ ਦੀ ਫ਼ਸਲ ਦੀ ਪੈਦਾਵਾਰ ਅਤੇ ਉਸ ਉੱਪਰ ਅੰਨੇਵਾਹ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਹੋਣ ਦੇ ਨਤੀਜੇ ਵਜੋਂ ਬੇਹਤਾਸ਼ਾ ਬਿਮਾਰੀਆਂ ਦਾ ਪੈਦਾ ਹੋਣਾ ਅਤੇ ਕਈ ਵਾਰ ਖਾਸ ਤਰਾਂ ਦੀਆਂ ਫ਼ਸਲੀ ਬਿਮਾਰੀਆਂ ਪੈਦਾ ਹੋਣ ਤੇ ਕਿਸਾਨਾਂ ਦਾ ਕੰਗਾਲ ਹੋ ਕਰਜੇ ਦੀ ਮਾਰ ਹੇਠ ਆਉਣਾ ਤੇ ਖੁਦਕੁਸ਼ੀਆਂ ਕਰਨਾ ਪੰਜਾਬ ਦੇ ਦੂਜੇ ਹਿੱਸੇ ਵਿੱਚ ਜੀਰੀ/ਝੋਨੇ ਦੀ ਉਪਜ ਦਾ ਵੱਧਣਾ, ਪਰ ਇਸ ਦਾ ਚਿਰ ਸਥਾਈ ਨਤੀਜਾ ਪੰਜਾਬ ਵਿੱਚ ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਕਿੱਲਤ ਪੈਦਾ ਹੋਣ ਦੇ ਸ਼ੰਕੇ ਹੋਣਾ (ਜੋ ਕਿ ਸੱਚ ਹੁੰਦਾ ਵਿਖਾਈ ਦਿੰਦਾ ਹੈ) ਅਤੇ ਇੱਕ ਖਾਸ ਖਿੱਤੇ ਵਿੱਚ ਨਸ਼ੇ ਦੀ ਅਲਾਮਤ (ਹੁਣ ਪੂਰੇ ਪੰਜਾਬ ਵਿੱਚ) ਆਮ ਹੋਣਾ ਆਦਿ ਉਹ ਵਰਤਾਰੇ ਹਨ ਜੋ ਸਹਿਜ ਨਾ ਹੋ ਕੇ ਕਈ ਡੂੰਘੀਆਂ ਸਾਜਿਸ਼ਾਂ ਵੱਲ ਇਸ਼ਾਰਾ ਕਰਦੇ ਹਨ ਅਤੇ ਕਈ ਕੁੱਝ ਸੋਚਣ ਲਈ ਮਜ਼ਬੂਰ ਕਰਦੇ ਹਨ। ਲੇਖਕ ਨੇ ਸਿਰਫ ਇੱਕ ਖਾਸ ਖਿੱਤੇ ਅਤੇ ਖਾਸ ਤੌਰ ਤੇ ਇੱਕ ਬਿਮਾਰੀ (ਕੈਂਸਰ) ਪੈਦਾ ਹੋਣ ਤੇ ਉਸ ਨਾਲ ਸੰਬੰਧਿਤ ਮਸਲਿਆਂ ਦੀਆਂ ਤੰਦਾਂ ਨੂੰ ਉਘੇੜਨ ਦਾ ਯਤਨ ਕੀਤਾ ਹੈ ਜਿਸ ਵਿੱਚ ਲੇਖਕ ਕਾਮਯਾਬ ਵੀ ਹੋਇਆ ਹੈ। ਸਮੇਂ ਦੇ ਸੱਚ ਨੂੰ ਉਭਾਰਦੀ ਇਹ ਸਾਹਿਤਕ ਕਿਰਤ ਲੋਕਾਂ ਨੂੰ ਘੱਟੋ-ਘੱਟ ਕੈਂਸਰ ਸਮੱਸਿਆ ਉੱਪਰ ਚੇਤਨ ਕਰਨ ਦੀ ਸਮਰੱਥਾ ਰੱਖਦੀ ਹੈ। ਸਾਹਿਤ ਦੀ ਮੂਲ ਸੁਰ ਸਮਾਜਕ ਕਲਿਆਣ ਅਤੇ ਜਨ-ਚੇਤਨਾ ਦੇ ਮੂਲ ਅਸੂਲਾਂ ਨੂੰ ਮੁਤਾਸਿਰ ਹੁੰਦੀ ਇਸ ਰਚਨਾ ਦਾ ਸੁਆਗਤ ਕਰਨਾ ਬਣਦਾ ਹੈ। ਹਾਂ ਸੱਚ ਜਿਨ੍ਹਾਂ ਮਾਲਵੇ (ਖਾਸ ਤੌਰ ਤੇ ਮਾਨਸਾ, ਬਠਿੰਡਾ, ਮੁਕਤਸਰ ਅਤੇ ਸੰਗਰੂਰ ਜ਼ਿਲ੍ਹੇ ਦੀ ਲੋਅਰ ਬੈਲਟ ਦੇ ਆਮ ਲੋਕਾਂ ਦੀ ਅਸਲ ਜ਼ਿੰਦਗੀ ਨੂੰ ਜਾਨਣਾ ਹੈ ਉਹਨਾਂ ਲਈ ਇਹ ਨਾਵਲ ਪੜ੍ਹਨਾ ਬੇਹੱਦ ਲਾਜ਼ਮੀ ਹੈ।

**ਹਵਾਲੇ ਅਤੇ ਟਿੱਪਣੀਆਂ**

1 . ਨਛੱਤਰ, ਕੈਂਸਰ ਟਰੇਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2017, ਪੰਨਾ-13
2 . ਉਹੀ, ਪੰਨਾ-112
3 . ਉਹੀ, ਪੰਨਾ-114

(**ਸੰਪਰਕ**-98729-90054)



# ਸਭਿਆਚਾਰੀਕਰਨ ਦੇ ਪੱਖ ਤੋਂ ਜਰਨੈਲ ਸਿੰਘ ਦੀਆਂ ਕਹਾਣੀਆਂ ਦਾ ਮੁਲਾਂਕਣ/ - ਸੰਦੀਪ ਕੌਰ

ਸਭਿਆਚਾਰਕ ਸੰਪਰਕ ਜਾਂ ਸਭਿਆਚਾਰੀਕਰਨ ਵਿੱਚ ਇੱਕ ਅਹਿਮ ਸਮਾਜਿਕ ਵਰਤਾਰਾ ਹੈ ਜਿਸ ਵਿੱਚ ਦੋ ਜਾਂ ਦੋ ਤੋਂ ਵਧੇਰੇ ਵੱਖ ਵੱਖ ਸਭਿਆਚਾਰਾਂ ਵਾਲੇ ਲੋਕ ਲੰਮੇ ਸਮੇਂ ਤੱਕ ਇੱਕ ਦੂਸਰੇ ਦੇ ਸੰਪਰਕ ਵਿੱਚ ਆਉਂਦੇ ਹਨ ਅਤੇ ਇੱਕ ਦੂਸਰੇ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ । ਸਭਿਆਚਾਰੀਕਰਨ ਦੀ ਪ੍ਰੀਕਿਰਿਆ ਵਿੱਚ ਇੱਕ ਸਭਿਆਚਾਰ ਦਾ ਦੂਜੇ ਸਭਿਆਚਾਰ ਦੇ ਸੰਪਰਕ ਤੋਂ ਬਾਅਦ ਪ੍ਰਭਾਵਿਤ ਹੋਣਾ ਲਾਜ਼ਮੀ ਹੁੰਦਾ ਹੈ । ਇਹ ਪ੍ਰਭਾਵ ਕਦੇ ਵੀ ਇੱਕ ਪਾਸੜ ਨਹੀਂ ਹੁੰਦਾ ਪਰੰਤੂ ਇਹਨਾਂ ਦੇ ਇੱਕ ਦੂਸਰੇ ਨੂੰ ਪ੍ਰਭਾਵਿਤ ਕਰਨ ਦੀ ਮਾਤਰਾ ਵਿੱਚ ਅੰਤਰ ਲਾਜ਼ਮੀ ਹੁੰਦਾ ਹੈ । ਇਹ ਪ੍ਰਭਾਵ ਇੱਕ ਪਾਸੇ ਬਹੁਤ ਜਿਆਦਾ ਅਤੇ ਦੂਸਰੇ ਪਾਸੇ ਬਹੁਤ ਘੱਟ ਹੋ ਸਕਦਾ ਹੈ । ਪ੍ਰਭਾਵ ਜਿਨਾਂ ਵਧੇਰੇ ਹੋਵੇਗਾ ਉਨ੍ਹਾਂ ਹੀ ਸਭਿਆਚਾਰੀਕਰਨ ਵਧੇਰੇ ਪ੍ਰਤੱਖ ਹੁੰਦਾ ਹੈ । ਇੱਕ ਸਭਿਆਚਾਰ ਸੰਪਰਕ ਅਧੀਨ ਦੂਸਰੇ ਨੂੰ ਕਿੰਨਾ ਪ੍ਰਭਾਵਿਤ ਕਰਦਾ ਹੈ ਇਹ ਦੋਵੇਂ ਸਭਿਆਚਾਰਾਂ ਦੇ ਸੰਪਰਕ ਦੇ ਹਾਲਤਾਂ ਉੱਪਰ ਨਿਰਭਰ ਕਰਦਾ ਹੈ । ਇਸ ਤਰ੍ਹਾਂ ਸਭਿਆਚਾਰੀਕਰਨ ਦੀ ਪ੍ਰੀਕਿਰਿਆ ਕੁਝ ਨਵਾਂ ਅਪਣਾਉਣ ਦੀ ਪ੍ਰੀਕਿਰਿਆ ਹੈ । ਇਸ ਵਿੱਚ ਇਹ ਜਰੂਰੀ ਨਹੀਂ ਹੁੰਦਾ ਕਿ ਦੂਸਰੇ ਸਭਿਆਚਾਰ ਤੋਂ ਉਧਾਰ ਲਏ ਅੰਸ਼ਾਂ ਨੂੰ ਹੂ-ਬ-ਹੂ ਅਪਣਾਇਆ ਜਾਵੇ, ਸਗੋਂ ਉਹਨਾਂ ਨੂੰ ਆਪਣੇ ਸਭਿਆਚਾਰ ਅਤੇ ਲੋੜਾਂ ਅਨੁਸਾਰ ਢਾਲ ਕੇ ਵੀ ਅਪਣਾਇਆ ਜਾਂਦਾ ਹੈ । ਇਸ ਤਰ੍ਹਾਂ ਸਭਿਆਚਾਰਾਂ ਦੇ ਆਪਸੀ ਵਿਰੋਧ ਜਾਂ ਨੇੜਤਾ ਕਾਰਨ ਨਵਾਂ ਸਭਿਆਚਾਰ ਪੈਦਾ ਹੋ ਜਾਂਦਾ ਹੈ। ਜਿਸ ਵਿੱਚ ਦੋਵਾਂ ਸਭਿਆਚਾਰਾਂ ਦੇ ਅੰਸ਼ ਮੌਜੂਦ ਹੁੰਦੇ ਹਨ ।

ਪੰਜਾਬੀ ਸਭਿਆਚਾਰ ਦੇ ਸੰਦਰਭ ਵਿੱਚ ਵੇਖਿਆ ਜਾਵੇ ਤਾਂ ਸਭਿਆਚਾਰੀਕਰਨ ਦੀ ਪ੍ਰੀਕਿਰਿਆ ਨਿਰੰਤਰ ਨਜ਼ਰ ਆਉਂਦੀ ਹੈ । ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਭਾਰਤ ਪਹੁੰਚਣ ਵਾਲੇ ਬਾਹਰੀ ਕੌਮਾਂ ਦੇ ਹਮਲਾਵਰ ਅਤੇ ਲੁਟੇਰਿਆਂ ਨੇ ਪੰਜਾਬ ਦੀ ਧਰਤੀ ਉਪਰ ਬਹੁਤ ਪ੍ਰਭਾਵ ਪਾਇਆ ਅਤੇ ਆਪ ਇਥੋਂ ਦਾ ਪ੍ਰਭਾਵ ਕਬੂਲਿਆ । ਪੰਜਾਬੀਆਂ ਦਾ ਹੁਣ ਤੱਕ ਆਰੀਆਂ, ਤੁਰਕ, ਅਫਗਾਨ, ਮੰਗੋਲ ਅਤੇ ਅੰਗਰੇਜ਼ ਆਦਿ ਕੌਮਾਂ ਨਾਲ ਵਧੇਰੇ ਸੰਪਰਕ ਰਿਹਾ । ਬਾਹਰੋਂ ਆਏ ਉਹਨਾਂ ਲੋਕਾਂ ਦਾ ਪ੍ਰਭਾਵ ਵਧੇਰੇ ਚਿਰ ਸਥਾਈ ਹੁੰਦਾ ਹੈ ਜੋ ਇਥੇ ਆ ਕੇ ਆਪਣਾ ਕਬਜਾ ਜਮਾਉਂਦੇ ਹਨ । ਅੰਗਰੇਜਾਂ ਨੇ ਪੰਜਾਬ ਉਪਰ ਸੌ ਸਾਲ ਦੇ ਕਰੀਬ ਰਾਜ ਕੀਤਾ ਅਤੇ ਪੰਜਾਬ ਨੂੰ ਹਰ ਪੱਖ ਤੋਂ ਬਦਲਣ ਦੇ ਯਤਨ ਕੀਤੇ । ਇਸ ਸੰਪਰਕ ਨੂੰ ਕਈ ਵਿਦਵਾਨ 'ਸਭਿਆਚਾਰਕ ਹਮਲੇ' ਦਾ ਨਾਮ ਵੀ ਦਿੰਦੇ ਹਨ । ਪੰਜਾਬੀਆਂ ਦੀ ਬੋਲੀ, ਰਸਮ ਰਿਵਾਜ ਅਤੇ ਪਹਿਰਾਵਾ ਅੱਜ ਤੱਕ ਵੀ ਅੰਗਰੇਜ਼ਾਂ ਦੇ ਰਹਿਣ-ਸਹਿਣ ਤੋਂ ਪ੍ਰਭਾਵਿਤ ਹੈ । ਅੰਗਰੇਜਾਂ ਦੇ ਰਾਜ ਵਿੱਚ ਨੌਕਰੀਆਂ ਦੀ ਪ੍ਰਾਪਤੀ ਲਈ ਬੋਲੀ ਅਤੇ ਪਹਿਰਾਵੇ ਦੀ ਤਬਦੀਲੀ ਸਭਿਆਚਾਰੀਕਰਨ ਦਾ ਕਾਰਨ ਬਣੀ ।

ਪੰਜਾਬੀਆਂ ਦਾ ਬਹੁਤੀਆਂ ਕੌਮਾਂ ਨਾਲ ਦੂਸਰਾ ਵੱਡਾ ਸੰਪਰਕ ਪੰਜਾਬੀਆਂ ਦੇ ਰੁਜ਼ਗਾਰ ਖਾਤਰ ਪਰਵਾਸੀ ਹੋਣ ਨਾਲ ਹੋਇਆ । ਇਹ ਲੋਕ ਜਿਹੜਾ ਸਭਿਆਚਾਰ ਇਥੋਂ ਨਾਲ ਲੈ ਕੇ ਗਏ ਉਸ ਉੱਪਰ ਦੂਸਰੇ ਦੇਸ਼ਾਂ ਦੇ ਸਭਿਆਚਾਰ ਦਾ ਪ੍ਰਭਾਵ ਪੈਣ ਲੱਗਾ । ਪਰਵਾਸੀ ਪੰਜਾਬੀਆਂ ਵਿੱਚ ਸਭਿਆਚਾਰੀਕਰਨ ਦੀ ਪ੍ਰੀਕਿਰਿਆ ਨੂੰ ਪੰਜਾਬੀ ਸਾਹਿਤ ਵਿੱਚ ਪੇਸ਼ ਕੀਤਾ ਜਾਣ ਲੱਗਾ । ਪਰਵਾਸੀ ਪੰਜਾਬੀ ਸਾਹਿਤ ਨੇ ਲਗਾਤਾਰ ਆਪਣੀ ਪ੍ਰਮਾਣਿਕ ਵੱਖਰਤਾ ਅਤੇ ਸਿਰਜਾਣਤਮਕ ਸਮਰੱਥਾ ਦਾ ਸਚੁੱਜਾ ਪ੍ਰਮਾਣ ਪੇਸ਼ ਕੀਤਾ ਹੈ । ਹੋਰ ਸਾਹਿਤਕ ਰੂਪਾਂ ਵਾਂਗ ਸਮਕਾਲੀ ਪੰਜਾਬੀ ਕਹਾਣੀ ਵਿੱਚ ਪਰਵਾਸੀ ਪੰਜਾਬੀ ਕਹਾਣੀ ਦਾ ਇੱਕ

ਅਹਿਮ ਸਥਾਨ ਬਣ ਚੁੱਕਾ ਹੈ ।ਪਰਵਾਸੀ ਪੰਜਾਬੀ ਕਹਾਣੀ ਮੌਜੂਦਾ ਪੰਜਾਬੀ ਸਾਹਿਤ ਦਾ ਇੱਕ ਮਹੱਤਵਪੂਰਨ ਪਾਸਾਰ ਹੈ । ਇਸ ਦੀ ਸਿਰਜਣਾ 1960 ਦੇ ਕਰੀਬ ਬਰਤਾਨੀਆਂ ਤੋਂ ਆਰੰਭ ਹੋਈ ਅਤੇ ਅਗਲੇ ਦੋ-ਤਿੰਨ ਦਹਾਕਿਆਂ ਵਿੱਚ ਇਸ ਦਾ ਵਿਸਥਾਰ ਅਮਰੀਕਾ, ਕੈਨੇਡਾ, ਯੂਰਪ ਦੇ ਕੁਝ ਹੋਰ ਦੇਸ਼ਾਂ ਵਿੱਚ ਹੁੰਦਾ ਗਿਆ ।ਮੁੱਢਲੇ ਦੌਰ ਦੀ ਪਰਵਾਸੀ ਪੰਜਾਬੀ ਕਹਾਣੀ ਨੇ ਵਿਸ਼ੇਸ਼ ਤੌਰ ਤੇ ਪਰਵਾਸੀ ਪੰਜਾਬੀਆਂ ਦੀਆਂ ਆਰਥਿਕ ਔਕੜਾਂ, ਹੱਡ-ਤੋੜਵੀਂ ਕਮਾਈ, ਬਿਗਾਨੀ ਭਾਸ਼ਾ ਤੇ ਪੱਛਮੀ ਸਭਿਆਚਾਰ ਨਾਲ ਜੋੜ-ਮੇਲ ਨਾ ਬਿਠਾ ਸਕਣ ਦੀਆਂ ਸਮੱਸਿਆਵਾਂ ਨਸਲੀ ਵਿਤਕਰਿਆਂ ਨੂੰ ਹੰਢਾਉਣ ਦੀਆਂ ਮਜ਼ਬੂਰੀਆਂ, ਇੱਕਲਤਾ ਅਤੇ ਉਦਰੇਵੇਂ ਦੇ ਸੰਕਟਾਂ ਨੂੰ ਆਪਣਾ ਰਚਨਾ-ਵਸਤੂ ਬਣਾਇਆ ।ਜਦੋਂ ਪਰਵਾਸੀ ਪੰਜਾਬੀਆਂ ਨੇ ਵਤਨ-ਵਾਪਸੀ ਦਾ ਵਿਚਾਰ ਤਿਆਗ ਕੇ ਪੱਛਮ ਦੀ ਧਰਤੀ ਨੂੰ ਪੱਕਾ ਵਸੇਵਾ ਬਣਾ ਲਿਆ ਅਤੇ ਆਪਣੇ ਪਰਿਵਾਰ ਉਥੇ ਬਲਾਉਣੇ ਸ਼ੁਰੂ ਕਰ ਦਿੱਤੇ ਤਾਂ ਉਹਨਾਂ ਦਾ ਰਹਿਣ-ਸਹਿਣ ਪਹਿਲਾਂ ਦੇ ਮੁਕਾਬਲੇ ਵਧੇਰੇ ਸਥਾਈ ਅਤੇ ਪਰਿਵਾਰਕ ਬਣ ਗਿਆ ।ਇਸ ਨਾਲ ਉਦਰੇਵੇਂ ਵਰਗੀਆਂ ਸਮੱਸਿਆਵਾਂ ਤਾਂ ਹੱਲ ਹੋ ਗਈਆਂ ਪਰ ਕੁਝ ਨਵੀਆਂ ਸਮੱਸਿਆਵਾਂ ਪੈਦਾ ਹੋਣ ਲੱਗੀਆਂ ।ਔਰਤਾਂ ਦੇ ਨੌਕਰੀ ਕਾਰਨ ਘਰੋਂ ਬਾਹਰ ਜਾਣ, ਆਰਥਿਕ ਤੌਰ ਤੇ ਆਜ਼ਾਦ ਹੋਣ, ਪੱਛਮੀ ਔਰਤ ਦੀ ਜੀਵਨ-ਜਾਂਚ ਤੋਂ ਪ੍ਰਭਾਵਿਤ ਹੋਣ ਨਾਲ ਉਸ ਦੇ ਵਿਅਕਤਿਤਵ ਦੇ ਨਵੇਂ ਪਾਸਾਰ ਪ੍ਰਗਟ ਹੋਣ ਲੱਗੇ । ਇਸ ਤਰ੍ਹਾਂ ਪਰਵਾਸੀ ਮਰਦ ਦੀ ਸਾਮੰਤੀ ਹਉਂ ਵਾਲੇ ਸੰਸਕਾਰ ਟੁੱਟਣ, ਪਦਾਰਥਕ ਲਾਲਸਾਵਾਂ ਵਧਣ ਅਤੇ ਭੋਗ- ਵਿਲਾਸ ਦੇ ਨਵੇਂ ਮੌਕੇ ਪੈਦਾ ਹੋਣ ਨਾਲ ਔਰਤ-ਮਰਦ ਦੇ ਪਰਿਵਾਰਕ ਤਣਾਅ ਵਧਣ ਲੱਗੇ ।ਜਿਨਾਂ ਦਾ ਪ੍ਰਗਟਾਵਾ ਦੂਜੇ ਦੌਰ ਦੀ ਪਰਵਾਸੀ ਪੰਜਾਬੀ ਕਹਾਣੀ ਵਿੱਚ ਹੋਇਆ ।

ਤੀਜੇ ਦੌਰ ਦੇ ਪਰਵਾਸੀ ਪੰਜਾਬੀ ਕਹਾਣੀਕਾਰ ਆਪਣੀਆਂ ਪੂਰਵ-ਨਿਸ਼ਚਿਤ ਪੂਰਬੀ ਮਾਨਤਾਵਾਂ ਅਤੇ ਭ੍ਰਾਂਤੀਆਂ ਤੋਂ ਮੁਕਤ ਹੋ ਕੇ ਵਸਤੂਭਾਵੀ ਦ੍ਰਿਸ਼ਟੀ ਨਾਲ ਪਰਵਾਸੀ ਚੇਤਨਾ ਦੇ ਗਲੋਬਲ ਪਰਿਪੇਖ ਨੂੰ ਸਮਝਣ ਅਤੇ ਕਥਾ ਬਿੰਬ ਵਿੱਚ ਢਾਲਣ ਦੇ ਸੁਚੱਜੇ ਯਤਨ ਕਰਦੇ ਹਨ । ਬਰਤਾਨੀਆਂ, ਕੈਨੇਡਾ, ਅਮਰੀਕਾ ਅਤੇ ਅਫ਼ਰੀਕਾ ਦੇ ਵੱਖ ਵੱਖ ਖੇਤਰਾਂ ਵਿੱਚ ਲਿਖੀ ਜਾਣ ਵਾਲੀ ਪਰਵਾਸੀ ਪੰਜਾਬੀ ਕਹਾਣੀ ਵਿੱਚ ਵਿਲੱਖਣ ਸਭਿਆਚਾਰਕ ਤੱਤਾਂ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ।ਮਿਸਾਲ ਵਜੋਂ ਕੁਝ ਪੱਛਮੀ ਦੇਸ਼ਾਂ ਵਿੱਚ ਕਿਸੇ ਹੱਦ ਤੱਕ ਮੂਲ ਵਾਸੀਆਂ ਅਤੇ ਪਰਵਾਸੀ ਪੰਜਾਬੀਆਂ ਨੇ ਇੱਕ ਦੂਜੇ ਦੇ ਸਭਿਆਚਾਰਾਂ ਦੇ ਲੱਛਣਾਂ ਤੋਂ ਪ੍ਰਭਾਵਿਤ ਹੋ ਕੇ ਇੱਕ ਨਵੇਂ ਸਭਿਆਚਾਰ ਸੰਸਲੇਸ਼ਣ ਦੀ ਭਾਵਨਾ ਦਾ ਵਿਖਾਵਾ ਕਰਨਾ ਆਰੰਭ ਕੀਤਾ ਹੋਇਆ ਹੈ ।ਪਰਵਾਸੀ ਪੰਜਾਬੀਆਂ ਦੀ ਮਿਸ਼ਰਤ ਭਾਂਤ ਦੀ ਸਭਿਆਚਾਰਕ ਪ੍ਰਭਾਵ ਇੱਕ ਸਹਿਜ ਵਰਤਾਰਾ ਜਾਪਣ ਲੱਗ ਪਈ ਹੈ । ਪੰਜਾਬੀ ਸਵੈ-ਇੱਛਾ ਨਾਲ ਆਪਣੀ ਪੂਰਬੀ ਸੰਸਕ੍ਰਿਤੀ ਤਿਆਗ ਕੇ ਪੱਛਮੀ ਸੰਸਕ੍ਰਿਤੀ ਵੱਲ ਬਾਹਾਂ ਉਲਾਰਦੇ ਦ੍ਰਿਸ਼ਟੀਗੋਚਰ ਹੁੰਦੇ ਹਨ ਭਾਵੇਂ ਇਹ ਸਪੱਸ਼ਟ ਹੈ ਕਿ ਭਾਰੂ ਸਭਿਆਚਾਰ ਵਿੱਚ ਆਪਣੀ ਹੋਂਦ ਗੁਆਂਚਣ ਦਾ ਅਚੇਤ ਭੈਅ ਵੀ ਉਹਨਾਂ ਦੇ ਨਾਲ ਚਲਦਾ ਮੂਰਤੀਮਾਨ ਹੁੰਦਾ ਹੈ ।

ਡਾ. ਧਨਵੰਤ ਕੌਰ ਅਨੁਸਾਰ 'ਪਰਵਾਸੀ ਪੰਜਾਬੀ ਕਹਾਣੀ ਵਿਦੇਸ਼ਾਂ ਖਾਸ ਕਰਕੇ ਅਮਰੀਕਾ, ਕੈਨੇਡਾ, ਇੰਗਲੈਂਡ ਵਿੱਚ ਵਸੇ ਪੰਜਾਬੀ ਸਮਾਜ ਨੂੰ ਆਪਣਾ ਮਰਕਜ਼ ਬਣਾਉਂਦੀ ਹੈ । ਪਰਵਾਸ ਦਾ ਸਮੁੱਚਾ ਵਰਤਾਰਾ ਇਸ ਕਹਾਣੀ ਵਿੱਚ ਇੰਜ ਪੇਸ਼ ਹੋਇਆ ਹੈ ਕਿ ਪਰਾਏ ਮਹੌਲ/ਚੌਗਿਰਦੇ/ਸਮਾਜ/ਸਭਿਆਚਾਰ ਵੱਲ ਆਕਰਸ਼ਿਤ ਹੋਣ ਤੋਂ ਲੈ ਕੇ ਉਸ ਵਿੱਚ ਸਪੇਸ ਸਰੁੱਖਿਅਤ ਕਰਨ ਤੱਕ ਅਤੇ ਨਵੇਂ ਚੌਗਿਰਦੇ ਨੂੰ ਪੰਜਾਬੀ ਦਿੱਖ ਦੇਣ ਤੋਂ ਲੈ ਕੇ ਉਸ ਚੌਗਿਰਦੇ ਰਾਹੀਂ ਹੜਪ ਲਏ ਜਾਣ ਤੱਕ ਦੀਆਂ ਚਿੰਤਾਵਾਂ ਤਕ ਦੇ ਸਾਰੇ ਸੰਭਾਵਿਤ ਪਸਾਰ ਇਸ ਦੇ ਸਰੋਕਾਰ ਬਣੇ ਹਨ '[1]

ਅਜੋਕੇ ਪਰਵਾਸੀ ਕਹਾਣੀਕਾਰਾਂ ਵਿੱਚ ਜਰਨੈਲ ਸਿੰਘ, ਅਮਨਪਾਲ ਸਾਰਾ, ਕੁਲਜੀਤ ਮਾਨ, ਪਰਵੇਸ਼



ਸੰਧੂ, ਵੀਨਾ ਵਰਮਾ, ਹਰਜੀਤ ਅਟਵਾਲ ਆਦਿ ਨਾਂ ਵਰਣਨਯੋਗ ਹਨ ।ਜਰਨੈਲ ਸਿੰਘ ਦੇ ਹੁਣ ਤੱਕ ਪੰਜ ਕਹਾਣੀ-ਸੰਗ੍ਰਹਿ 'ਮੈਨੂੰ ਕੀ', 'ਮਨੁੱਖ ਤੇ ਮਨੁੱਖ' ' ਸਮੇਂ ਦੇ ਹਾਣੀ', 'ਦੋ ਟਾਪੂ' ਅਤੇ 'ਟਾਵਰਜ਼' ਪ੍ਰਕਾਸ਼ਿਤ ਹੋ ਚੁੱਕੇ ਹਨ ।'ਦੋ ਟਾਪੂ' ਅਤੇ 'ਟਾਵਰਜ਼' ਕਹਾਣੀ-ਸੰਗ੍ਰਹਿਾਂ ਦੇ ਪ੍ਰਕਾਸ਼ਿਤ ਹੋਣ ਨਾਲ ਉਹ ਪਰਵਾਸੀ ਪੰਜਾਬੀ ਕਹਾਣੀਕਾਰਾਂ ਵਿੱਚ ਵਿਸ਼ੇਸ਼ ਸਥਾਨ ਬਣਾ ਚੁੱਕਿਆ ਹੈ ।ਇਹਨਾਂ ਕਹਾਣੀ-ਸੰਗ੍ਰਹਿਾਂ ਵਿੱਚ ਪਰਵਾਸੀ ਪੰਜਾਬੀਆਂ ਦੇ ਕੈਨੇਡਾ ਪਹੁੰਚਣ ਅਤੇ ਉਥੋਂ ਦੇ ਜੀਵਨ ਢੰਗਾਂ ਅਨੁਸਾਰ ਬਦਲਣ ਨੂੰ ਵਿਸ਼ਾ ਬਣਾਇਆ ਗਿਆ ਹੈ ।ਕੈਨੇਡਾ ਵਿੱਚ ਵਸਦੇ ਬਹੁ-ਗਿਣਤੀ ਲੋਕ ਬਰਤਾਨੀਆਂ ਤੋਂ ਹੀ ਕਿਸੇ ਨਾ ਕਿਸੇ ਕਾਰਨ ਪਰਵਾਸ ਕਰਕੇ ਵਸੇ ਹੋਏ ਹਨ ।ਆਜ਼ਾਦੀ ਮਿਲਣ ਤੋਂ ਪਹਿਲਾਂ ਅਮਰੀਕਾ ਅਤੇ ਕੈਨੇਡਾ ਬਰਤਾਨੀਆਂ ਰਾਜ ਦੀਆਂ ਬਸਤੀਆਂ ਸਨ ।ਕੈਨੇਡਾ ਜਿਸ ਵਿੱਚ ਕਿ ਦਸ ਪ੍ਰਾਂਤ ਸ਼ਾਮਿਲ ਹਨ, ਪੂਰਨ ਰੂਪ ਵਿੱਚ ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿੱਚ ਇੱਕ ਦੇਸ਼ ਅਤੇ ਰਾਜ ਦੇ ਤੌਰ ਤੇ ਸਥਾਪਿਤ ਹੋਇਆ ।1988 ਵਿੱਚ ਕੈਨੇਡਾ ਦੀ ਸਰਕਾਰ ਨੇ ਦੁਨੀਆਂ ਦਾ ਪਹਿਲਾਂ ਕੌਮੀ ਬਹੁ-ਸਭਿਆਚਾਰਕ ਕਾਨੂੰਨ ਪਾਸ ਕੀਤਾ । 1947 ਤੱਕ ਕੈਨੇਡਾ ਸਰਕਾਰ ਏਸ਼ੀਆਈ ਮੂਲ ਦੇ ਲੋਕਾਂ ਨੂੰ ਵੜਨ ਨਹੀਂ ਦੇ ਰਹੀ ਸੀ ।ਇਸ ਦੇ ਉਲਟ ਯੂਰਪੀ ਲੋਕਾਂ ਲਈ ਹਮੇਸ਼ਾਂ ਖੁੱਲਾ ਰਿਹਾ ।1947 ਵਿੱਚ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਦੂਸਰੇ ਦੇਸ਼ਾਂ ਨਾਲ ਇਸ ਦੇ ਸੁਤੰਤਰ ਕੂਟਨੀਤਕ ਸੰਬੰਧ ਸਥਾਪਿਤ ਹੋ ਗਏ ਜਿਨਾਂ ਵਿੱਚ ਕੈਨੇਡਾ ਵੀ ਸ਼ਾਮਿਲ ਸੀ । ਦੋਵੇਂ ਦੇਸ਼ਾਂ ਦੇ ਕਾਮਨ ਦੇ ਮੈਂਬਰ ਹੋਣ ਕਰਕੇ ਕੈਨੇਡਾ ਨੂੰ ਆਪਣੀ ਭਾਰਤੀ ਪਰਵਾਸੀਆਂ ਪ੍ਰਤੀ ਨੀਤੀ ਵਿੱਚ ਕੁਝ ਤਬਦੀਲੀ ਲਿਆਉਣੀ ਪਈ ।ਉਹਨਾਂ ਨੂੰ 'ਲੈਂਡਿਡ ਇਮੀਗ੍ਰੇਂਟ' ਦਾ ਰੁਤਬਾ ਮਿਲ ਗਿਆ ਅਤੇ ਉਹ ਕੈਨੇਡਾ ਦੇ ਨਾਗਰਿਕ ਬਣਨ ਦੇ ਹੱਕਦਾਰ ਹੋ ਗਏ ।ਭਾਰਤੀਆਂ ਦਾ ਕੈਨੇਡਾ ਜਾਣ ਦਾ ਦੂਸਰਾ ਕਾਰਨ ਇਹ ਵੀ ਰਿਹਾ ਕਿ ਉਸ ਸਮੇਂ ਦੋਰਾਨ ਸਾਰੇ ਯੂਰਪ ਵਿੱਚ ਵਿਕਾਸ ਹੋਇਆ ।ਯੂਰਪ ਨਿਵਾਸੀਆਂ ਲਈ ਪਰਵਾਸ ਦੇ ਪੱਖੋਂ ਅਮਰੀਕਾ ਜ਼ਿਆਦਾ ਵਧੀਆ ਸੀ ।ਇਸ ਤਰ੍ਹਾਂ ਕੈਨੇਡਾ ਪਹੁੰਚਣ ਵਾਲੇ ਯੂਰਪ ਪਰਵਾਸੀਆਂ ਦੀ ਗਿਣਤੀ ਘੱਟ ਹੋ ਗਈ । ਇਸ ਕਮੀ ਨੂੰ ਪੂਰਾ ਕਰਨ ਲਈ ਭਾਰਤ ਵਰਗੇ ਏਸ਼ੀਆਈ ਦੇਸ਼ਾਂ ਲਈ ਕੈਨੇਡਾ ਖੋਲ ਦਿੱਤਾ ਗਿਆ ।ਕੈਨੇਡਾ ਵਿੱਚ ਵੈਨਕੂਵਰ ਹੀ ਅਜਿਹੀ ਜਗ੍ਹਾ ਰਹੀ ਜਿੱਥੇ ਪਹਿਲੇ ਪੜਾਅ ਦੇ ਪੰਜਾਬੀ ਪਹੁੰਚੇ ।ਪਰ ਉਥੇ ਪੱਕੇ ਹੋਣ ਲਈ ਬਹੁਤੇ ਸਾਰੇ ਪੰਜਾਬੀ ਦੂਸਰੇ ਪ੍ਰਾਂਤਾਂ ਵਿੱਚ ਜਾ ਵਸੇ ।ਕੈਨੈਡਾ ਦੀ ਜੀਵਨ ਜਾਂਚ ਨੇ ਪੰਜਾਬੀਆਂ ਨੂੰ ਇੱਕ ਮੂਲੋਂ ਵੱਖਰੀ ਜੀਵਨ-ਜਾਂਚ ਦੇ ਸਮਵਿੱਥ ਵਿਚਰਨ ਦਾ ਅਵਸਰ ਦਿੱਤਾ । ਪੂਰਬੀ ਰਿਸ਼ਤਾ ਨਾਤਾ ਪ੍ਰਬੰਧ ਦੇ ਆਪਣੇ ਨਿੱਘੇ, ਪੱਕੇ ਪੀਡੇ ਆਧਾਰ ਹਨ, ਇਹ ਆਧਾਰ ਬੰਧੇਜ਼ ਕਿਸਮ ਦੇ ਹਨ ।

ਇਸ ਦੇ ਸਮਵਿੱਥ ਪੱਛਮੀ ਰਿਸ਼ਤਾ-ਨਾਤਾ ਪ੍ਰਬੰਧ ਖੁੱਲੀਆਂ ਬਣਤਰਾਂ ਤੇ ਅਧਾਰਿਤ ਹੈ।ਇਹ ਕੁਦਰਤੀ ਬਿਰਤੀ ਹੈ ਕਿ ਮਨੁੱਖੀ ਸੁਭਾਅ ਖੁੱਲਾ ਵੱਲ ਨੂੰ ਹੀ ਦੋੜਦਾ ਹੈ ।ਇਸ ਤੋਂ ਇਲਾਵਾ ਇਸ ਪੱਛਮੀ ਸਮਾਜ ਨੇ ਔਰਤਾਂ ਪ੍ਰਤੀ ਹਮਦਰਦੀ ਔਰਤ ਦੀ ਬਰਾਬਰੀ, ਬੱਚਿਆਂ ਦੇ ਹੱਕਾਂ ਦੀ ਸੁੰਤਤਰਤਾ, ਬਜ਼ੁਰਗਾਂ ਦੀ ਸ਼ੋਸ਼ਲ ਕੇਅਰ ਆਦਿ ਜਿਹੜੇ ਸਮਾਜਿਕ ਸਦਾਚਾਰਕ ਪ੍ਰਤਿਮਾਨ ਦਿੱਤੇ ਉਹਨਾਂ ਨਾਲ ਰਿਸ਼ਤਿਆਂ ਦੀ ਨਵੀਂ ਨੁਹਾਰ ਪੇਸ਼ ਹੋਣ ਲੱਗੀ ।ਜਰਨੈਲ ਸਿੰਘ ਦੀਆਂ ਕਹਾਣੀਆਂ ਜਿਸ ਕਿਸਮ ਦੀ ਨਵੀਂ ਔਰਤ ਨੂੰ, ਨਵੀਂ ਪੀੜ੍ਹੀ ਨੂੰ ਅਤੇ ਨਵੇਂ ਮਰਦ ਔਰਤਾਂ ਸੰਬੰਧਾਂ ਨੂੰ ਪਰਿਭਾਸ਼ਿਤ ਕਰ ਰਹੀ ਹੈ ਉਹਨਾਂ ਵਿੱਚ ਪੂਰਬੀ ਅਤੇ ਪੱਛਮੀ ਸੰਸਕ੍ਰਿਤੀ ਦੇ ਸਹਿਭਾਵੀ ਅਤੇ ਵਿਰੋਧੀ ਸੰਬੰਧਾਂ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ ।

ਸਹਿਭਾਵੀ ਸੰਬੰਧਾਂ ਵਿੱਚ ਉਹਨਾਂ ਸੰਬੰਧਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨਾਂ ਨੂੰ ਪੂਰਬੀ ਸੰਸਕ੍ਰਿਤੀ ਅਤੇ ਪੱਛਮੀ ਸੰਸਕ੍ਰਿਤੀ ਨੇ ਸਭਿਆਚਾਰੀਕਰਨ ਦੀ ਪ੍ਰੀਕਿਰਿਆ ਦੁਆਰਾ ਸਹਿਜੇ ਹੀ ਸਾਂਝੇ ਰੂਪ ਵਿੱਚ ਅਪਨਾ ਲਿਆ ਹੈ ।ਜਿਵੇਂ ਆਰਥਿਕ ਸੁਤੰਤਰਤਾ ਲਈ ਔਰਤ ਦਾ ਘਰੋਂ ਬਾਹਰ ਜਾ ਕੇ ਨੋਕਰੀ ਕਰਨਾ, ਪੂਰਬੀ ਸੰਸਕ੍ਰਿਤੀ ਵਾਲੀ ਪਤੀ ਵਰਤਾ ਔਰਤ ਤੋਂ ਉਪਰ ਉਠਣਾ, ਪਤੀ ਦੇ ਨਜਾਇਜ਼ ਸੰਬੰਧਾਂ ਬਾਰੇ ਪਤਾ

ਲੱਗਣ ਤੇ ਤਾਲਾਕ ਦੀ ਮੰਗ ਕਰਕੇ ਆਪਣਾ ਵੱਖਰਾ ਜੀਵਨ ਜਿਉਣ ਨੂੰ ਪਹਿਲ ਦੇਣਾ ਆਦਿ ਔਰਤ ਦੀ ਸੁੰਤਤਰਤਾ ਦੇ ਮੁੱਦੇ ਅਰਥਾਤ ਨਾਰੀ ਚੇਤਨਾ ਨੂੰ ਪੂਰਬੀ ਸੰਸਕ੍ਰਿਤੀ ਵਿੱਚ ਵੀ ਉਭਰਵੇਂ ਰੂਪ ਵਿੱਚ ਵੇਖਿਆ ਜਾਂਦਾ ਹੈ।ਔਰਤ ਨੂੰ ਤਿਆਗ ਦੀ ਭਾਵਨਾ ਦੀ ਥਾਂ ਆਪਣੇ ਹੱਕਾਂ ਲਈ ਲੜਨ ਲਈ ਲੋੜ ਅਨੁਸਾਰ ਤਰਜੀਹ ਦਿੱਤੀ ਜਾਂਦੀ ਹੈ। ਡਾ. ਹਰਚੰਦ ਸਿੰਘ ਬੇਦੀ ਅਨੁਸਾਰ 'ਪੂੰਜੀਵਾਦੀ ਸਭਿਆਚਾਰ ਢਾਂਚੇ ਨੇ ਸਭ ਤੋਂ ਜਿਆਦਾ ਢਾਹ ਸਾਮੰਤੀ ਸਭਿਆਚਾਰਕ ਢਾਂਚੇ ਦੀ ਔਰਤ ਦੀਆਂ ਕਦਰਾਂ ਕੀਮਤਾਂ ਨੂੰ ਲਾਈ ਹੈ।ਜੇ ਪਰਵਾਸੀ ਪੰਜਾਬੀ ਔਰਤ ਪੂੰਜੀਵਾਦੀ ਸਭਿਆਚਾਰਕ ਢਾਂਚੇ ਅਨੁਸਾਰ ਬਦਲਦੀ ਹੈ ਤਾਂ ਪਰਿਵਾਰਾਂ ਵਿੱਚ ਟੁੱਟ-ਭੱਜ ਹੁੰਦੀ ਹੈ।ਜੇ ਨਹੀਂ ਬਦਲਦੀ ਤਾਂ ਖੁਦ ਬਾਹਰੀ ਸਮਾਜ ਵਿੱਚ ਤਣਾਉ ਭੋਗਦੀ ਹੈ।'[2]

ਕੈਨੇਡਾ ਵਰਗੇ ਦੇਸ਼ਾਂ ਵਿੱਚ ਰਹਿ ਕੇ ਵੀ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨੈਤਿਕਤਾ ਦੇ ਪਤਨ ਅਤੇ ਆਪਣੀਆਂ ਕਦਰਾਂ ਕੀਮਤਾਂ ਨੂੰ ਖਤਮ ਹੁੰਦਿਆਂ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕਰ ਸਕਦੀ।ਪੱਛਮੀ ਸੰਸਕ੍ਰਿਤੀ ਵਿੱਚ ਪਲੀ ਨਵੀਂ ਪੀੜ੍ਹੀ ਦੁਆਰਾ ਜਿਨਸੀ ਖੁੱਲ੍ਹਾ ਲੈਣ, ਅਸ਼ਲੀਲਤਾ ਵੱਲ ਜਾਣ ਆਦਿ ਸਮੇਂ ਪਰਵਾਸੀ ਪੰਜਾਬੀ ਅਜਿਹੀ ਖੁੱਲ ਨੂੰ ਅਪਨਾਉਣ ਦੀ ਥਾਂ ਪੱਛਮੀ ਸੰਸਕ੍ਰਿਤੀ ਦੇ ਵਿਰੋਧ ਵਿੱਚ ਆ ਡੱਟਦੇ ਹਨ।ਪੂਰਬੀ ਅਤੇ ਪੱਛਮੀ ਸੰਸਕ੍ਰਿਤੀ ਦੇ ਦੁਵੱਲੇ ਪੁੜਾਂ ਵਿੱਚ ਪੀਸੇ ਜਾ ਰਹੇ ਰਿਸ਼ਤੇ ਹੋਂਦ ਵੇਦਨਾ ਦੀ ਅਸਲੋਂ ਬੇਹਿਸ ਹੋਈ ਸਥਿਤੀ ਨੂੰ ਦਰਸਾ ਰਹੇ ਹਨ।ਪੱਛਮੀ ਸੰਸਕ੍ਰਿਤੀ ਆਪਣੀਆਂ ਇੰਤਹਾ ਕਮਜੋਰੀਆਂ ਦੇ ਬਾਵਜੂਦ ਵੀ ਪੂਰਬੀ ਸੰਸਕ੍ਰਿਤੀ ਦੀਆਂ ਬੰਧੇਜੀ ਬਣਤਰਾਂ ਨੂੰ ਮਾਤ ਪਾ ਰਹੀ ਹੈ।ਖਾਸ ਤੌਰ ਤੇ ਦੇਹੀ ਖੁੱਲ੍ਹਾਂ ਵਾਲੀਆਂ, ਹਰ ਕਿਸਮ ਦੀਆਂ ਜਵਾਬਦੇਹੀਆਂ ਤੋਂ ਮੁਕਤ ਜੀਵਨ ਸ਼ੈਲੀਆ ਨਵੀਂ ਪੀੜ੍ਹੀ ਨੂੰ ਵਰਗਲਾ ਰਹੀਆਂ ਹਨ। ਉਂਜ ਤਾਂ ਹਰ ਸਮਾਜ ਵਿੱਚ ਪੀੜ੍ਹੀਆ ਦਾ ਆਪਸੀ ਦਵੰਦ ਬਣਿਆ ਰਹਿੰਦਾ ਹੈ।ਪੁਰਾਣੀ ਪੀੜ੍ਹੀ ਆਪਣੇ ਆਪ ਨੂੰ ਸਮਾਜਿਕ ਕਦਰਾਂ ਕੀਮਤਾਂ ਅਤੇ ਸਭਿਆਚਾਰ ਦਾ ਰਖਵਾਲਾ ਸਮਝਦੀ ਹੈ। ਇਸ ਦੇ ਉਲਟ ਨਵੀਂ ਪੀੜ੍ਹੀ ਨੂੰ ਉਹ ਕਦਰਾਂ ਕੀਮਤਾਂ ਅਤੇ ਸਭਿਆਚਾਰ ਪੁਰਾਣਾ ਅਤੇ ਦਕਿਆਨੂਸੀ ਲੱਗਦਾ ਹੈ। ਪਰ ਪਰਵਾਸੀਆਂ ਦੇ ਸੰਦਰਭ ਵਿੱਚ ਪੀੜ੍ਹੀਆਂ ਦਾ ਆਪਸੀ ਦਵੰਦ ਬਿਲਕੁਲ ਨਿਵੇਕਲੇ ਢੰਗ ਨਾਲ ਉਭਰਦਾ ਹੈ।ਇਥੇ ਬਦਲ ਰਹੇ ਸਮਾਜ ਦੇ ਵਰਤਮਾਨ ਅਤੇ ਭੂਤ ਦੇ ਆਪਸੀ ਵਿਰੋਧ ਨਹੀਂ ਸਗੋਂ ਪਰਵਾਸੀ ਪੰਜਾਬੀ ਦੇ ਪੂਰਬੀ ਪਿਛੋਕੜ ਅਤੇ ਪੱਛਮੀ ਸਮਾਜ ਦੇ ਵਰਤਮਾਨ ਦਾ ਵਿਰੋਧ ਉਪਜਦਾ ਹੈ। ਭਵਿੱਖ, ਪੰਧ ਕਥਾ, ਪਛਾਣ, ਗੁਆਚੇ ਲੋਕ ਕਹਾਣੀਆਂ ਇਸ ਵਿਰੋਧ ਨੂੰ ਪ੍ਰਸਤੁਤ ਕਰਦੀਆਂ ਹਨ।

'ਦੋ ਟਾਪੂ' ਅਤੇ 'ਪਰਛਾਵੇਂ' ਕਹਾਣੀਆਂ ਵਿੱਚ ਨਵੀਂ ਹੋਂਦ ਚੇਤਨਾ ਨਾਲ ਪ੍ਰਣਾਈਆਂ ਔਰਤਾ ਦੇ ਬੜੇ ਸਸ਼ਕਤ ਸਤੁੰਲਿਤ ਬਿੰਬ ਪ੍ਰਸਤੁਤ ਕੀਤੇ ਗਏ ਹਨ। 'ਦੋ ਟਾਪੂ' ਕਹਾਣੀ ਵਿਚਲਾ ਬਲਰਾਜ ਪੂਰਬੀ ਸੰਸਕ੍ਰਿਤੀ ਅਨੁਸਾਰ ਮਰਦਵਾਦੀ ਸੋਚ ਅਤੇ ਜਵਾਈਪੁਣੇ ਦੀ ਧੌਂਸ ਕਾਇਮ ਰੱਖਣਾ ਚਾਹੁੰਦਾ ਹੈ ਅਤੇ ਦੂਜੇ ਪਾਸੇ ਉਸ ਦੀ ਪਤਨੀ ਪਾਸ਼ੀ ਦਾ ਵਿਅਕਤੀਵਾਦ, ਨਾਰੀ ਚੇਤਨਾ, ਪੱਛਮ ਦੀ ਆਰਥਿਕ ਸੁੰਤਤਰਤਾ ਅਤੇ ਲਿੰਗ-ਸਮਾਨਤਾ ਦੀ ਧਾਰਨਾ ਪੱਛਮੀ ਸੰਸਕ੍ਰਿਤੀ ਦੀ ਉਪਜ ਹੈ।ਬਲਰਾਜ ਆਪਣੇ ਪ੍ਰਾਹੁਣੇਪਣ ਦੇ ਜ਼ੋਰ ਨਾਲ ਆਪਣੀ ਸਾਲੀ ਦਾ ਸਾਕ ਆਪਣੇ ਭਤੀਜੇ ਲਈ ਲੈਣਾ ਚਾਹੁੰਦਾ ਹੈ ਤਾਂ ਕਿ ਉਹ ਵੀ ਕੈਨੇਡਾ 'ਚ ਵੱਸ ਸਕੇ। ਪਰ ਪਾਸ਼ੀ ਅਤੇ ਉਸ ਦਾ ਪਰਿਵਾਰ ਬਲਰਾਜ ਦੀ ਅਜਿਹੀ ਧੌਂਸ ਮੰਨਣ ਤੋਂ ਸ਼ਪੱਸ਼ਟ ਤੌਰ ਤੇ ਇਨਕਾਰੀ ਹਨ। ਇਸ ਘਟਨਾ ਕਾਰਨ ਬਲਰਾਜ ਆਪਣੀ ਬੇਇਜ਼ਤੀ ਸਮਝਦਾ ਹੋਇਆ ਹੀਣ ਭਾਵਨਾ ਦਾ ਸ਼ਿਕਾਰ ਹੁੰਦਾ ਹੈ। ਇਹ ਹੀਣਤਾ ਹੀ ਉਸਨੂੰ ਪਤਨੀ ਤੋਂ ਦੂਰ ਕਰ ਦਿੰਦੀ ਹੈ। ਬਲਰਾਜ ਨੂੰ ਆਸ ਸੀ ਕਿ ਪੂਰਬੀ ਸੰਸਕ੍ਰਿਤੀ ਵਿੱਚ ਪਲੀ ਉਸਦੀ ਪਤਨੀ ਪਾਸ਼ੀ ਕਦੇ ਵੀ ਉਸਨੂੰ ਛੱਡ ਕੇ ਜਾਣ ਦਾ ਫੈਸਲਾ ਨਹੀਂ ਕਰੇਗੀ ਪਰੰਤੂ ਪਾਸ਼ੀ ਕਿਸੇ ਵੀ ਹਾਲਤ ਵਿੱਚ ਉਸ ਅੱਗੇ ਲਿਫਣ ਨੂੰ ਤਿਆਰ ਨਹੀਂ।



ਆਪਣੀ ਵੱਧ ਪੜ੍ਹਾਈ, ਆਰਥਿਕ ਅਜ਼ਾਦੀ ਅਤੇ ਔਰਤ ਮਰਦ ਨੂੰ ਬਰਾਬਰ ਦਾ ਦਰਜਾ ਦੇਣ ਵਾਲੀ ਪੱਛਮੀ ਵਿਵਸਥਾ ਦੇ ਆਸਰੇ ਕਾਰਨ ਉਸਨੂੰ ਆਪਣਾ ਆਪ ਪਤੀ ਤੋਂ ਉਚਾ ਮਹਿਸੂਸ ਹੁੰਦਾ ਹੈ। ਇਸ ਕਾਰਨ ਪੂਰਬੀ ਸੋਚ ਦੀ ਜੱਦ ਵਿਚੋਂ ਆਈ ਹੋਣ ਦੇ ਬਾਵਜੂਦ ਵੀ ਉਹ ਤਲਾਕ ਪਿੱਛੋਂ ਇੱਕ ਨਵੀਂ ਸ਼ਕਤੀ ਦਾ ਅਹਿਸਾਸ ਮਾਣਦੀ ਹੈ।

'ਤਲਾਕ ਹੋ ਜਾਣ ਤੇ ਪਾਸ਼ੀ ਨੂੰ ਇੰਜ ਲੱਗਾ ਸੀ ਜਿਵੇਂ ਉਸ ਦੇ ਜੀਵਨ ਨੇ ਕਿਸੇ ਰਿਮੋਟ ਕੰਟਰੋਲ ਤੋਂ ਮੁਕਤ ਹੋ ਕੇ ਆਪਣੀ ਨਵੀਂ ਸਮਰਥਾ ਸਿਰਜ ਲਈ ਹੋਵੇ।'[3]

ਪਾਸ਼ੀ ਇਕੱਲੇ ਰਹਿਣ ਵਿੱਚ ਵੀ ਕੁਝ ਪਲਾਂ ਲਈ ਖੁਸ਼ੀ ਮਹਿਸੂਸ ਕਰਦੀ ਹੈ ਜਦੋਂ ਕਿ ਸਾਡੀ ਪੂਰਬੀ ਸੰਸਕ੍ਰਿਤੀ ਵਿੱਚ ਇੱਕਲਤਾ ਨੂੰ ਇੱਕ ਰੋਗ ਸਮਝਿਆ ਜਾਂਦਾ ਰਿਹਾ ਹੈ। ਉਸ ਦੀ ਇਹ ਖੁਸ਼ੀ ਉਸ ਨੂੰ ਵਿਆਹ ਸੰਸਥਾ ਤੋਂ ਨਾਬਰ ਜਿਉਣ ਦਾ ਬਲ ਵੀ ਪ੍ਰਦਾਨ ਕਰਦੀ ਹੈ। ਉਹ ਸਚਮੁੱਚ ਹੀ ਸੁਤੰਤਰ ਜੀਵਨ ਜਿਉਣ ਨੂੰ ਪਹਿਲ ਦਿੰਦੀ ਹੈ। ਜੇਕਰ ਉਹ ਪਤੀ ਲਈ ਖਰੀਦੀ ਹੋਈ ਵਸਤੂ ਬਣਨ ਲਈ ਤਿਆਰ ਨਹੀਂ ਤਾਂ ਉਹ ਮਾਪਿਆ ਦੁਆਰਾ ਉਸ ਦਾ ਭਜਨੋ ਦੇ ਦਿਉਰ ਨੂੰ ਕੈਨੇਡਾ ਲਿਆਉਣ ਲਈ ਉਸ ਨਾਲ ਵਿਆਹ ਕਰਨ ਤੋਂ ਸਾਫ਼ ਇਨਕਾਰ ਕਰਦੀ ਹੈ ਅਤੇ ਮਾਪਿਆਂ ਨੂੰ ਵੀ ਛੱਡ ਦਿੰਦੀ ਹੈ। ਪਰ ਇਸ ਸੁੰਤਤਰਤਾ ਦੇ ਬਾਵਜੂਦ ਵੀ ਉਸ ਦੇ ਧੁਰ ਅੰਦਰ ਕਿਤੇ ਪੂਰਬੀ ਔਰਤ ਵਾਲਾ ਪਤੀਵਰਤਾ ਹੋਣ ਦਾ ਕਿਣਕਾ ਮਾਤਰ ਛੁਪਿਆ ਭਾਵ ਉਦੋਂ ਉਜਾਗਰ ਹੋ ਜਾਂਦਾ ਹੈ ਜਦੋਂ ਟਰਾਂਟੋ ਛੱਡ ਕੇ ਬਹੁਤ ਦੂਰ ਵੈਨਕੂਵਰ ਵੱਸਣ ਲਈ ਜਾ ਰਹੇ ਛੱਡੇ ਹੋਏ ਪਤੀ ਨੂੰ ਕਹਿ ਉਠਦਾ ਹੈ ਕਿ 'ਆਪਣਾ ਖਿਆਲ ਰੱਖਿਓ।' ਇਸ ਤਰ੍ਹਾਂ ਪੱਛਮੀ ਸੰਸਕ੍ਰਿਤੀ ਨੂੰ ਅਪਣਾ ਕੇ ਵੀ ਪੂਰਬੀ ਸੰਸਕ੍ਰਿਤੀ ਦੇ ਬੀਜ ਪਰਵਾਸੀ ਪੰਜਾਬੀਆਂ ਵਿੱਚ ਪਾਏ ਜਾਂਦੇ ਹਨ।

'ਪਰਛਾਵੇਂ' ਕਹਾਣੀ ਦੀ ਬਲਬੀਰ ਵੀ ਪਾਸ਼ੀ ਵਾਂਗ ਬਦਲਦੀ ਔਰਤ ਦੀ ਤਸਵੀਰ ਪ੍ਰਸਤੁਤ ਕਰਦੀ ਹੈ। ਉਸ ਦਾ ਪਤੀ ਜਨਮੀਤ ਜਿੰਨੀ ਦੇਰ ਕੈਨੇਡਾ ਵਿੱਚ ਪੂਰੀ ਤਰ੍ਹਾਂ ਸੈਟਲ ਨਹੀਂ ਹੁੰਦਾ ਉਦੋਂ ਤੱਕ ਉਸਨੂੰ ਬਲਬੀਰ ਹਰ ਪੱਖੋਂ ਮੁਕੰਮਲ ਲਗਦੀ ਹੈ ਪਰ ਕੈਨੇਡਾ ਵਿੱਚ ਸੈਟਲ ਹੋਣ ਤੋਂ ਬਾਅਦ ਉਸਨੂੰ ਬਲਬੀਰ ਬਰਫ਼ ਬਣ ਗਏ ਦਰਿਆ ਵਾਂਗ ਜਾਪਦੀ ਹੈ ਅਤੇ ਉਹ ਜਿਨਸੀ ਖੁੱਲਾ ਮਾਨਣ ਲਈ 'ਸ਼ਰਬਤੀ ਅੱਖਾਂ ਵਾਲੀ ਮੁਟਿਆਰ' ਕਵਿਤਰੀ ਨੀਲੂ ਨਾਲ ਐਨਾ ਅੱਗੇ ਵੱਧ ਜਾਂਦਾ ਹੈ ਕਿ ਗੱਲ ਪਤਨੀ ਨਾਲ ਤਲਾਕ ਤੱਕ ਪਹੁੰਚ ਜਾਂਦੀ ਹੈ। ਜਿੱਥੇ ਜਨਮੀਤ ਪੱਛਮੀ ਸੰਸਕ੍ਰਿਤੀ ਅਧੀਨ ਜਿਨਸੀ ਖੁੱਲ੍ਹਾਂ ਲੈਣ ਵੱਲ ਵੱਧਦਾ ਹੈ ਉਥੇ ਉਹ ਬਲਬੀਰ ਨੂੰ ਪੂਰਬੀ ਸੰਸਕ੍ਰਿਤੀ ਵਿੱਚ ਪੱਕੀ ਪਤੀ ਬਰਤਾ ਸਮਝਦਾ ਹੋਇਆ ਆਸ ਕਰਦਾ ਹੈ ਕਿ ਬਲਬੀਰ ਕਦੇ ਵੀ ਤਲਾਕ ਲੈਣ ਲਈ ਤਿਆਰ ਨਹੀਂ ਹੋਵੇਗੀ। ਉਹ ਬਲਬੀਰ ਜਿਸ ਨੇ ਇੰਡੀਆ ਵਿੱਚ ਰਹਿੰਦੇ ਸਮੇਂ ਮਿਹਨਤ ਅਤੇ ਦ੍ਰਿੜਤਾ ਨਾਲ ਆਪਣੇ ਸਹੁਰੇ ਪਰਿਵਾਰ ਦੇ ਘਰੋਂ ਆਲਸ ਨੂੰ ਕੱਢ ਦਿੱਤਾ ਸੀ, ਆਪਣੇ ਗਹਿਣੇ ਵੇਚ ਕੇ ਪਤੀ ਨੂੰ ਚੰਗੀ ਆਰਥਿਕਤਾ ਲਈ ਕੈਨੇਡਾ ਭੇਜ ਦਿੱਤਾ ਸੀ, ਪਰ ਜਦੋਂ ਕੈਨੈਡਾ ਵਿੱਚ ਵਸਦਿਆਂ ਉਸ ਨੂੰ ਪਤਾ ਚੱਲਦਾ ਹੈ ਕਿ ਉਸ ਦਾ ਪਤੀ ਨੀਲੂ ਵੱਲ ਝੁਕਿਆ ਹੋਇਆ ਹੈ ਤਾਂ ਉਹ ਪਹਿਲਾਂ ਵਾਲੀ ਪਤਨੀ ਨਹੀਂ ਰਹਿੰਦੀ ਅਤੇ ਬੜੇ ਸਵੈ ਮਾਣ ਨਾਲ ਜਨਮੀਤ ਤੋਂ ਤਲਾਕ ਲੈ ਕੇ ਪਾਸੇ ਹੋਣ ਲਈ ਕਹਿੰਦੀ ਹੈ। ਇਸ ਕਹਾਣੀ ਵਿਚਲਾ ਜਨਮੀਤ ਬੱਚਿਆਂ ਦੀ ਖਾਤਰ ਆਪਣੀ ਵਿਅਕਤੀਗਤ ਸੁੰਤਤਰਤਾ ਦੀ ਕੁਰਬਾਨੀ ਦਾ ਪੂਰਬੀ ਸੰਕਲਪ ਅਪਣਾਉਣਾ ਜ਼ਰੂਰੀ ਨਹੀਂ ਸਮਝਦਾ। ਪੂੰਜੀਵਾਦੀ ਪੱਛਮੀ ਸਮਾਜ ਦੀ ਵਿਅਕਤੀਵਾਦੀ ਸੋਚ ਤੋਂ ਪ੍ਰੇਰਿਤ ਜਨਮੀਤ ਦੁਆਰਾ ਪੂਰਬੀ ਸੰਸਕ੍ਰਿਤੀ ਦੇ ਰੁਪਾਂਤਰਨ ਦੀ ਪ੍ਰੀਕਿਰਿਆ ਨੂੰ ਜਰਨੈਲ ਸਿੰਘ ਨੇ ਇਸ ਕਹਾਣੀ ਵਿੱਚ ਬਾਖੂਬੀ ਪੇਸ਼ ਕੀਤਾ ਹੈ।

'ਭਵਿੱਖ', 'ਪੰਧ ਕਥਾ' ਅਤੇ 'ਪਛਾਣ' ਕਹਾਣੀਆਂ ਪਰਵਾਸੀ ਪੰਜਾਬੀਆਂ ਦੇ ਜੀਵਨ ਵਿੱਚ ਦੋ ਪੀੜ੍ਹੀਆਂ ਦੇ ਤਣਾਅ ਨੂੰ ਪ੍ਰਸਤੁਤ ਕਰਦੀਆਂ ਹਨ ਕਿ ਨਵੀਂ ਪੀੜ੍ਹੀ ਸੰਤੁਤਰ ਵਿਚਾਰਾਂ ਦੀ ਧਾਰਨੀ ਹੋਣ ਕਰਕੇ ਆਪਣੇ ਜੀਵਨ ਦੇ ਫੈਸਲੇ ਖੁਦ ਕਰਨ ਲਈ ਉਤਵਾਲੀ ਹੈ ਅਤੇ ਆਪਣੀ ਮਰਜ਼ੀ ਅਨੁਸਾਰ

ਜੀਵਨ ਜਿਉਣਾ ਚਾਹੁੰਦੀ ਹੈ ।ਵਿਦੇਸ਼ਾ ਵਿੱਚ ਪੀੜ੍ਹੀ-ਪਾੜਾ ਇੱਕ ਗੰਭੀਰ ਮਸਲਾ ਹੈ ਕਿਉਂਕਿ ਉਥੇ ਪੰਜਾਬੀ ਸਮਾਜ ਦੀਆਂ ਸਭਿਆਚਾਰਕ ਕਦਰਾ ਕੀਮਤਾਂ ਦੀ ਹੋਂਦ ਤਬਦੀਲ ਹੀ ਨਹੀਂ ਸਗੋਂ ਖਤਮ ਹੋ ਰਹੀ ਹੈ ।ਕਹਾਣੀ 'ਪੰਧ ਕਥਾ' ਦਾ ਲਖਬੀਰ ਸਿੰਘ ਆਪਣੇ ਛੋਟੇ ਪੁੱਤਰ ਰਵੀ ਨੂੰ ਕੈਨੈਡਾ ਦੇ ਬੁਰੇ ਪ੍ਰਭਾਵਾਂ ਤੋਂ ਬਚਣ ਲਈ ਕਿਸੇ ਦੀਆਂ ਚਾਲਾਂ ਵਿੱਚ ਨਾ ਆਉਣ ਲਈ ਪ੍ਰੇਰਦਾ ਹੈ ।ਪਰ ਰਵੀ ਪੱਛਮੀ ਦੋਸਤਾਂ ਕਿੱਟ, ਜਾਜ, ਭਾਜੀ ਆਦਿ ਨਾਲ ਮਿਲ ਕੇ ਜ਼ਿੰਦਗੀ ਦਾ ਫੰਨ ਕਰਨ ਲਈ ਸਟਰਿਪ ਕਲੱਬਾਂ ਵਿੱਚ ਨਾਚ ਵੇਖਣ, ਚੋਰੀ ਕਰਨ ਅਤੇ ਇੱਕ ਵੱਡੇ ਗੈਂਗ ਦਾ ਹਿੱਸਾ ਬਣ ਜਾਂਦਾ ਹੈ ।ਕਿੱਟ ਦੀਆਂ ਕਹੀਆਂ ਗੱਲਾਂ ਦਾ ਰਵੀ ਉਪਰ ਵਧੇਰੇ ਅਸਰ ਹੁੰਦਾ ਹੈ ।'ਲੁੱਕ ਰਵੀ ! ਪੇਅਰੈਂਟਸ ਨਾਲ ਤਾਂ ਗੇਮ ਹੀ ਪਲੇਅ ਕਰਨੀ ਪੈਂਦੀ ਹੈ । ਇਹਨਾਂ ਨੂੰ ਆਪਾ ਕਦੀ ਵੀ ਆਪਣੀ ਗੱਲ ਨਹੀਂ ਮਨਾ ਸਕਦੇ ।ਇਹ ਫਿਜੀਕਲੀ ਕੈਨੈਡਾ 'ਚ ਤੇ ਮੈਂਟਲੀ ਇੰਡੀਆ ਵਿੱਚ ਰਹਿੰਦੇ ਆ ।ਅੱਜ ਦੇ ਇੰਡੀਆ 'ਚ ਨਹੀਂ, ਫਿਫਟੀ-ਸਿਕਸਟੀ ਈਅਰਜ਼ ਪਹਿਲਾਂ ਦੇ ਇੰਡੀਆ 'ਚ- ਨਾ ਆਪ ਇੰਜੁਆਇ ਕੀਤਾ, ਨਾ ਸਾਨੂੰ ਕਰਨ ਦੇਂਦੇਂ ਆ ।'[4]

ਇਸ ਤਰ੍ਹਾਂ ਰਵੀ ਵਰਗੀ ਨਵੀਂ ਪੀੜ੍ਹੀ ਪੂਰੀ ਤਰ੍ਹਾਂ ਅਸੱਭਿਅਕ ਕੰਮ ਕਰਕੇ ਸਾਡੀ ਪੂਰਬੀ ਸਭਿਅਤਾ ਨੂੰ ਢਾਹ ਲਗਾ ਰਹੀ ਹੈ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਪੱਛਮੀ ਸਮਾਜਾਂ ਨੂੰ ਨੈਤਿਕ ਪੱਖੋਂ ਗਿਰਿਆ ਹੋਇਆ ਮੰਨਦੇ ਹਨ ।ਉਹ ਨੈਤਿਕ ਮਾਮਲਿਆਂ ਬਾਰੇ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ ਅਤੇ ਉਹਨਾਂ ਦੀ ਮੁੱਢ ਤੋਂ ਹੀ ਬੱਚਿਆਂ ਨੂੰ ਕੰਟਰੋਲ ਵਿੱਚ ਰੱਖਣ ਦੀ ਕੋਸ਼ਿਸ਼ ਸ਼ੁਰੂ ਹੋ ਜਾਂਦੀ ਹੈ ।ਪਰ ਟੈਲੀਵੀਜ਼ਨ ਅਤੇ ਸਕੂਲ ਦੋ ਅਜਿਹੇ ਅਦਾਰੇ ਹਨ ਜਿਨਾਂ ਨੂੰ ਉਹ ਕੰਟਰੋਲ ਨਹੀਂ ਕਰ ਸਕਦੇ, ਬੱਚਿਆਂ ਨੇ ਇਹਨਾਂ ਦੋਨਾਂ ਅਦਾਰਿਆਂ ਦੇ ਸੰਪਰਕ ਵਿੱਚ ਆਉਣਾ ਹੀ ਹੁੰਦਾ ਹੈ ।ਇਹ ਦੋਵੇਂ ਅਦਾਰੇ ਨਵੀਂ ਪੀੜ੍ਹੀ ਉਪਰ ਪੱਛਮੀ ਸੰਸਕ੍ਰਿਤੀ ਠੋਸਣ ਦਾ ਮੁੱਢਲਾ ਰੋਲ ਅਦਾ ਕਰਦੇ ਹਨ ।'ਭਵਿੱਖ' ਕਹਾਣੀ ਵਿਚਲੀ ਨਵਜੋਤ ਦਾ ਪਿਤਾ ਦਿਲਬਾਗ ਦੋਹਾਂ ਧੀਆਂ ਉਪਰ ਬੰਧਸ਼ਾ ਲਗਾਉਂਦਾ ਹੈ ।ਪਰ ਨਵੀਂ ਪੀੜ੍ਹੀ ਦੀ ਪੱਛਮੀ ਸੰਸਕ੍ਰਿਤੀ ਵਿਚ ਪਲ ਰਹੀ ਨਵਜੋਤ ਜਿਨਸੀ ਖੁੱਲ੍ਹਾਂ ਲੈਣ ਦੀ ਚਾਹਤ ਕਾਰਨ ਕਨੇਡੀਅਨ ਜੀਵਨ ਪ੍ਰਣਾਲੀ ਨੂੰ ਚੰਗਾ ਸਮਝਦੀ ਹੋਈ ਪੰਛੀਆਂ ਵਾਂਗ ਖੁੱਲ੍ਹਾ ਉੱਠਣ ਵਿੱਚ ਯਕੀਨ ਰੱਖਦੀ, ਮਾਤਾ ਪਿਤਾ ਨੂੰ ਧੋਖਾ ਦੇ ਕੇ ਰੈਨਬੀ ਨਾਂ ਦੇ ਮੁੰਡੇ ਨਾਲ ਸਬੰਧ ਬਣਾਉ ਹੈ ।ਪਰ ਦਿਲਬਾਗ ਵਿੱਚ ਪੂਰਬੀ ਸੰਸਕ੍ਰਿਤੀ ਇੰਨੀ ਕੁੱਟ ਕੁੱਟ ਕੇ ਭਰੀ ਹੋਈ ਹੈ ਕਿ ਉਹ ਧੀ ਦੁਆਰਾ ਬਣਾਏ ਸਬੰਧਾਂ ਦਾ ਪਤਾ ਲੱਗਣ ਤੇ ਉਸਨੂੰ ਬਹੁਤ ਬੇਰਹਿਮੀ ਨਾਲ ਕੁੱਟਦਾ ਹੈ ਅਤੇ ਆਪਣੀ ਪਤਨੀ ਨੂੰ ਵੀ ਅਪ-ਸ਼ਬਦ ਬੋਲਦਾ ਹੈ ।'ਹਟ ਜਾ ਪਰੇ ਕੁੱਤੀਏ, ਪਤਨੀ ਨੂੰ ਧੱਕਾ ਦੇ ਕੇ ਭੁੰਜੇ ਸੁੱਟਦਿਆਂ ਦਿਲਬਾਗ ਗਰਜਿਆ, "ਮੈਂ ਤੈਨੂੰ ਕਿਹਾ ਨ੍ਹੀ ਸੀ ਪਈ ਏਸ ਕਮਜਾਤ ਦਾ ਖਿਆਲ ਰੱਖਿਆ ਕਰ ।ਪਰ ਤੂੰ ਅੱਖਾਂ ਮੀਟੀ ਰੱਖੀਆਂ ।" ਤੇ ਧੀ ਨੂੰ ਕੁੱਟ ਰਹੇ ਉਸ ਦੇ ਹੱਥ ਹੋਰ ਵੀ ਨਿਰਦਈ ਹੋ ਗਏ।'[5]

ਕੈਨੇਡਾ ਵਿੱਚ ਰਹਿ ਕੇ ਵੀ ਦਿਲਬਾਗ ਵਰਗੇ ਲੋਕ ਆਪਣੀਆਂ ਕਦਰਾਂ ਕੀਮਤਾਂ ਨੂੰ ਖਤਮ ਹੁੰਦਿਆਂ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ ।ਪਰ ਨਵੀਂ ਪੀੜ੍ਹੀ ਸਰਮਾਏਦਾਰੀ ਕਦਰਾਂ ਕੀਮਤਾਂ ਦੇ ਪ੍ਰਭਾਵ ਅਧੀਨ ਪਹਿਲੀ ਪੀੜ੍ਹੀ ਤੋਂ ਪੱਲਾ ਛੁਡਾਉਣਾ ਚਾਹੁੰਦੀ ਹੈ ।'ਪਛਾਣ' ਕਹਾਣੀ ਦਾ ਸੁਲੱਖਣ ਸਿੰਘ ਆਪਣੇ ਨੂੰਹ ਪੁੱਤਰ ਖਾਤਰ ਸਰੀਰਿਕ ਮੁਸ਼ੱਕਤ ਦੀ ਔਖਿਆਈ ਤਾਂ ਝੱਲ ਲੈਂਦਾ ਹੈ ਪਰ ਨੂੰਹ-ਪੁੱਤਰ ਅਤੇ ਪੋਤਰੀ ਦੁਆਰਾ ਆਪਣੇ ਸੰਸਕਾਰਾਂ ਦੀ ਬੇਕਦਰੀ ਨਹੀਂ ਸਹਿਣ ਕਰ ਸਕਦਾ ।ਸੁਲੱਖਣ ਸਿੰਘ ਪੂਰਬੀ ਸਮੂਹਵਾਦੀ ਸੋਚ ਦਾ ਧਾਰਨੀ ਹੈ ਇਸ ਕਾਰਨ ਉਸਦੀ ਆਪਣੀ ਪੋਤਰੀ ਦੀ ਵਿਅਕਤੀਵਾਦੀ ਸੋਚ ਨਾਲ ਟੱਕਰ ਹੁੰਦੀ ਹੈ ।ਨਤੀਜਾ ਸੁਲੱਖਣ ਸਿੰਘ ਦੇ ਘਰੋਂ ਨਿਕਲਣ ਵਰਗੇ ਦੁਖਾਂਤ ਦੇ ਰੂਪ ਵਿੱਚ ਨਿਕਲਦਾ ਹੈ ।ਸੁਲੱਖਣ ਸਿੰਘ ਅਤੇ ਪਰਮਿੰਦਰ ਦਾ ਇਹ ਵਿਰੋਧ ਕੇਵਲ ਪੀੜ੍ਹੀ-ਪਾੜੇ ਕਰਕੇ ਨਹੀਂ ਬਲਕਿ ਪੂਰਬੀ ਅਤੇ ਪੱਛਮੀ ਵਿਸ਼ਵ-ਦ੍ਰਿਸ਼ਟੀਆਂ ਦੇ ਤਣਾਅ ਕਾਰਨ ਵੀ ਹੈ ।ਆਰਥਿਕ ਪਰਿਵਰਤਨ ਦੀ ਤੁਲਨਾ ਵਿੱਚ



ਸੰਸਕਾਰਾਂ ਦੀ ਤਬਦੀਲੀ ਬਹੁਤ ਹੀ ਮੱਧਮ ਗਤੀ ਨਾਲ ਹੁੰਦੀ ਹੈ ਇਸੇ ਕਾਰਨ ਵੱਡੀ ਉਮਰ ਵਿੱਚ ਪਰਵਾਸ ਧਾਰਨ ਕਰਨ ਵਾਲੇ ਸਮੂਹ ਪਾਤਰ ਤਣਾਅ ਭੋਗਦੇ ਹਨ ।'ਪਾਣੀ' ਕਹਾਣੀ ਦੀ ਸੁਖਜੀਤ ਕੌਰ ਇੱਕ ਅਜਿਹੀ ਔਰਤ ਹੈ ਜੋ ਕੈਨੇਡਾ ਜਾ ਕੇ ਵੀ ਆਪਣੇ ਆਪ ਨੂੰ ਉਥੋਂ ਦੀ ਸਮਾਜਿਕ ਸਥਿਤੀ ਵਿੱਚ ਨਹੀਂ ਢਾਲਦੀ ।ਉਸ ਲਈ ਕੈਨੇਡਾ ਦਾ ਸਭਿਆਚਾਰਕ ਮਾਹੌਲ ਤਣਾਅ ਪੈਦਾ ਕਰਦਾ ਹੈ ਕਿਉਂਕਿ ਉਹ ਪੂਰਬੀ ਸੰਸਕ੍ਰਿਤੀ ਨੂੰ ਆਪਣੇ ਅੰਦਰੋਂ ਨਹੀਂ ਕੱਢ ਸਕੀ ।ਉਹ ਪੰਜਾਬ ਦੇ ਪੰਜ ਦਰਿਆਵਾਂ ਨੂੰ ਆਪਸ ਵਿੱਚ ਜੁੜਨ ਦਾ ਸੰਦੇਸ਼ ਦੇ ਰਹੀ ਸਮਝਦੀ ਹੈ ਪਰ ਉਸਨੂੰ ਪੱਛਮੀ ਸਮੁੰਦਰਾਂ, ਝੀਲਾਂ ਵਿੱਚ ਅਥਾਹ ਪਾਣੀ ਹੋਣ ਤੇ ਵੀ ਲੋਕਾਂ ਅੰਦਰ ਇੱਕਲਤਾ ਨਜ਼ਰ ਆਉਂਦੀ ਹੈ ।'ਮੰਨਦੇ ਆਂ ਪਈ ਏਥੋਂ ਦੇ ਸਮੁੰਦਰਾਂ, ਝੀਲਾਂ ਦੇ ਦਰਿਆਵਾਂ ਵਿੱਚ ਅਥਾਹ ਪਾਣੀ ਏ ਪਰ ਏਥੋਂ ਦੇ ਲੋਕਾਂ ਦੀਆਂ ਰੂਹਾਂ ਵਿੱਚ ਤਾਂ ਭੋਰਾ ਵੀ ਪਾਣੀ ਨਹੀਂ ਦੀਂਹਦਾ ਬੱਸ.......... ਖੁਸ਼ਕੀ ਹੀ ਖੁਸ਼ਕੀ ਏ ।'[6]

ਪੂੰਜੀਵਾਦ ਦੇ ਕਰੂਰ ਅਤੇ ਅਮਾਨਵੀ ਚੇਹਰੇ ਵਾਲੇ ਵਿਸ਼ਵੀਕਰਨ ਨੇ ਇੱਕਲਤਾ ਅਤੇ ਬੇਗਾਨਗੀ ਦੀ ਭਾਵਨਾ ਵਿੱਚ ਵਾਧਾ ਕੀਤਾ ਹੈ ।ਪਰਵਾਸੀ ਪੰਜਾਬੀ ਪੱਛਮੀ ਸਮਾਜ ਵਿੱਚ ਆਰਥਿਕ ਪੱਖੋਂ ਸਾਪੰਨ ਹੋ ਚੁੱਕੇ ਹਨ ।ਉਹ ਪੈਸਾ ਕਮਾਉਣ ਦੀ ਲਾਲਸਾ ਵਿੱਚ ਪੂਰਬੀ ਕਦਰਾਂ ਕੀਮਤਾਂ ਨੂੰ ਵਿਸਾਰ ਦਿੰਦੇ ਹਨ ।ਉਹ ਪੱਛਮੀ ਪੂੰਜੀਵਾਦ ਦੀ ਲਪੇਟ ਵਿੱਚ ਆਏ ਮੰਡੀ ਦੀ ਵਸਤ ਬਣ ਜਾਂਦੇ ਹਨ ।ਪੂੰਜੀਵਾਦੀ ਸਰੰਚਨਾ ਵਿੱਚ ਪਿਆਰ, ਸਾਂਝ, ਮਿਲਵਰਤਨ ਅਤੇ ਰਿਸ਼ਤੇ ਨਿਰਾਰਥਕ ਹੋਣੇ ਸ਼ੁਰੂ ਹੋ ਜਾਂਦੇ ਹਨ ।ਇਹਨਾਂ ਭਾਵਨਾਵਾਂ ਦਾ ਆਧਾਰ ਆਰਥਿਕ ਬਣਨ ਕਾਰਨ ਅਜਿਹਾ ਵਾਪਰਨਾ ਗੈਰ ਕੁਦਰਤੀ ਨਹੀਂ ।ਇਸ ਦੌਰ ਨੇ ਪਰਵਾਸੀ ਪੰਜਾਬੀਆਂ ਨੂੰ ਅਸਤਿੱਤਵੀ ਅਤੇ ਵਿਅਕਤੀਗਤ ਸੋਚ ਦਾ ਲਖਾਇਕ ਬਣਾ ਦਿੱਤਾ ਗਿਆ ਹੈ ।ਮਨੁੱਖ ਦਾ ਨਜ਼ਰੀਆ ਮਾਨਵੀਂ ਨਹੀਂ ਰਿਹਾ ਸਗੋਂ ਉਪਭੋਗਤਾਵਾਦੀ ਬਣ ਗਿਆ ਹੈ ।'ਗਵਾਚੇ ਲੋਕ' ਕਹਾਣੀ ਵਿੱਚ ਸ਼ਮਸ਼ੇਰ ਸਿੰਘ ਦੇ ਦੋਵੇਂ ਪੁੱਤਰ ਕੈਨੇਡਾ ਆ ਕੇ ਆਰਥਿਕ ਪੱਖੋਂ ਕਾਫੀ ਮਜ਼ਬੂਤ ਹੋ ਜਾਂਦੇ ਹਨ ਅਤੇ ਸਿੱਧੇ-ਅਸਿੱਧੇ ਢੰਗਾਂ ਰਾਹੀਂ ਪੈਸਾ ਕਮਾਉਣ ਲੱਗਦੇ ਹਨ ।ਪਰਵਾਸੀਆਂ ਵਿਚਲੀ ਪੈਸੇ ਦੀ ਨਿਰੰਤਰ ਦੌੜ ਘਰੇਲੂ ਮੋਹ ਨੂੰ ਤੋੜ ਦਿੰਦੀ ਹੈ ।ਸ਼ਮਸ਼ੇਰ ਸਿੰਘ ਨੂੰ ਆਪਣੇ ਦੋਵੇਂ ਪੁੱਤਰ ਅਤੇ ਨੂੰਹਾਂ ਹੱਥੋਂ ਨਿਕਲੇ ਪ੍ਰਤੀਤ ਹੁੰਦੇ ਹਨ ।ਉਹ ਦੋਵੇਂ ਕੈਨੇਡਾ ਦੀ ਰਾਜਨੀਤੀ ਵਿੱਚ ਹਿੱਸਾ ਲੈਣ ਲੱਗ ਜਾਂਦੇ ਹਨ ਅਤੇ ਵੱਡੇ ਵੱਡੇ ਸਿਆਸਤਦਾਨਾਂ, ਬਿਜਨਸਮੈਨਾਂ ਅਤੇ ਮੀਡੀਆ ਵਾਲਿਆਂ ਨਾਲ ਰਾਬਤਾ ਰੱਖਦੇ ਹਨ ।ਸ਼ਮਸ਼ੇਰ ਸਿੰਘ ਦੇ ਪੋਤਰੇ ਗੋਲਡੀ ਦੇ ਜਨਮ ਦਿਨ ਤੇ ਕਮਿਊਨਟੀ ਦੇ ਉਘੇ ਵਿਅਕਤੀ ਦੁਆਰਾ ਸ਼ਮਸ਼ੇਰ ਸਿੰਘ ਦੇ ਪਰਿਵਾਰ ਦੀ ਕੀਤੀ ਸ਼ਲਾਘਾ, ਸ਼ਮਸ਼ੇਰ ਸਿੰਘ ਨੂੰ ਪਰਿਵਾਰ ਦੀ ਅਸਲੀਅਤ ਬਾਰੇ ਜਾਗਰੂਕ ਕਰਦੀ ਹੈ ।'ਕੀ ਕਹਿਣੇ ਸਾਡੇ ਟੱਬਰ ਦੀ ਪਛਾਣ ਦੇ ।ਸਾਰੇ ਜੀਅ ਆਪਸ 'ਚ ਬੇ ਪਛਾਣ ਹੋਏ ਪਏ ਹਾਂ ।'[7]

ਇਸ ਕਹਾਣੀ ਦਾ ਸਿਰਲੇਖ 'ਗਵਾਚੇ ਲੋਕ' ਪਰਵਾਸੀ ਪੰਜਾਬੀਆਂ ਦੀ ਖਤਮ ਹੋ ਰਹੀ ਸਭਿਆਚਾਰਕ ਹੋਂਦ ਨੂੰ ਪੇਸ਼ ਕਰਦਾ ਹੈ ਪਰਵਾਸੀ ਪੰਜਾਬੀ ਪੱਛਮੀ ਸਮਾਜ ਵਿੱਚ ਗੁਆਚਦੇ ਜਾ ਰਹੇ ਹਨ ।ਵਿਦੇਸ਼ੀ ਸਭਿਅਤਾ ਦਾ ਗਲਬਾ ਐਨਾ ਜ਼ਿਆਦਾ ਹੈ ਕਿ ਪਰਵਾਸੀ ਪੰਜਾਬੀਆਂ ਲਈ ਆਪਣੀ ਵੱਖਰੀ ਹੋਂਦ ਰੱਖਣਾ ਕਠਿਨ ਹੋ ਰਿਹਾ ਹੈ ।'ਸੜਕਾਂ' ਕਹਾਣੀ ਵਿਚਲੇ ਅਜੀਤ ਅਤੇ ਜੈਕ ਦਾ ਪਿਆਰ ਵੀ ਪੂਰਬੀ ਅਤੇ ਪੱਛਮੀ ਸੰਸਕ੍ਰਿਤੀ ਦੇ ਸਹਿਭਾਵੀ ਸੰਬੰਧਾਂ ਨੂੰ ਦਰਸਾਉਂਦਾ ਹੈ ।ਪਰਵਾਸੀ ਪੰਜਾਬੀ ਅਤੇ ਪੱਛਮੀ ਲੋਕਾਂ ਦਾ ਰਿਸ਼ਤਾ ਗੂੜ੍ਹੇ ਬੰਧਨਾਂ ਵਿੱਚ ਬੱਝਦਾ ਜਾਂਦਾ ਹੈ ।ਉਹ ਪਹਿਲਾਂ ਮਾਲਕ ਅਤੇ ਮਜਦੂਰ ਵਾਲੇ ਰਿਸ਼ਤੇ ਵਿੱਚ ਸਨ ਪਰ ਹੁਣ ਸਾਂਝੀਦਾਰ ਬਣ ਰਹੇ ਹਨ ।ਅਜੀਤ ਸਿੰਘ ਕੈਨੈਡਾ ਵਿੱਚ ਵੀ ਪੰਜਾਬੀਆਂ ਦੇ ਸ਼ੋਕ ਅਨੁਸਾਰ ਡਰਾਇਵਰੀ ਦਾ ਕਿੱਤਾ ਕਰਦਾ ਹੈ ਅਤੇ ਜੈਕ ਨਾਲ ਸਾਂਝੀਦਾਰ ਬਣ ਜਾਂਦਾ ਹੈ ।ਦੋਵਾਂ ਦੇ ਆਪਸੀ ਪਿਆਰ ਅਤੇ ਇਮਾਨਦਾਰ ਹੋਣ ਕਾਰਨ ਉਹਨਾਂ ਦੀ 'ਹੁੰਦਲ ਐਂਡ ਹੈਰੀਸਨ ਕੰਪਨੀ' ਬੁਲੰਦੀਆਂ ਨੂੰ ਛੋਂਹਦੀ ਹੈ ।ਅਜੀਤ ਦਾ ਛੋਟਾ ਪੁੱਤਰ ਕਰਨ ਸੜਕ ਹਾਦਸੇ 'ਚ ਜੈਕ ਅਤੇ ਉਸਦੀ ਪਤਨੀ ਦੀ ਜਾਨ

ਬਚਾਉਂਦਾ ਖੁਦ ਮੌਤ ਦੇ ਮੂੰਹ ਵਿੱਚ ਜਾ ਪੈਂਦਾ ਹੈ। ਕਰਨ ਪੂਰਬੀ ਸੰਸਕ੍ਰਿਤੀ ਦੀ ਬਹਾਦਰੀ ਵਾਲੀ ਕੌਮ ਦੇ ਪ੍ਰਤੀਕ ਵਜੋਂ ਉਭਰਦਾ ਹੈ। 'ਕਰਨ ਨੇ ਆਪਣੀਆਂ ਮਜਬੂਤ ਬਾਹਾਂ ਦੇ ਬਲ, ਕਰੋਅਬਾਰ ਨਾਲ ਪਹਿਲਾਂ ਟਰੱਕ ਦਾ ਦਰਵਾਜਾ ਤੋੜਿਆ, ਫਿਰ ਅੰਦਰ ਪਹੁੰਚ ਕੇ ਸੀਟਾਂ ਦੀ ਧੂਹ-ਧੱਕ ਕੀਤੀ ਤੇ ਜੈਕ ਤੇ ਮੈਰੀ ਨੂੰ ਬਾਹਰ ਕੱਢ ਲਿਆ। ਵਿੰਡਸ਼ੀਲਡ ਦੇ ਸ਼ੀਸ਼ੇ ਵੱਜਣ ਨਾਲ ਜੈਕ ਅਤੇ ਮੈਰੀ ਦੇ ਚਿਹਰੇ ਲਹੂ ਲੁਹਾਣ ਹੋ ਚੁੱਕੇ ਸਨ। ਉਹਨਾਂ ਨੂੰ ਨਜ਼ਰਾਂ ਰਾਹੀਂ ਹੌਂਸਲਾ ਜਿਹਾ ਦੇਂਦਾ ਕਰਨ ਫੁਰਤੀ ਨਾਲ ਉਸ ਟਰੱਕ ਤੇ ਜਾ ਚੜਿਆ, ਜਿਹੜਾ ਜੈਕ ਹੁਰਾਂ ਦੇ ਟਰੱਕ ਤੇ ਜਾ ਵੱਜਾ ਸੀ। ਅੰਦਰ ਵੜ ਕੇ ਉਸ ਨੇ ਵੇਖਿਆ ਕਿ ਅੱਗ ਦੀਆਂ ਲਪਟਾਂ ਤੋਂ ਭੈਭੀਤ ਹੋਇਆ ਡਰਾਈਵਰ ਬਾਹਰ ਨਿਕਲਣ ਲਈ ਤਰਲੇ ਮਾਰ ਰਿਹਾ ਸੀ।' [8]

ਕਰਨ ਬਹਾਦਰੀ ਵਿਖਾਉਂਦਾ ਹੋਇਆ, ਦੂਸਰਿਆਂ ਦੀ ਜਾਨ ਬਚਾਉਂਦਾ ਸ਼ਹੀਦੀ ਪ੍ਰਾਪਤ ਕਰਦਾ ਹੈ। ਉਸਨੂੰ ਬਹਾਦਰੀ ਭਰੇ ਕਾਰਨਾਮੇ ਪ੍ਰਤੀ ਕੈਨੈਡਾ ਦਾ ਸਭ ਤੋਂ ਵੱਡਾ ਬਹਾਦਰੀ ਦਾ ਨਾਮ ਮਰਨ ਉਪਰੰਤ ਪ੍ਰਾਪਤ ਹੁੰਦਾ ਹੈ। ਇਹ ਕਹਾਣੀ ਪਰਵਾਸੀ ਪੰਜਾਬੀਆਂ ਵਿੱਚ ਕੈਨੇਡਾ ਪ੍ਰਤੀ ਪੈਦਾ ਹੋ ਰਹੇ ਰਾਸ਼ਟਰ ਭਗਤੀ ਦੀ ਭਾਵਨਾ ਅਤੇ ਪੰਜਾਬੀਆਂ ਦਾ ਕੈਨੇਡਾ ਦੇ ਵਿਕਾਸ ਵਿੱਚ ਯੋਗਦਾਨ ਦਰਸਾਉਂਦੀ ਹੈ। ਇਸ ਤਰ੍ਹਾਂ ਪੰਜਾਬੀ ਆਪਣੀ ਸਭਿਆਚਾਰਕ ਪਛਾਣ ਨੂੰ ਕਾਇਮ ਰੱਖਦੇ ਹੋਏ ਆਪਣੇ ਸਭਿਆਚਾਰ ਦਾ ਵਿਕਾਸ ਕਰ ਰਹੇ ਹਨ। ਪਰਮਜੀਤ ਸਿੰਘ ਜੱਜ ਅਨੁਸਾਰ, "ਪੰਜਾਬੀ ਪਰਵਾਸੀਆਂ ਦਾ ਯੋਗਦਾਨ ਪੰਜਾਬੀ ਸਮਾਜ ਤੇ ਅਮਿੱਟ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਰਹੇਗਾ। ਜੇ ਉਹ ਇੱਕ ਸਭਿਆਚਾਰਕ ਪਛਾਣ ਕਾਇਮ ਕਰਨ ਵਿੱਚ ਸਫਲ ਰਹੇ ਤਾਂ ਪੰਜਾਬੀ ਪਰੰਪਰਾ ਅਤੇ ਸਭਿਆਚਾਰ ਫੈਲੇਗਾ। ਉਹਨਾਂ ਦੀ ਅਸਫਲਤਾ ਪੰਜਾਬੀ ਸਭਿਆਚਾਰ ਦੀ ਸ਼ਕਤੀ ਦੀ ਅਸਮਰਥਾ ਦਾ ਪ੍ਰਤੀਕ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਜੋ ਲਿਫਦੇ ਨਹੀਂ ਉਹ ਟੁੱਟ ਜਾਂਦੇ ਹਨ।' [9]

ਜਰਨੈਲ ਸਿੰਘ ਦੀਆਂ ਸਮੁੱਚੀਆਂ ਕਹਾਣੀਆਂ ਤੋਂ ਪਤਾ ਚੱਲਦਾ ਹੈ ਕਿ ਪੱਛਮੀ ਅਤੇ ਪੂਰਬੀ ਸੰਸਕ੍ਰਿਤੀ ਦਾ ਆਪਸੀ ਅੰਤਰ ਘੱਟ ਰਿਹਾ ਹੈ। ਭਵਿੱਖ ਵਿੱਚ ਅਜਿਹੀ ਸਥਿਤੀ ਪੈਦਾ ਹੋ ਸਕਣ ਦੀ ਸੰਭਾਵਨਾ ਹੈ ਜਿਸ ਵਿੱਚ ਪੰਜਾਬ ਤੋਂ ਗਿਆ ਪਰਵਾਸੀ ਸਭਿਆਚਾਰਕ ਅਮਲ ਦੇ ਪੱਖੋਂ ਪੱਛਮੀ ਸਮਾਜ ਨਾਲ ਮਿਲਦਾ ਹੋਵੇਗਾ। ਪੱਛਮੀ ਸੰਸਕ੍ਰਿਤੀ ਦੇ ਚੰਗੇ ਪੱਖਾਂ ਨੂੰ ਅਪਣਾ ਕੇ ਅਸੀਂ ਆਪਣੀ ਪੂਰਬੀ ਸੰਸਕ੍ਰਿਤੀ ਦੇ ਬੰਧੇਜੀ ਵਿਚਾਰਾਂ ਵਿੱਚ ਖੁੱਲ ਪੈਦਾ ਕਰਕੇ ਆਪਣੇ ਸਭਿਆਚਾਰ ਦਾ ਵਿਕਾਸ ਕਰ ਸਕਦੇ ਹਾਂ।

ਅਸੌਸਟੈਂਟ ਪ੍ਰੋਫੈਸਰ ਇਨ ਗੁਰੂ ਨਾਨਕ ਕਾਲਜ ਫ਼ਾਰ ਗਰਲਜ, ਸ੍ਰੀ ਮੁਕਤਸਰ ਸਾਹਿਬ।
**(ਸੰਪਰਕ : 98728-00439)**

**ਹਵਾਲੇ ਅਤੇ ਟਿੱਪਣੀਆਂ :-**

1. ਡਾ. ਧਨਵੰਤ ਕੌਰ, 'ਪੰਜਾਬੀ ਕਹਾਣੀ ਸ਼ਾਸਤਰ', ਪੰਨਾ ਨੰ : 88
2. ਡਾ. ਹਰਚੰਦ ਸਿੰਘ ਬੇਦੀ, 'ਪਰਵਾਸੀ ਪੰਜਾਬੀ ਸਾਹਿਤ ਦੇ ਮਸਲੇ' ਪੰਨਾ ਨੰ : 174
3. ਜਰਨੈਲ ਸਿੰਘ, 'ਦੋ ਟਾਪੂ', ਪੰਨਾ ਨੰ : 25
4. ਓਹੀ, ਪੰਨਾ ਨੰ : 100
5. ਓਹੀ, ਪੰਨਾ ਨੰ : 60
6. ਜਰਨੈਲ ਸਿੰਘ ਟਾਵਰਜ਼ ਪੰਨਾ ਨੰ : 52
7. ਓਹੀ, ਪੰਨਾ ਨੰ : 65-66
8. ਓਹੀ, ਪੰਨਾ ਨੰ : 122
9. ਪਰਮਜੀਤ ਸਿੰਘ ਜੱਜ, 'ਪਰਵਾਸੀ ਪੰਜਾਬੀ ਇਤਿਹਾਸਕ ਤੇ ਸਮਾਜਿਕ ਸੰਦਰਭ' ਪੰਨਾ ਨੰ : 197




ਤਾਪੀ ਧਰਮਾਰਾਓ

# ਜਨ ਬੋਧ


ਇਕ ਸੈਨਕ ਜੰਗ ਤੇ ਜਾਣ ਲੱਗਾ ਆਪਣੀ ਪਤਨੀ ਨੂੰ ਕਮਰ ਪੇਟੀ ਦਿੰਦਾ ਹੋਇਆ

## ਲੋਹੇ ਦੀਆਂ ਕਮਰ ਪੇਟੀਆਂ /- ਤਾਪੀ ਧਰਮਾਰਾਓ
### ਅਨੁਵਾਦ : ਭਗਵੰਤ ਰਸੂਲਪੁਰੀ

..... ਪ੍ਰਕਿਰਤੀ ਦੇ ਵਿਰੁੱਧ ਚੱਲਣ 'ਚ ਹੀ ਮਨੁੱਖ ਨੂੰ ਆਪਣੀ ਵਡਿਆਈ ਲੱਗਦੀ ਹੈ। ਪਸ਼ੂਆਂ ਦੇ ਵਾਂਗ ਜੀਣਾ ਉਸ ਨੂੰ ਚੰਗਾ ਨਹੀਂ ਲਗਦਾ ਇਸ ਲਈ ਉਸ ਨੇ ਪ੍ਰਵਾਹ ਨੂੰ ਰੋਕਣ ਦਾ ਯਤਨ ਕੀਤਾ। ਜਾਨਵਰ ਤੋਂ ਭਿੰਨ ਜੀਵਨ ਜੀਓਣ ਦੇ ਲਈ ਉਸ ਨੇ ਅਜਿਹਾ ਸੋਚਿਆ ਪ੍ਰੰਤੂ ਉਸ ਨੂੰ ਕੋਈ ਮੁਸੀਬਤਾਂ ਦਾ ਸ਼ਿਕਾਰ ਹੋਣਾ ਪਿਆ। ਉਸ ਦਾ ਜੀਵਨ ਅਸਹਿਜ ਹੋ ਗਿਆ। ਉਸ ਇਸ ਨਾਲ ਪ੍ਰਸੰਨ ਹੋਇਆ। ਇੰਦਰੀਆਂ ਨੂੰ ਸੰਜਮ ਨਾਲ ਵਰਤਣ ਲਈ ਹੋਰ ਵਧੇਰੇ ਯਤਨ ਕਰਨ ਲਗਾ ਪ੍ਰੰਤੂ ਉਸ ਨੂੰ ਹਾਰਨਾ ਪਿਆ, ਕੁਦਰਤ ਦੇ ਅੱਗੇ ਉਸ ਨੂੰ ਝੁਕਣਾ ਪਿਆ।

ਕਠੋਰ ਸੰਜਮ ਦੇ ਲਈ ਉਸ ਨੂੰ ਦੂਜੇ ਸਾਧਨਾ ਦੀ ਖੋਜ ਕਰਨੀ ਪਈ। ਉਸ ਨੇ ਨਿਪੁੰਨਸਕ ਬਣਨ ਦਾ ਯਤਨ ਕੀਤਾ। ਇਸ ਤੋਂ ਕੁਝ ਸਫਲਤਾ ਮਿਲੀ। ਉਸਦਾ ਮਾਣ ਵਧ ਗਿਆ ਪ੍ਰੰਤੂ ਇਨ੍ਹਾਂ ਸਾਰੇ ਸਾਧਨਾ ਤੋਂ ਉਹ ਸੰਤੁਸ਼ਟ ਨਹੀਂ ਹੋਇਆ। ਅੰਤ ਵਿਚ ਕਮਰਪੇਟੀਆਂ ਬਣਾਉਣ ਲੱਗਾ। ਧਾਰਮਿਕ ਸਾਧਨਾ ਦੇ ਰੂਪ ਵਿਚ ਕੁੱਝ ਲੋਕ ਇੰਦਰੀਆਂ ਨੂੰ ਸੰਜਮ ਵਿਚ ਕਰਨ ਲੱਗੇ ਤਾਂ ਕੁੱਝ ਲੋਕ ਮਹਾਨ ਬਣਨ ਦੇ ਲਈ। ਅਸਲ ਵਿਚ ਵੇਖਿਆ ਜਾਵੇ ਤਾਂ ਸੰਜਮ ਦੇ ਨਾਂ ਤੇ ਇਹ ਕਾਰਜ ਜ਼ੁਰਮ ਹੈ।

ਹਰ ਵਿਅਕਤੀ ਆਪਣੀ ਇੱਛਾ ਦੇ ਨਾਲ ਕਮਰ ਪੇਟੀਆਂ ਪਹਿਨੇ ਤਾਂ ਕੋਈ ਇਤਰਾਜ਼ ਨਹੀਂ ਹੈ ਪ੍ਰੰਤੂ ਦੂਜੇ ਵਿਅਕਤੀ ਨੂੰ ਕਮਰਪੇਟੀਆਂ ਪਾਉਣ ਦੇ ਲਈ ਮਜਬੂਰ ਕਰਨਾ ਕਰੂਰ ਕਾਰਜ ਹੈ, ਜ਼ੁਰਮ ਹੈ। ਕਿਸੇ ਇਕ ਵਿਅਕਤੀ ਦੀ ਇੱਛਾ ਦੇ ਦਮਨ ਨਾਲ ਦੂਜੇ ਵਿਅਕਤੀ ਦਾ ਕੀ ਸਬੰਧ ਹੈ? ਗਹਿਰਾਈ ਨਾਲ ਸੋਚਿਆ ਜਾਵੇ ਤਾਂ ਇਸ ਦੇ ਪਿੱਛੇ ਇਕ ਭਾਵਨਾ ਦਿਖਾਈ ਦਿੰਦੀ ਹੈ।

ਵੱਛੇ ਦੇ ਮੂੰਹ ਨੂੰ ਅਸੀਂ ਕਿਉਂ ਬੰਨ੍ਹਦੇ ਹਾਂ? ਹਲ ਜੋਤਦੇ ਸਮੇਂ ਅਸੀਂ ਬਲਦਾ ਦੇ ਮੂੰਹ ਤੇ ਛਿੱਕਲੀ ਕਿਉਂ ਪਾਉਂਦੇ ਹਾਂ? ਇਸ ਦਾ ਕਾਰਨ ਕੀ ਹੈ? ਵਿਅਕਤੀ ਸੋਚਦਾ ਹੈ ਕਿ ਵੱਛੜਾ ਮੇਰੀ ਜਾਇਦਾਦ ਹੈ। ਇਸ ਉੱਤੇ ਮੇਰਾ ਹੱਕ ਹੈ। ਅਸੀਂ ਚਾਹਾਗੇ ਤਾਂ ਹੀ ਉਹ ਦੁੱਧ ਪੀ ਸਕਦਾ ਹੈ। ਬਲਦ, ਘੋੜੇ ਆਦਿ ਦੀਆਂ ਇੰਦਰੀਆਂ ਉੱਤੇ ਵੀ ਅਸੀਂ ਹੱਕ ਕਰਦੇ ਹਾਂ, ਉਸ ਦੀ ਇੱਛਾ ਤੇ ਅਸੀਂ ਨਹੀਂ ਛੱਡਦੇ। ਬਲਦ ਸਾਡਾ ਧਨ ਹੈ ਇਸ ਲਈ ਉਸ ਉੱਤੇ ਸਾਡਾ ਹੱਕ ਹੈ। ਉਸ ਨੂੰ ਆਪਣੀ ਇੱਛਾ ਨਾਲ ਅਸੀਂ ਵਰਤੋ ਕਰ ਸਕਦੇ ਹਾਂ। ਇਹ ਸਾਰੀ ਸਾਡੀ ਜਾਇਦਾਦ ਹੈ। ਇਸ ਲਈ ਇਸ ਉੱਤੇ ਹੋਰ ਕਿਸੇ ਦਾ ਅਧਿਕਾਰ ਨਹੀਂ। ਉਸਦੇ ਸੁੱਖ ਦੁੱਖ ਦੇ ਸਬੰਧ ਵਿਚ ਅਸੀਂ ਨਹੀਂ ਸੋਚਦੇ, ਕੇਵਲ ਅਸੀਂ ਆਪਣੀ ਜਾਇਦਾਦ ਤੇ ਅਧਿਕਾਰ ਕਰਦੇ ਹਾਂ। ਪਸ਼ੂਆਂ ਦੇ ਸੰਦਰਭ ਵਿਚ ਨਹੀਂ, ਮਨੁੱਖ ਦੇ ਸੰਦਰਭ ਵਿਚ ਵੀ ਅਸੀਂ ਇਸ ਤਰ੍ਹਾਂ ਅਧਿਕਾਰ ਜਿਤਾਉਂਦੇ ਹਾਂ। ਪਸ਼ੂ

ਅਤੇ ਮਾਨਵ ਦੇ ਲਈ ਵੱਖ ਵੱਖ ਧਰਮ ਭਲਾ ਕਿਵੇਂ ਹੋ ਸਕਦੇ ਹਨ?

ਮਾਤਾ ਪ੍ਰਧਾਨ ਸਮਾਜ ਵਿਚ ਪੁਰਸ਼ ਇਸਤਰੀ ਦੀ ਸਪੱਤੀ ਬਣ ਜਾਂਦਾ ਹੈ। ਇਸਤਰੀ ਉਸ ਪੁਰਸ਼ ਉੱਤੇ ਆਪਣਾ ਹੱਕ ਮੰਨਦੀ ਹੈ। ਆਪਣੀ ਇਸ ਸਪੱਤੀ ਨੂੰ ਉਸ ਕਿਸੇ ਹੋਰ ਨੂੰ ਨਹੀਂ ਦਿੰਦੀ ਹੈ। ਜੇਕਰ ਪੁਰਸ਼ ਵਿਰੋਧ ਕਰਦਾ ਹੈ ਤਾਂ ਇਸਤਰੀ ਉਸ ਦੇ ਹੱਥ ਪੈਰ ਤੋੜਨ ਦੇ ਲਈ ਵੀ ਤਿਆਰ ਹੋ ਜਾਂਦੀ ਹੈ। ਉਸਦੇ ਦੁੱਖ ਨਾਲ ਇਸਤਰੀ ਦਾ ਕੋਈ ਸਬੰਧ ਨਹੀਂ ਹੈ। ਇਸੇ ਤਰ੍ਹਾਂ ਪੁਰਸ਼ ਪ੍ਰਧਾਨ ਸਮਾਜ ਵਿਚ ਇਸਤਰੀ ਪੁਰਸ਼ ਦੀ ਜਾਇਦਾਦ ਬਣ ਜਾਂਦੀ ਹੈ। ਪੁਰਸ਼ ਪੂਰੀ ਤਰ੍ਹਾਂ ਆਪਣੀ ਇਸ ਜਾਇਦਾਦ ਨੂੰ ਆਪਣੀ ਮੁੱਠੀ ਵਿਚ ਰੱਖਦਾ ਹੈ। ਆਪਣੀ ਇਸ ਜਾਇਦਾਦ ਨੂੰ ਦੂਜੇ ਦੇ ਵਰਤੋਂ ਦੇ ਲਈ ਉਹ ਕਦੇ ਵੀ ਨਹੀਂ ਦੇਵੇਗਾ। ਉਹ ਵਿਰੋਧ ਕਰੇਗੀ ਤਾਂ ਉਸ ਨੂੰ ਲੱਤ ਮਾਰ ਕੇ ਕਮਰੇ ਵਿਚ ਬੰਦ ਕਰ ਦੇਵੇਗਾ। ਰਾਬਿਸਨ ਕਰੂਸੋ ਨੇ ਕੀ ਕਿਹਾ? ਆਪਣੀ ਬੱਕਰੀ ਦੇ ਹੱਥ ਪੈਰ ਤੋੜ ਦਿੱਤੇ ਤਾਂ ਕਿ ਜ਼ਰੂਰਤ ਪੈਣ ਤੇ ਖਾਣ ਦੇ ਲਈ ਉਸ ਨੂੰ ਮਿਲ ਜਾਵੇ।

ਅੱਜ ਸਭਿਅਤਾ ਤਰੱਕੀ ਵਿਚ ਹੈ। ਮਨੁੱਖੀ ਸੁਭਾਅ ਬਦਲਦਾ ਜਾ ਰਿਹਾ ਹੈ। ਸਭਿਆ ਮਾਨਵ ਹੋਰ ਵਧੇਰੇ ਸਭਿਆ ਬਣਦਾ ਜਾ ਰਿਹਾ ਹੈ। ਪ੍ਰੰਤੂ ਅੱਜ ਵੀ ਇਸ ਆਧੁਨਿਕ ਯੁੱਗ ਵਿਚ ਵੀ, ਪੁਰਸ਼ ਇਸਤਰੀ ਨੂੰ ਨੀਵੀਂ ਦ੍ਰਿਸ਼ਟੀ ਨਾਲ ਵੇਖਦੇ ਹੈ। ਉਸ ਨੂੰ ਆਪਣੀ ਜਾਇਦਾਦ ਸਮਝਦਾ ਹੈ, ਦਾਸੀ ਸਮਝਦਾ ਹੈ। ਉਸ ਉੱਤੇ ਅਤਿਆਚਾਰ ਕਰਦਾ ਹੈ। ਅੱਜ ਵੀ ਅਜਿਹੇ ਪਤੀ ਹਨ ਜਿਹੜੇ ਦਫਤਰ ਜਾਂਦੇ ਸਮੇਂ ਪਤਨੀ ਨੂੰ ਘਰ ਵਿਚ ਬੰਦ ਕਰਕੇ ਤਾਲਾ ਲਗਾ ਦਿੰਦੇ ਹਨ। ਸ਼ਾਮ ਨੂੰ ਪਤੀ ਦੇ ਘਰ ਆਉਣ ਨਾਲ ਉਸ ਦੀ ਮੁਕਤੀ ਹੁੰਦੀ ਹੈ। ਉਹ ਦੂਜੇ ਮਰਦ ਨਾਲ ਗੱਲ ਤੱਕ ਕਰ ਲਵੇ ਤਾਂ ਕੁੱਟ ਮਾਰ ਤੱਕ ਗੱਲ ਵੱਧ ਜਾਂਦੀ ਹੈ।

ਅੱਜ ਇਸ ਸਮੇਂ ਸਥਿਤੀ ਅਜਿਹੀ ਹੈ ਤਾਂ ਆਦਿ ਮਾਨਵ ਦਾ ਸਮਾਂ ਕਿਸ ਤਰ੍ਹਾਂ ਦਾ ਰਿਹਾ ਹੋਵੇਗਾ? ਉਸ ਕਾਲ ਵਿਚ ਅਧਿਕਾਰ ਦੀ ਵਰਤੋ ਕਿਵੇਂ ਕੀਤੀ ਜਾਂਦੀ ਰਹੀ ਹੋਵੇਗੀ। ਇਸਤਰੀ ਪੁਰਸ਼ ਦੋਹਾਂ ਦੇ ਲਈ ਇਕ ਦੂਜੇ ਦਾ ਮੁੱਲ ਧੰਨ ਜਾਇਦਾਦ ਦੇ ਬਰਾਬਰ ਸੀ।

ਪੰਛੀਆਂ ਦੇ ਵਿਚ ਵੀ ਇਹ ਗੁਣ ਮਿਲਦਾ ਹੈ। ਜਦੋਂ ਮਾਦਾ ਪੰਛੀ ਆਂਡੇ ਦਿੰਦੀ ਹੈ ਤੇ ਉਸ ਨੂੰ ਬਰਾਬਰ ਤਾਪਮਾਨ ਤੇ ਰੱਖ ਕੇ ਬੱਚੇ ਪੈਦਾ ਕਰਦੀ ਹੈ ਉਦੋਂ ਨਰ ਪੰਛੀ ਆਪਣੀ ਮਾਦਾ ਦੇ ਕੋਲ ਦੂਜੇ ਨਰ ਨੂੰ ਨਹੀਂ ਆਉਣ ਦਿੰਦੀ। ਦੂਜੇ ਨਰ ਪੰਛੀ ਦੇ ਆਉਣ ਨਾਲ ਉਹ ਉਸ ਉੱਤੇ ਹਮਲਾ ਕਰ ਦਿੰਦੀ ਹੈ। ਆਪਣੀ ਜਾਨ ਦੀ ਬਾਜ਼ੀ ਲਗਾ ਦਿੰਦੀ ਹੈ। ਉਸ ਦੀ ਦ੍ਰਿਸ਼ਟੀ 'ਚ ਅੰਡੇ ਦਿੰਦੇ ਸਮੇਂ ਅਤੇ ਬੱਚੇ ਪੈਦਾ ਕਰਦੇ ਸਮੇਂ ਮਾਦਾ ਪੰਛੀ ਉਸਦੀ ਜਾਇਦਾਦ ਹੁੰਦੀ ਹੈ। ਅੰਡੇ ਦਿੰਦੀ ਸਮੇਂ ਮਾਦਾ ਨੂੰ ਮੈਥੁਨ ਇੱਛਾ ਨਹੀਂ ਰਹਿੰਦੀ।

ਪੰਛੀਆਂ ਤੱਕ ਅਜਿਹਾ ਸੁਭਾ ਪਾਇਆ ਜਾਂਦਾ ਹੈ ਤਾਂ ਮਾਨਵ ਵਿਚ ਤਾਂ ਅਜਿਹਾ ਸੁਭਾ ਰਹਿਣਾ ਸਮਾਨ ਗੱਲ ਹੈ। ਮਨੁੱਖ ਵਿਚ ਇਸ ਸੁਭਾ ਪਹਿਲਾਂ ਵੀ ਸੀ, ਅੱਜ ਵੀ ਹੈ ਅਤੇ ਅੱਗੇ ਵੀ ਰਹੇਗਾ। ਤੇਲਗੂ ਵਿਚ ਇਕ ਮੁਹਾਵਰਾ ਹੈ-'ਮੁੰਦਰ ਮੁੰਦਰ ਲਗਾਨੇ ਉਂਦਿ ਮੁਗੁਸ਼ੁਰੂ ਪਿਲਲਨਿ ਕਨਨਦਿ' ਭਾਵ ਕਿ ਮੋਹਰ ਪਹਿਲਾਂ ਵਾਂਗ ਹੈ ਅਤੇ ਉਹਦੇ ਤਿੰਨ ਬੱਚਿਆਂ ਦੀ ਮਾਂ ਵੀ ਬਣ ਗਈ।' ਇਸ ਮੁਹਾਵਰੇ ਵਿਚ ਸ਼ਬਦ ਹੈ। ਇਹ ਮੋਹਰ ਕੀ ਹੈ? ਅਤੇ ਕਿੱਥੋਂ ਦੀ ਹੈ। ਇਸਦੀ ਕਲਪਨਾ ਕਰਨਾ ਔਖਾ ਨਹੀਂ। ਇਹ ਮੋਹਰ ਕਿਸੇ ਪੁਰਸ਼ ਵੱਲੋਂ ਮੈਥੁਨ ਰੋਕਣ ਦੇ ਲਈ ਇਸਤਰੀ ਦੇ ਗੁਪਤ ਅੰਗ ਤੇ ਲਗਾਈ ਗਈ ਮੋਹਰ ਹੈ। ਉਸ ਨੇ ਇਸ ਮੋਹਰ ਨੂੰ ਨੁਕਸਾਨ ਪਹੁੰਚਾਏ ਬਿਨਾ ਕਾਰਜ ਪੂਰਾ ਕੀਤਾ। ਤਿੰਨ ਬੱਚਿਆਂ ਦੀ ਮਾਂ ਬਣ ਗਈ। ਸੱਚ ਮੁੱਚ ਉਹ ਇਸਤਰੀ ਕਿੰਨੀ ਚਲਾਕ ਸੀ! ਬੇਚਾਰੇ ਜਿਸ ਪੁਰਸ਼ ਨੇ ਇਸ ਮੋਹਰ ਦੀ ਵਿਵਸਥਾ ਕੀਤੀ, ਉਹ ਕਿੰਨਾ ਮੂਰਖ ਸੀ! ਆਰੰਭ ਵਿਚ ਪੁਰਸ਼ ਜਿਸ ਤਰ੍ਹਾਂ ਕੰਨਾਂ ਵਿਚ ਛੇਕ ਕਰਦਾ ਸੀ, ਉਸੇ ਤਰ੍ਹਾਂ ਗੁਪਤ ਅੰਗ ਦਾ ਵੀ ਕਰਨ ਲੱਗਾ। ਅਤੇ ਤਾਲਾ ਲਗਾਉਣ ਲੱਗਾ, ਪ੍ਰੰਤੂ ਇਸ ਵਿਚ ਉਸ ਨੂੰ ਕਠਿਨਾਈ ਦਾ ਅਨੁਭਵ ਹੋਇਆ। ਇਸ ਲਈ ਉਸ ਨੇ ਦੂਜਾ ਹੱਲ ਲੱਭ ਲਿਆ, ਉਹ ਔਰਤਾਂ ਨੂੰ ਲੋਹੇ ਦੀਆਂ ਕਮਰ ਪੇਟੀਆਂ ਪਾਉਣ ਲੱਗਾ।



## ਇਹ ਕਿਹੋ ਜਿਹੀ ਤ੍ਰਾਸ਼ਦੀ ਹੈ-

ਅਨੇਕ ਸਭਿਆ ਜਾਤੀਆਂ ਵਿਚ ਜੋੜੇ ਬਣਨ ਤੋਂ ਬਾਅਦ ਜਾਂ ਵਿਆਹ ਤੋਂ ਬਾਅਦ ਅਧਿਕਾਰ ਕਰਨਾ ਗਲਤ ਸਮਝਿਆ ਜਾਂਦਾ ਸੀ, ਅਨੈਤਿਕ ਸਮਝਿਆ ਜਾਂਦਾ ਸੀ। ਵਿਆਹੁਤਾ ਜੋੜਾ ਬਣਨ ਤੋਂ ਬਾਅਦ ਹੀ ਇਸ ਤਰ੍ਹਾਂ ਦਾ ਅਧਿਕਾਰ ਜਨਮ ਲੈਂਦਾ ਹੈ। ਕੁੱਝ ਜਾਤੀਆਂ ਵਿਚ ਵਿਆਹ ਤੋਂ ਪਹਿਲਾਂ , ਇਸਤਰੀ ਹੋਵੇ ਜਾਂ ਪੁਰਸ਼ ਆਪਣੀ ਮਰਜ਼ੀ ਨਾਲ ਘੁੰਮ ਸਕਦੀ ਹੈ। ਕੁੱਝ ਜਾਤੀਆਂ ਵਿਚ ਅਜਿਹਾ ਕਰਨਾ ਜ਼ਰੂਰੀ ਨਹੀਂ ਸੀ। ਉਦੋਂ ਇਸਤਰੀ ਦੇ ਲਈ ਇਕ ਪੁਰਸ਼ ਵਾਲਾ ਨਿਯਮ ਨਹੀਂ ਸੀ। ਕਿਸੇ ਨੂੰ ਵੀ ਇਸ ਤਰ੍ਹਾਂ ਦੇ ਵਿਹਾਰ ਵਿਚ ਇਤਰਾਜ਼ ਨਹੀਂ ਹੁੰਦੀ ਸੀ। ਇਸ ਨੂੰ ਅਨੈਤਿਕ ਨਹੀਂ ਸਮਝਿਆ ਜਾਂਦਾ ਸੀ।

ਸਾਰੇ ਨਿਯਮ ਵਿਆਹ ਹੋਣ ਤੋਂ ਬਾਅਦ ਹੀ ਲਾਗੂ ਹੁੰਦੇ ਹਨ। ਵਿਆਹੁਤਾ ਇਸਤਰੀ ਪਰਾਏ ਪੁਰਸ਼ ਦੇ ਕੋਲ ਨਹੀਂ ਜਾ ਸਕਦੀ। ਪਰਾਏ ਪੁਰਸ਼ ਨਾਲ ਸਬੰਧ ਰੱਖਣਾ ਅਨੈਤਿਕ ਹੈ। ਵਿਆਹ ਤੋਂ ਪਹਿਲਾਂ ਇਸਤਰੀ ਨੂੰ ਯੌਨ ਸਤੰਤਰਤਾ ਸੀ। ਵਿਆਹ ਤੋਂ ਪਹਿਲਾਂ ਅਜ਼ਾਦ ਘੁੰਮਣ ਵਾਲੀ ਇਸਤਰੀ ਨੂੰ ਪੁਰਸ਼ ਵਿਆਹ ਹੁੰਦਿਆਂ ਹੀ ਨਿਯਮਾਂ ਦੀ ਲਛਮਣ ਰੇਖਾ ਦੇ ਅੰਦਰ ਕਰ ਦਿੰਦਾ ਹੈ। ਮਾਤਾ ਪ੍ਰਧਾਨ ਸਮਾਜ ਵਿਚ ਇਸ ਨਿਯਮ ਪੁਰਸ਼ਾ ਉਤੇ ਲਾਗੂ ਹੋ ਜਾਂਦੇ ਸਨ।

ਵਿਆਹ ਤੋਂ ਪਹਿਲਾਂ ਅਜਿਹੀਆਂ ਸੁਤੰਤਰਤਾ ਕਿਉਂ?, ਅਤੇ ਬਾਅਦ ਵਿਚ ਐਨਾ ਬੰਧਨ ਕਿਓ? ਇਹ ਮੂਰਖਤਾ ਹੈ ਜਾਂ ਇਸ ਦੇ ਪਿੱਛੇ ਕੋਈ ਤਰਕ ਹੈ? ਗਹਿਰਾਈ ਨਾਲ ਸੋਚਣ ਤੋਂ ਬਾਅਦ ਇਹ ਸਪੱਸ਼ਟ

---

***ਕਮਰ ਪੇਟੀ ਮਨੁੱਖੀ ਸਭਿਅਤਾ ਦੀ ਪਸ਼ੂ ਬਿਰਤੀ ਦਾ ਬਿੰਬ ਹੈ। ਕਿਸੇ ਇਕ ਵਸਤੂ ਨੂੰ ਬਣਾਉਣ ਦੇ ਪਿੱਛੇ ਕਈ ਕਾਰਨ ਹੁੰਦੇ ਹਨ। ਕਮਰ ਪੇਟੀ ਦੇ ਸੰਦਰਭ ਵਿਚ ਵੀ ਇਹ ਸੱਚ ਸਿੱਧ ਹੁੰਦਾ ਹੈ। ਗੁਲਾਬ ਦੇ ਫੁੱਲਾਂ ਵਿਚ ਕੰਡਿਆਂ ਦੇ ਵਾਂਗ ਸਾਡੀ ਸੁਨਿਹਰੀ ਸਭਿਅਤਾ ਵਿਚ ਕਈ ਪ੍ਰਥਾਵਾਂ ਪ੍ਰਚੱਲਤ ਹਨ। ਸਾਰਿਆਂ ਨੂੰ ਇਹ ਪਤਾ ਹੀ ਹੈ ਕਿ ਸਤੀ ਪ੍ਰਥਾ, ਬਾਲ ਵਿਆਹ, ਵਿਧਵਾ ਵਿਆਹ, ਬਹੁ ਪਤੀ ਵਿਆਹ, ਦਹੇਜ ਪ੍ਰਥਾ ਆਦਿ ਮਾੜੀਆਂ ਪ੍ਰਥਾਵਾਂ ਮਨੁੱਖ ਦੇ ਚ੍ਰਿਤਰ ਨੂੰ ਤਬਾਹ ਕਰ ਚੁੱਕੀਆਂ ਹਨ। ਔਰਤ ਅਤੇ ਮਰਦ ਸਮਾਜ ਦੇ ਦੋ ਅਹਿਮ ਅੰਗ ਹਨ। ਇਹ ਪ੍ਰਥਾਵਾਂ ਸਮਾਜ ਦੇ ਅਹਿਮ ਅੰਗ ਨੂੰ ਤਬਾਹ ਕਰ ਰਹੀਆਂ ਹਨ। ਇਸ ਲਈ ਸਮਾਜ ਦੇ ਤਬਾਹ ਹੋ ਜਾਣ ਦਾ ਖਤਰਾ ਪੈਦਾ ਹੋ ਰਿਹਾ ਹੈ। ਕਮਰ ਪੇਟੀਆਂ ਦੀ ਪ੍ਰਥਾ ਵੀ ਇਕ ਅਜਿਹੀ ਹੀ ਸਮਾਜਿਕ ਪ੍ਰਥਾ ਹੈ।***

***ਕਮਰ ਪੇਟੀ ਦਾ ਨਾਂ ਸੁਣਦੇ ਹੀ ਇਹ ਕਿਹੋ ਜਿਹੀ ਵਸਤੂ ਹੈ, ਕਮਰ ਪੇਟੀ ਕਿਓ ਬਣਾਈ ਗਈ, ਕਿਸ ਲਈ, ਕਿਵੇਂ ਬਣਾਈ ਗਈ, ਇਸ ਦਾ ਨਿਰਮਾਣ ਵਿਧਾਨ ਕੀ ਹੁੰਦਾ ਹੈ, ਇਹ ਕਿੱਥੋਂ ਮਿਲਦੀ ਹੈ, ਕੀ ਇਸ ਤਰ੍ਹਾਂ ਦੀਆਂ ਵਸਤੂਆਂ ਬਣਾਉਣ ਵਾਲੇ ਕਾਰਖਾਨੇ ਵੀ ਹੁੰਦੇ ਹਨ। ਆਦਿ ਅਨੇਕ ਸਵਾਲ ਪਾਠਕਾਂ ਦੇ ਮਨ ਵਿਚ ਉੱਠਣਾ ਸੁਭਾਵਿਕ ਹੈ। ਤੈਲਗੂ ਰਚਨਾ 'ਇਨਪਕਚਡਾਲੂ' ਇਨ੍ਹਾਂ ਸਵਾਲਾਂ ਦਾ ਹੱਲ ਕਰਦੀ ਹੈ। ਇਹ ਤੈਲਗੂ ਸ਼ਬਦ ਹੈ ਜਿਨ ਦਾ ਅੰਗਰੇਜ਼ੀ ਸ਼ਬਦ Chastity belt ਹੈ। ਹਿੰਦੀ ਵਿਚ ਕਮਰ ਪੇਟੀ ਕਹਿੰਦੇ ਹਾਂ। ਪੁਸਤਕ ਦੇ ਲੇਖਕ ਤਾਪੀ ਨੇ ਇਤਿਹਾਸ ਦੇ ਸ.ਫੇ ਉਲੱਦ ਕੇ ਅਨੇਕ ਪ੍ਰਦਰਸ਼ਨੀਆਂ ਵਿਚੋਂ ਖੋਜ ਕਰਕੇ ਕਮਰ ਪੇਟੀਆਂ ਦੇ ਸਬੰਧ ਵਿਚ ਕੁੱਝ ਤੱਥ ਲੱਭ ਲਏ ਹਨ। ਸਨ 1940 ਵਿਚ ਉਨ੍ਹਾਂ ਨੇ ਕਮਰ ਪੇਟੀਆਂ ਉੱਤੇ 'ਕਾਗੜਾ' ਨਾਂ ਦਾ ਤੈਲਗੂ ਮੈਗਜ਼ੀਨ ਵਿਚ ਲੇਖ ਵੀ ਲਿਖਿਆ ਸੀ। ਬਾਅਦ ਵਿਚ ਇਹ ਲੇਖ ਪੁਸਤਕ ਰੂਪ ਵਿਚ ਛਪਿਆ। ਹਿੰਦੀ ਦੇ ਲੇਖਕ ਅੰਮ੍ਰਿਤ ਲਾਲ ਨਾਗਰ ਜੀ ਨੇ ਆਪਣੀ ਰਚਨਾ 'ਜੇਹ ਕੋਠੇਵਾਲੀਆ' 'ਚ ਕਮਰਪੇਟੀਆਂ ਦਾ ਜ਼ਿਕਰ ਕੀਤਾ ਹੈ। ਕਈ ਸਾਲ ਪਹਿਲਾਂ 'ਵੁਮੈਨ' ਨਾਂ ਦਾ ਵੱਡੇ ਅਕਾਰ ਦਾ ਅਮਰੀਕਨ ਮੈਗਜ਼ੀਨ ਨੂੰ ਵੇਖਣ ਦਾ ਮੌਕਾ ਵੀ ਮਿਲਿਆ। ਉਸ ਦੇ ਪਹਿਲੇ ਜਾਂ ਦੂਜੇ ਭਾਗ ਵਿਚ ਵਿਸ਼ਵ ਨਾਰੀ ਦਾ ਇਤਿਹਾਸ ਸੀ ਅਤੇ ਬਾਕੀ ਭਾਗ ਐਲੋਪੈਥੀ ਦੀ ਡਾਕਟਰੀ ਨਾਲ ਸਬੰਧਤ ਸੀ। ਇਸ ਵਿਚ ਮੈਂ ਪੁਰਾਣੇ ਜ਼ਮਾਨੇ ਦੀਆਂ ਉਨ੍ਹਾਂ ਧਾਤ ਦੀਆਂ ਬਣੀਆਂ ਕਮਰ ਪੇਟੀਆਂ ਦੇ ਫੋਟੋ ਵੇਖੇ ਸੀ ਜਿਹੜੇ ਯੂਰਪੀ ਸਮੰਤ ਆਪਣੇ ਘਰ ਤੋਂ ਬਾਹਰ ਜਾਣ ਸਮੇਂ ਆਪਣੀਆਂ ਪਤਨੀਆਂ ਨੂੰ ਪਵਾ ਕੇ ਉਨ੍ਹਾਂ ਨੂੰ ਜਿੰਦਾ ਲਗਾ ਕੇ ਉਤੇ ਮੋਹਰ ਲਗਾ ਦਿੰਦੇ ਸਨ। (ਜੇਹ ਕੋਠੋਵਾਲੀਆਂ, ਲੋਕ ਭਾਰਤੀ ਪ੍ਰਕਾਸ਼ਨ, ਪੰਨਾ.72)***

***ਲੋਹੇ ਦੀਆਂ ਕਮਰ ਪੇਟੀਆਂ ਦਾ ਨਿਰਮਾਣ ਕਿਵੇਂ ਹੋਇਆ, ਇਸ ਨੂੰ ਸਮਝਣ ਦੇ ਲਈ ਔਰਤ-ਮਰਦ ਸਬੰਧਾਂ***

ਹੋ ਜਾਂਦਾ ਹੈ ਕਿ ਇਸ ਦੇ ਪਿੱਛੇ ਕੋਈ ਵਿਸ਼ੇਸ਼ ਕਾਰਨ ਹਨ। ਮਾਨਵ ਸੁਭਾ ਕਿੰਨਾ ਅਜੀਬ ਹੈ, ਇਹ ਅਜਿਹਾ ਹੀ ਸੋਚਦਾ ਹੈ ਕਿ ਸੁੱਖ ਦੇਣ ਵਾਲੀ ਇਸਤਰੀ ਮਿਲ ਗਈ, ਉਸ ਨੂੰ ਆਪਣੇ ਨਾਲ ਹੀ ਰੱਖਣਾ ਚਾਹੀਦਾ ਹੈ। ਸਦਾ ਦੇ ਲਈ ਉਸ ਨੂੰ ਰੱਖਣਾ ਚਾਹੁੰਦੇ ਹਨ। ਭਾਵ ਕਿ ਵਿਆਹ ਕਰ ਲੈਂਦੇ ਸਨ। ਬਾਅਦ ਵਿਚ ਉਸ ਨੂੰ ਆਪਣੀ ਮੁੱਠੀ ਵਿਚ ਰੱਖ ਲੈਂਦੇ ਹਨ ਤੇ ਅਧਿਕਾਰ ਕਰਦੇ ਹਨ ਕਿ ਹੁਣ ਤੂੰ ਮੇਰੇ ਸਿਵਾ ਕਿਸੇ ਦੀ ਨਹੀਂ ਹੋ ਸਕਦੀ।'

ਵੰਸ਼ ਦੀ ਮਰਿਯਾਦਾ ਅਤੇ ਵੰਸ਼ ਦੀ ਪਵਿੱਤਰਤਾ ਨੂੰ ਉਸ ਯੁੱਗ ਵਿਚ ਪ੍ਰਧਾਨਤਾ ਸੀ। ਆਪਣਾ ਵੰਸ਼ ਕਲੰਕਿਤ ਨਾ ਹੋਵੇ, ਇਸ ਲਈ ਪੁਰਸ਼ ਆਪਣੇ ਖੇਤ ਵਿਚ ਦੂਜੇ ਦੇ ਬੀਜ਼ ਪਸੰਦ ਨਹੀਂ ਕਰਦਾ ਸੀ। ਇਸ ਦੇ ਲਈ ਉਹ ਕੁੱਝ ਵੀ ਕਰਨ ਨੂੰ ਤਿਆਰ ਹੋ ਜਾਂਦਾ ਸੀ।

ਪਤੀ ਵਰਤਾ ਧਰਮ ਦੇ ਲਈ ਏਨਾ ਸਾਰਾ ਕੁੱਝ ਕਰਨ ਵਾਲਾ ਪਤੀ ਕਦੇ ਕਦੇ ਨਿਯਮਾਂ ਵਿਚ ਖੁੱਲ੍ਹਾ ਵੀ ਦਿੰਦਾ ਸੀ। ਪਤੀ ਆਪਣੀ ਪਤਨੀ ਨੂੰ ਜਿਸ ਨਿਰਦਾਈ ਪੁਣੇ ਨਾਲ ਕਮਰ ਪੇਟੀਆਂ ਨਾਲ ਬੰਧਨ ਵਿੱਚ ਰੱਖਦਾ ਸੀ, ਮਹਿਮਾਨ ਨੂੰ ਸੌਂਪਣ ਵਿਚ ਮਾਣ ਵੀ ਮਹਿਸੂਸ ਕਰਦਾ ਹੈ। ਜੇਕਰ ਪਤੀ ਮਹਿਮਾਨ ਧਰਮ ਦੀ ਰੱਖਿਆ ਕਰਨ ਦੇ ਲਈ ਅਜਿਹਾ ਨਹੀਂ ਕਰਦਾ ਤਾਂ ਉਸੇ ਨੂੰ ਪਾਪੀ ਸਮਝਿਆ ਜਾਂਦਾ ਸੀ। ਉਸ ਯੁੱਗ ਵਿਚ ਇਸ ਤਰ੍ਹਾਂ ਦੀ ਮਹਿਮਾਨ ਨਿਵਾਜੀ ਪਤੀ ਵਰਤਾ ਧਰਮ ਨੂੰ ਭੰਗ ਨਹੀਂ ਕਰਦੀ ਸੀ।

ਜੇਕਰ ਸੰਤਾਨ ਨਹੀਂ ਹੋਈ ਤਾਂ ਆਪਣੀ ਪਤਨੀ ਨੂੰ ਪਰਾਏ ਮਰਦ ਦੇ ਕੋਲ ਭੇਜ ਕੇ ਸੰਤਾਨ ਪ੍ਰਾਪਤ ਕਰਨ ਦਾ ਅਧਿਕਾਰ ਪਤੀ ਦੇ ਕੋਲ ਸੀ। ਪਰਾਏ ਮਰਦ ਤੋਂ ਸੰਤਾਨ ਪ੍ਰਾਪਤ ਕਰ ਪਤੀ ਦਾ ਵੰਸ਼ ਵਧਾਉਣ

---

*ਦੇ ਸਬੰਧ ਵਿਚ ਜਾਨਣਾ ਹੋਵੇਗਾ। ਇਸ ਰਚਨਾ ਵਿਚ ਇਸ ਸਬੰਧਾਂ ਉੱਤੇ ਰੋਸ਼ਨੀ ਪਾਈ ਗਈ ਹੈ। ਜਦੋਂ ਵੀ ਸਬੰਧ ਬਦਲਦੇ ਹਨ, ਪ੍ਰਥਾਵਾਂ ਦਾ ਇਸ ਦਾ ਪ੍ਰਭਾਵ ਵੀ ਪੈਂਦਾ ਹੈ। ਸਮਾਜ ਦੇ ਮੁੱਖ ਦੋਵੇਂ ਰੂਪ ਮਾਤਾ ਪ੍ਰਧਾਨ ਸਮਾਜ ਤੇ ਪਿਤਾ ਪ੍ਰਧਾਨ ਸਮਾਜ 'ਚ ਕਮਰ ਪੇਟੀ ਦੀ ਪ੍ਰਥਾ ਪ੍ਰਚੱਲਤ ਸੀ। ਅੱਜ ਵੀ ਇਹ ਪ੍ਰਥਾ ਕੁੱਝ ਦੇਸ਼ਾਂ ਵਿਚ ਚਲ ਰਹੀ ਹੈ। ਧਰਮਾਰਾਵ ਜੀ ਦਾ ਕਹਿਣਾ ਹੈ ਕਿ ਆਂਧਰਾ ਪ੍ਰਦੇਸ਼ ਵਿਚ ਲੜਕੀਆਂ ਦੇ ਗੁਪਤ ਅੰਗਾਂ ਉੱਤੇ ਪਾਉਣ ਵਾਲੀਆਂ ਸਰੁਗੁਬਿੱਲੀਆਂ (ਗੁਪਤ ਅੰਗਾਂ ਨੂੰ ਲੁਕੋਣ ਵਾਲੇ ਬਿੱਲੇ, ਇੱਜ਼ਤ ਰੱਖਿਆ ਦੇ ਬਿੱਲੇ) ਕਮਰ ਪੇਟੀਆਂ ਦਾ ਹੀ ਪ੍ਰਤੀਬਿੰਬ ਹੈ। ਇਸ ਮਾੜੀ ਪ੍ਰਥਾ ਨੇ ਮਨੁੱਖ ਦੇ ਆਤਮ ਗੌਰਵ ਨੂੰ ਖੋਹ ਲਿਆ। ਉਸ ਨੂੰ ਭ੍ਰਿਸ਼ਟ ਕਰ ਦਿੱਤਾ। ਇਸ ਸਮੇਂ ਵਿਚ ਉੱਚੇ ਆਦਰਸ਼ਾ ਵਾਲਾ ਮਨੁੱਖ ਅੰਦਰੋਂ ਅੱਜ ਵੀ ਪਸ਼ੂ ਹੈ। ਲੇਖਕ ਨੇ ਵਿਅੰਗ ਤੇ ਰੌਚਿਕ ਸ਼ੈਲੀ ਨਾਲ ਇਨ੍ਹਾਂ ਤੱਥਾਂ ਨੂੰ ਪਾਠਕਾਂ ਸਾਹਮਣੇ ਰੱਖਿਆ ਹੈ। ਇਸ ਪੁਸਤਕ ਨੂੰ ਪੜ੍ਹਨ ਤੋਂ ਬਾਅਦ ਸਾਨੂੰ ਪ੍ਰਾਚੀਨ ਸਮਾਜ ਦੇ ਰੀਤੀ ਰਿਵਾਜ਼ ਅਤੇ ਮਨੁੱਖ ਦੇ ਸੁਭਾਅ ਦੇ ਸਬੰਧ ਵਿਚ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹ ਰਚਨਾ ਇਕ ਤਸਵੀਰ ਹੈ ਜਿਸ ਵਿਚ ਅਤੀਤ ਝਲਕਦਾ ਹੈ। ਇਸ ਅਤੀਤ ਵਿਚ ਵਰਤਮਾਨ ਦਾ ਗੂੜ੍ਹਾ ਸਬੰਧ ਹੈ। ਕਮਰ ਪੇਟੀ ਪੂਰਬੀ ਸਭਿਆਤਾ ਦੀ ਦੇਣ ਹੈ ਜਿਹੜੀ ਹੌਲੀ ਹੌਲੀ ਸਾਰੇ ਵਿਸ਼ਵ ਵਿਚ ਪ੍ਰਚੱਲਤ ਹੋ ਗਈ। ਕਮਰ ਪੇਟੀ ਪਾਉਣਾ ਇਕ ਪ੍ਰਥਾ ਬਣ ਗਈ। ਇਸ ਮਾੜੀ ਪ੍ਰਥਾ ਨੇ ਔਰਤ ਤੇ ਅਨੇਕਾਂ ਤਰ੍ਹਾਂ ਨਾਲ ਅੱਤਿਆਚਾਰ ਕੀਤਾ।*

*ਕਮਰ ਪੇਟੀਆਂ ਨਾਲ ਸਬੰਧਤ ਜਾਣਕਾਰੀ ਅੰਗਰੇਜ਼ੀ ਪੁਸਤਕਾਂ ਵਿਚੋਂ ਪ੍ਰਾਪਤ ਹੁੰਦੀ ਹੈ। ਪ੍ਰੰਤੂ ਇਸ ਤਰ੍ਹਾਂ ਦੀ ਕੋਈ ਰਚਨਾ ਹਿੰਦੀ ਵਿਚ ਨਹੀਂ ਛਪੀ। ਤੈਲਗੂ ਦੀ 'ਇਨਪਕਾਚਡਾਲੂ' ਹੀ ਇਕ ਅਜਿਹੀ ਰਚਨਾ ਹੈ। ਇਸ ਵਿਚ ਕਮਰ ਪੇਟੀਆਂ ਦੇ ਸੰਦਰਭ ਵਿਚ ਔਰਤ ਮਰਦ ਸਬੰਧ, ਉਨ੍ਹਾਂ ਦੇ ਸੁਭਾਅ, ਕਮਰ ਪੇਟੀਆਂ ਦਾ ਨਿਰਮਾਣ, ਵਿਧਾਨ, ਇਸ ਨਾਲ ਸਬੰਧਤ ਕਹਾਣੀਆਂ, ਕਮਰ ਪੇਟੀਆਂ ਦੇ ਸਬੰਧ ਵਿਚ ਦਿੱਤੇ ਜਾਣ ਵਾਲੇ ਇਸ਼ਤਿਹਾਰ 'ਚ ਕਮਰ ਪੇਟੀਆਂ ਦੇ ਚਿੱਤਰ, ਇਨ੍ਹਾਂ ਨਾਲ ਸਬੰਧਤ ਗ੍ਰੰਥ ਦਾ ਵਰਣਨ, ਤੈਲਗੂ ਸਾਹਿਤ ਵਿਚ ਕਵੀਆਂ ਵੱਲੋਂ ਇਸ ਦਾ ਜ਼ਿਕਰ ਕੀਤਾ ਗਿਆ ਹੈ। ਹੋਰ ਭਾਰਤੀ ਭਾਸ਼ਾ ਵਿਚ ਇਸ ਤਰ੍ਹਾਂ ਦੀ ਕੋਈ ਪੁਸਤਕ ਨਹੀਂ ਹੈ। ਸਮਾਜ ਸ਼ਾਸ਼ਤਰੀ ਦ੍ਰਿਸ਼ਟੀ ਤੋਂ ਵੀ ਇਹ ਰਚਨਾ ਮਹੱਤਵਪੂਰਨ ਹੈ। ਕੁੱਝ ਤੈਲਗੂ ਸ਼ਬਦ ਜਿਵੇਂ 'ਮੁਰੁਗਬਿੱਲੀਆਂ, ਸਿਗੁਬਿੱਲੀਆਂ ਦੇ ਲਈ ਸਾਨੂੰ ਇਹ ਦੇ ਬਰਾਬਰ ਕੋਈ ਸ਼ਬਦ ਨਹੀਂ ਮਿਲੇ। ਜਿਸ ਕਾਰਨ ਇਨ੍ਹਾਂ ਦਾ ਤੈਲਗੂ ਉਚਾਰਨ ਹੀ ਲਿਖਿਆ ਗਿਆ ਹੈ।*

*-ਡਾ. ਸੀ. ਬਸੰਤਾ*



ਵਾਲੀ ਉਸ ਇਸਤਰੀ ਦਾ ਨਾਂ ਪਤੀ ਵਰਤਾ ਦੀ ਸੂਚੀ ਵਿਚ ਲਿਖਿਆ ਜਾਂਦਾ ਸੀ। ਉਸ ਪਤੀ ਦੇਵਤਾ ਤੇ ਉਸ ਦੇ ਪੁਰਖੇ ਫੁੱਲਾਂ ਦੀ ਵਰਖਾ ਕਰਦੇ ਸਨ। ਉਸ ਪਤੀ ਵਰਤਾ ਤੇ ਕਵਿਤਾਵਾਂ ਤੇ ਕਹਾਣੀਆਂ ਲਿਖੀਆਂ ਜਾਂਦੀਆਂ ਸਨ।

ਅਜਿਹੇ ਵੀ ਕਈ ਮਰਦ ਹੁੰਦੇ ਸਨ ਜਿਹੜੇ ਵਿਆਹ ਕਰਨਾ ਨਹੀਂ ਚਾਹੁੰਦੇ ਸਨ, ਸੁਤੰਤਰ ਰਹਿਣਾ ਚਾਹੁੰਦੇ ਸਨ। ਪ੍ਰੰਤੂ ਵੰਸ਼ ਵਧਾਉਣ ਦੇ ਲਈ ਪੁੱਤਰ ਦੀ ਚਿੰਤਾ ਉਸ ਨੂੰ ਸਤਾਉਂਦੀ ਸੀ। ਉਦੋਂ ਵਿਚਾਰਾ ਮਰਦ ਕੀ ਕਰੇ? ਉਹ ਆਪਣੇ ਸਾਥੀ ਵਿਆਹੁਤਾ ਮਰਦ ਦੇ ਕੋਲ ਜਾ ਕੇ ਪੁਛਦਾ ਸੀ ਕਿ ' ਦੋ ਸਾਲ ਦੇ ਲਈ ਤੇਰੀ ਪਤਨੀ ਮੈਨੂੰ ਚਾਹੀਦੀ , ਪੁੱਤਰ ਪ੍ਰਾਪਤ ਤੋਂ ਬਾਅਦ ਉਸ ਨੂੰ ਵਾਪਸ ਕਰ ਦੇਵਾਗਾ। ' ਕਿਸੇ ਇਕ ਦੀ ਵੰਸ਼ ਵਧਾਉਣ ਕਰਕੇ ਤੈਨੂੰ ਪੁੰਨ ਮਿਲੇਗਾ। ਇਹ ਸੋਚ ਕੇ ਸਾਥੀ ਆਪਣੀ ਪਤਨੀ ਉਸ ਮਰਦ ਦੇ ਕੋਲ ਭੇਜ ਦਿੰਦਾ ਸੀ। ਪਤਨੀ ਵੀ ਖੁਸ਼ੀ ਨਾਲ ਜਾਂਦੀ ਕਿਉਂਕਿ ਕਿਸੇ ਨੂੰ ਪੁੱਤਰ ਦੇ ਕੇ ਉਸਦਾ ਵੰਸ਼ ਵਧਾਉਣਾ ਪੁੰਨ ਦਾ ਕਾਰਜ ਹੈ।

ਅਜਿਹੀ ਸਥਿਤੀ ਵਿਚ ਕਮਰ ਪੇਟੀਆਂ ਢਿੱਲੀਆਂ ਕਰ ਦਿੱਤੀਆਂ ਜਾਂਦੀਆਂ ਸਨ। ਆਪਣੇ ਅਧਿਕਾਰ ਨੂੰ ਕੁੱਝ ਸਮੇਂ ਦੇ ਲਈ ਤਿਆਗ ਦਿੱਤਾ ਜਾਂਦਾ ਸੀ।

**ਲੋਹੇ ਦੀਆਂ ਕਮਰ ਪੇਟੀਆਂ-**

ਲੋਹੇ ਦੀਆਂ ਕਮਰ ਪੇਟੀਆਂ ਦਾ ਨਾਂ ਸੁਣਦੇ ਹੀ ਤੁਸੀਂ ਇਹ ਸੋਚੋਗੇ ਕਿ ਇਹ ਕੀ ਹੈ? ਕਿਸ ਤਰ੍ਹਾਂ ਦੀ ਵਿਚੱਤਰ ਚੀਜ਼ ਹੈ? ਮਨੁੱਖ ਆਪਣੇ ਸਵਾਰਥ ਦੇ ਲਈ ਕੁੱਛ ਵੀ ਕਰ ਸਕਦਾ ਹੈ, ਉਹ ਚਾਹੇ ਕਿੰਨਾ ਵੀ ਗਿਰਿਆ ਹੋਇਆ ਕਿਓ ਨਾ ਹੋਵੇ। ਉਸਦੀ ਇਸਤਰੀ ਦੀ ਵਰਤੋਂ ਹੋਰ ਕੋਈ ਨਾ ਕਰ ਸਕੇ, ਇਸੇ ਉਦੇਸ਼ ਨੂੰ ਧਿਆਨ ਵਿਚ ਰੱਖ ਕੇ ਮਰਦ ਨੇ ਔਰਤਾਂ ਦੇ ਗੁਪਤ ਅੰਗ ਉੱਤੇ ਤਾਲਾ ਜੜ ਦਿੱਤਾ। ਪਹੀਏ ਦੇ ਨਾਲ ਮਨੁੱਖ ਨੇ ਲੋਹੇ ਦੀਆਂ ਕਮਰ ਪੇਟੀਆਂ ਵੀ ਬਣਾਈਆਂ।

ਇਹ ਕਲਪਤ ਵਿਸ਼ਾ ਨਹੀਂ ਸੱਚ ਹੈ। ਦੁਨੀਆਂ ਦੀਆਂ ਕੁੱਝ ਪ੍ਰਦਰਸ਼ਨੀਆਂ ਵਿਚ ਅੱਜ ਵੀ ਕਮਰ ਪੇਟੀਆਂ ਮਿਲਦੀਆਂ ਹਨ। ਕਮਰ ਪੇਟੀਆਂ ਦੁਨੀਆਂ ਦੇ ਕਈ ਦੇਸ਼ਾਂ ਵਿਚ ਮਿਲਦੀਆਂ ਹਨ। ਕਮਰ ਪੇਟੀਆਂ ਪਾਉਣਾ ਇਕ ਪ੍ਰਥਾ ਬਣ ਗਈ। ਇਸ ਨੂੰ ਮਨੁੱਖ ਦੀ ਚਤਰਾਈ ਕਹੀਏ ਜਾਂ ਨਿਰਲੱਜ ਕਰਮ? ਇਨ੍ਹਾਂ ਕਮਰ ਪੇਟੀਆਂ ਦੇ ਉਭਾਰ ਦੇ ਸਬੰਧ ਵਿਚ ਲਿਖਣਾ ਜਾਂ ਪੜ੍ਹਨਾ ਐਨਾ ਅਹਿਮ ਨਹੀਂ ਹੈ। ਮਾਨਵ ਜੀਵਨ ਦੀ ਵਿਕਾਸ ਯਾਤਰਾ ਵਿਚ ਇਹ ਵੀ ਕੁੱਝ ਪੌੜੀਆਂ ਹਨ। ਇਸਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਸਾਨੂੰ ਪਤਾ ਚੱਲੇਗਾ ਕਿ ਅੱਜ ਦੇ ਸਭਿਆ ਸਮਾਜ ਦੀ ਆਰੰਭ ਦੀ ਦਿਸ਼ਾ ਕਿਸ ਤਰ੍ਹਾਂ ਦੀ ਹੋਵੇਗੀ?

**ਚਮੜੇ ਦੀਆਂ ਪੇਟੀਆਂ ਅਤੇ ਲੋਹੇ ਦੀਆਂ ਕਮਰ ਪੇਟੀਆਂ-**

ਸ਼ੁਰੂ ਵਿਚ ਮੈਂ ਦੱਸ ਚੁੱਕਾ ਹਾਂ ਕਿ ਇਹ ਸੋਚਣ ਵਿਚ ਇਕ ਆਨੰਦ ਹੁੰਦਾ ਹੈ ਕਿ ਇਹ ਮੇਰੀ ਵਸਤੂ ਹੈ, ਇਸ ਉੱਤੇ ਕੇਵਲ ਮੇਰਾ ਹੀ ਅਧਿਕਾਰ ਹੈ। ਵਾਸ਼ਨਾ ਮਨੁੱਖ ਦੀ ਇਕ ਜ਼ਰੂਰੀ ਭੁੱਖ ਹੈ। ਵਾਸ਼ਨਾ ਦੇ ਕਾਰਨ ਹੀ ਅਨੇਕਾਂ ਯੁੱਧ ਹੋਏ। ਇਤਿਹਾਸ ਗਵਾਹ ਹੈ। ਹੇਲੇਨ ਨਾਂ ਦੀ ਇਸਤਰੀ ਦੇ ਲਈ ਟ੍ਰੋਜਨ ਯੁੱਧ ਹੋਇਆ। ਸੀਤਾ ਦੇ ਮੋਹ ਦੇ ਕਾਰਨ ਰਾਮ ਰਾਵਣ ਯੁੱਧ ਹੋਇਆ। ਅਤੇ ਵਾਸ਼ਨਾ ਦਾ ਨਤੀਜਾ ਹੈ ਭੀਸ਼ਮ ਦੇ ਬ੍ਰਾਹਮਚਾਰੀਆਂ ਦੀ ਪ੍ਰਿਖਿਆ।

ਇਕ ਸਮਾਂ ਅਜਿਹਾ ਵੀ ਸੀ ਕਿ ਔਰਤਾਂ ਆਪਣੇ ਸਵਾਰਥ ਤੇ ਆਨੰਦ ਦੇ ਲਈ ਮਰਦਾਂ ਦੇ ਗੁਪਤ ਅੰਗ ਉੱਤੇ ਛਾਲੇ ਪਾ ਕੇ ਤਾਲਾ ਲਗਾਉਂਦੀ ਸੀ। ਮਰਦ ਪ੍ਰਧਾਨ ਸਮਾਜ ਵਿਚ ਮਰਦ ਇਸਤਰੀਆਂ ਦੇ ਗੁਪਤ ਅੰਗ ਤੇ ਕਮਰ ਪੇਟੀਆਂ ਪਾ ਕੇ ਤਾਲਾ ਲਗਾਉਂਦੇ ਸਨ। ਪ੍ਰੰਤੂ ਇਹ ਸਭ ਕ੍ਰਿਰਿਆਵਾ ਵਿਆਹ ਹੋਏ

*ਸ੍ਰੀ ਤਾਪੀ ਧਰਮਾਰਾਓ ਦੀ ਪੁਸਤਕ (ਇਨਪਕਚਡਾਲੂ (ਤੈਲਗੂ ਨਾਂ) ਦਾ ਹਿੰਦੀ ਅਨੁਵਾਦ 'ਲੋਹੇ ਕੀ ਕਮਰ ਪੇਟੀਆਂ' ਡਾ. ਸ੍ਰੀਮਤੀ ਸੀ. ਵਸਨੰਤਾ ਨੇ ਕੀਤਾ ਹੈ। ਕਮਰ ਪੇਟੀਆਂ ਇਕ ਤਰ੍ਹਾਂ ਨਾਲ 'ਪਵਿੱਤਰ ਬੰਧਨ' ਹੈ। ਇਸ ਦੇ ਪਿੱਛੇ ਸਮਾਜਿਕ ਧਾਰਨਾ ਇਹ ਹੀ ਹੈ ਅਨੁਵਾਦ ਵਿਚ 'ਲੋਹੇ ਦੀ ਕਮਰ ਪੇਟੀਆਂ' ਸ਼ਬਦ ਵਿਚ 'ਪਵਿੱਤਰ' ਵਾਲਾ ਭਾਵ ਨਹੀਂ ਆ ਸਕਿਆ ਹੈ। ਤੈਲਗੂ ਸ਼ਬਦ 'ਇਨਪਕਚਡਾਲੂ' ਵਿਚ ਪਵਿੱਤਰ ਬੰਧਨ' ਦਾ ਭਾਵ ਵੀ ਸ਼ਾਮਲ ਹੈ। ਸ਼ਬਦ ਦੇ ਨਾਲ ਸੰਸਕਾਰ ਜੁੜਦੇ ਹਨ ਅਤੇ ਉਨ੍ਹਾਂ ਦਾ ਜੁੜਨਾ ਸਬੰਧਤ ਸੰਸਕਾਰਾਂ ਦੇ ਪ੍ਰਚੱਲਤ ਰਹਿਣ ਉੱਤੇ ਵੀ ਸੰਭਵ ਹੈ। ਇਸ ਲੇਖ 'ਚ ਵਿਚ ਤਾਪੀ ਧਰਮਾਰਾਵ ਦੇ ਵਿਸ਼ੇ ਦਾ ਸਮਾਜਿਕ ਅਤੇ ਸੰਸਕ੍ਰਿਤ ਜਾਣ ਪਛਾਣ ਇਤਿਹਾਸਕ ਪਰਿਪੇਖ ਵਿਚ ਦਿੱਤਾ ਹੈ। ਇਹ ਵਿਸ਼ੇ ਦੇ ਗੁਣ ਦੋਸ਼ਾਂ ਨੂੰ ਉਜਾਗਰ ਕਰਦਾ ਹੈ। ਇਸ ਵਿਚ ਮਰਦ ਤੇ ਨਾਰੀ ਦੇ ਚ੍ਰਤਿਰ ਤੇ ਟੁੱਟਣ ਵਾਲੇ ਸਬੰਧਾਂ ਦੀ ਜਾਣਕਾਰੀ ਵੀ ਮਿਲਦੀ ਹੈ। ਇਹ ਪੁਸਤਕ ਸਮਾਜ-ਮਨੋਵਿਗਿਆਨ ਨਾਲ ਸਬੰਧਤ ਹੈ।*

*ਤਾਪੀ ਧਰਮਾਰਾਓ ਦਾ ਜਨਮ 19 ਸਤੰਬਰ, 1887 ਨੂੰ ਹੋਇਆ ਤੇ ਮੌਤ 8 ਮਈ 1973 ਨੂੰ ਹੋਈ। 86 ਸਾਲ ਦੇ ਜੀਵਨ ਵਿਚ ਉਨ੍ਹਾਂ ਨੇ ਅਨੇਕ ਪੁਸਤਕਾਂ ਲਿਖ ਕੇ ਸਮਾਜ ਨੂੰ ਸਿੱਖਿਅਤ ਕਰਨਾ ਚਾਹਿਆ। ਉਨ੍ਹਾਂ ਨੇ ਅਜਿਹੇ ਵਿਸ਼ੇ ਦੀ ਚੋਣ ਕੀਤੀ ਜਿਨ੍ਹਾਂ ਤੇ ਉਹ ਵਿਹਾਰਕ ਰੂਪ ਵਿਚ ਵੇਖਦੇ ਸਨ ਪਰ ਉਨ੍ਹਾਂ ਵਿਸ਼ਿਆ ਤੇ ਉਸ ਨੂੰ ਪੁਸਤਕਾਂ ਨਹੀਂ ਮਿਲੀਆਂ। ਵੇਖੀ ਸਮੱਗਰੀ ਨੂੰ, ਵੇਖੇ ਤੱਥਾਂ ਤੇ ਅੰਕੜਿਆਂ ਨੂੰ ਅਤੇ ਉਨ੍ਹਾਂ ਦੇ ਕਾਰਨ ਸਮਾਜ ਵਿਚ ਪ੍ਰਚੱਲਤ ਮਾੜੀਆਂ ਪ੍ਰਥਾਵਾਂ ਨੂੰ ਦੇਖ ਕੇ ਉਹ ਚੁੱਪ ਨਹੀਂ ਰਹਿ ਸਕਦੇ ਸਨ। ਉਸ ਦੇ ਮਨ ਵਿਚ ਪੀੜ ਹੋਈ ਤੇ ਉਸ ਦਾ ਹੱਲ ਲੱਭਣ ਦਾ ਯਤਕ ਕਰਨਾ ਚਾਹਿਆ। ਜਗਿਆਸੀ ਬਿਰਤੀ ਨੇ ਅੰਕੜੇ ਇਕੱਠੇ ਕੀਤੇ ਅਤੇ ਪੁਸਤਕਾਂ ਲਿਖੀਆਂ। ਉਸ ਦੀਆਂ ਪੁਸਤਕਾਂ ਵਿਚ ਗਿਆਨ ਤੋਂ ਵਧੇਰੇ ਅਨੁਭਵ ਹੈ ਅਤੇ ਪ੍ਰੰਪਰਾ ਤੋਂ ਵਧੇਰੇ ਵਿਹਾਰਕ ਤੱਥ ਹੈ। ਅਜਿਹੇ ਤੱਥ ਹਨ ਜਿਨ੍ਹਾਂ ਵੱਲ ਵੇਖ ਕੇ ਵੀ ਲੋਕ ਅਣ ਵੇਖਿਆ ਕਰ ਜਾਂਦੇ ਸਨ ਅਤੇ ਜਾਣ ਕੇ ਅਣਜਾਣ ਬਣ ਜਾਂਦੇ ਸਨ। ਸੱਚ ਕਹਿਣ ਦੇ ਲਈ ਸਾਹਸ, ਸੰਜਮ, ਆਤਮ ਵਿਸ਼ਵਾਸ ਦੀ ਜ਼ਰੂਰਤ ਹੁੰਦੀ ਹੈ। ਤਾਪੀ ਧਰਮਰਾਓ ਆਪਣੇ ਇਨ੍ਹਾਂ ਗੁਣਾਂ ਦੇ ਕਾਰਨ ਹੀ ਇਸ ਤਰ੍ਹਾਂ ਦੀਆਂ ਪੁਸਤਕਾਂ ਲਿਖ ਸਕੇ ਹਨ। 'ਲੋਹੇ ਦੀਆਂ ਕਮਰ ਪੇਟੀਆਂ' ਇਸ ਦਾ ਸਬੂਤ ਹੈ।*

*ਲੇਖ ਛੋਟਾ ਹੈ। ਪਰ ਕਾਰਜ ਵੱਡਾ ਹੈ। ਲੇਖ ਨੂੰ 17 ਭਾਗਾਂ ਵਿਚ ਵੰਡਿਆ ਗਿਆ ਹੈ। ਲੇਖ ਵਿਚ ਸਿਰਜਣਾਤਮਕ ਗੁਣ ਹੈ। ਤੱਥਾਂ ਨੂੰ ਪੇਸ਼ ਕਰਨ ਦੀ ਕਲਾ ਵੀ। ਚਿਹਨ ਸੱਟ ਮਾਰਨ ਵਾਲੇ ਹਨ ਅਤੇ ਸਮਾਜ ਨੂੰ ਜਾਗ੍ਰਤ ਕਰਨ ਵਾਲੇ ਵੀ। ਹੱਕ ਤੇ ਵਿਰੋਧ ਵਿਚ ਸੰਤੁਲਿਨ ਰੱਖਿਆ ਗਿਆ ਹੈ। ਲੇਖ ਵਿਚ ਸਮਾਜ ਕਲਿਆਣ ਦੀ ਭਾਵਨਾ ਹੈ। ਦੇਸ਼ ਵਿਦੇਸ਼ ਦੀ ਸਮੱਗਰੀ ਲੇਖ ਵਿਚ ਹੈ।*

*-ਰਾਜ ਮੱਲ ਬੋਰਾ*

---

ਹੋਣ ਦੀ ਪਹਿਚਾਣ ਹੁੰਦੀ ਸੀ। ਉਸ ਯੁੱਗ ਵਿਚ ਵਿਆਹ ਤੋਂ ਪਹਿਲਾਂ ਇਸਤਰੀ ਨੂੰ ਯੌਨ ਸੁਤੰਤਰਤਾ ਸੀ। ਹੌਲੀ ਹੌਲੀ ਯੌਨ ਸੁਤੰਤਰਤਾ ਨੂੰ ਰੋਕਿਆ ਗਿਆ। ਇਸ ਵਿਚਾਰ ਵਿਚ ਤਬਦੀਲੀ ਆਈ। ਅਛੂਤੀ ਯੌਨੀ ਦਾ ਗੌਰਵ ਵਧ ਗਿਆ। ਵਿਆਹ ਤੋਂ ਪਹਿਲਾਂ ਕੰਨਿਆ ਦੇ ਲਈ ਆਪਣੀ ਇੱਜਤ ਦੀ ਰੱਖਿਆ ਕਰਨਾ ਜ਼ਰੂਰੀ ਸੀ। ਕੰਨਿਆ ਦੇ ਮਾਂ ਬਾਪ ਤੇ ਵੀ ਇਹ ਜ਼ਿੰਮੇਵਾਰੀ ਆ ਗਈ। ਵਿਆਹ ਦੇ ਸਮੇਂ ਉਸ ਨੂੰ ਇਹ ਸਿੱਧ ਕਰਨਾ ਪੈਂਦਾ ਸੀ ਕਿ ਵਿਆਹੁਤਾ ਸੁਰੱਖਿਅਤ ਯੌਨੀ ਹੈ। ਜੇਕਰ ਉਹ ਸਿੱਧ ਨਹੀਂ ਹੁੰਦਾ ਤਾਂ ਇੱਜ਼ਤ ਮਿੱਟੀ ਵਿਚ ਮਿਲ ਜਾਂਦੀ ਸੀ। ਔਰਤ ਦੇ ਲਈ ਸੁਰੱਖਿਅਤ ਯੌਨੀ ਸਿੱਧ ਕਰਨਾ ਬੜਾ ਕਠਿਨ ਕਾਰਜ ਹੈ। ਅੱਜ ਦੇ ਵਿਗਿਆਨਕ ਯੁੱਗ ਵਿਚ ਇਹ ਸੰਭਵ ਨਹੀਂ ਹੈ। ਅੱਜ ਵੀ ਨਿਆ ਪਾਲਕਾ ਵਿਚ ਇਸ ਵਿਸ਼ੇ ਤੇ ਮੁਕੱਦਮੇ ਚੱਲਦੇ ਹਨ। ਉਸ ਜ਼ਮਾਨੇ ਦਾ ਤਾਂ ਕੀ ਕਹਿਣਾ ਹੈ। ਪੁਰਾਣੇ ਜ਼ਮਾਨੇ ਵਿਚ ਸਭ ਨੇ ਮਿਲ ਕੇ ਇਸ ਵਿਸ਼ੇ ਉੱਤੇ ਕੁਝ ਹੱਲ ਲੱਭਣ ਦੇ ਲਈ ਯਤਨ ਕੀਤੇ। ਮਲ ਮੂਤਰ ਤਿਆਗ ਦੇ ਲਈ ਕੁੱਝ ਸਥਾਨ ਛੱਡ ਕੇ ਬਾਕੀ ਬਚੀ ਪੱਟੀ ਨਾਲ ਬੰਨ੍ਹਣ ਤੋਂ ਇਲਾਵਾ ਕੋਈ ਹੱਲ ਨਹੀਂ ਲੱਭਾ। ਕਪੜੇ ਦੇ ਨਾਲ ਜਾਂ ਚਮੜੇ ਦੇ ਨਾਲ ਉਨ੍ਹਾਂ ਸਥਾਨਾਂ ਚ ਛੇਕ ਛੱਡ ਕੇ ਸਿਉਂਦੇ ਸਨ। ਇਕ ਵਾਰ ਜਦੋਂ ਇਹ ਪੱਟੀ ਬੰਨ੍ਹ ਦਿੱਤੀ



ਜਾਂਦੀ ਸੀ ਤਾਂ ਇਸ ਨੂੰ ਕੋਈ ਕੱਢ ਨਹੀਂ ਸਕਦਾ ਸੀ। ਵਿਆਹ ਹੋਣ ਤੋਂ ਪਤੀ ਆਪਣੀ ਛੁਰੀ ਦੇ ਨਾਲ ਜਾਂ ਕੈਂਚੀ ਦੇ ਨਾਲ ਇਸ ਨੂੰ ਕੱਟਦਾ ਸੀ। ਕੱਟ ਹੋਣ ਤੇ ਲਹੂ ਵੀ ਨਿਕਲਦਾ ਸੀ। ਇਤਿਹਾਸ ਵਿਚ ਅਜਿਹੀਆਂ ਅਨੇਕਾਂ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ।

ਕੁੱਝ ਰਾਜਾਂ ਵਿਚ ਬਜ਼ੁਰਗ ਬੁੱਢੀਆਂ ਨੇ ਉਨ੍ਹਾਂ ਸਥਾਨਾਂ ਤੇ ਲਗਾਉਣ ਦੇ ਲਈ ਇਕ ਲੇਪ ਤਿਆਰ ਕੀਤਾ। ਇਹ ਲੇਪ ਉਨ੍ਹਾਂ ਸਥਾਨਾਂ ਤੇ ਲਗਾ ਦਿੱਤਾ ਜਾਂਦਾ ਸੀ। ਸਧਾਰਨ ਹਾਲਤ ਵਿਚ ਇਸ ਨੂੰ ਕੋਈ ਨੁਕਸਾਨ ਨਹੀਂ ਹੁੰਦੀ ਸੀ ਜਦੋਂ ਇਸਤਰੀ ਮਰਦ ਸਬੰਧ ਬਣਾਉਂਦੇ ਤਾਂ ਇਸ ਲੇਪ ਨੂੰ ਨੁਕਸਾਨ ਹੁੰਦਾ ਸੀ। ਸੁਹਾਗ ਰਾਤ ਸਮੇਂ ਪਤੀ ਦੇਖਦਾ ਹੈ ਕਿ ਪਤਨੀ ਦਾ ਲੇਪ ਠੀਕ ਹੈ ਜਾਂ ਨਹੀਂ। ਸੁਰੱਖਿਅਤ ਯੌਨੀ ਦੇ ਲਈ ਇਹ ਇਕ ਪ੍ਰੀਖਿਆ ਵਰਗੀ ਹੈ। ਇਹ ਲੇਪ ਕੀ ਹੈ, ਇਸ ਨੂੰ ਕਿਵੇਂ ਤਿਆਰ ਕੀਤਾ ਜਾਂਦਾ ਹੈ, ਕਿਵੇਂ ਲਗਾਇਆ ਜਾਂਦਾ ਹੈ, ਜੇਕਰ ਕੋਈ ਖੋਜ ਕਰਕੇ ਕੋਈ ਦੱਸ ਦੇਵੇ ਤਾਂ ਅੱਜ ਵੀ ਇਸ ਲੇਪ ਨੂੰ ਔਰਤਾਂ ਦੇ ਉਨ੍ਹਾਂ ਸਥਾਨਾਂ ਤੇ ਮਰਦ ਪਿੱਛੇ ਨਹੀਂ ਹੱਟਣਗੇ।

ਜਦ ਪੁਰਸ਼ ਕੰਨਿਆ ਦੀ ਪਵਿੱਤਰਤਾ ਦੀ ਰੱਖਿਆ ਦੇ ਲਈ ਐਨੇ ਹੱਲ ਲੱਭਦਾ ਹੈ ਤਾਂ ਆਪਣੀ ਪਤਨੀ ਦੀ ਪਵਿੱਤਰਤਾ ਧਰਮ ਦੀ ਰੱਖਿਆ ਦੇ ਲਈ ਉਹ ਕੀ ਨਹੀਂ ਕਰ ਸਕਤਾ ਹੈ? ਬਚਪਨ ਵਿਚ ਕਪੜੇ ਅਤੇ ਚਪੜੇ ਦੀ ਪੱਟੀ ਲਗਾਉਂਦਾ ਹੈ ਤਾਂ ਵਿਆਹ ਹੋਣ ਤੋਂ ਬਾਅਦ ਉਸ ਨੂੰ ਲੋਹੇ ਦੀ ਕਮਰ ਪੇਟੀ ਪਾਉਣ ਦੇ ਲਈ ਬੇਵਸ ਕਰਦਾ ਹੈ। ਕੰਨਿਆਂ ਦੀ ਪਵਿੱਤਰਤਾ ਆਪਣੇ ਸੁੱਖ ਸਹੂਲਤ ਦੇ ਲਈ ਹੈ ਤਾਂ ਪਤਨੀ ਦੀ ਪਵਿੱਤਰਤਾ ਪੂਰੇ ਪਰਿਵਾਰ ਦੀ ਭਲਾਈ ਦੇ ਲਈ ਹੈ। ਇਸਦੀ ਰੱਖਿਆ ਕਰਨਾ ਪਰਮ ਧਰਮ ਹੈ।

ਪਤੀ ਪਤਨੀ ਇਕ ਹੀ ਸਥਾਨ ਉੱਤੇ ਰਹਿਣਗੇ ਤਾਂ ਪਤਨੀ ਧਰਮ ਦੀ ਰੱਖਿਆ ਕਰਨ ਵਿਚ ਪਤੀ ਨੂੰ ਐਨਾ ਕਸ਼ਟ ਨਹੀਂ ਉਠਾਉਣਾ ਪਵੇਗਾ ਪ੍ਰੰਤੂ ਉਹ ਕਿਤੇ ਸਫ਼ਰ ਉੱਤੇ ਜਾ ਰਿਹਾ ਹੈ ਤਾਂ ਕੀ ਕਰੇ? ਪਤਨੀ ਦੀ ਦ੍ਰਿਸ਼ਟੀ ਪਰਾਏ ਮਰਦ ਉੱਤੇ ਪਵੇਗੀ ਤਾਂ ਉਹ ਕਿਵੇ ਸਹਿਨ ਕਰ ਸਕੇਗਾ? ਇਸ ਲਈ ਘਰ ਛੱਡ ਕੇ ਦੂਰ ਦੇਸ਼ ਜਾਂਦੇ ਸਮੇਂ ਮਰਦ ਆਪਣੀ ਪਤਨੀ ਨੂੰ ਕਮਰ ਪੇਟੀਆਂ ਪਾ ਕੇ ਜਿੰਦਾ ਲਗਾ ਕੇ ਚਾਬੀ ਆਪਣੇ ਕੋਲ ਲੈ ਜਾਂਦਾ ਸੀ। ਉਸ ਨੂੰ ਵਿਸ਼ਵਾਸ ਸੀ ਕਿ ਚਾਬੀ ਉਸ ਦੇ ਕੋਲ ਜਦੋਂ ਤੱਕ ਰਹੇਗੀ ਉਦੋਂ ਤਕ ਪਤਨੀ ਦੀ ਪਵਿੱਤਰਤਾ ਧਰਮ ਨੂੰ ਕੋਈ ਹਾਨੀ ਨਹੀਂ ਪਹੁੰਚੇਗੀ।

ਇਸ ਪ੍ਰਥਾ ਦੇ ਸਬੰਧ ਵਿਚ ਸ਼ਿਲਾਲੇਖਾਂ ਵਿਚ ਵੀ ਲਿਖਿਆ ਗਿਆ ਹੈ। ਇਕ ਵੱਡੀ ਸੰਗਮਰਮਰ ਦੀ ਮੂਰਤੀ ਮਿਲਦੀ ਹੈ। ਇਸ ਵਿਚ ਦਿਸਦਾ ਹੈ ਕਿ ਪਤੀ ਦੂਰ ਦੇਸ਼ ਜਾ ਰਿਹਾ ਹੈ। ਪਤਨੀ ਨੇ ਕਮਰ ਪੇਟੀ ਪਹਿਨੀ ਹੋਈ ਹੈ। ਉਸ ਕਮਰ ਪੇਟੀ ਨਾਲ ਜਿੰਦਾ ਵੀ ਹੈ। ਉਹ ਆਪਣੇ ਪਤੀ ਨੂੰ ਚਾਬੀ ਦੇ ਰਿਹਾ ਹੈ। ਸਾਇਦ ਉਹ ਮੂਰਤੀ ਬੋਲਦੀ ਹੋਵੇਗੀ ਕਿ ਇਹ ਕਮਰਪੇਟੀ ਪਤੀ ਵਰਤਾ ਧਰਮ ਦੀ ਰੱਖਿਆ ਦਾ ਇਕ ਸਾਧਨ ਹੈ, ਇਸਨੂੰ ਜਿੰਦਾ ਲਾ ਕੇ ਚਾਬੀ ਆਪਣੇ ਕੋਲ ਲੈ ਜਾਓ। ਵੰਸ਼ ਦੀ ਪਵਿੱਤਰਤਾ ਦੀ ਰੱਖਿਆ ਕਰੋ। ਤੁਸੀਂ ਪਰਤ ਕੇ ਇਹ ਜਿੰਦਾ ਖੋਲਣਾ। ਉਦੋਂ ਤੱਕ ਮੈਂ ਕਿਸੇ ਗੈਰ ਮਰਦ ਨੂੰ ਨਹੀਂ ਵੇਖਾਗੀ। ਤੁਸੀਂ ਬੇ ਫਿਕਰ ਰਹੋ। ਅਸੀਂ ਅਭਾਗੇ ਹਾਂ ਇਸ ਲਈ ਉਸਦੀਆਂ ਗੱਲਾਂ ਸਾਨੂੰ ਸੁਣਾਈ ਨਹੀਂ ਪੈਂਦੀਆਂ।

**ਸ਼ਰਮਨਾਕ ਕਮਰ ਪੇਟੀਆਂ ਗਹਿਣਿਆਂ ਦੇ ਰੂਪ ਵਿਚ-**

ਔਰਤਾਂ ਦੀਆਂ ਗਲਤੀਆਂ ਕੱਢਣਾ ਮਰਦ ਦਾ ਸੁਭਾ ਹੈ। ਪ੍ਰੰਤੂ ਉਹ ਇਹ ਕਦੇ ਨਹੀਂ ਸੋਚਦਾ ਕਿ ਔਰਤਾਂ ਨੂੰ ਗਲਤ ਕੰਮ ਕਰਨ ਦੇ ਲਈ ਉਹ ਖੁਦ ਕਿੱਥੋਂ ਤੱਕ ਜ਼ਿੰਮੇਵਾਰ ਹੈ। ਆਦਿ ਮਾਨਵ ਵਿਚ ਇਸ ਤਰ੍ਹਾਂ ਦਾ ਅਹਿਸਾਸ ਬਿਲਕੁੱਲ ਨਹੀਂ ਸੀ। ਆਧੁਨਿਕ ਮਨੁੱਖ ਵੀ ਇਸ ਦੇ ਸੰਬੰਧ ਵਿਚ ਨਹੀਂ ਸੋਚਦਾ ਹੈ। ਪੁਰਸ਼ ਆਪਣੀ ਇੱਛਾ ਨਾਲ ਔਰਤਾਂ ਦੇ ਨਾਲ ਘੁੰਮ ਸਕਦਾ ਹੈ। ਉਸ ਰਸੀਆ, ਲਜ਼ੀਜ ਮਰਦ ਆਦਿ ਨਾਵਾਂ ਨਾਲ ਸੰਬੋਧਤ ਕੀਤਾ ਜਾਂਦਾ ਹੈ। ਇਹ ਉਸ ਦੇ ਮਰਦਾਓਪਨ ਦਾ ਪ੍ਰਤੀਕ ਹੈ। ਜੇਕਰ ਕੋਈ ਪੁੱਛੇ ਬਈ



ਤੇਰਾ ਅਜਿਹਾ ਕਰਨਾ ਤਰਕਸੰਗਤ ਹੈ, ਪਰਾਈਆਂ ਔਰਤਾਂ ਨਾਲ ਸਬੰਧ ਰੱਖਣਾ ਅਨੈਤਿਕ ਨਹੀਂ ਹੈ, ਤਾਂ ਉਹ ਉਤਰ ਦਿੰਦਾ ਹੈ ਕਿ ਵਿਸ਼ਵਾ ਮਿੱਤਰ ਵਰਗੇ ਕੰਦ-ਮੂਲ ਫ਼ਲ ਖਾਣ ਵਾਲੇ ਮਹਾ ਮੁਨੀ ਜਦੋਂ ਔਰਤਾਂ ਨੂੰ ਦੇਖਦਿਆਂ ਹੀ ਆਪਾ ਖੋਹ ਲੈਂਦੇ ਸਨ, ਸਾਰੇ ਵਕਾਰ ਨੂੰ, ਤਪੱਸਿਆ ਨੂੰ ਮਿੱਟੀ ਵਿਚ ਰੋਲ ਦਿੰਦੇ ਸਨ ਤਾਂ ਸੰਤੁਲਿਤ ਭੋਜਨ, ਦੁੱਧ, ਦਹੀਂ, ਘਿਓ ਖਾਣ ਵਾਲੇ ਸਾਡੇ ਵਰਗੇ ਦੀ ਕੀ ਮਜਾਲ! ਅਸੀਂ ਕਿਵੇਂ ਆਪਣੇ ਆਪ ਉੱਤੇ ਕਾਬੂ ਰੱਖ ਸਕਦੇ ਹਾਂ? ਇੰਦਰੀਆਂ ਨੂੰ ਕਾਬੂ ਵਿਚ ਰੱਖਣਾ ਬਹੁਤ ਔਖਾ ਕਾਰਜ ਹੈ। ਸੰਜਮ ਰੱਖਣਾ ਵਿੰਧਿਆਂਚਲ ਪਹਾੜ ਦੇ ਸਮੁੰਦਰ ਵਿਚ ਤੈਰਨ ਵਾਂਗ ਹੈ। ਸੰਤੁਲਿਤ ਭੋਜਨ ਕਰਨ ਵਾਲੇ ਪੁਰਸ਼ ਇੰਦਰੀਆਂ ਨੂੰ ਕਾਬੂ ਵਿਚ ਨਹੀਂ ਰੱਖ ਸਕਦੇ, ਇਹ ਪੁਰਸ਼ ਦੀ ਮਜਬੂਰੀ ਹੈ। ਪ੍ਰੰਤੂ ਔਰਤਾਂ ਵੀ ਉਹੀ ਭੋਜਨ ਕਰਦੀਆਂ ਹਨ। ਇਸ ਭੋਜਨ ਵਿਚ ਵੀ ਉਹੀ ਗੁਣ ਹੁੰਦੇ ਹਨ, ਮਰਦ ਇਸ ਦੇ ਸੰਬੰਧ ਵਿਚ ਕਿਓਂ ਨਹੀਂ ਸੋਚਦਾ। ਜੇਕਰ ਔਰਤ ਵੀ ਕਦੇ ਕਦੇ ਫ਼ਿਸਲ ਗਈ, ਕੁਰਾਹੇ ਪੈ ਗਈ, ਤਾਂ ਇਸ ਵਿਚ ਗਲਤੀ ਹੀ ਕੀ ਹੈ। ਉਸ ਦਾ ਦੋਸ਼ ਕੀ ਹੈ? ਪ੍ਰੰਤੂ ਮਰਦਾਂ ਨੂੰ ਜਿਹੜੀ ਸਵਾਰਥ ਦੀ ਭਾਵਨਾ ਹੁੰਦੀ ਹੈ, ਉਹ ਇਨ੍ਹਾਂ ਸਵਾਲਾਂ ਦੇ ਸੰਬੰਧ ਵਿਚ ਨਹੀਂ ਸੋਚਣ ਦਿੰਦੀ। ਇਸੇ ਸਵਾਰਥ ਦੇ ਕਾਰਨ ਮਰਦ ਅੰਨਾ ਹੋ ਜਾਂਦਾ ਹੈ।

ਮਰਦ ਅਨੇਕਾਂ ਵਿਆਹ ਕਰ ਸਕਦਾ ਹੈ। ਜੇਕਰ ਕੋਈ ਪੁੱਛੇ ਕਿ ਮਰਦ ਨੂੰ ਅਜਿਹਾ ਕਰਨਾ ਅਨੈਤਿਕ ਨਹੀਂ ਹੈ, ਤਾਂ ਇਹੀ ਉੱਤਰ ਮਿਲੇਗਾ ਕਿ ਉਹ ਔਲਾਦ ਦੇ ਲਈ ਅਨੇਕਾਂ ਵਿਆਹ ਕਰ ਸਕਦਾ ਹੈ। ਪ੍ਰੰਤੂ ਪਹਿਲੀ ਪਤਨੀ ਦੇ ਅੱਧਾ ਦਰਜਨ ਬੱਚੇ ਹੋਣ ਦੇ ਬਾਅਦ ਵੀ ਵਿਆਹ ਕਰਨ ਵਾਲੇ ਅਨੇਕਾਂ ਪੁਰਸ਼ ਹਨ। ਦੋਵੇਂ ਪਤਨੀਆਂ ਦੇ ਔਲਾਦ ਹੋਣ ਦੇ ਬਾਵਜੂਦ ਵੀ ਤੀਜਾ ਵਿਆਹ ਕਰਨ ਵਾਲੇ ਮਰਦ ਹਜ਼ਾਰਾ ਹਨ। ਉਨ੍ਹਾਂ ਦੇ ਵਿਸ਼ੇ ਵਿਚ ਕੀ ਕਹੀਏ। ਮਰਦ ਆਪਣੀ ਕਾਮ ਤ੍ਰਿਪਤੀ ਦੇ ਲਈ ਬਾਹਰ ਔਰਤਾਂ ਪ੍ਰਾਪਤ ਕਰ ਲੈਂਦਾ ਹੈ ਪ੍ਰੰਤੂ ਘਰ ਵਿਚ ਜਿਹੜੀ ਔਰਤ ਦਬ ਦਬ ਕੇ ਮਰ ਰਹੀ ਹੈ, ਉਸ ਪਤਨੀ ਦਾ ਕੀ ਹੋਵੇਗਾ? ਮਰਦ ਆਪਣੇ ਭੋਜਨ ਦੇ ਲਈ ਦੁੱਧ ਦਹੀਂ ਦਾ ਤਾਂ ਸਹੀ ਪ੍ਰਯੋਗ ਕਰਦਾ ਹੈ, ਪ੍ਰੰਤੂ ਉਹੀ ਭੋਜਨ, ਉਹੀ ਦੁੱਧ ਦਹੀ ਖਾਣਵਾਲੀ ਔਰਤ ਦਾ ਕੀ ਹੋਵੇਗਾ? ਉਸ ਦੀ ਤ੍ਰਿਸ਼ਨਾ ਦਾ ਕੀ ਹੋਵੇਗਾ? ਉਸਦੀ ਕਾਮ ਤ੍ਰਿਪਤੀ ਦੇ ਲਈ ਮਰਦ ਨੇ ਕਈ ਹੱਲ ਕੱਢ ਲਏ ਹਨ? ਉਸ ਨੂੰ ਤ੍ਰਿਪਤ ਕਰਕੇ ਆਪਣੀ ਤ੍ਰਿਪਤੀ ਦੇ ਲਈ ਜੇਕਰ ਬਾਹਰ ਜਾਵੇ ਤਾਂ ਕੋਈ ਗੱਲ ਨਹੀਂ, ਪ੍ਰੰਤੂ ਮਰਦ ਅਜਿਹਾ ਨਹੀਂ ਕਰਦਾ।

ਔਰਤ ਮੰਨਦੀ ਹੈ ਕਿ ਉਹ ਪ੍ਰਕ੍ਰਿਤੀ ਨੂੰ ਆਪਣੀ ਮੁੱਠੀ ਵਿੱਚ ਬੰਦ ਨਹੀਂ ਰੱਖ ਸਕਦੀ, ਉਹ ਵੀ ਮਰਦ ਦੇ ਵਾਂਗ ਬੇਵੱਸ ਹੈ। ਇਸ ਲਈ ਉਹ ਵੀ ਕਦੇ ਕਦੇ ਬਹਿਕ ਜਾਵੇਗੀ। ਮਰਦ ਤੁਰੰਤ ਉਸ ਨੂੰ ਚ੍ਰਤਿਰਹੀਣ ਕਹਿ ਕੇ ਸਜ਼ਾ ਦਿੰਦਾ ਹੈ। ਉਸ ਨੂੰ ਗਾਲਾਂ ਦਿੰਦਾ ਹੈ ਤੇ ਕਹਿੰਦਾ ਹੈ ਕਿ ਔਰਤ ਸੱਪ ਵਾਂਗ ਹੁੰਦੀ ਹੈ, ਉਸ ਤੋਂ ਦੂਰ ਭੱਜ ਜਾਓ, ਉਹ ਅਗਨੀ ਹੈ, ਸਭ ਦਾ ਨਾਸ਼ ਕਰ ਦੇਵੇਗੀ। ਉਸ ਨੂੰ ਕਮਰ ਪੇਟੀਆਂ ਪਾ ਕੇ ਸਜ਼ਾ ਦਿੰਦਾ ਹੈ। ਦੋਸ਼ ਮਰਦ ਦਾ ਹੋਣ ਤੇ ਵੀ ਔਰਤ ਨੂੰ ਸਜ਼ਾ ਮਿਲਦੀ ਹੈ।

ਬਹੁ ਪਤਨੀਆਂ ਦਾ ਰਿਵਾਜ਼ ਜਿਨ੍ਹਾਂ ਦੇਸ਼ਾ ਵਿਚ ਸੀ ਉਥੇ ਇਨ੍ਹਾਂ ਕਮਰਪੇਟੀਆਂ ਦੀ ਵਰਤੋ ਵਧੇਰੇ ਹੁੰਦਾ ਸੀ। ਹੌਲੀ ਹੌਲੀ ਕਮਰ ਪੇਟੀਆਂ ਬਣਾਉਣੀਆਂ ਵੀ ਇਕ ਕਲਾ ਬਣ ਗਈ। ਨਵੇਂ ਨਵੇਂ ਡਿਜਾਇਨ ਬਣਾਉਣ ਵਿਚ ਕਲਾਕਾਰ ਮਾਹਰ ਹੋਣ ਲੱਗ ਪਏ। ਹੌਲੀ ਹੌਲੀ ਕਮਰ ਪੇਟੀਆਂ ਦੇ ਵੱਲ ਸਾਡੇ ਅਯਾਸ਼ ਰਾਜੇ ਖਿੱਚੇ ਜਾਣ ਲੱਗੇ।

ਏਥੇ ਦਿੱਤਾ ਗਿਆ ਕਮਰ ਪੇਟੀਆਂ ਦਾ ਚਿੱਤਰ ਦੇਖੋ। ਕਲਾਕਾਰ ਨੇ ਇਸ ਵਿਚ ਆਪਣੀ ਸਾਰੀ ਕਲਾ



ਪੇਸ਼ ਕੀਤੀ ਹੈ। ਇਸ ਵਿਚ ਕਿੰਨੀ ਚੰਗੀ ਕਾਰੀਗਰੀ ਕੀਤੀ ਗਈ ਹੈ। ਮਲ ਤੇ ਮੂਤਰ ਦਵਾਰਾਂ ਨੂੰ ਕਿੰਨਾ ਸੁੰਦਰ ਬਣਾਇਆ ਗਿਆ ਹੈ। ਉਂਝ ਮਰਦਾਂ ਨੇ ਕਮਰ ਪੇਟੀਆਂ ਆਪਣੇ ਸਵਾਰਥ ਤੇ ਅਨੰਦ ਲਈ ਬਣਾਈਆ ਪ੍ਰੰਤੂ ਔਰਤਾਂ ਨੇ ਇਨ੍ਹਾਂ ਨੂੰ ਗਹਿਣਿਆਂ ਦੇ ਰੂਪ ਵਿਚ ਸਵੀਕਾਰ ਕੀਤਾ। ਸੋਚੋ ਇਨ੍ਹਾਂ ਸੁੰਦਰ ਕਮਰ ਪੇਟੀਆਂ ਨੂੰ ਬਣਾਉਣ ਵਾਲਿਆਂ ਨੂੰ ਕਿੰਨੀ ਮਜ਼ਦੂਰੀ ਦਿੱਤੀ ਗਈ ਹੋਵੇਗੀ! ਕਈ ਔਰਤਾਂ ਨੇ ਆਪਣੀਆਂ ਗੁਵਾਂਢਣਾ ਨੂੰ ਕਮਰ ਪੇਟੀਆਂ ਵਿਖਾਈਆਂ ਹੋਣਗੀਆਂ। ਕਿਹਾ ਵੀ ਹੋਵੇਗਾ, 'ਦੇਖੋ ਮੇਰਾ ਪਤੀ ਮੇਰੇ ਲਈ ਕਿੰਨੀ ਸੁੰਦਰ ਕਮਰ ਪੇਟੀ ਲੈ ਕੇ ਆਇਆ ਹੈ।"

ਸੁੰਦਰ ਕਮਰ ਪੇਟੀਆਂ ਜਿਨ੍ਹਾਂ ਔਰਤਾਂ ਦੇ ਕੋਲ ਨਹੀਂ ਹੁੰਦੀਆਂ ਹੋਣਗੀਆਂ ਉਸ ਨੇ ਆਪਣੇ ਪਤੀ ਨੂੰ ਕਿਹਾ ਹੋਵੇਗਾ, "ਹੈਂ ਜੀ! ਮੈਨੂੰ ਇਕ ਸੁੰਦਰ ਜਿਹੀ ਕਮਰ ਪੇਟੀ ਕਿਓ ਨਹੀਂ ਲੈ ਕੇ ਦਿੰਦੇ! ਸੀਤਾ ਦੇ ਪਤੀ ਨੇ ਦਸ ਤੋਲੇ ਦੇ ਕੇ ਕਮਰ ਪੇਟੀ ਬਣਵਾਈ, ਸਵਿਤਰੀ ਦੇ ਪਤੀ ਨੇ ਬਾਰਾਂ ਤੋਲੇ ਦੇ ਕੇ ਕਮਰ ਪੇਟੀ ਬਣਵਾਈ। ਮੇਰੀ ਮਾੜੀ ਕਿਸਮਤ ਕਿ ਮੈਂ ਇਸ ਤੋਂ ਬਿਨਾ ਜੀਅ ਰਹੀ ਹਾਂ।' ਪਤਨੀਆਂ ਨੇ ਆਪਣੇ ਪਤੀਆਂ ਨੂੰ ਕਿੰਨਾ ਤੰਗ ਕੀਤਾ ਹੋਵੇਗਾ? ਬਚਾਰੇ ਪਤੀਆਂ ਨੇ ਕਮਰ ਪੇਟੀਆਂ ਲੈਣ ਦੇ ਲਈ ਕਿੰਨਾ ਤਰੱਦਦ ਕੀਤਾ ਹੋਵੇਗਾ। ਮੈਂ ਮਜ਼ਾਕ ਨਹੀਂ ਕਰ ਰਿਹਾ ਹਾਂ, ਇਹ ਸਾਰਾ ਕੁੱਝ ਸੱਚ ਹੈ। ਜਿਵੇਂ ਅੱਜ ਕੱਲ ਦੀਆਂ ਪਤਨੀਆਂ ਪਤੀਆਂ ਦੇ ਲਈ ਸੋਨੇ ਦੀਆਂ ਅੰਗੂਠੀਆਂ, ਜ਼ੰਜੀਰਾਂ, ਚੂੜੀਆਂ ਬਣਾ ਕੇ ਲੈਣ ਦੇ ਲਈ ਕਹਿ ਰਹੀ ਹੈ, ਉਸੇ ਤਰ੍ਹਾਂ ਉਸ ਜ਼ਮਾਨੇ ਵਿਚ ਔਰਤਾਂ ਆਪਣੇ ਪਤੀਆਂ ਨੂੰ ਕਮਰ ਪੇਟੀਆਂ ਬਣਾ ਕੇ ਲੈਣ ਦੇ ਲਈ ਕਹਿੰਦੀ ਸੀ। ਕੀ ਅੱਜ ਕੱਲ ਔਰਤਾਂ ਰੇਸ਼ਮੀ ਸਾੜੀ ਖਰੀਦੇ ਬਗੈਰ ਆਪਣੇ ਪਤੀਆਂ ਨੂੰ ਚੈਨ ਨਾਲ ਸੌਣ ਦਿੰਦੀ ਹੈ? ਆਖਿਰ ਪਤੀ ਨੂੰ ਰੇਸ਼ਮੀ ਸਾੜੀ ਖਰੀਦਣੀ ਹੀ ਪੈਂਦੀ ਹੈ, ਨਹੀਂ ਤਾਂ ਸਮਾਜ ਵਿਚ ਉਸ ਦੀ ਬੇਇੱਜਤੀ ਹੋਣੀ ਹੁੰਦੀ ਹੈ। ਇਸੇ ਤਰ੍ਹਾਂ ਉਸ ਜ਼ਮਾਨੇ ਵਿਚ ਜੋ ਪੁਰਸ਼ ਆਪਣੀਆਂ ਔਰਤਾਂ ਦੇ ਲਈ ਕਮਰ ਪੇਟੀ ਨਹੀਂ ਲਿਆਉਂਦਾ ਸੀ, ਉਸਨੂੰ ਬੇਇੱਜਤ ਕੀਤਾ ਜਾਂਦਾ ਸੀ। ਇਸ ਲਈ ਕਮਰ ਪੇਟੀਆਂ ਇਕ ਜ਼ਰੂਰੀ ਗਹਿਣਾ ਬਣ ਗਿਆ ਸੀ।

**ਮਰੁਗਬਿਲੀਆ ਅਤੇ ਕਮਰ ਪੇਟੀਆਂ ਦਾ ਨਿਰਮਾਣ-ਵਿਧਾਨ-**

ਕਮਰ ਪੇਟੀਆਂ ਇਕ ਤਰ੍ਹਾਂ ਨਾਲ ਔਰਤਾਂ ਦੇ ਗਹਿਣੇ ਬਣ ਗਏ। ਇਸ ਦੀ ਅਣਹੋਂਦ ਨਾਲ ਸਮਾਜ ਵਿਚ ਉਸਦਾ ਸਨਮਾਨ ਘੱਟ ਹੋਣ ਲੱਗਾ। ਅੱਜ ਦੀਆਂ ਮਰੁਗਬਿਲੀਆ ਅਤੀਤ ਦੀਆਂ ਕਮਰਪੇਟੀਆਂ ਦਾ ਹੀ ਬਦਲ ਹੈ। ਕਮਰ ਪੇਟੀ ਦੇ ਉਪਰਲੇ ਭਾਗ ਦੇ ਅਕਾਰ ਵਿਚ ਹੀ ਮਗੁਰਬਿਲੀਆਂ ਤਿਆਰ ਕੀਤੀਆਂ ਜਾਂਦੀਆਂ ਸਨ।

ਆਪਣੀ ਲੜਕੀ ਦੇ ਲਈ ਮਾਂ ਬਾਪ ਨੂੰ ਮਰੁਗਬਿਲਾ ਤਿਆਰ ਕਰਨਾ ਪੈਂਦਾ ਹੈ। ਜਿਹੜਾ ਮਾਂ ਬਾਪ ਮਰੁਗਬਿਲਾ ਨਹੀਂ ਤਿਆਰ ਕਰ ਸਕਦਾ, ਉਸ ਨੂੰ ਸਮਾਜ ਵਿਚ ਇੱਜ਼ਤ ਨਹੀਂ ਮਿਲਦੀ। ਉਹ ਮਾੜੇ ਨਜ਼ਰੀਏ ਨਾਲ ਵੇਖੇ ਜਾਂਦੇ ਸਨ। ਸਮਾਜ ਉਨ੍ਹਾਂ ਨੂੰ ਇਹ ਕਹਿ ਕੇ ਬੇਇੱਜ਼ਤ ਕਰਦਾ ਸੀ ਕਿ ਇਹ ਕਿਹੋ ਜਿਹੇ ਮਾਂ ਬਾਪ ਹਨ। ਆਪਣੀ ਲੜਕੀ ਦੇ ਲਈ ਇਕ ਮੁਰਗਬਿਲਾ ਵੀ ਨਹੀਂ ਬਣਾ ਸਕਦੇ।

ਮੁਰਗਬਿਲਾ ਕਮਰਪੇਟੀ ਦੀ ਨਕਲ ਹੈ। ਕੁੱਝ ਲੋਕ ਇਸ ਗੱਲ ਨਾਲ ਸਹਿਮਤ ਨਹੀਂ ਹੁੰਦੇ। ਉਨ੍ਹਾਂ ਦਾ ਕਹਿਣਾ ਹੈ ਕਿ ਗੁਪਤਅੰਗ ਨੂੰ ਨਜ਼ਰ ਨਾ ਲੱਗੇ ਇਸ ਲਈ ਬਿਲਾ ਤਿਆਰ ਕੀਤੀਆਂ ਜਾਂਦੀਆਂ ਸਨ। ਇਸ ਲਈ ਇਸ ਨੂੰ ਸਿਗੁਬਿਲਾ ਭਾਵ ਕਿ ਇੱਜ਼ਤ ਰੱਖਿਅਕ ਕਿਹਾ ਜਾਂਦਾ ਹੈ। ਪ੍ਰੰਤੂ ਇਸ ਗੱਲ ਨਾਲ ਅਸੀਂ ਸਹਿਮਤ ਨਹੀਂ ਹੋ ਸਕਦੇ। ਸ਼ਰਮ ਕਿਸਦੀ? ਨੰਨੀ ਲੜਕੀ ਨੂੰ? ਜਾਂ ਉਸ ਵੇਖਣ ਵਾਲੇ ਨੂੰ? ਛੋਟੀ ਜਿਹੀ ਲੜਕੀ ਨੂੰ ਭਲਾ ਲਾਜ਼ ਦਾ ਕੀ ਇਲਮ?

ਆਓ ਜਦੋਂ ਇਸ ਤਰਕ ਦੇ ਸਬੰਧ ਵਿਚ ਸੋਚੋ ਤਾਂ ਗੁਪਤ ਅੰਗ ਨੂੰ ਨਜ਼ਰ ਨਹੀਂ ਲੱਗਣੀ ਚਾਹੀਦੀ,

ਇਸ ਲਈ ਮੁਰਗਬਿਲਾ ਪਾਈਆਂ ਜਾਂਦੀਆਂ ਸਨ। ਪ੍ਰੰਤੂ ਭਾਈ ਸਾਹਿਬ ਲੜਕਿਆਂ ਦੇ ਗੁਪਤ ਅੰਗ ਹੁੰਦੇ ਹਨ, ਫਿਰ ਉਨ੍ਹਾਂ ਨੂੰ ਲਕਾਉਣ ਦੇ ਲਈ ਅਜਿਹੀਆਂ ਬਿਲਾਅ ਕਿਓ ਨਹੀਂ ਪਾਈਆਂ ਜਾਂਦੀਆਂ ਹਨ? ਤੁਸੀਂ ਕਹੋਗੇ ਕਿ ਦੇਖਣ ਵਾਲੇ ਨੂੰ ਸ਼ਰਮ ਆਉਂਦੀ ਹੈ। ਜੇਕਰ ਤੁਸੀਂ ਅਜਿਹਾ ਕਹੋਗੇ ਤਾਂ ਮੈਂ ਕਹਾਂਗਾ ਕਿ ਲੜਕਿਆਂ ਦੇ ਗੁਪਤ ਅੰਗਾਂ ਨੂੰ ਵੇਖਣ ਲਈ ਲੜਕੀਆਂ ਨਹੀਂ ਸ਼ਰਮਾਉਂਦੀਆਂ?, ਲੜਕੀ ਦੇ ਅੰਗ ਵੇਖਣ ਤੇ ਮਰਦ ਸ਼ਰਮਾਉਂਦੇ ਹਨ। ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ? ਨਹੀਂ ਨਹੀਂ... ਇਹ ਗੱਲ ਤੁਹਾਨੂੰ ਚੰਗੀ ਨਹੀਂ ਲੱਗੀ ਹੈ ਨਾ। ਅਸੀਂ ਇਸ ਤੋਂ ਵੀ ਚੰਗਾ ਜੁਵਾਬ ਦੇ ਸਕਦੇ ਹਾਂ। ਪ੍ਰੰਤੂ ਉਹ ਵੀ ਆਦਿ ਮਾਨਵ ਦੇ ਵਿਸ਼ਵਾਸ ਦੇ ਅਧਾਰ ਤੇ ਜਵਾਬ ਹੈ। ਉਹ ਇਹ ਕਿ ਨਜ਼ਰ ਲੱਗਣ ਤੋਂ ਇਹ ਤੜਾਗੀਆਂ ਪਾਈਆਂ ਜਾਂਦੀਆਂ ਸਨ। ਨਜ਼ਰ ਲੱਗਣ ਉੱਤੇ ਆਦਿ ਮਾਨਵ ਨੂੰ ਬਹੁਤ ਵਿਸ਼ਵਾਸ ਸੀ। ਕਿਸੇ ਦੀ ਨਜ਼ਰ ਗੁਪਤ ਅੰਗਾਂ ਤੇ ਨਹੀਂ ਪੈਣੀ ਚਾਹੀਦੀ। ਇਸ ਲਈ ਦ੍ਰਿਸ਼ਟੀ ਨੂੰ ਦੂਜੀਆਂ ਵਸਤੂਆਂ ਤੇ ਕੇਂਦਰਿਤ ਕਰਨ ਦੇ ਲਈ ਆਦਿ ਮਾਨਵ ਨੇ ਇਸ ਤਰ੍ਹਾਂ ਦੇ ਅਨੇਕਾਂ ਯਤਨ ਕੀਤੇ ਹਨ।

ਇਸ ਤਰਕ ਦੇ ਅਧਾਰ ਤੇ ਮੂੰਹ ਉੱਤੇ ਕਾਲਾ ਟਿੱਕਾ (ਸੁਰਮਾ) ਲਗਾਉਣ, ਕਾਲੇ ਮਣਕੇ, ਕਾਲਾ ਕੱਪੜਾ ਆਦਿ ਪਾਉਣ ਦਾ ਰਿਵਾਜ਼ ਪ੍ਰਚੱਲਤ ਹੋਇਆ। ਇਹ ਰਿਵਾਜ਼ ਸਾਰੀਆਂ ਜਾਤੀਆਂ 'ਚ ਪਾਇਆ ਜਾਂਦਾ ਹੈ। ਅੱਜ ਵੀ ਸਾਰੀ ਦੁਨੀਆਂ ਤੇ ਇਹ ਪ੍ਰਥਾ ਹੈ।

ਪੁਰਖਿਆ ਦਾ ਕਹਿਣਾ ਹੈ ਕਿ ਨਜ਼ਰ ਲੱਗਣ ਤੋਂ ਬਚਣ ਦੇ ਲਈ ਤੜਾਗੀ ਦੀ ਵਰਤੋਂ ਹੁੰਦੀ ਸੀ। ਇਸ ਦੇ ਲਈ ਉਹ ਉਦਾਹਰਣ ਦੇ ਰੂਪ ਵਿਚ ਦੱਸਦੇ ਹਨ ਕਿ ਲੜਕਿਆਂ ਦੀ ਤੜਾਗੀ ਵਿਚ ਗੋਲ ਅਕਾਰ ਦੀਆਂ ਸੋਨੇ ਚਾਂਦੀ ਦੀਆਂ ਵਸਤੂਆਂ ਜਾਂ ਲੰਮੇ ਅਕਾਰ ਦੇ ਸੋਨੇ ਚਾਂਦੀ ਦੇ ਘੁੰਗਰੂ ਬੰਨ੍ਹਦੇ ਸਨ। ਜੇਕਰ ਆਰਥਿਕ ਸਥਿਤੀ ਦੇ ਕਾਰਨ ਸੋਨਾ ਜਾਂ ਚਾਂਦੀ ਦੇ ਨਾ ਬਣਾ ਸਕੀਏ ਤਾਂ ਧਾਗੇ ਵਿਚ ਕਾਲਾ ਮਣਕਾ ਜਾਂ ਮੋਤੀ ਪਾਏ ਜਾਂਦੇ ਸਨ।

ਇਸ ਤਰਕ ਨੂੰ ਵੀ ਅਸੀਂ ਅਸਵੀਕਾਰ ਨਹੀਂ ਕਰ ਸਕਦੇ। ਇਸ ਵਿਚ ਵੀ ਕੁੱਝ ਸੱਚ ਹੈ। ਪ੍ਰੰਤੂ ਅਕਾਰ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਹ ਤੜਾਗੀ ਕਮਰਪੇਟੀ ਦਾ ਹੀ ਪ੍ਰਤੀਬਿੰਬ ਹੈ। ਇਹ ਤਰਕ ਵਧੇਰੇ ਠੀਕ ਲੱਗਦਾ ਹੈ। ਮੁਰਗ ਬਿੱਲਾ ਨੂੰ ਪਿੱਪਰ ਦੇ ਪੱਤੇ ਦੇ ਅਕਾਰ ਦਾ ਬਣਾਇਆ ਜਾਂਦਾ ਹੈ। ਇਸ ਬਿੱਲਾ ਦੇ ਵਿਚ ਦੋ ਤਿੰਨ ਲੰਮੀਆਂ ਰੇਖਾਵਾਂ (ਪਿੱਪਲ ਦੇ ਪੱਤਿਆਂ ਵਰਗੀ) ਹੁੰਦੀ ਹੈ। ਅਜਿਹਾ ਲੱਗਦਾ ਹੈ ਕਿ ਇਨ੍ਹਾਂ ਬਿੱਲਾ ਅਤੇ ਕਮਰਪੇਟੀਆਂ ਦੇ ਨਿਰਮਾਣ ਦੇ ਪਿੱਛੇ ਇਕ ਹੀ ਵਿਅਕਤੀ ਦਾ ਹੱਥ ਹੈ। ਇਕ ਹੀ ਵਿਅਕਤੀ ਦੀ ਕਲਪਨਾ ਹੈ। ਮੋਹਰਲੇ ਭਾਗ ਵਿਚ ਇਕ ਬਿੱਲਾ ਅਤੇ ਪਿੱਛੇ ਦੇ ਭਾਗ ਵਿਚ ਇਕ ਬਿੱਲਾ ਪਾ ਕੇ ਦੋ ਬਿੱਲਾ ਦੇ ਕਿਨਾਰਿਆਂ ਨੂੰ ਥੋੜਾ ਮੋੜ ਕੇ ਜੋੜ ਦਿੱਤਾ ਜਾਵੇ ਤਾਂ ਕਮਰਪੇਟੀਆਂ ਬਣ ਜਾਂਦੀਆਂ ਹਨ। ਕਮਰਪੇਟੀਆਂ ਬਣਾਉਣ ਦੇ ਲਈ ਬਿੱਲਾ ਦੇ ਕਿਨਾਰਿਆਂ ਨੂੰ ਪਤਲਾ ਕੀਤਾ ਜਾਂਦਾ ਹੈ। ਇਸ ਵਿਚ ਸਹੂਲਤ ਇਹ ਹੈ ਕਿ ਇਨ੍ਹਾਂ ਦੇ ਸਰਕਣ ਨਾਲ ਜਾਂਘਾ ਨੂੰ ਤਕਲੀਫ ਨਹੀਂ ਹੁੰਦੀ ਹੈ।

ਦੋਹਾਂ ਕਿਨਾਰਿਆਂ ਨੂੰ ਇਕ ਕਿੱਲ ਨਾਲ ਜੋੜਿਆ ਜਾਂਦਾ ਹੈ। ਵੈਲਡਿੰਗ ਕੀਤਾ ਜਾਂਦਾ ਹੈ। ਤਾਂ ਕਿ ਕਮਰਪੇਟੀ ਖੋਹਲਦੇ ਅਤੇ ਲਗਾਉਂਦੇ ਸਮੇਂ ਕੋਈ ਕਸ਼ਟ ਨਾ ਹੋਵੇ। ਜੇਕਰ ਕਿਸੇ ਨੂੰ ਇਸ ਤਰ੍ਹਾਂ ਜੋੜਨਾ ਪਸੰਦ ਨਾ ਹੋਵੇ ਤਾਂ ਇਕ ਹੀ ਪੱਤੇ ਸਾਹਮਣੇ ਤੇ ਪਿੱਛੇ ਵੱਲ ਬਿਲਾ ਨੂੰ ਤਿਆਰ ਕਰਦੇ ਸਨ ਅਤੇ ਵਿਚਕਾਰਲੇ ਭਾਗ ਨੂੰ ਪਤਲਾ ਕਰਦੇ ਸਨ। ਇਹ ਇਕ ਪਤਰੇ ਦੀ ਬਣਾਈ ਗਈ ਕਮਰ ਪੇਟੀ ਹੁੰਦੀ ਹੈ। ਇਸ ਵਿਚ ਜੋੜ ਨਹੀਂ ਹੁੰਦਾ। ਵਿਚਕਾਰਲੇ ਭਾਗ ਵਿਚ ਪਤਰਾ ਪਤਲਾ ਰਹਿਣ ਦੇ ਕਾਰਨ ਅਸੀਂ ਜਿਸ ਤਰ੍ਹਾਂ ਚਾਹੇ ਇਸ ਨੂੰ ਮੋੜ ਸਕਦੇ ਹਾਂ।

ਸਾਹਮਣੇ ਬਿੱਲਾ ਅਤੇ ਪਿੱਛੇ ਵਾਲੀ ਬਿਲਾ ਚ ਮਲ ਮੂਤਰ ਨਿਕਲਣ ਦੇ ਲਈ ਛੇਕ ਕਰਦੇ ਸਨ। ਇਸ



ਨੂੰ ਬੰਨ੍ਹਣ ਦੇ ਲਈ ਤੜਾਗੀ ਦੇ ਵਾਂਗ ਲੋਹੇ ਦਾ ਕਮਰਬੰਦ ਬਣਾਉਂਦੇ ਸਨ। ਇਹ ਪੱਟਾ ਜੇਕਰ ਇਕ ਹੀ ਪੱਤਰੇ ਦਾ ਹੋਵੇ ਤਾਂ ਕਸ਼ਟ ਹੁੰਦਾ, ਇਸ ਲਈ ਇਸ ਨੂੰ ਤਿੰਨ ਚਾਰ ਟੁਕੜਿਆਂ ਨੂੰ ਜੋੜ ਕੇ ਬਣਾਉਂਦੇ ਸਨ। ਇਸ ਪੱਟਿਆਂ ਨੂੰ ਦੋਹਾਂ ਬਿੱਲਾ ਦੇ ਉਪਰਲੇ ਭਾਗ ਵਿਚ ਕੀਤੇ ਗਏ ਛੇਕ ਦੇ ਅੰਦਰ ਪਾ ਕੇ ਪੂਰੀ ਤਰ੍ਹਾਂ ਬੰਨ੍ਹ ਕੇ ਪੱਟਿਆਂ ਦੇ ਦੋਹਾਂ ਕਿਨਾਰਿਆਂ ਨੂੰ ਮਿਲਾ ਕੇ ਤਾਲਾ ਲਗਾ ਦਿੰਦੇ ਸਨ। ਇਹ ਹੈ ਕਮਰ ਪੇਟੀ ਦਾ ਨਿਰਮਾਣ ਦਾ ਢੰਗ।

ਐਨਾ ਕਸ਼ਟ ਝੱਲਣ ਤੋਂ ਬਾਅਦ ਕਮਰ ਪੇਟੀ ਬਣਦੀ ਸੀ। ਪਤੀ ਬਰਤਾ ਧਰਮ ਦੀ ਰੱਖਿਆ ਦੇ ਲਈ ਐਨਾ ਮਹਾਨ ਸਾਧਨ ਕਿਸ ਨੇ ਬਣਾਇਆ ਹੋਵੇਗਾ। ਸੱਚਮੁੱਚ ਉਹ ਕਿੰਨਾ ਮਹਾਨ ਵਿਅਕਤੀ ਹੋਵੇਗਾ। ਕਿਹੜੇ ਦੇਸ਼ ਦਾ ਹੋਵੇਗਾ! ਕਿਹੜੀ ਜਾਤੀ ਦਾ ਹੋਵੇਗਾ! ਸੋਚੋ ਤਾਂ!

**ਭਵਿੱਖੀ ਸੰਕਟ-**

ਤੈਲਗੂ ਅਤੇ ਸੰਸਕ੍ਰਿਤ ਭਾਸ਼ਾ ਦੇ ਕਵੀਆਂ ਨੇ ਪਿੱਪਲ ਯੁਦਮ ਦਾ ਵਰਣਨ ਕੀਤਾ ਹੈ। ਜਾਪਾਨੀ ਲੋਕ ਇਸ਼ਨਾਨ ਦੇ ਸਮੇਂ ਅੰਜ਼ੀਰ ਦੇ ਪੱਤਿਆਂ ਦੀ ਵਰਤੋਂ ਕਰਦੇ ਸਨ। ਅੰਜ਼ੀਰ ਦੇ ਪੱਤੇ ਹੀ ਕਮਰਪੇਟੀਆਂ ਹਨ। ਪਿੱਪਲ ਦੇ ਪੱਤਿਆਂ ਦੇ ਅਕਾਰ 'ਚ ਕਮਰਪੇਟੀਆਂ ਬਣਾਈਆਂ ਜਾਂਦੀਆਂ ਸਨ। ਕਮਰ ਪੇਟੀਆਂ ਦੇ ਪੱਤੇ ਚੁੱਭਣ 'ਚ ਕਸ਼ਟ ਹੁੰਦਾ ਸੀ। ਇਸ ਕਸ਼ਟ ਤੋਂ ਬਚਣ ਦੇ ਲਈ ਉਨ੍ਹਾਂ ਨੇ ਇਕ ਹੱਲ ਲੱਭ ਲਿਆ। ਪੱਤਿਆਂ ਦੇ ਅੰਦਰ, ਸ਼ਰੀਰ ਨਾਲ ਘਸਰਨ ਵਾਲੇ ਭਾਗ 'ਤੇ, ਮੁਲਾਇਮ ਚਮੜਾ ਜਾਂ ਕੱਪੜਾ ਲਗਾਉਂਦੇ ਸਨ। ਸਰਮਾਏਦਾਰ ਇਨ੍ਹਾਂ ਕਮਰ ਪੇਟੀਆਂ ਨੂੰ ਹੋਰ ਵੀ ਸੁੰਦਰ ਅਤੇ ਸਹੂਲਤ ਵਾਲੀਆਂ ਬਣਾ ਲੈਂਦੇ ਸਨ।

ਕਮਰ ਪੇਟੀਆਂ ਨੂੰ ਜਿੰਦਾ ਲਗਾਇਆ ਜਾਂਦਾ ਸੀ। ਜਿੰਦਾ ਬਣਾਉਣ ਵਾਲੇ ਇਨ੍ਹਾਂ ਨੂੰ ਬਣਾਉਣ ਵਿਚ ਆਪਣੀ ਪੂਰੀ ਕਲਾ ਦਿਖਾਉਣ ਦਾ ਯਤਨ ਕਰਦੇ ਸਨ। ਉਹ ਅਜਿਹੇ ਜਿੰਦੇ ਬਣਾਉਂਦੇ ਸਨ ਜਿਨ੍ਹਾਂ ਨੂੰ ਕੋਈ ਖੋਲ੍ਹ ਨਹੀਂ ਸਕਦਾ ਸੀ। ਜਿੰਦੇ ਬਣਦੇ ਸਨ। ਇਕ ਅਜੀਬ ਜਿੰਦੇ ਨੂੰ ਇਕ ਕਾਰੀਗਰ ਨੇ ਤਿਆਰ ਕੀਤਾ। ਉਹ ਆਪਣੀ ਪਤਨੀ ਨੂੰ ਕਮਰ ਪੇਟੀ ਪਾ ਕੇ ਚਾਬੀ ਲੈ ਕੇ ਦੂਰ ਦੇਸ਼ ਚਲਾ ਗਿਆ। ਐਨੇ ਨੂੰ ਕੋਈ ਸੰਕਟ ਆਉਣ ਤੇ ਉਸ ਦੀ ਉਹ ਚਾਬੀ ਗਵਾਚ ਗਈ। ਉਹ ਅਨੇਕਾਂ ਕਸ਼ਟ ਝੱਲ ਕੇ ਆਪਣੀ ਜਾਨ ਬਚਾ ਕੇ ਘਰ ਆਇਆ। ਪਤਨੀ ਦੀ ਕਮਰ ਪੇਟੀ ਦਾ ਤਾਲਾ ਉਂਝ ਦਾ ਉਂਝ ਸੀ। ਉਹ ਸੰਕਟ ਵਿਚ ਪੈ ਗਿਆ ਕਿ ਹੁਣ ਕੀ ਕੀਤਾ ਜਾਵੇ? ਤਾਲਾ ਕਿਸ ਤਰ੍ਹਾਂ ਖੋਲ੍ਹਿਆ ਜਾਵੇ?

ਬੇਚਾਰੇ ਨੂੰ ਕੁੱਝ ਵੀ ਨਹੀਂ ਸੁੱਝਿਆ। ਪ੍ਰੰਤੂ ਅਰਾਮ ਨਾਲ ਵੀ ਨਹੀਂ ਬੈਠ ਸਕਦਾ ਸੀ। ਅਨੇਕ ਯਤਨਾ ਤੋਂ ਬਾਅਦ ਉਹ ਆਪਣੀ ਪਤਨੀ ਦੇ ਪਤੀ ਵਰਤਾ ਧਰਮ ਦੀ ਰੱਖਿਆ ਕਰ ਸਕਿਆ। ਪ੍ਰੰਤੂ ਹੁਣ ਪਤਨੀ ਦਾ ਸੁੱਖ ਉਸ ਨੂੰ ਮਿਲਣਾ ਚਾਹੀਦਾ, ਉਹ ਬਹੁਤ ਸੰਕਟ ਵਿਚ ਫਸ ਗਿਆ। ਬਾਹਰ ਪਤਾ ਲੱਗੇਗਾ ਤਾਂ ਲੋਕ ਕੀ ਕਹਿਣਗੇ। ਸਮਾਜ ਉਸ ਨੂੰ ਕਲੰਕਿਤ ਕਰੇਗਾ ਅਤੇ ਕਹੇਗਾ ਕਿ ਐਨੀ ਪਤੀ ਵਰਤਾ ਤੇ ਉਸ ਨੂੰ ਸ਼ੱਕ ਸੀ ਛੀ ਛੀ ਪ੍ਰੰਤੂ ਇਸ ਸੱਚ ਨੂੰ ਲਕੋ ਕੇ ਕਿਸ ਤਰ੍ਹਾਂ ਰੱਖਿਆ ਜਾਵੇ? ਹੁਣ ਕਮਰ ਪੇਟੀ ਨਾਲ ਸਮੱਸਿਆ ਖੜੀ ਹੋ ਗਈ। ਤਾਲਾ ਬਣਾਉਣ ਵਾਲੇ ਨੂੰ ਸੱਦਣਾ ਵੀ ਉਸ ਨੂੰ ਬੇਇੱਜਤੀ ਵਾਲਾ ਕੰਮ ਲੱਗਾ। ਤਾਲਾ ਤੋੜਨ ਦੇ ਲਈ ਉਸ ਨੇ ਅਨੇਕ ਯਤਨ ਕੀਤੇ ਪ੍ਰੰਤੂ ਕੋਈ ਲਾਭ ਨਹੀਂ ਹੋਇਆ। ਅੰਤ ਸ਼ਰਮ ਬਾਰੇ ਨਾ ਸੋਚ ਕੇ ਉਸ ਨੇ ਇਕ ਬਜ਼ੁਰਗ ਸੁਨਿਆਰੇ ਨੂੰ ਸੱਦਿਆ ਤੇ ਉਸ ਦੀ ਸਹਾਇਤਾ ਲਈ। ਇਸ ਤਰ੍ਹਾਂ ਉਸ ਨੂੰ ਆਪਣੀ ਗਲਤੀ ਦੀ ਸਜ਼ਾ ਮਿਲੀ।

ਹਰ ਥਾਂ ਹਰ ਸੰਦਰਭ ਵਿਚ ਪਤੀ ਬਰਤਾ ਦੀ ਸੁਰੱਖਿਆ ਐਨੀ ਪ੍ਰਤੀਬੱਧਤਾ ਨਾਲ ਨਹੀਂ ਹੋ ਸਕਦੀ। ਇਕ ਮਹਾਸ਼ੇ ਨੇ ਆਪਣੀ ਪਤਨੀ ਦੀ ਕਮਰਪੇਟੀ ਨੂੰ ਤਾਲਾ ਲਗਾ ਦਿੱਤਾ ਅਤੇ ਯਾਤਰਾ ਤੇ ਚਲਾ ਗਿਆ। ਪਤਨੀ ਨੂੰ ਇਕ ਯੁਵਕ ਨਾਲ ਪ੍ਰੇਮ ਹੋ ਗਿਆ। ਇਕ ਦਿਨ ਪਤਨੀ ਨੇ ਉਸ ਨੂੰ ਬੁਲਾ ਲਿਆ। ਕਮਰ ਪੇਟੀ ਦੇ ਸਬੰਧ ਵਿਚ ਦੱਸਿਆ। ਉਸ ਮੁੰਡੇ ਨੇ ਦੂਜੀ ਚਾਬੀ ਬਣਾ ਲਈ। ਇਸ ਤਰ੍ਹਾਂ ਉਹ ਸਫ਼ਲ ਹੋ ਗਏ। ਪਤੀ

ਦੇ ਆਉਣ ਤੇ ਉਸ ਨੇ ਦੇਖਿਆ ਕਿ ਕਮਰ ਪੇਟੀ ਸੁਰੱਖਿਅਤ ਹੈ। ਪ੍ਰੰਤੂ ਉਸ ਦਾ ਪਤੀ ਬਰਤਾ ਧਰਮ ਤਾਂ ਭੰਗ ਹੋਇਆ ਹੀ, ਇਹ ਸੱਚ ਪਤੀ ਨੂੰ ਕਿਵੇਂ ਪਤਾ ਲੱਗਦਾ। ਬੇਚਾਰਾ ਪਤੀ।

ਇਕ ਪਤੀ ਨੇ ਪਤਨੀ ਨੂੰ ਕਮਰ ਪੇਟੀ ਪਾ ਦਿੱਤੀ ਅਤੇ ਯਾਤਰਾ ਤੇ ਨਿਕਲ ਤੁਰਿਆ। ਪਤਨੀ ਬੇਚਾਰੀ ਸੋਲਾ ਆਨੇ ਪਤੀ ਬਰਤਾ ਸੀ। ਪੂਰੀ ਤਰ੍ਹਾਂ ਸਾਧਣੀ ਔਰਤ ਸੀ। ਉਹ ਆਪਣੇ ਪਤੀ ਤੋਂ ਵੱਧ ਕਮਰ ਪੇਟੀ ਦੀ ਪੂਜਾ ਕਰਦੀ ਸੀ। ਅਨੇਕ ਸਾਲ ਬੀਤ ਗਏ ਪ੍ਰੰਤੂ ਪਤੀ ਆਇਆ ਹੀ ਨਹੀਂ। ਉਡੀਕ ਕਰਦੇ ਕਰਦੇ ਉਹ ਥੱਕ ਗਈ।

ਪਤਨੀ ਬੁੱਢੀ ਹੋ ਗਈ। ਬੀਮਾਰ ਪੈ ਗਈ। ਜਦੋਂ ਤੱਕ ਉਸ ਵਿਚ ਜਾਨ ਸੀ, ਉਦੋਂ ਤੱਕ ਉਸਨੇ ਆਪਣੀ ਕਮਰ ਪੇਟੀ ਨੂੰ ਕਿਸੇ ਦਾ ਹੱਥ ਵੀ ਨਹੀਂ ਲੱਗਣ ਦਿੱਤਾ। ਇਸ ਸਥਿਤੀ ਵਿਚ ਉਸ ਦੀ ਮੌਤ ਹੋ ਗਈ। ਮਰਨ ਤੋਂ ਬਾਅਦ ਵੀ ਕਮਰ ਪੇਟੀ ਉਸ ਦੇ ਸਰੀਰ ਤੋਂ ਵੱਖਰੀ ਨਹੀਂ ਹੋਈ। ਉਸ ਨੂੰ ਕੌਣ ਕੱਢਦਾ? ਕਿਵੇਂ ਨਿਕਾਲਦਾ?

ਉਸ ਦੇਸ਼ ਦੀ ਪ੍ਰਥਾ ਅਨੁਸਾਰ ਉਸ ਦੇ ਸਰੀਰ ਨੂੰ ਪੇਟੀ ਵਿਚ ਰੱਖਿਆ ਗਿਆ ਅਤੇ ਕਮਰ ਪੇਟੀ ਦੇ ਨਾਲ ਹੀ ਦਫ਼ਨਾ ਦਿੱਤਾ ਗਿਆ। ਹੌਲੀ-ਹੌਲੀ ਪੂਰਾ ਸਰੀਰ ਗਲ ਸੜ ਗਿਆ। ਧਰਤੀ ਵਿਚ ਕੇਵਲ ਹੱਡੀਆਂ ਹੀ ਰਹਿ ਗਈਆਂ ਕਮਰਪੇਟੀ ਨਾਲ।

ਸੈਂਕੜੇ ਸਾਲਾਂ ਬਾਅਦ ਜਦੋਂ ਖੁਦਾਈ ਹੋਈ ਤਾਂ ਹੱਡੀਆਂ ਦਾ ਢਾਂਚਾ ਮਿਲਿਆ। ਖੋਜੀਆਂ ਨੇ ਉਸ ਔਰਤ ਦੇ ਪਿੰਜ਼ਰ ਦੇ ਰੂਪ ਵਿਚ ਪਛਾਣ ਕੀਤੀ, ਅਤੇ ਕਮਰ ਪੇਟੀ ਪ੍ਰਦਰਸ਼ਨੀ ਵਿਚ ਰੱਖਵਾ ਦਿੱਤੀ।


**ਇਕ ਪਤਨੀ ਦੀ ਕਹਾਣੀ, ਪੋਇੰਜ਼ਰ ਕਮਰਪੇਟੀ-**

ਕਮਰ ਪੇਟੀਆਂ ਦਾ ਨਿਰਮਾਣ ਵਿਧਾਨ ਮੈਂ ਤੁਹਾਨੂੰ ਦੱਸਿਆ। ਸਾਡੀਆਂ ਪ੍ਰਥਾਵਾਂ ਨਾਲ ਕਮਰ ਪੇਟੀਆਂ ਦਾ ਕਿੱਥੇ ਤੱਕ ਸਬੰਧ ਹੈ, ਇਸ ਦਾ ਵੀ ਵਿਸ਼ਲੇਸ਼ਣ ਕੀਤਾ ਹੈ। ਮਰੁਗਬਿੱਲਾ ਨੂੰ ਸਬੂਤ ਦੇ ਰੂਪ ਵਿਚ ਤੁਹਾਡੇ ਸਾਹਮਣੇ ਪੇਸ਼ ਕੀਤਾ। ਇਤਿਹਾਸ ਵਿਚ ਮਿਲਣ ਵਾਲੀਆਂ ਕਮਰ ਪੇਟੀਆਂ ਨਾਲ ਸਬੰਧਤ ਕਹਾਣੀਆਂ ਵੀ ਮੈਂ ਦੱਸੀਆਂ ਹਨ। ਫਿਰ ਵੀ ਇਕ ਸਵਾਲ ਰਹਿ ਗਿਆ। ਕੀ ਅਜਿਹੀਆਂ ਔਰਤਾਂ ਨੂੰ ਕਿਸੇ ਨੇ ਦੇਖਿਆ ਹੈ ਜਿਹਨਾ ਨੇ ਕਮਰ ਪੇਟੀਆਂ ਪਾਈਆਂ ਹੋਈਆਂ ਸਨ। ਅੱਜ ਵੀ ਨਾਂਗੇ ਸਾਧੂਆਂ ਵਿਚ ਇਹ ਪ੍ਰਥਾ ਦਿਖਾਈ ਦਿੰਦੀ ਹੈ। ਮਰਦ ਕਮਰ ਪੇਟੀਆਂ ਪਾ ਕੇ ਜਿਓ ਰਹੇ ਹਨ!

ਔਰਤਾਂ ਨੂੰ ਕਮਰ ਪੇਟੀਆਂ ਪਵਾਉਣ ਦਾ ਰਿਵਾਜ਼ ਬਹੁਤ ਪੁਰਾਣਾ ਹੈ। ਇਸ ਲਈ ਕਮਰ ਪੇਟੀਆਂ ਪਾਈ ਔਰਤਾਂ ਨੂੰ ਦੇਖਣਾ ਜਾਂ ਜਿਨ੍ਹਾਂ ਨੇ ਦੇਖਿਆ ਹੈ, ਉਨ੍ਹਾਂ ਨਾਲ ਗੱਲ ਕਰਨੀ ਔਖੀ ਹੈ। ਅਜਿਹਾ ਮੌਕਾ ਮਿਲਣਾ ਵੀ ਮੁਸ਼ਕਿਲ ਹੈ।

ਇਸ ਲਈ ਮੈਂ ਹੁਣ ਇਕ ਪ੍ਰਤੱਖ ਪ੍ਰਮਾਣ ਦੇ ਸਬੰਧ ਵਿਚ ਦੱਸਦਾ ਹਾਂ। ਮਿਊਨਿਖ ਨਗਰ ਦੇ ਵਾਸੀ ਪੋਇੰਜ਼ਰ ਦੇ ਕੋਲ ਇਕ ਕਮਰ ਪੇਟੀ ਹੈ। ਆਸਟ੍ਰੀਆਂ ਵਿਚ ਪੋਇੰਜਰ ਨੇ ਇਕ ਜੀਣ-ਸ਼ੀਣ ਗਿਰਜਾਘਰ ਦੇ ਮੁੜ ਨਿਰਮਾਣ ਦੀ ਯੋਜਨਾ ਤਿਆਰ ਕੀਤੀ ਸੀ। ਇਸ ਦੀ ਖੁਦਾਈ ਵਿਚੋਂ ਸੰਨ 1889 ਵਿਚ ਇਕ ਕਮਰ ਪੇਟੀ ਮਿਲੀ।

ਮਿੱਟੀ ਪੁੱਟਦਿਆਂ ਪੱਥਰ ਕੱਢਦੇ ਸਮੇਂ ਇਕ ਵਸਤੂ ਤਬਾਹ ਹੋਏ ਰੂਪ ਵਿਚ ਦਿਖਾਈ ਦਿੱਤੀ। ਇਹ ਪਤਰੇ ਨਾਲ ਬਣਾਇਆ ਗਿਆ ਇਕ ਬਕਸਾ ਸੀ। ਜਦੋਂ ਇਸ ਨੂੰ ਖੋਹਲਿਆ ਗਿਆ ਤਾਂ ਪੋਇਜ਼ਰ ਉਥੇ ਮੌਜੂਦ ਸੀ।



ਪੋਇੰਜ਼ਰ ਕਮਰ ਪੇਟੀ



ਉਪਰ ਦਾ ਭਾਗ ਤੋੜਿਆ ਗਿਆ ਤਾਂ ਅੰਦਰੋਂ ਤਬਾਹ ਹੋਏ ਗਲ਼ੇ ਸੜੇ ਲੱਕੜੀਆਂ ਦੇ ਤਖਤੇ ਮਿਲੇ। ਇਕ ਇਕ ਤਖਤਾ ਕੱਢਦੇ ਗਏ ਤਾਂ ਅੰਦਰ ਇਕ ਮਾਨਵ ਦਾ ਪਿੰਜ਼ਰ ਮਿਲਿਆ।

ਇਸ ਕੰਕਾਲ ਦੇ ਸਿਰ ਦੇ ਵਾਲ਼ਾ ਦੀ ਬਨਾਵਟ ਅਤੇ ਦੰਦਾਂ ਆਦਿ ਨੂੰ ਵੇਖ ਕੇ ਖੋਜੀਆਂ ਨੇ ਕਿਹਾ ਕਿ ਇਹ ਇਕ ਔਰਤ ਦਾ ਪਿੰਜ਼ਰ ਹੈ ਅਤੇ ਚੜ੍ਹਦੀ ਜਵਾਨੀ ਵਿਚ ਇਸ ਦੀ ਮੌਤ ਹੋ ਗਈ ।

ਸਰੀਰ ਦੇ ਓਪਰਲੇ ਭਾਗ ਦਾ ਕੱਪੜਾ ਕੁੱਝ ਹੱਦ ਤੱਕ ਠੀਕ ਸੀ। ਪ੍ਰੰਤੂ ਹੇਠਲੇ ਭਾਗ ਵਿਚ ਮਿੱਟੀ ਭਰ ਗਈ ਸੀ। ਕੱਪੜੇ ਕੱਢ ਕੇ ਦੇਖਿਆ ਗਿਆ ਕਿ ਕੁੱਝ ਹੱਡੀਆਂ ਅਤੇ ਪੇਟ ਦਾ ਥੋੜ੍ਹਾ ਹਿੱਸਾ ਦਿਖਾਈ ਦਿੱਤਾ। ਲੱਕ ਦੇ ਚਾਰੇ ਪਾਸੇ ਇਕ ਲੋਹੇ ਦਾ ਪਟਾ ਹੀ ਦਿਖਾਈ ਦਿੱਤਾ। ਇਹ ਚਾਰ ਪੰਜ ਟੁਕੜਿਆਂ ਨੂੰ ਜੋੜ ਕੇ ਬਣਾਇਆ ਗਿਆ ਪਟਾ ਸੀ। ਇਸ ਦੇ ਸਾਹਮਣੇ ਵਾਲੇ ਭਾਗ ਤੇ ਲੱਗਾ ਹੋਇਆ ਇਕ ਪਤਰਾ ਸੀ। ਇਸ ਪਤਰੇ ਨੂੰ ਦੋ ਤਾਲਿਆਂ ਨਾਲ ਪੱਟੇ ਨੂੰ ਜੋੜਿਆ ਗਿਆ ਸੀ। ਤਾਲੇ ਨੂੰ ਜੰਗਾਲ ਲੱਗਾ ਹੋਇਆ ਸੀ। ਉਸ ਪਿੰਜਰ ਦੇ ਹੇਠਲੇ ਭਾਗ ਵਿਚ ਨਾਲ ਵੀ ਇਸੇ ਤਰ੍ਹਾਂ ਇਕ ਪਤਰਾ ਜੋੜਿਆ ਗਿਆ ਸੀ।

ਗਿਰਜਾ ਘਰ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਕਮਰ ਪੇਟੀ ਹੈ। ਪੋਇੰਜ਼ਰ ਨੇ ਉਸ ਨੂੰ ਕੱਢਿਆ ਅਤੇ ਪੂਰੀ ਤਰ੍ਹਾਂ ਸਾਂਭ ਕੇ ਰੱਖ ਲਿਆ। ਇਥੇ ਦਿੱਤਾ ਗਿਆ ਚਿੱਤਰ ਇਸ ਕਮਰ ਪੇਟੀ ਦਾ ਹੈ।

ਸਾਹਮਣੇ ਵਾਲਾ ਜਿਹੜਾ ਪਤਰਾ ਵਖਾਈ ਦੇ ਰਿਹਾ ਹੈ ਉਸ ਵਿਚ ਯੌਨੀ ਦੇ ਅਕਾਰ ਦਾ ਇਕ ਛੇਕ ਹੈ। ਇਹ ਮੂਤਰ ਦਵਾਰ ਹੈ। ਪਿੱਛੇ ਜਿਹੜਾ ਪਤਰਾ ਹੈ ਉਸ ਵਿਚ ਫੁੱਲ ਦੇ ਅਕਾਰ ਦਾ ਇਕ ਛੇਕ ਹੈ, ਇਹ ਮਲ ਦਵਾਰ ਹੈ। ਮੂਤਰ ਦਵਾਰ ਦੇ ਅੰਦਰ 21 ਬਰੀਕ ਬਰੀਕ ਕੰਡੇ ਬਣਾਏ ਗਏ ਹਨ। ਇਹ ਕੁਲ ਮਿਲਾ ਕੇ 42 ਕੰਡੇ ਹਨ।

ਬੇਚਾਰੀ ਉਹ ਕਿਹੜੀ ਔਰਤ ਹੋਵੇਗੀ ਜਿਸ ਨੇ ਪਤੀ ਵਰਤਾ ਧਰਮ ਦੀ ਪਾਲਣਾ ਦੇ ਲਈ ਐਨੀ ਤਕਲੀਫ਼ ਗਈ ਹੋਵੇਗੀ। ਇਹ ਪਤੀ ਦੇਵ ਕਿਹੜਾ ਹੋਵੇਗਾ ਜਿਸ ਨੇ ਪਤੀ ਵਰਤਾ ਧਰਮ ਦੀ ਰੱਖਿਆ ਦੇ ਲਈ ਆਪਣੀ ਪਤਨੀ ਉੱਤੇ ਐਨੀ ਕਰੂਰਤਾ ਨਾਲ ਅਧਿਕਾਰ ਕੀਤਾ ਹੋਵੇਗਾ?

**ਕਮਰ ਪੇਟੀਆਂ ਦਾ ਨਿਰਮਾਤਾ-**

ਉਪਰ ਪੋਇੰਜ਼ਰ ਕਮਰਪੇਟੀ ਦਾ ਇਤਿਹਾਸ ਦੱਸਿਆ ਗਿਆ। ਪੰਜਾਹ ਸਾਲ ਪਹਿਲਾ ਇਹ ਕਮਰਪੇਟੀ ਮਿਲੀ ਸੀ। ਪ੍ਰੰਤੂ ਕਮਰਪੇਟੀ ਨੂੰ ਪਾਉਣ ਵਾਲੀ ਔਰਤ ਦੀ ਮੌਤ ਸੌ ਸਾਲ ਪਹਿਲਾਂ ਹੋਈ ਹੋਵੇਗੀ।

ਨਿਰਸੰਦੇਹ ਇਹ ਕਹਿ ਸਕਦੇ ਹਾਂ ਕਿ ਇਹ ਪ੍ਰਥਾ ਯੋਰਪੀ ਦੇਸ਼ਾਂ ਵਿਚ ਬਹੁਤ ਪ੍ਰਚੱਲਤ ਸੀ। ਇਸ ਦਾ ਪ੍ਰਮਾਣ ਅੱਜ ਵੀ ਕੁੱਝ ਪ੍ਰਦਰਸ਼ਨੀਆਂ ਵਿਚ ਮਿਲਣ ਵਾਲੀਆਂ ਕਮਰਪੇਟੀਆਂ ਹਨ। ਅੱਜ ਜਿਹੜੀਆਂ ਵੀ ਕਮਰਪੇਟੀਆਂ ਮਿਲਦੀਆਂ ਹਨ। ਸਾਰਿਆਂ ਦਾ ਸੰਬੰਧ ਪੱਛਮ ਨਾਲ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਹ ਪ੍ਰਥਾ ਪੱਛਮ ਦੀ ਹੈ, ਪ੍ਰੰਤੂ ਇਹ ਗਲਤ ਹੈ।

ਕਮਰ ਪੇਟੀਆਂ ਦਾ ਜਨਮ ਪੂਰਬ ਵਿਚ ਵੀ ਹੋਇਆ। ਪੂਰਬ ਕੋਈ ਵੱਖਰਾ ਪ੍ਰਦੇਸ਼ ਨਹੀਂ ਹੈ। ਇਥੇ ਕਾਮ ਸ਼ਾਸ਼ਤਰ ਲਿਖਿਆ ਗਿਆ, ਕਾਮ ਸੂਤਰ ਉੱਤੇ ਵੱਡੇ ਵੱਡੇ ਗ੍ਰੰਥ ਲਿਖੇ ਗਏ। ਇਸਤਰੀ ਪੁਰਸ਼ ਸੰਬੰਧਾਂ ਦੇ ਬਾਰੇ ਵਿਚ ਖੋਜ ਕੀਤੀ ਗਈ। ਪੱਛਮੀ ਦੇਸ਼ ਹੁਣ ਆ ਕੇ ਇਸ ਸੱਚ ਦੀ ਖੋਜ ਕਰ ਰਹੇ ਹਨ।

ਜੋਬਨ ਦੇ ਹੜ ਵਿਚ ਵਹਿ ਕੇ ਰਿਸ਼ਤੇ ਨਾਤੇ ਭੁੱਲ ਕੇ ਆਪਣੀ ਇੱਛਾ ਨਾਲ ਔਰਤ ਮਰਦ ਦੀਆਂ ਕਾਮ ਕੀੜ੍ਹਾ ਦੀਆਂ ਖੇਡਾਂ ਨੂੰ ਇਕ ਸੂਤਰ ਵਿਚ ਲਿਆਉਣ ਦੇ ਲਈ 84 ਕਲਾਵਾਂ ਨੂੰ ਇਕ ਨਵੇਂ ਸ਼ਾਸਤਰ ਦੀ ਸ੍ਰਿਸ਼ਟੀ ਕਰਨ ਵਾਲਾ ਦੇਸ਼ ਪੂਰਬ ਹੈ। ਔਰਤ ਮਰਦ ਦੇ ਸਰੀਰਕ ਨਿਰਮਾਣ-ਵੱਖਰਤਾ ਦੇ ਕਾਰਨ ਉਸ ਨੂੰ ਅਨੇਕਾਂ ਕਸ਼ਟ ਝੱਲਣੇ ਪੈਂਦੇ ਹਨ। ਇਨ੍ਹਾਂ ਦੁੱਖਾ ਨੂੰ ਦੂਰ ਕਰਨ ਦੇ ਲਈ ਕਈ ਸਾਲ ਖੋਜ ਕਰਕੇ ਸੁਖੀ ਸਰੀਰਕ ਸਬੰਧ ਬਣਾਉਣ ਦੇ ਲਈ ਕਈ ਵਿਸ਼ੇਸ਼ ਹੱਲ ਕੱਢਣ ਵਾਲਾ ਦੇਸ਼ ਹੈ ਪੂਰਬ। ਬੁੱਲ੍ਹਾ ਨੂੰ ਚੁੰਮਣਾ ਅਤੇ ਦੰਦਾਂ ਨਾਲ ਕਲੋਲਾ ਕਰਨ ਬਾਰੇ ਸ਼ਾਸਤਰ ਲਿਖ ਕੇ ਦੁਨੀਆਂ ਨੂੰ ਇਸ ਸ਼ਾਸਤਰ ਦਾ

ਅਨੰਦਮਈ ਲਾਭ ਕਰਨ ਵਾਲਾ ਪ੍ਰਦੇਸ਼ ਹੈ ਪੂਰਬ। ਭਲਾ ਕਮਰ ਪੇਟੀਆਂ ਦੇ ਨਿਰਮਾਣ ਵਿਚ ਉਹ ਪਿੱਛੇ ਰਹਿ ਸਕਦਾ ਹੈ?

ਬਿਨਾ ਕਿਸੇ ਸੰਦੇਹ ਨਾਲ ਕਿਹਾ ਜਾ ਸਕਦਾ ਹੈ ਕਿ ਪੂਰਬੀ ਦੇਸ਼ਾਂ ਵਿਚ ਕਮਰ ਪੇਟੀਆਂ ਦੀ ਪ੍ਰਥਾ ਸੀ। ਅੱਜ ਵੀ ਇਥੇ ਕਮਰ ਪੇਟੀਆਂ ਪਾ ਕੇ ਘੁੰਮਣ ਵਾਲੇ ਵਿਅਕਤੀ ਦਿਖਾਈ ਦਿੰਦੇ ਹਨ। ਕਮਰਪੇਟੀਆਂ ਉੱਤੇ ਕੀਤੀ ਗਈ ਮੀਨਾਕਾਰੀ, ਉਨ੍ਹਾਂ ਉੱਤੇ ਦਿਖਾਈ ਦਿੰਦੀ ਕਲਾ ਆਦਿ ਨੂੰ ਵੇਖਣ ਤੋਂ ਬਾਅਦ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਇਹ ਪ੍ਰਥਾ ਪੂਰਬ ਵਿਚ ਪਹਿਲਾਂ ਹੀ ਸੀ। ਤਿੰਨ ਜਾਂ ਚਾਰ ਸੌ ਸਾਲ ਪਹਿਲਾਂ ਲਿਖੇ ਗਏ ਗ੍ਰੰਥਾਂ ਨੂੰ ਪੜ੍ਹਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਕਮਰਪੇਟੀਆਂ ਦੀ ਪ੍ਰਥਾ ਪੂਰਬ ਤੋਂ ਹੀ ਪੱਛਮ ਵਿਚ ਪਹੁੰਚੀ। ਅੱਜ ਵੀ ਕਈ ਵਿਸ਼ੇ ਅਜਿਹੇ ਹਨ ਕਿ ਜਿਨ੍ਹਾਂ ਨੂੰ ਪੱਛਮੀ ਦੇਸ਼ ਪੂਰਬ ਤੋਂ ਸਿਖ ਰਹੇ ਹਨ।

ਅਨੇਕ ਰਚਨਾਵਾਂ ਅਤੇ ਕਰਮਪੇਟੀਆਂ ਦੇ ਨਿਰਮਾਣ-ਵਿਧਾਨ ਦੇ ਅਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਪੂਰਬ ਵਾਲਿਆਂ ਨੇ ਪਹਿਲਾ ਕਮਰਪੇਟੀਆਂ ਬਣਾਈਆਂ। ਪੱਛਮੀ ਦੇਸ਼ ਉਦੋਂ ਵੀ ਅੱਜ ਵਾਂਗ ਕੇਵਲ ਨਕਲ ਕਰਨ ਵਾਲੇ ਸਨ। ਇਸ ਦੇ ਲਈ ਇਕ ਹੋਰ ਸਬੂਤ ਮਿਲਦਾ ਹੈ, ਉਹ ਹੈ ਬਹੁ ਪਤਨੀ ਪ੍ਰਥਾ। ਇਹ ਪ੍ਰਥਾ ਪੂਰਬ ਵਿਚ ਹੀ ਵਧੇਰੇ ਹੈ। ਪਤਨੀਆਂ ਨੂੰ ਆਪਣੀ ਮੁੱਠੀ ਵਿਚ ਰੱਖਣ ਦੇ ਲਈ, ਉਨ੍ਹਾਂ ਉੱਤੇ ਅਧਿਕਾਰ ਜ਼ਮਾਉਣ ਦੇ ਲਈ ਕਮਰ ਪੇਟੀਆਂ ਵਰਗੇ ਸਾਧਨ ਜ਼ਰੂਰੀ ਸੀ।

**ਇਟਲੀ ਦਾ ਦਆਵਾ-ਕਰਾਰਾ ਕਮਰ ਪੇਟੀ-**

ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਕਮਰ ਪੇਟੀਆਂ ਦੀ ਪ੍ਰਥਾ ਪੂਰਬ ਤੋਂ ਪੱਛਮ ਵਿਚ ਪਹੁੰਚੀ। ਪੂਰਬ ਵਾਲੇ ਇਸ ਕਥਨ ਨਾਲ ਸਹਿਮਤ ਹੋਣਗੇ ਪ੍ਰੰਤੂ ਪੱਛਮ ਵਾਲੇ ਚੁੱਪ ਨਹੀਂ ਬੈਠਣਗੇ। ਯੂਰਪੀ ਲੋਕ ਹਮੇਸ਼ਾਂ ਤੋਂ ਹੀ ਇਹ ਕਹਿੰਦੇ ਆ ਰਹੇ ਹਨ ਕਿ ਸਾਡੇ ਵਰਗਾ ਬੁੱਧੀਜੀਵੀ ਕੋਈ ਨਹੀਂ ਹੈ।

ਉਨ੍ਹਾਂ ਨੇ ਇਕ ਨਵੀਂ ਗੱਲ ਕਹਿਣੀ ਸ਼ੁਰੂ ਕਰ ਦਿੱਤੀ ਹੈ, ਉਹ ਇਹ ਕਿ ਕਮਰ ਪੇਟੀਆਂ ਦਾ ਨਿਰਮਾਣ ਇਟਲੀ ਦੇ ਪਾਂਡੂਆ (ਰਾਜਾ ਡਿਊਕ) ਕਰਾਰਾ ਨੇ ਪਹਿਲੀ ਵਾਰ ਕੀਤਾ। ਉਸਦੀ ਕਮਰਪੇਟੀ ਕਰਾਰਾ ਕਮਰ ਪੇਟੀ ਦੇ ਨਾਂ ਨਾਲ ਪ੍ਰਸਿੱਧ ਹੈ। ਇਤਾਲਵੀ ਸਿਧਾਂਤ ਅਤੇ ਯੂਰਪੀ ਵਿਚਾਰਾਂ ਦੇ ਅਨੁਸਾਰ ਇਹੀ ਕਿਹਾ ਜਾਂਦਾ ਹੈ ਕਿ ਕਰਾਰਾ ਕਮਰ ਪੇਟੀ ਹੀ ਦੁਨੀਆਂ ਦੀ ਪਹਿਲੀ ਕਮਰ ਪੇਟੀ ਹੈ ਕਿਉਂਕਿ ਇਸ ਤੋਂ ਪਹਿਲਾਂ ਕਿਸੇ ਨੇ ਅਜਿਹੀ ਵਸਤੂ ਨਹੀਂ ਵੇਖੀ ਸੀ। ਇਹੀ ਨਹੀਂ ਇਕ ਕਾਰਨ ਹੋਰ ਵੀ ਹੈ, ਉਹ ਹੈ ਕਿ ਕਰਾਰਾ ਬਹੁਤ ਹੀ ਜ਼ਾਲਮ ਮਨੁੱਖ ਸੀ ਇਸ ਲਈ, ਜਿਸ ਤਰ੍ਹਾਂ ਕਿ ਉਹ ਤਰਕ ਦਿੰਦਾ ਹੈ, ਸੰਭਵ ਹੈ ਕਿ ਉਸਨੇ ਕਮਰ ਪੇਟੀ ਦਾ ਨਿਰਮਾਣ ਕੀਤਾ ਹੈ।

ਕਰਾਰਾ ਡਿਊਕ ਪਰਜਾ ਟੈਰੇਂਟ ਆਫ ਪਾਂਡੂਆ ਦੇ ਨਾਂ ਨਾਲ ਬੁਲਾਉਂਦੀ ਸੀ। ਕਰਾਰਾ ਦੂਜਿਆਂ ਨੂੰ ਸਤਾਉਣ ਦੇ ਲਈ ਨਵੇਂ ਨਵੇਂ ਸਾਧਨਾ ਦੀ ਵਰਤੋਂ ਕਰਦਾ ਰਹਿੰਦਾ ਸੀ। ਪਰਾਈਆਂ ਔਰਤਾਂ ਨੂੰ ਕਾਬੂ ਕਰਨ ਅਤੇ ਉਨ੍ਹਾਂ ਨੂੰ ਬੇ ਰਹਿਮੀ ਨਾਲ ਸਤਾਉਣ ਦੇ ਲਈ ਅਨੇਕ ਅਜੀਬ ਸਾਧਨਾ ਦੀ ਵਰਤੋਂ ਵੀ ਉਹ ਕਰਦਾ ਸੀ। ਉਸ ਦੀ ਮੁੱਠੀ ਵਿਚ ਜਿਨੀਆਂ ਵੀ ਔਰਤਾਂ ਆਉਂਦੀਆਂ ਸਨ, ਉਨ੍ਹਾਂ ਸਾਰੀਆਂ ਨੂੰ ਉਹ ਕਮਰ ਪੇਟੀਆਂ ਪਵਾ ਦਿੰਦਾ ਸੀ ਤਾਂ ਕਿ ਕੋਈ ਵੀ ਔਰਤ ਗੈਰ ਮਰਦ ਨਾਲ ਸੰਭੋਗ ਨਾ ਕਰ ਸਕੇ।



ਕਰਾਰਾ ਕਮਰ ਪੇਟੀ

ਪ੍ਰੰਤੂ ਇਸ ਤਰਕ ਨਾਲ ਅਸੀਂ ਸਹਿਮਤ ਨਹੀਂ ਹੋਵਾਂਗੇ ਕਿ ਕਰਾਰਾ ਨੇ ਸਭ ਤੋਂ ਪਹਿਲਾਂ ਕਮਰ ਪੇਟੀ ਬਣਵਾਈ। ਕਮਰ ਪੇਟੀ ਦੀ ਪ੍ਰਥਾ ਉਹ ਪੂਰਬ



ਤੋਂ ਹੀ ਲੈ ਕੇ ਆਇਆ। ਉਹ ਅਮੀਰ ਸੀ ਇਸ ਲਈ ਪੈਸੇ ਖਰਚ ਕਰਕੇ ਉਸ ਨੇ ਇਨ੍ਹਾਂ ਕਮਰ ਪੇਟੀਆਂ ਦਾ ਨਿਰਮਾਣ ਕਰਵਾਇਆ ਹੋਵੇਗਾ। ਇਥੇ ਕਰਾਰਾ ਕਮਰ ਪੇਟੀ ਦਾ ਚਿੱਤਰ ਦਿੱਤਾ ਜਾ ਰਿਹਾ ਹੈ।

ਇਸ ਕਮਰ ਪੇਟੀ ਵਿਚ ਵੀਹ ਦੇ ਕਰੀਬ ਛੋਟੇ ਛੋਟੇ ਟੁਕੜੇ ਹਨ। ਚਿੱਤਰ ਵਿਚ ਕੇਵਲ 16 ਟੁਕੜੇ ਦਿਖਾਈ ਦਿੰਦੇ ਹਨ। ਹੇਠਲੇ ਭਾਗ ਵਿਚ ਚਾਰ ਹੋਰ ਟੁਕੜੇ ਹਨ। ਇਨ੍ਹਾਂ ਸਾਰਿਆਂ ਟੁਕੜਿਆਂ ਨੂੰ ਜੋੜਿਆ ਗਿਆ ਹੈ। ਇਸ ਕਮਰ ਪੇਟੀ ਨੂੰ ਆਪਣੀ ਇੱਛਾ ਦੇ ਅਨੁਸਾਰ ਮੋੜ ਸਕਦੇ ਹਾਂ। ਇਸ ਨੂੰ ਪਾਉਂਦੇ ਸਮੇਂ ਲੱਕ ਨੂੰ ਜਾਂ ਜਾਂਘਾ ਨੂੰ ਕੋਈ ਕਸ਼ਟ ਨਹੀਂ ਹੁੰਦਾ। ਇਸ ਦੇ ਅੰਦਰ ਚਮੜੇ ਦਾ ਅਸਤਰ ਲਗਾਇਆ ਜਾਂਦਾ ਸੀ। ਅੰਡੇ ਦੇ ਅਕਾਰ ਵਾਲੇ ਛੇਕ ਦੇ ਇਰਦ ਗਿਰਦ ਆਰੀ ਵਰਗੇ ਦੰਦੇ ਬਣਾਏ ਜਾਂਦੇ ਸਨ। ਇਹ ਭਾਗ ਮੋਹਰੇ ਹੁੰਦਾ ਸੀ। ਗੋਲਾ ਅਕਾਰ ਛੇਕ ਨੂੰ ਪਿੱਛੇ ਕੀਤਾ ਜਾਂਦਾ ਸੀ। ਔਰਤ ਗੈਰ ਮਰਦ ਨਾਲ ਸੰਭੋਗ ਨਾ ਕਰ ਸਕੇ, ਇਸ ਲਈ ਇਹ ਦੰਦੇ ਬਣਾਏ ਜਾਂਦੇ ਸਨ।

13 ਵੀਂ ਸਦੀ ਵਿਚ ਜਦੋਂ ਕਰੂਸੈਡ ਜੰਗ ਹੋਈ ਸੀ ਉਸੇ ਸਮੇਂ ਯੂਰੋਪੀਅਨ ਯੋਧੇ ਪੂਰਬ ਦੇ ਦੇਸ਼ਾਂ ਵਿਚ ਆਏ। ਜੇਰੂਸਲੇਮ ਦੇ ਲਈ ਇਸਾਈ, ਤੁਰਕ ਅਤੇ ਅਰਬੀ ਨੇ ਯੁੱਧ ਕੀਤਾ। ਉਸ ਸਮੇਂ ਸਾਡੇ ਦੇਸ਼ ਵਿਚ ਕਮਰ ਪੇਟੀਆਂ ਦੀ ਪ੍ਰਥਾ ਸੀ।

ਕਰੂਸੈਡ ਯੁੱਧ ਵਿਚ ਪਹੁੰਚੇ ਲੜਾਕੂਆਂ ਨੂੰ ਕਮਰ ਪੇਟੀਆਂ ਚੰਗੀਆਂ ਲੱਗੀਆਂ। ਅਕਸਰ ਉਹ ਵੀ ਆਪਣੀਆਂ ਪ੍ਰੇਮਕਾਵਾਂ ਅਤੇ ਪਤਨੀਆਂ ਨੂੰ ਛੱਡ ਕੇ ਦੂਰ ਦੇਸ਼ ਜਾਇਆ ਕਰਦੇ ਸਨ, ਇਸ ਲਈ ਆਪਣੀਆਂ ਔਰਤਾਂ ਦੇ ਲਈ ਕਮਰ ਪੇਟੀਆਂ ਉਹ ਇਥੋਂ ਲੈ ਜਾਇਆ ਕਰਦੇ ਸਨ। ਪਰ ਇਸ ਵਿਸ਼ੇ ਨੂੰ ਗੁਪਤ ਰੱਖਿਆ ਗਿਆ।

ਯੂਰਪੀ ਭਾਸ਼ਾਵਾਂ ਵਿਚ ਲਿਖੇ ਗਏ ਕੁਝ ਗ੍ਰੰਥਾਂ ਦੇ ਅਧਾਰ ਉੱਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਪੱਛਮ ਵਿਚ ਇਹ ਪ੍ਰਥਾ ਪੂਰਬ ਤੋਂ ਆਈ। ਇਟਲੀ, ਜਰਮਨ, ਫ੍ਰਾਂਸ, ਸਪੇਨ ਆਦਿ ਦੇਸ਼ਾਂ ਦੇ ਗ੍ਰੰਥਾਂ ਵਿਚੋਂ ਮਿਲਦੇ ਸਰੋਤਾਂ ਦੇ ਅਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਪ੍ਰਥਾ ਵੱਡੀ ਪੱਧਰ 'ਤੇ ਪ੍ਰਚੱਲਤ ਸੀ।

**ਕਾਲਮਾਰ ਅਤੇ ਕਲੂਨੀ ਕਮਰ ਪੇਟੀਆਂ-**

ਇਟਲੀ ਤੋਂ ਹੌਲੀ ਹੌਲੀ ਫ੍ਰਾਂਸ, ਜਰਮਨੀ, ਇੰਗਲੈਂਡ ਆਦਿ ਦੇਸ਼ਾਂ ਤੱਕ ਕਮਰ ਪੇਟੀਆਂ ਪਹੁੰਚ ਗਈਆਂ। ਫ੍ਰਾਂਸ ਵਿਚ 18-19 ਵੀਂ ਸਦੀ ਤੱਕ ਇਨ੍ਹਾਂ ਦਾ ਬਹੁਤ ਰਿਵਾਜ਼ ਸੀ। ਮਿਊਜ਼ੀਅਮ ਵਿਚ ਵੇਖਣ ਲਈ ਰੱਖੀਆਂ ਕਮਰਪੇਟੀਆਂ, ਉਸ ਵੇਲੇ ਦੇ ਮੌਜੂਦ ਗ੍ਰੰਥ, ਚਿੱਤਰ ਅਤੇ ਅਦਾਲਤਾਂ ਦੇ ਆਏ ਹੋਏ ਮੁਕੱਦਮੇ ਦੇ ਅਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਕਮਰ ਪੇਟੀਆਂ ਦੀ ਵਰਤੋਂ ਅਕਸਰ ਹੀ ਕੀਤੀ ਜਾਂਦਾ ਸੀ। ਸਾਰੇ ਦੇਸ਼ਾਂ ਵਿਚ ਇਹ ਪ੍ਰਥਾ ਪ੍ਰਚੱਲਤ ਸੀ।

ਮਾਨਵ ਵਿਚ ਸਵਾਰਥ, ਹੰਕਾਰ, ਕਬਜ਼ਾ ਕਰਨ ਦੀ ਭਾਵਨਾ, ਈਰਖਾ ਆਦਿ ਗੁਣ ਜਦੋਂ ਤੱਕ ਰਹਿਣਗੇ ਉਦੋਂ ਤੱਕ ਅਜਿਹੀਆਂ ਵਸਤੂਆਂ ਦਾ ਨਿਰਮਾਣ ਹੁੰਦਾ ਰਹੇਗਾ। ਇਸ ਰੂਪ ਵਿਚ ਨਹੀਂ ਤਾਂ ਦੂਜੇ ਰੂਪ ਵਿਚ ਹੋਵੇਗਾ।

ਫਰਾਂਸ ਵਿਚ ਮੋਦੇਨਾ ਰਾਜਕੁਮਾਰ ਨੇ ਆਪਣੀ ਪਤਨੀ ਮੇਡਮਾਸ਼ਲ ਸ਼ਿਵਲਾਅ ਨੂੰ ਕਮਰ ਪੇਟੀ ਲਗਾਈ ਸੀ। ਰਾਜਕੁਮਾਰ ਸਨਕੀ ਵਿਅਕਤੀ ਸੀ। ਇਸ ਕਮਰ ਪੇਟੀ ਨਾਲ ਰਾਜਕੁਮਾਰੀ ਨੂੰ ਬਹੁਤ ਤਕਲੀਫ਼ ਹੁੰਦੀ ਸੀ। ਉਸ ਨੇ ਆਪਣੇ ਪਿਤਾ ਨੂੰ ਵਿਥਿਆ ਕਥਾ ਲਿਖੀ ਸੀ।

ਸਯੂਵਡ (1700 ਈ.) ਨਾਂ ਦੇ ਲੇਖਕ ਨੇ ਇਸ ਸਬੰਧ ਵਿਚ ਆਪਣੇ ਗ੍ਰੰਥਾਂ ਵਿਚ ਲਿਖਿਆ ਸੀ।

ਕਮਰ ਪੇਟੀਆਂ ਦੀ ਪ੍ਰਥਾ ਜਰਮਨੀ ਵਿਚ ਵੀ ਸੀ। ਦਸ ਔਰਤਾਂ ਨਾਲ ਘੁੰਮਣ ਵਾਲਾ ਮਰਦ ਆਪਣੀ ਔਰਤ ਨੂੰ ਕਮਰਪੇਟੀ ਲਗਾ ਕੇ ਘਰ ਬਿਠਾਉਂਦਾ ਸੀ, ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਸਾਰੀਆਂ ਔਰਤਾਂ ਪਤੀ ਵਰਤਾ ਹੀ ਬਣ ਕੇ ਰਹਿੰਦੀਆਂ ਸੀ। ਜਰਮਨ ਦੇ ਕੁੱਝ ਚਿੱਤਰਕਾਰ ਕਮਰਪੇਟੀਆਂ

ਦੀ ਘਟੀਆਂ ਪ੍ਰਥਾ ਉੱਤੇ ਵਿਅੰਗ ਚਿੱਤਰ ਬਣਾਉਂਦੇ ਸੀ। ਲੇਖਕ ਵਿਅੰਗ ਲੇਖ ਲਿਖਦੇ ਸਨ।

ਜਰਮਨ ਵਿਚ ਇਕ ਚਿੱਤਰਕਾਰ ਨੇ ਇਕ ਵਿਅੰਗ ਚਿੱਤਰ ਬਣਾਇਆ। ਇਸ ਚਿੱਤਰ ਵਿਚ ਇਕ ਪਾਸੇ ਮਰਦ ਆਪਣੀ ਔਰਤ ਨੂੰ ਕਮਰ ਪੇਟੀ ਲਗਾ ਕੇ ਦੂਰ ਕਿਸੇ ਦੇਸ਼ ਜਾ ਰਿਹਾ ਹੈ। ਦੂਜੇ ਪਾਸੇ ਇਕ ਆਦਮੀ ਮੱਖੀਆਂ ਨੂੰ ਕੱਪੜੇ ਵਿਚ ਬੰਨ੍ਹਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਚਿੱਤਰ ਦਾ ਅਰਥ ਇਹੀ ਨਿਕਲਦਾ ਹੈ ਕਿ ਦੋਵੇਂ ਮਰਦ ਮੂਰਖ ਹਨ। ਕਲਮਾਰ ਕਮਰ ਪੇਟੀ ਦਾ ਚਿੱਤਰ ਇਥੇ ਪੇਸ਼ ਹੈ।



ਕਲਮਾਰ ਕਮਰ ਪੇਟੀ

ਇਕ ਕਮਰ ਪੇਟੀ ਪੈਰਿਸ ਨਗਰ ਦੇ ਕਲੂਨੀ ਮਿਊਜ਼ਿਮ ਵਿਚ ਹੈ। ਇਹ ਕਮਰ ਪੇਟੀ ਕਲੂਨੀ ਕਮਰ ਪੇਟੀ ਦੇ ਨਾਂ ਨਾਲ ਪ੍ਰਸਿੱਧ ਹੈ। ਚਿੱਤਰ ਵਿਚ ਵੇਖੋ। ਕਲੂਨੀ ਕਮਰ ਪੇਟੀ ਦੇ ਟੁੱਕੜੇ ਅਤੇ ਜੋੜ ਨਹੀਂ ਹਨ। ਲੱਕ ਨਾਲ ਬੰਨ੍ਹਣ ਦੇ ਲਈ ਇਕ ਹੀ ਤਰ੍ਹਾਂ ਦਾ ਕਮਰ ਪੱਟਾ ਤਿਆਰ ਕੀਤਾ ਗਿਆ ਹੈ। ਸਾਹਮਣੇ ਵਾਲੇ ਭਾਗ ਵਿਚ ਇਸ ਕਮਰਬੰਦ ਦੇ ਨਾਲ ਇਕ ਪਤਰਾ ਲਗਾਇਆ ਗਿਆ ਹੈ। ਇਹ ਪਤਰਾ, ਥੋੜ੍ਹਾ ਉਪਰ ਆ ਕੇ ਫਿਰ ਥੱਲੇ ਝੁਕਿਆ ਹੋਇਆ ਹੈ। ਕਮਰ ਬੰਦ ਲਗਾ ਕੇ ਜਿੰਦਾ ਲਗਾਉਣ ਤੋਂ ਬਾਅਦ ਇਹ ਪਤਰਾ ਏਧਰ ਉਧਰ ਨਹੀਂ ਹਿਲਦਾ, ਸਰੀਰ ਨੂੰ ਪੂਰੀ ਤਰ੍ਹਾਂ ਕੱਸ ਕੇ ਰੱਖਦਾ ਹੈ।



ਕਲੂਨੀ ਕਮਰ ਪੇਟੀ

ਕੁੱਝ ਲੋਕ ਇਸ ਪਤਰੇ ਦੇ ਟੁਕੜੇ ਨੂੰ ਲੋਹੇ ਜਾਂ ਤਾਂਬੇ ਨਾਲ ਨਹੀਂ, ਹਾਥੀ ਦੰਦ ਨਾਲ ਬਣਾਉਂਦੇ ਸਨ। ਚਿੱਤਰ ਵਿਚ ਵਿਖਾਈ ਦੇ ਰਿਹਾ ਪੱਤਰਾ ਹਾਥੀ ਦੰਦ ਦਾ ਬਣਿਆ ਹੋਇਆ ਹੈ। ਇਸ ਕਮਰ ਬੰਦ ਦੀ ਵਰਤੋਂ ਸਾਰੇ ਨਾਪਾਂ ਦੇ ਲੱਕਾਂ ਲਈ ਹੁੰਦੀ ਸੀ। ਇਹ ਪਤਰਾ ਮੋਹਰੇ ਹੁੰਦਾ ਹੈ। ਇਸ ਨੂੰ ਜਿੰਦਾ ਲਗਾਇਆ ਜਾ ਸਕਦਾ ਹੈ। ਮਲ ਮੂਤਰ ਦੇ ਵਿਸਰਜਨ ਦੇ ਲਈ ਕੋਈ ਕਠਿਨਾਈ ਨਹੀਂ ਹੁੰਦੀ ਅਤੇ ਔਰਤ ਗੈਰ ਮਰਦ ਨਾਲ ਸੰਭੋਗ ਨਹੀਂ ਕਰ ਸਕਦੀ, ਭਾਵ ਕਿ ਇਕ ਅਦਰਸ ਕਮਰ ਪੇਟੀ ਦੇ ਸਾਰੇ ਗੁਣ ਇਸ ਵਿਚ ਮੌਜੂਦ ਹਨ।

**ਅਦਾਲਤਾਂ ਵਿਚ ਕਮਰ ਪੇਟੀਆਂ-**

ਪ੍ਰਦਰਸ਼ਨੀਆਂ ਵਿਚ ਕਮਰ ਪੇਟੀਆਂ ਮਿਲਦੀਆਂ ਹਨ। ਗ੍ਰੰਥਾਂ ਵਿਚ ਵੀ ਕਮਰ ਪੇਟੀਆਂ ਦਾ ਜ਼ਿਕਰ ਮਿਲਦਾ ਹੈ। ਇਸ ਨਾਲ ਸਬੰਧਤ ਕਹਾਣੀਆਂ ਵੀ ਮਿਲਦੀਆਂ ਹਨ। ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਕਮਰ ਪੇਟੀਆਂ ਕੁੱਝ ਮੁਕੱਦਮਿਆਂ ਦਾ ਕਾਰਨ ਵੀ ਬਣੀਆਂ। ਇਸ ਦੇ ਕਾਰਨ ਕੁੱਝ ਲੋਕਾਂ ਨੂੰ ਦੰਡ ਵੀ ਮਿਲਿਆ।

ਜਦੋਂ ਤੱਕ ਮਨੁੱਖ ਈਰਖਾ, ਕ੍ਰੋਧ ਆਦਿ ਮਾੜੇ ਸੁਭਾਅ ਦਾ ਸ਼ਿਕਾਰ ਬਣਦਾ ਰਹੇਗਾ, ਮਰਦ ਔਰਤ ਨੂੰ ਆਪਣੀ ਜਾਇਦਾਦ ਦੇ ਰੂਪ ਵਿਚ ਵੇਖਦਾ ਰਹੇਗਾ। ਉਦੋਂ ਤੱਕ ਮਾਨਵ ਨੂੰ ਅਜਿਹੀਆਂ ਤਕਲੀਫ਼ਾ ਸਹਿਣ ਕਰਨੀਆਂ ਹੀ ਪੈਣਗੀਆਂ। ਸਮੇਂ ਅਤੇ ਦੇਸ਼ ਨਾਲ ਇਸਦਾ ਕੋਈ ਸਬੰਧ ਨਹੀਂ ਹੈ। ਕੇਵਲ ਮਨੁੱਖੀ ਸੁਭਾ ਹੀ ਇਕੋ ਇਕ ਕਾਰਨ ਹੈ। ਇਸ ਮਨੁੱਖੀ ਸੁਭਾ ਦੇ ਕਾਰਨ ਨਾ ਮਰਦ ਖੁਦ ਚੈਨ ਨਾਲ ਰਹਿ ਸਕਦਾ ਹੈ, ਨਾ ਆਪਣੀ ਔਰਤ ਨੂੰ ਚੈਨ ਨਾਲ ਰਹਿਣ ਦਿੰਦਾ ਹੈ। ਇਸ ਲਈ ਇਹ ਸੋਚਣਾ ਗਲਤ ਹੈ ਕਿ ਕਮਰ ਪੇਟੀਆਂ ਦੀ ਪ੍ਰਥਾ ਆਦਿ ਮਾਨਵ ਦੇ ਸਮੇਂ ਵਿਚ ਹੀ ਸੀ। ਕੱਲ ਪਰਸੋਂ ਤੱਕ ਕਮਰ ਪੇਟੀਆਂ ਦੀ ਪ੍ਰਥਾ ਸਾਰੀ ਦੁਨੀਆਂ ਵਿਚ ਸੀ। ਅੱਜ ਕਿਸੇ ਨੂੰ ਸੱਚ ਕਹਿਣ ਦਾ ਸਾਹਸ ਨਹੀਂ ਹੈ, ਇਸ ਲਈ ਕਮਰ ਪੇਟੀਆਂ ਦਾ ਨਾਂ ਤੱਕ ਨਹੀਂ ਲਿਆ ਜਾਂਦਾ। ਡੂੰਘਾਈ ਨਾਲ ਸੋਚੀਏ ਤਾਂ ਇਹ ਪ੍ਰਥਾ ਅੱਜ ਵੀ ਹੈ, ਪ੍ਰੰਤੂ ਅੱਜ ਇਸ ਦਾ ਰੂਪ



ਹੋਰ ਹੈ।

ਜਦੋਂ ਤੱਕ ਮਰਦ ਔਰਤਾਂ ਨੂੰ ਪੂਰਨ ਰੂਪ ਵਿਚ ਸੰਤੁਸਟ ਨਹੀਂ ਕਰ ਸਕਦੇ, ਜਦੋਂ ਤੱਕ ਆਲਸੀ - ਸਨਕੀ ਅਤੇ ਨਿਕੰਮੇ ਮਰਦ ਰਹਿਣਗੇ, ਉਦੋਂ ਤੱਕ ਕਮਰ ਪੇਟੀਆਂ ਦਾ ਨਿਰਮਾਣ ਹੁੰਦਾ ਰਹੇਗਾ। ਪਤੀ ਵਰਤਾ ਦੀ ਪ੍ਰੀਭਾਸ਼ਾ ਅਤੇ ਨੀਤੀ ਸੂਤਰ ਆਦਿ ਲਿਖੇ ਜਾਂਦੇ ਰਹਿਣਗੇ। ਜਦੋਂ ਤੱਕ ਮਰਦ ਆਪਣੇ ਭੋਗ ਵਿਲਾਸ ਵਿਚ ਡੁੱਬਿਆ ਰਹੇਗਾ ਅਤੇ ਔਰਤ ਨੂੰ ਨੀਵੀਂ ਦ੍ਰਿਸ਼ਟੀ ਨਾਲ ਵੇਖੇਗਾ, ਉਸ ਨੂੰ ਦਾਸੀ ਬਣਾ ਕੇ ਰੱਖੇਗਾ, ਉਦੋਂ ਤੱਕ ਘਟੀਆਂ ਨੀਤੀ ਸ਼ਾਸਤਰ ਬਣਦੇ ਹੀ ਰਹਿਣਗੇ। ਤੈਲਗੂ ਲੇਖਕ ਸ੍ਰੀ ਸ਼ੇਛਮ ਵੇਂਕਟਪਤੀ ਨੇ ਸੱਚ ਹੀ ਕਿਹਾ ਹੈ ਕਿ ਦੁਨੀਆਂ ਦੇ ਕੁੱਝ ਕਮਜ਼ੋਰ ਮਰਦ ਆਪਣੀਆਂ ਪਤਨੀਆਂ ਨੂੰ ਸੰਤੁਸ਼ਟ ਨਹੀਂ ਕਰ ਸਕੇ, ਪ੍ਰੰਤੂ ਗੈਰ ਮਰਦ ਦੀ ਹਵਾ ਤੱਕ ਆਪਣੀ ਪਤਨੀ ਨੂੰ ਨਾ ਲੱਗੇ, ਇਸ ਲਈ ਉਨ੍ਹਾਂ ਨੇ ਤਾੜ ਦੇ ਪੱਤਿਆਂ ਉੱਤੇ ਲਿਖ ਦਿੱਤਾ ਕਿ ਗੈਰ ਮਰਦ ਨਾਲ ਸੰਪਰਕ ਮਹਾਂ ਪਾਪ ਹੈ।

ਪਹਿਲੀ ਸਤਰ ਵਿਚ ਦੱਸਿਆ ਗਿਆ ਕਾਰਨ ਇਕ ਦਮ ਸੱਚ ਹੈ। ਇਸੇ ਕਾਰਨ ਕਮਰ ਪੇਟੀਆਂ ਦਾ ਨਿਰਮਾਣ ਹੋਇਆ ਹੈ। ਜਿਹੜੀ ਔਰਤ ਪੂਰਨ ਰੂਪ ਵਿਚ ਸੰਤੁਸ਼ਟ ਨਹੀਂ ਹੈ ਉਸ ਦੇ ਉਪਰ ਕਿੰਨੀਆਂ ਵੀ ਬੇੜੀਆਂ ਲਗਾ ਦਿਓ, ਕੋਈ ਲਾਭ ਨਹੀਂ। ਇਹ ਦੁਰਦਸ਼ਾ ਉਦੋਂ ਤੋਂ ਲੈ ਕੇ ਅੱਜ ਤੱਕ ਬਣੀ ਹੋਈ ਹੈ ਅਤੇ ਕੱਲ੍ਹ ਵੀ ਰਹੇਗੀ। ਇਸ ਲਈ ਕਮਰ ਪੇਟੀ ਦੀ ਵਰਤੋ ਕਿਸੇ ਵੀ ਰੂਪ ਵਿਚ ਹੋਵੇ, ਹਮੇਸ਼ਾ ਰਹੇਗੀ।

ਫਰਾਂਸ਼ ਵਿਚ ਇਕ ਬਜ਼ੁਰਗ ਮਰਦ ਨੇ ਇਕ ਨੌਜਵਾਨ ਔਰਤ ਨਾਲ ਵਿਆਹ ਕਰਵਾ ਲਿਆ। ਉਹ ਅਮੀਰ ਸੀ। ਆਪਣੀ ਪਤਨੀ ਨੂੰ ਉਹ ਰੋਜ਼ ਕਲੱਬ ਵਿਚ ਨਾਲ ਲੈ ਕੇ ਜਾਂਦਾ ਸੀ। ਉਥੇ ਦੋਵੇਂ ਮਿਲ ਕੇ ਡਾਂਸ ਕਰਦੇ ਸੀ। ਉਹ ਸੁੰਦਰ ਸੀ, ਉਸ ਦੇ ਇਰਦ ਗਿਰਦ ਅਨੇਕ ਭੌਰੇ ਮੰਡਰਾਉਂਦੇ ਸੀ। ਗੈਰ ਮਰਦਾਂ ਦੀ ਉਸ ਉੱਪਰ ਦ੍ਰਿਸ਼ਟੀ ਰਹਿਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਸਦਾ ਪਤੀ ਬਜ਼ੁਰਗ ਸੀ। ਉਸ ਦਾ ਸੁਭਾ ਚੰਗਾ ਸੀ। ਉਹ ਪਤੀ ਵਰਤਾ ਸੀ। ਫਿਰ ਵੀ ਪਤੀ ਨੂੰ ਪਤਨੀ ਉੱਤੇ ਸ਼ੱਕ ਸੀ। ਇਸ ਦਾ ਕਾਰਨ ਪਤਨੀ ਦਾ ਵਿਹਾਰ ਨਹੀਂ, ਪਤੀ ਦੀ ਸਨਕ ਸੀ। ਸਨਕ ਦੇ ਕਾਰਨ ਉਸ ਨੇ ਆਪਣੀ ਪਤਨੀ ਨੂੰ ਕਮਰ ਪੇਟੀ ਪਵਾ ਦਿੱਤੀ। ਜਿੰਦਾ ਲਗਾ ਕੇ ਚਾਬੀ ਆਪਣੇ ਕੋਲ ਰੱਖ ਲਈ। ਪਤਨੀ ਨੂੰ ਬਹੁਤ ਦੁੱਖ ਹੋਇਆ। ਇਹ ਘਟਨਾ ਸੌ ਸਾਲ ਪਹਿਲਾਂ ਦੀ ਹੈ। ਬੇਚਾਰੀ ! ਉਸ ਪਤਨੀ ਦੇ ਮਨ ਦੀ ਉਮੰਗਾ ਦਾ ਕੀ ਕੀਤਾ ਜਾਂਦਾ? ਪਤੀ ਵਰਤਾ ਬਣ ਕੇ ਰਹਿਣ ਤੇ ਵੀ ਇਹ ਸਜ਼ਾ। ਉਸ ਵਿਚ ਬਦਲਾ ਲੈਣ ਦੀ ਭਾਵਨਾ ਪੈਦਾ ਹੋ ਗਈ। ਅਤੇ ਉਹ ਪਤੀ ਨੂੰ ਸਬਕ ਸਿਆਉਣ ਲਈ ਤਿਆਰ ਹੋਈ। ਉਸ ਨੇ ਇਕ ਸੁੰਦਰ ਮੁੰਡੇ ਨੂੰ ਬੁਲਾ ਲਿਆ। ਅੰਦਰਲੀ ਗੱਲ ਦੱਸੀ। ਮੁੰਡੇ ਨੇ ਦੂਜੀ ਚਾਬੀ ਬਣਾ ਲਈ ਅਤੇ ਔਰਤ ਨੂੰ ਉਸ ਗੁਲਾਮੀ ਤੋਂ ਮੁਕਤ ਕਰਵਾ ਦਿੱਤਾ। ਦੋਹਾਂ ਦਾ ਸਰੀਰਕ ਸਬੰਧ ਬਣ ਗਿਆ, ਪ੍ਰੰਤੂ ਉਹ ਔਰਤ ਬਾਅਦ ਵਿਚ ਇਸੇ ਦੁੱਖ ਦੇ ਕਾਰਨ ਅੱਗ ਵਿਚ ਜਲਦੀ ਹੋਈ ਤੜਫ਼ ਤੜਫ਼ ਕੇ ਮਰ ਗਈ।

ਪੰਜਾਹ ਸਾਲ ਪਹਿਲਾਂ ਬੋਰਡੋ ਨਾਂ ਦੇ ਸ਼ਹਿਰ ਦੇ ਇਕ ਕਾਰਖਾਨੇ ਵਿਚ ਇਕ ਮਨੁੱਖ ਕੰਮ ਕਰਦਾ ਸੀ। ਉਸ ਕਾਰਖਾਨੇ ਵਿਚ ਕੰਮ ਕਰਨ ਵਾਲੇ 13 ਸਾਲ ਦੀ ਇਕ ਲੜਕੀ ਨਾਲ ਉਸ ਨੇ ਬਲਾਤਕਾਰ ਕੀਤਾ। ਉਸ ਨੇ ਲੜਕੀ ਨੂੰ ਧਮਕੀ ਦਿੱਤੀ ਕਿ ਖਬਰਦਾਰ, ਇਹ ਘਟਨਾ ਕਿਸੇ ਨੂੰ ਦੱਸੀ ਨਾ ਜਾਵੇ। ਤੇਰੀ ਨੌਕਰੀ ਛੁੱਟ ਜਾਵੇਗੀ। ਅਚਾਨਕ ਉਸ ਲੜਕੀ ਦੀ ਨਾਨੀ ਮਰ ਗਈ। ਮਜਦੂਰ ਲੜਕੀ ਨੂੰ ਦੂਜੀ ਥਾਂ ਲੈ ਗਏ। ਉਹ ਲੜਕੀ ਉੱਤੇ ਸ਼ੱਕ ਕਰਨ ਲੱਗੇ। ਉਸ ਨੇ ਕਮਰ ਪੇਟੀ ਖਰੀਦ ਕੇ ਉਸ ਨੂੰ ਪਵਾ ਦਿੱਤੀ। ਲੜਕੀ ਨੂੰ ਗੁੱਸਾ ਆਇਆ। ਉਹ ਆਪਣੀ ਸਹੇਲੀ ਦੇ ਕੋਲ ਗਈ ਅਤੇ ਉਸ ਨੂੰ ਉਹ ਕਮਰ ਪੇਟੀ ਦਿਖਾਈ। ਪਰਿਵਾਰ ਦੇ ਸਾਰੇ ਮੈਂਬਰ ਹੈਰਾਨ ਹੋਏ। ਸਾਰੇ ਮੈਂਬਰਾਂ ਨੇ ਅਦਾਲਤ ਵਿਚ ਉਸ ਮਜਦੂਰ ਉੱਤੇ ਮੁਕੱਦਮਾ ਕਰ ਦਿੱਤਾ। ਅਦਾਲਤ ਨੇ ਉਸ ਮਜ਼ਦੂਰ ਨੂੰ ਦੋ ਸਾਲ ਦੀ ਸਜ਼ਾ ਦਿੱਤੀ। ਇਸ ਵਿਸ਼ੇ ਨੂੰ ਕੁੱਝ ਸਮੇਂ ਦੇ ਲਈ ਗੁਪਤ ਰੱਖਿਆ ਗਿਆ ਪ੍ਰੰਤੂ ਹੌਲੀ ਹੌਲੀ ਇਹ ਸਭ ਨੂੰ ਪਤਾ ਲੱਗ ਗਿਆ।

**ਸਖ਼ਤ ਸਜ਼ਾ-**

ਪੰਜਾਹ ਸਾਲ ਪਹਿਲਾਂ ਤੱਕ ਕਮਰ ਪੇਟੀਆਂ ਦੀ ਵਰਤੋਂ ਹੁੰਦੀ ਸੀ। ਤਕਰੀਬਨ ਚਾਲੀ ਸਾਲ ਪਹਿਲਾਂ ਫਰਾਂਸ ਵਿਚ ਇਕ ਮੁਕੱਦਮਾ ਚੱਲਿਆ। ਇਕ ਸ਼ਿਲਪੀ ਦੀ ਸੁੰਦਰ ਪਤਨੀ ਸੀ। ਉਹ ਪਤੀ ਵਰਤਾ ਸੀ। ਪਤੀ ਨੂੰ ਫਿਰ ਵੀ ਉਸ ਉੱਤੇ ਸ਼ੱਕ ਹੋਣ ਲੱਗ ਪਿਆ। ਉਹ ਇਕ ਕਮਰ ਪੇਟੀ ਲੈ ਆਏ। ਚੱਡੀ ਵਿਚ ਇਸ ਕਮਰ ਪੇਟੀ ਨੂੰ ਰੱਖ ਕੇ ਸਲਾਈ ਕਰਵਾ ਲਈ ਅਤੇ ਪਤਨੀ ਨੂੰ ਲਗਾ ਦਿੱਤੀ। ਪਤੀ ਨੇ ਪਤਨੀ ਨੂੰ ਕਿਹਾ ਕਿ 'ਅੱਜ ਕੱਲ ਵੱਡੇ ਘਰਾਂ ਦੀਆਂ ਨੂੰਹਾਂ ਧੀਆਂ ਕਮਰ ਪੇਟੀਆਂ ਪਾ ਰਹੀਆਂ ਹਨ। ਕਮਰ ਪੇਟੀ ਪਾਉਣ ਨਾਲ ਮਾਣ ਸਨਮਾਨ ਵੱਧੇਗਾ।' ਪਤਨੀ ਬਹੁਤ ਭੋਲੀ ਸੀ। ਉਸ ਨੇ ਕਮਰ ਪੇਟੀ ਪਾ ਲਈ। ਇਸ ਵਿਚ ਮਲ ਮੂਤਰ ਨਿਕਲਣ ਲਈ ਕੋਈ ਛੇਕ ਨਹੀਂ ਸੀ। ਮਲ ਮੂਤਰ ਕਰਨ ਲਈ ਸਿਲਪੀ ਹਰ ਰੋਜ਼ ਜਿੰਦਾ ਖੋਹਲਦਾ ਸੀ।

ਇਕ ਦਿਨ ਸ਼ਿਲਪੀ ਦੀ ਪਤਨੀ ਨੂੰ ਖਾਣਾ ਖਾਣ ਦੇ ਲਈ ਆਪਣੀ ਸਹੇਲੀ ਦੇ ਘਰ ਜਾਣਾ ਪਿਆ। ਉਥੇ ਆਲੇ ਦੁਆਲੇ ਸਾਰੀਆਂ ਔਰਤਾਂ ਬੈਠੀਆਂ ਹੋਈਆਂ ਸਨ। ਸ਼ਿਲਪੀ ਆਪਣੀ ਪਤਨੀ ਨੂੰ ਉਥੇ ਛੱਡ ਕੇ ਚਲਾ ਗਿਆ। ਸਮਾਗਮ ਚੱਲ ਰਿਹਾ ਸੀ। ਥੋੜ੍ਹੀ ਦੇਰ ਬਾਅਦ ਉਸ ਨੂੰ ਪਿਸ਼ਾਬ ਕਰਨ ਦੀ ਹਾਜ਼ਤ ਹੋਣ ਲੱਗੀ ਪ੍ਰੰਤੂ ਉਹ ਜਾ ਨਹੀਂ ਸਕਦੀ ਸੀ। ਉਸ ਨੇ ਇੱਕ ਘੰਟੇ ਤੱਕ ਕਿਸੇ ਤਰ੍ਹਾਂ ਸਬਰ ਕੀਤਾ। ਪਰ ਹੌਲੀ ਹੌਲੀ ਸਬਰ ਟੁੱਟਣ ਲੱਗਾ। ਉਹ ਪੀੜ ਨਾਲ ਤੜਫਣ ਲੱਗੀ। ਉਸ ਦੀ ਸਥਿਤੀ ਵੇਖ ਕੇ ਉਥੋਂ ਦੀਆਂ ਔਰਤਾਂ ਨੇ ਪੁੱਛਿਆ ਕਿ ਮਾਮਲਾ ਕੀ ਹੈ?

ਸ਼ਿਲਪੀ ਆਇਆ। ਪਤਨੀ ਭੱਜਦੀ ਹੋਈ ਪਤੀ ਦੇ ਕੋਲ ਗਈ ਅਤੇ ਉਸ ਦੇ ਕੋਲੋਂ ਚਾਬੀ ਲਈ। ਪ੍ਰੰਤੂ ਜਿੰਦਾ ਕਮਰ ਪੇਟੀ ਦੇ ਪਿੱਛੇ ਸੀ, ਇਸ ਲਈ ਉਹ ਖੋਲ੍ਹ ਨਾ ਸਕੀ। ਮਜਬੂਰ ਹੋ ਕੇ ਉਸ ਨੇ ਘਰ ਦੀ ਮਾਲਕਨ ਨੂੰ ਸੱਦਿਆ। ਜਿੰਦਾ ਖੋਹਲਣ ਲਈ ਕਿਹਾ। ਮਾਲਕਨ ਨੇ ਵੇਖਿਆ ਤਾਂ ਹੈਰਾਨ ਰਹਿ ਗਈ। ਉਸ ਨੇ ਪੁੱਛਿਆ ਕਿ ਇਹ ਕੀ ਹੈ? ਸ਼ਿਲਪੀ ਦੀ ਪਤਨੀ ਨੇ ਪੂਰੀ ਕਹਾਣੀ ਸੁਣਾਈ। ਉਥੇ ਜਿੰਨੀਆਂ ਵੀ ਔਰਤਾਂ ਸਨ। ਸੁਣ ਕੇ ਗੁੱਸੇ ਵਿਚ ਲੋਹੀ ਲਾਖੀਆਂ ਹੋਣ ਲੱਗੀਆਂ। ਸਾਰੇ ਫਰਾਂਸ ਦੀਆਂ ਔਰਤਾਂ ਨੂੰ ਲੱਗਾ ਕਿ ਸ਼ਿਲਪੀ ਨੇ ਦੁਨੀਆਂ ਭਰ ਦੀਆਂ ਔਰਤਾਂ ਦੀ ਬੇਇੱਜ਼ਤੀ ਕੀਤੀ ਹੈ। ਉਨ੍ਹਾਂ ਨੇ ਅਦਾਲਤ ਵਿਚ ਸ਼ਿਲਪੀ ਉੱਤੇ ਮੁਕੱਦਮਾ ਚਲਾ ਦਿੱਤਾ। ਸ਼ਿਲਪੀ ਨੂੰ ਸਜ਼ਾ ਮਿਲੀ।

ਸੰਨ 1910 ਦੇ ਆਸ ਪਾਸ ਪੈਰਿਸ ਨਗਰ ਵਿਚ ਇਕ ਸਨਸਨੀਖੇਜ਼ ਮਾਮਲੇ ਦੇ ਸਬੰਧ ਵਿਚ ਕੁਝ ਤੱਥ ਵਿਸ਼ਵ ਭਰ ਦੀਆਂ ਅਖ਼ਬਾਰਾਂ-ਰਸਾਲਿਆਂ ਵਿਚ ਛਪੇ। ਇਹ ਮਾਮਲਾ ਪੇਰਟ ਮੁਕੱਦਮੇ ਦੇ ਨਾਂ ਨਾਲ ਪ੍ਰਸਿੱਧ ਹੈ।

ਇਕ ਡਾਕਟਰ ਆਪਣੀ ਪਤਨੀ ਉੱਤੇ ਹਮੇਸ਼ਾ ਸ਼ੰਕਾ ਕਰਦਾ ਸੀ। ਪੜ੍ਹਿਆ ਲਿਖਿਆ ਹੋ ਕੇ ਵੀ ਉਹ ਮੂਰਖ ਸੀ। ਹਾਲਾਂਕਿ ਮਨੁੱਖ ਦੇ ਸੁਭਾ ਨਾਲ ਪੜ੍ਹਾਈ ਦਾ ਕੋਈ ਸਬੰਧ ਨਹੀਂ ਹੈ। ਉਹ ਪਤਨੀ ਨੂੰ ਕਿਤੇ ਵੀ ਜਾਣ ਨਹੀਂ ਦਿੰਦਾ ਸੀ। ਉਸ ਨੂੰ ਤੰਗ ਕਰਦਾ ਸੀ। ਗਵਾਂਢੀਆਂ ਨੂੰ ਡਾਕਟਰ ਦਾ ਵਿਹਾਰ ਚੰਗਾ ਨਹੀਂ ਲੱਗਾ। ਉਨ੍ਹਾਂ ਨੂੰ ਇਕ ਬੇਕਸੂਰ ਨੂੰ ਇਸ ਤਰ੍ਹਾਂ ਸਤਾਉਣਾ ਅਨਿਆ ਲੱਗਾ। ਤੁਰੰਤ ਉਨ੍ਹਾਂ ਨੇ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ, ਪ੍ਰੰਤੂ ਕੋਈ ਵੀ ਅਧਿਕਾਰੀ ਸਹਾਇਤਾ ਦੇ ਲਈ ਨਹੀਂ ਆਇਆ। ਡਾਕਟਰ ਨੂੰ ਜਦੋਂ ਇਹ ਪਤਾ ਲੱਗਾ ਤਾਂ ਉਸ ਨੇ ਆਪਣੀ ਤਰਕੀਬ ਬਦਲ ਦਿੱਤੀ। ਉਸ ਨੇ ਚਲਾਕੀ ਕੀਤੀ। ਪਤਨੀ ਨੂੰ ਬਾਹਰ ਵੇਖਣ ਤੱਕ ਨਹੀਂ ਦਿੰਦਾ ਸੀ। ਕੁੱਝ ਦਿਨ੍ਹਾਂ ਬਾਅਦ ਡਾਕਟਰ ਦੀ ਚਾਲ ਸਬ ਨੂੰ ਪਤਾ ਲੱਗ ਗਈ। ਇਸ ਅੱਤਿਆਚਾਰ ਨੂੰ ਰੋਕਣ ਦੇ ਲਈ ਗੁਵਾਂਢੀਆਂ ਨੇ ਪੁਲਿਸ ਨੂੰ ਸੱਦ ਲਿਆ। ਚਾਰ ਦਿਨ ਤੋਂ ਬਾਅਦ ਪੁਲਿਸ ਨੇ ਘਰ ਦੀ ਤਲਾਸ਼ੀ ਲਈ ਅਤੇ ਉਥੋਂ ਦਾ ਦ੍ਰਿਸ਼ ਵੇਖਣ ਤੋਂ ਬਾਅਦ ਦੰਗ ਰਹਿ ਗਈ। ਡਾਕਟਰ ਨੇ ਪਤਨੀ ਨੂੰ ਜ਼ੰਜੀਰਾਂ ਨਾਲ ਪਲੰਘ ਨਾਲ ਬੰਨ੍ਹ ਰੱਖਿਆ ਸੀ। ਇਕ ਨਹੀਂ ਤਿੰਨ ਚਾਰ ਜ਼ੰਜੀਰਾਂ ਸਨ। ਕੱਪੜੇ



ਦੇ ਥੱਲੇ ਇਕ ਕਵਚ ਸੀ। ਇਹ ਲੋਹੇ ਦੀਆਂ ਤਾਰਾਂ ਨਾਲ ਬਣਾਇਆ ਗਿਆ ਸੀ। ਕੱਟ ਪ੍ਰਦੇਸ਼ ਵਿਚ ਲੋਹੇ ਦੀ ਕਮਰ ਪੇਟੀ ਸੀ। ਲੱਕ ਦੀਆਂ ਜ਼ੰਜੀਰਾਂ ਵਿਚ ਇਕ ਨਹੀਂ ਦੋ ਦੋ ਜਿੰਦੇ ਸਨ। ਪਤੀ ਵਰਤਾ ਧਰਮ ਦੇ ਲਈ ਵਚਾਰੇ ਡਾਕਟਰ ਨੇ ਕਿੰਨਾ ਕਸ਼ਟ ਝੱਲਿਆ। ਸਰਕਾਰ ਨੇ ਉਸ ਨੂੰ ਇਨਾਮ ਦੇਣ ਦੀ ਬਜਾਇ ਉਸ ਉੱਤੇ ਮੁਕੱਦਮਾ ਚਲਾ ਦਿੱਤਾ। ਅਖਬਾਰਾਂ ਵਿਚ ਇਹ ਸਨਸਨੀਖੇਜ਼ ਖਬਰ ਛਪੀ ਸੀ। ਅਖਬਾਰਾਂ ਨੇ 'ਪਤਨੀ ਨੂੰ ਜ਼ੰਜੀਰਾਂ ਨਾਲ ਬੰਨ੍ਹਿਆ', 'ਪਤਨੀ ਨੂੰ ਤਾਰਾਂ ਦਾ ਕਵਚ ਪਵਾਇਆ' ਆਦਿ ਸਿਰਲੇਖਾਂ ਨਾਲ ਛਾਪਿਆ ਅਤੇ ਡਾਕਟਰ ਦੇ ਅਸਲ ਰੂਪ ਜਨਤਾ ਦੇ ਸਾਹਮਣੇ ਰੱਖਿਆ। ਡਾਕਟਰ ਨੇ ਆਪਣਾ ਦੋਸ਼ ਸਵੀਕਾਰ ਕਰ ਲਿਆ ਅਤੇ ਕਿਹਾ ਕਿ ਮੇਰੀ ਪਤਨੀ ਧੋਖਾ ਦੇਵੇਗੀ, ਅਜਿਹੀ ਸਨਕ ਮੈਨੂੰ ਹੋਈ। ਕੇਵਲ ਸ਼ੱਕ ਦੇ ਕਾਰਨ ਹੀ ਮੈਂ ਅਜਿਹਾ ਕੀਤਾ। ਅਤੇ ਇਹ ਵੀ ਧਿਆਨ ਰੱਖਿਆ ਕਿ ਉਸ ਨੇ ਪਤਨੀ ਦਾ ਪੂਰਾ ਧਿਆਨ ਵੀ ਰੱਖਿਆ ਸੀ ਕਿ ਜ਼ੰਜੀਰਾਂ ਦੇ ਰਹਿਣ ਤੇ ਉਹ ਕਮਰੇ ਵਿਚ ਘੁੰਮ ਫਿਰ ਸਕਦੀ ਸੀ। ਪਿਆਨੋ ਦੇ ਕੋਲ ਜਾ ਸਕਦੀ ਸੀ। ਅਤੇ ਉਸ ਨੂੰ ਹੋਰ ਕਿੰਨੀ ਕੁ ਅਜ਼ਾਦੀ ਦੇਣੀ ਚਾਹੀਦੀ ਸੀ। ਔਰਤ ਨੂੰ ਐਨੀ ਅਜ਼ਾਦੀ ਦੇਣ ਵਾਲੇ ਪਤੀ ਸਾਹਿਬ ਨੂੰ ਅਦਾਲਤ ਨੇ ਸਖਤ ਦੰਡ ਦਿੱਤਾ।

**ਕਮਰਪੇਟੀਆਂ ਦੇ ਕਾਰਖਾਨੇ ਅਤੇ ਇਸ਼ਤਿਹਾਰ-**

13 ਵੀਂ ਸਦੀ ਤੋਂ ਲੈ ਕੇ 20 ਵੀਂ ਸਦੀ ਤੱਕ ਕਮਰ ਪੇਟੀਆਂ ਦਾ ਪ੍ਰਯੋਗ ਲਗਾਤਾਰ ਹੁੰਦਾ ਰਿਹਾ। ਭਾਵ ਕਿ ਲਗਪਗ ਸੱਤ ਸੌ ਸਾਲ ਤੱਕ ਪੂਰੀ ਦੁਨੀਆਂ ਵਿਚ ਪ੍ਰਚੱਲਤ ਸੀ। ਜੇਕਰ ਕਮਰ ਪੇਟੀਆਂ ਦੀ ਐਨੀ ਵਰਤੋ ਹੁੰਦੀ ਸੀ ਤਾਂ ਸੁਭਾਵਿਕ ਹੈ ਕਿ ਉਸ ਦੀ ਮੰਗ ਵੀ ਵਧੇਰੇ ਹੋਵੇਗੀ। ਇਸ ਲਈ ਕਮਰ ਪੇਟੀਆਂ ਬਣਾਉਣ ਵਾਲੇ ਕਾਰਖਾਨਿਆਂ ਦੀ ਸੰਖਿਆ ਵੀ ਵਧੇਰੇ ਹੋਵੇਗੀ। ਜਿਸ ਤਰ੍ਹਾਂ ਅੱਜ ਕੱਲ ਹਾਰ ਸ਼ਿੰਗਾਰ ਦੀਆਂ ਦੁਕਾਨਾਂ ਹਨ, ਉਸੇ ਤਰ੍ਹਾਂ ਕਮਰ ਪੇਟੀਆਂ ਤਿਆਰ ਕਰਨ ਵਾਲੇ ਕਾਰਖਾਨੇ ਅਤੇ ਦੁਕਾਨਾਂ ਵੀ ਹੋਇਆ ਕਰਦੀਆਂ ਸਨ।

ਜਿਸ ਤਰ੍ਹਾਂ ਅੱਜ ਕੱਲ ਵਪਾਰੀ ਪੈਸੇ ਖਰਚ ਕਰਕੇ ਇਸ਼ਤਿਹਾਰ ਦਿੰਦੇ ਹਨ, ਉਸ ਤਰ੍ਹਾਂ ਉਸ ਜ਼ਮਾਨੇ ਵਿਚ ਕਮਰ ਪੇਟੀਆਂ ਬਣਾਉਣ ਵਾਲੇ ਕਾਰਖਾਨੇ ਵੀ ਰੰਗੀਨ ਚਿੱਤਰ ਦੇ ਨਾਲ ਇਸ਼ਤਿਹਾਰ ਦਿੰਦੇ ਸਨ। ਕਈ ਤਰ੍ਹਾਂ ਦੀਆਂ ਸੁੰਦਰ ਨਮੂਨਿਆ ਵਾਲੀਆਂ ਕਮਰ ਪੇਟੀਆਂ ਬਣਾਈਆਂ ਜਾਂਦੀਆਂ ਸਨ। ਕੁੱਝ ਉੱਤੇ ਮੀਨਾਕਾਰੀ ਹੁੰਦੀ ਸੀ। ਕੁੱਝ ਕਮਰ ਪੇਟੀਆਂ ਦੇ ਅੰਦਰ ਅਸਤਰ ਲਗਾਏ ਜਾਂਦੇ ਸਨ। ਕੁੱਝ ਕਮਰ ਪੇਟੀਆਂ ਨੂੰ ਚਾਂਦੀ ਦੇ ਜਿੰਦੇ ਲਗਾਏ ਜਾਂਦੇ ਸਨ। ਸਨ 1900 ਵਿਚ ਇਕ ਵੱਡੇ ਸ਼ਹਿਰ ਦੇ ਕਾਰਖਾਨੇ ਦਾ ਇਸ਼ਤਿਹਾਰ ਦੇਖੋ-

ਇਸਤਰੀ ਪਤੀ ਵਰਤਾ ਦੀ ਰੱਖਿਆ ਦਾ ਸਾਧਨ
ਜਿੰਦੇ ਦੇ ਨਾਲ ਸਧਾਰਨ ਕਮਰ ਪੇਟੀ-120 ਫ੍ਰਾਂਕਸ
ਪਤੀ ਵਰਤਾ ਦੀ ਰੱਖਿਆ ਦਾ ਸਾਧਨ
ਜਿੰਦੇ ਦੇ ਨਾਲ ਡੀਲਕਸ ਕਮਰ ਪੇਟੀ 180 ਫ੍ਰਾਂਕਸ
ਪਤੀ ਵਰਤਾ ਦੀ ਰੱਖਿਆ ਦਾ ਸਾਧਨ
ਚਾਂਦੀ ਦੇ ਜਿੰਦੇ ਅਤੇ ਸੁੰਦਰ ਅਸਤਰ ਦੇ ਨਾਲ 130 ਫ੍ਰਾਂਕਸ

ਇਸ ਤੋਂ ਬਾਅਦ ਸੁੰਦਰ ਸ਼ਬਦਾਂ ਨਾਲ ਇਨ੍ਹਾਂ ਦੀ ਤਰੀਫ਼ ਹੁੰਦੀ ਸੀ। ਇਸ਼ਤਿਹਾਰ ਦੇ ਲਈ ਚੰਗੇ ਕਾਗਜ਼ ਦੀ ਵਰਤੋਂ ਹੁੰਦੀ ਸੀ। ਇਸ ਇਸ਼ਤਿਹਾਰ ਨੂੰ ਵੇਖਣ ਤੋਂ ਬਾਅਦ ਜਿਹੜੇ ਗਾਹਕ ਪੱਤਰ ਲਿਖਦੇ ਸਨ, ਉਨ੍ਹਾਂ ਨੂੰ ਕਾਰਖਾਨਾ ਇਕ ਕਾਰਡ ਭੇਜਦਾ ਸੀ। ਉਸ ਕਾਰਡ ਵਿਚ ਕਮਰਪੇਟੀ ਦੀ ਕਿਸਮ ਅਤੇ ਪਾਉਣ ਵਾਲੇ ਦੀਆਂ ਜਾਂਘਾ ਦਾ ਨਾਪ ਗਾਹਕ ਲਿਖ ਕੇ ਭੇਜਦਾ ਸੀ।

ਇਸ਼ਤਿਹਾਰ ਦੇਖਣ ਤੋਂ ਬਾਅਦ ਹਰ ਮਰਦ ਦੇ ਹਿਰਦੇ ਵਿਚ ਇਹ ਇੱਛਾ ਜਾਗ੍ਰਿਤਿ ਹੁੰਦੀ ਸੀ ਕਿ

ਆਪਣੀ ਪਤਨੀ ਦੇ ਲਈ ਉਸ ਨੂੰ ਵੀ ਇਕ ਕਮਰ ਪੇਟੀ ਖਰੀਦਣੀ ਚਾਹੀਦੀ ਹੈ। ਮਰਦਾਂ ਨੂੰ ਉਜੇਜਿਤ ਕਰਨ ਦੇ ਲਈ ਇਸ਼ਤਿਹਾਰ ਦਿੱਤੇ ਜਾਂਦੇ ਸਨ। ਇਕ ਕਾਰਖਾਨੇ ਨੇ ਇਕ ਅਜਿਹਾ ਇਸ਼ਤਿਹਾਰ ਦਿੱਤਾ ਜਿਸ ਨੂੰ ਪੜ੍ਹਨ ਤੋਂ ਬਾਅਦ ਹਰ ਮਰਦ ਨੂੰ ਅਜਿਹਾ ਲੱਗ ਸਕਦਾ ਸੀ ਕਿ ਪਤਨੀ ਨੂੰ ਕਮਰ ਪੇਟੀ ਨਾ ਪਵਾਈ ਤਾਂ ਸਮਾਜ ਵਿਚ ਉਸ ਦਾ ਕੌਡੀ ਦਾ ਸਨਮਾਨ ਵੀ ਨਹੀਂ ਬਚੇਗਾ। ਪੂਰੀ ਇੱਜ਼ਤ ਮਿੱਟੀ ਵਿਚ ਮਿਲ ਜਾਵੇਗੀ। ਇਹ ਇਸ਼ਤਿਹਾਰ ਕਹਿੰਦਾ ਸੀ, "ਕੀ ਤੁਹਾਡੇ ਬੱਚੇ ਤੁਹਾਡੇ ਹੀ ਹਨ? ਬੱਚੇ ਸੱਚਮੁੱਚ ਤੁਹਾਡੇ ਹੀ ਹਨ, ਵਿਸ਼ਵਾਸ ਦੇ ਨਾਲ ਦਿੱਲ ਤੇ ਹੱਥ ਰੱਖ ਕੇ ਕਹਿਣ ਦੇ ਲਈ ਸਾਡੀਆਂ ਕਮਰ ਪੇਟੀਆਂ ਦੀ ਵਰਤੋਂ ਕਰੋ, ਜੇਕਰ ਤੁਸੀਂ ਅਜਿਹਾ ਨਹੀਂ ਕਰੋਗੇ ਤਾਂ ਸੱਚਾਈ ਕੀ ਹੈ ਇਹ ਭਗਵਾਨ ਹੀ ਜਾਣਦਾ ਹੈ।"



ਕਮਰ ਪੇਟੀ ਦਾ ਇਸਤਿਹਾਰ

ਇਹ ਕੰਪਨੀ ਮਰਦ ਲਈ ਕਮਰ ਪੇਟੀਆਂ ਵੀ ਤਿਆਰ ਕਰਦੀ ਸੀ। ਮਰਦ ਪਰਾਈਆਂ ਔਰਤਾਂ ਨਾਲ ਅਨੈਤਿਕ ਸੰਬੰਧ ਨਾ ਰੱਖਣ, ਇਸ ਲਈ ਮਰਦ ਕਮਰ ਪੇਟੀਆਂ ਬਣਾਈਆਂ ਜਾਂਦੀਆਂ ਸਨ। ਮਰਦ ਕਮਰ ਪੇਟੀਆਂ ਬਣਾਉਣ ਦਾ ਉਦੇਸ਼ ਮੁੱਖ ਇਹ ਸੀ ਕਿ ਨੌਜਵਾਨ ਕਾਮ ਸਬੰਧ ਨਾ ਬਣਾਉਣ।

ਅੱਜ ਵੀ ਯੂਰੋਪ ਅਤੇ ਅਮਰੀਕਾ ਵਿਚ ਕੁਝ ਲੋਕ ਡਾਕਟਰਾਂ ਅਤੇ ਵੈਦ-ਯੰਤਰ ਤਿਆਰ ਕਰਨ ਵਾਲੀਆਂ ਕੰਪਨੀਆਂ ਨੂੰ ਪੁੱਛਦੇ ਰਹਿੰਦੇ ਸਨ ਕਿ ਔਰਤਾਂ ਨੂੰ ਸੁੱਚਮ ਰੱਖਣ ਲਈ ਕੋਈ ਸਾਧਨ ਹੋਵੇਗਾ?

ਤਕਰੀਬਨ ਪੰਜਾਹ-ਸੱਠ ਸਾਲ ਪਹਿਲਾਂ ਬ੍ਰਿਟੇਨ ਵਿਚ ਇਕ ਪ੍ਰਸਿੱਧ ਡਾਕਟਰ ਨੇ ਪਤੀ ਵਰਤਾ ਧਰਮ ਰੱਖਿਆ ਨੂੰ ਜ਼ਰੂਰੀ ਸਮਝ ਕੇ ਇਕ ਗ੍ਰੰਥ ਲਿਖਿਆ ਸੀ। ਇਹ ਵੈਦ ਸ਼ਾਸਤਰ ਨਾਲ ਸਬੰਧ ਰੱਖਣ ਵਾਲਾ ਗ੍ਰੰਥ ਹੈ। ਇਸ ਵਿਚ ਔਰਤ ਪਤੀ ਵਰਤਾ ਧਰਮ ਦੀ ਰੱਖਿਆ ਕਿਵੇਂ ਰੱਖ ਸਕਦੀ ਹੈ ਅਤੇ ਉਸ ਯੁੱਗ ਵਿਚ ਇਸਦੀ ਰੱਖਿਆ ਕਿਵੇਂ ਹੋ ਰਹੀ ਸੀ, ਆਦਿ ਦੇ ਸੰਬੰਧ ਵਿਚ ਲਿਖਿਆ ਗਿਆ ਹੈ। ਇਸ ਪੁਸਤਕ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਇਸ ਸੰਬੰਧੀ ਲਿਖਿਆ ਗਿਆ ਹੈ ਕਿ ਉਨ੍ਹਾਂ ਦਿਨ੍ਹਾਂ ਵਿਚ ਮੁੱਖ ਤੌਰ ਤੇ ਸਕਾਟਲੈਂਡ ਦੀਆਂ ਔਰਤਾਂ ਦਾ ਵਿਹਾਰ ਕਿਨ੍ਹਾਂ ਮਾੜਾ ਸੀ। ਦੂਜੇ ਭਾਗ ਵਿਚ ਇਨ੍ਹਾਂ ਨੈਤਿਕ ਬੁਰੇ ਕੰਮਾਂ ਤੋਂ ਕਿਵੇਂ ਬਚਾ ਕੀਤਾ ਜਾ ਸਕਦਾ ਹੈ, ਇਸ ਦੇ ਕੁੱਝ ਹੱਲ ਦਿੱਤੇ ਗਏ ਹਨ। ਇਨ੍ਹਾਂ ਕਮਰ ਪੇਟੀਆਂ ਦੇ ਨਿਰਮਾਣ-ਵਿਧੀ ਵਿਧਾਨ ਦਾ ਵਰਨਣ ਤੀਜੇ ਭਾਗ ਵਿਚ ਮਿਲਦਾ ਹੈ। ਇਸ ਵਿਚ ਲੜਕੇ ਯੌਨ ਅੱਤਿਆਚਾਰੀ ਕਿਵੇਂ ਬਣਦੇ ਹਨ, ਵਰਜਿਤ ਸੰਬੰਧਾਂ ਨੂੰ ਰੋਕਣ ਦੇ ਲਈ ਕਿਹੜੀਆਂ ਕਮਰ ਪੇਟੀਆਂ ਲੜਕੀਆਂ ਨੂੰ ਪਾਉਣੀਆਂ ਚਾਹੀਦੀਆਂ ਹਨ, ਆਦਿ ਦੇ ਸਬੰਧ ਵਿਚ ਲਿਖਿਆ ਗਿਆ ਹੈ।

### ਗ੍ਰੰਥਾਂ ਵਿਚ ਕਮਰ ਪੇਟੀਆਂ ਦਾ ਵਰਣਨ-

ਕਮਰ ਪੇਟੀਆਂ ਅਤੇ ਮਾਨਵ-ਸੁਭਾਅ ਦੇ ਵਿਚਕਾਰ ਗਹਿਰਾ ਸੰਬੰਧ ਹੈ। ਸਾਹਿਤ ਸਮਾਜ ਦਾ ਪ੍ਰਤਿਬਿੰਬ ਹੈ। ਸਮਾਜ ਵਿਚ ਕਮਰ ਪੇਟੀਆਂ ਦੀ ਪ੍ਰਥਾ ਪ੍ਰਚੱਲਤ ਸੀ, ਇਸ ਲਈ ਕਮਰ ਪੇਟੀਆਂ ਦਾ ਵਰਣਨ ਕਈ ਗ੍ਰੰਥਾਂ ਵਿਚ ਵੀ ਮਿਲਦਾ ਹੈ। ਹੋ ਸਕਦਾ ਹੈ ਕਿ ਹੌਲੀ ਹੌਲੀ ਮਨੁੱਖ ਦੇ ਵਿਚਾਰਾਂ ਵਿਚ ਤਬਦੀਲੀ ਆਈ ਹੋਵੇ। ਸਭਿਆ ਮਨੁੱਖ ਅਤੇ ਪੰਡਿਤਾਂ ਨੂੰ ਚੰਗਾ ਨਾ ਲੱਗਾ ਹੋਵੇ, ਇਸ ਲਈ ਉਨ੍ਹਾਂ ਨੇ ਇਨ੍ਹਾਂ ਗ੍ਰੰਥਾਂ ਨੂੰ ਨਸ਼ਟ ਕਰ ਦਿੱਤਾ ਹੋਵੇ।

ਸੰਨ 1500 ਵਿਚ ਇਟਲੀ ਨਾਲ ਸਬੰਧਤ ਇਕ ਕਹਾਣੀ ਪ੍ਰਚੱਲਤ ਸੀ। ਇਕ ਪਤਨੀ ਕਿਸੇ ਗੈਰ ਮਰਦ ਦੇ ਪ੍ਰੇਮ ਵਿਚ ਪਾਗਲ ਹੋ ਗਈ। ਉਹ ਆਪਣੇ ਪਿਆਰੇ ਦੇ ਨਾਲ ਰੰਗ ਰਲੀਆਂ ਵਿਚ ਡੁੱਬ ਗਈ। ਅਚਾਨਿਕ ਪਤੀ ਆਇਆ। ਉਸ ਨੂੰ ਗੈਰ ਮਰਦ ਉੱਤੇ ਕ੍ਰੋਧ ਆਇਆ। ਉਸ ਨੂੰ ਸਖ਼ਤ ਸਜ਼ਾ ਦੇਣ ਦੇ



ਲਈ ਆਪਣੀ ਪਤਨੀ ਦੇ ਲਈ ਕਮਰ ਪੇਟੀ ਲੈ ਆਇਆ ਅਤੇ ਲਗਾ ਦਿੱਤੀ। ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਕਮਰ ਪੇਟੀਆਂ ਦੀ ਪ੍ਰਥਾ ਪ੍ਰਚੱਲਤ ਹੋਈ।

ਇਟਲੀ ਦੇ ਇਕ ਮਿਲਾਨ ਨਗਰ ਵਿਚ ਇਕ ਕਹਾਣੀ ਪ੍ਰਚੱਲਤ ਸੀ। ਇਹ ਕਹਾਣੀ ਇਸ ਤਰ੍ਹਾਂ ਹੈ- ਇਕ ਇਸਾਈ ਨੰਨ ਇਕ ਮਰਦ ਨਾਲ ਪਿਆਰ ਕਰਨ ਲੱਗੀ। ਨੰਨ ਹੋਣ ਦੇ ਕਾਰਨ ਉਸ ਨੂੰ ਵਾਸ਼ਨਾ ਦਾ ਤਿਆਗ ਕਰ ਦੇਣਾ ਚਾਹੀਦਾ ਸੀ। ਆਪਣੇ ਉੱਪਰ ਸੰਜਮ ਰੱਖਣ ਤੇ ਵੀ ਕੁਦਰਤ ਦੇ ਨਿਯਮ ਉੱਤੇ ਜਿੱਤ ਨਾ ਪਾ ਸਕੀ। ਉਸਦਾ ਪ੍ਰੇਮੀ ਮਾਂਕ (ਇਸਾਈ ਫਾਦਰ) ਦੇ ਰੂਪ ਵਿਚ ਨੰਨ ਦੇ ਕੋਲ ਆਉਣ ਲੱਗਾ। ਥੋੜ੍ਹੇ ਦਿਨ ਬੀਤ ਗਏ। ਇਕ ਦਿਨ ਪ੍ਰੇਮੀ ਨੇ ਫਾਦਰ ਦੇ ਭੇਸ਼ ਵਿਚ ਹੀ ਆਪਣੇ ਇਕ ਜਾਣੂ ਨਾਲ ਗੱਲ ਕੀਤੀ। ਉਦੋਂ ਉਸ ਦਾ ਪਰਦਾਫਾਸ਼ ਹੋ ਗਿਆ। ਬਾਕੀ ਫਾਦਰਾਂ ਨੂੰ ਕ੍ਰੋਧ ਆਇਆ। ਉਨ੍ਹਾਂ ਨੇ ਸੋਚਿਆ ਕਿ ਕਮਰ ਪੇਟੀਆਂ ਹੀ ਇਸ ਵਿਭਚਾਰ ਨੂੰ ਰੋਕ ਸਕਦੀਆਂ ਹਨ। ਇਸ ਲਈ ਫਾਦਰ ਨੇ ਔਰਤਾਂ ਨੂੰ ਕਮਰ ਪੇਟੀਆਂ ਪਾਉਣ ਦੀ ਆਗਿਆ ਦਿੱਤੀ। ਜਨਤਾ ਫਾਦਰ ਦਾ ਸਤਿਕਾਰ ਕਰਦੀ ਸੀ, ਇਸ ਲਈ ਸਾਰੇ ਲੋਕ ਆਪਣੀਆਂ ਪਤਨੀਆਂ ਨੂੰ ਕਮਰ ਪੇਟੀਆਂ ਪਵਾਉਣ ਲੱਗੇ।

ਫਰਾਂਸ ਦੇ ਸ਼ਬਦਕੋਸ਼ ਵਿਚ ਵੀ ਇਨ੍ਹਾਂ ਕਮਰ ਪੇਟੀਆਂ ਦਾ ਵਰਨਨ ਮਿਲਦਾ ਹੈ। ਇਨ੍ਹਾਂ ਨੂੰ ਕਿਵੇਂ ਤਿਆਰ ਕੀਤਾ ਜਾਂਦਾ ਹੈ, ਇਸ ਦੀ ਵਰਤੋਂ ਕਿਸ ਤਰ੍ਹਾਂ ਹੁੰਦੀ ਹੈ, ਆਦਿ ਦਾ ਵਿਸ਼ਲੇਸ਼ਣ ਵੀ ਮਿਲਦਾ ਹੈ।

ਇਕ ਕਵੀ ਨੇ ਆਪਣੀ ਪੁਸਤਕ ਵਿਚ ਕਮਰ ਪੇਟੀਆਂ ਨਾਲ ਸਬੰਧਤ ਇਕ ਪ੍ਰਸੰਗ ਲਿਖਿਆ ਹੈ, ਇਕ ਮਰਦ ਆਪਣੀ ਔਰਤ ਦੇ ਵਿਹਾਰ ਤੋਂ ਤੰਗ ਆ ਕੇ ਕਹਿੰਦਾ ਹੈ ਕਿ ਇਕ ਜਿੰਦਾ ਲੈ ਕੇ ਇਸ ਨੂੰ ਪਾਉਣਾ ਚਾਹੀਦਾ।' ਉਸ ਨੇ ਕਮਰ ਪੇਟੀ ਸ਼ਬਦ ਦੀ ਵਰਤੋਂ ਨਹੀਂ ਕੀਤੀ ਪ੍ਰੰਤੂ ਇਸ ਵਾਕ ਦਾ ਅਰਥ ਇਹ ਹੀ ਹੈ।

ਸਕਾਟਲੈਂਡ ਦੇ ਕਵੀ ਸਰ ਡੇਵਿਡ ਲਿੰਡਸੇ ਨੇ ਇਕ ਪ੍ਰਬੰਧ ਕਾਵਿ ਲਿਖਿਆ ਸੀ। ਇਸ ਵਿਚ ਪੇਸ਼ ਇਕ ਕਹਾਣੀ ਵਿਚ ਕਿਹਾ ਗਿਆ ਹੈ ਕਿ ਨਾਇਕਾ ਦਾ ਪਤੀ ਹਰ ਰੋਜ਼ ਉਸ ਨੂੰ ਕਮਰ ਪੇਟੀ ਪਵਾ ਕੇ ਜਿੰਦਾ ਲਗਾ ਕੇ ਚਾਬੀ ਆਪਣੇ ਸਰਾਹਣੇ ਦੇ ਥੱਲੇ ਰੱਖ ਕੇ ਸੌਂਦਾ ਹੈ। ਨਾਇਕਾ ਦੂਜੇ ਮਰਦ ਵੱਲ ਖਿੱਚੀ ਜਾਂਦੀ ਹੈ। ਉਹ ਗੈਰ ਮਰਦ ਇਕ ਦਿਨ ਨਾਇਕਾ ਦੇ ਕੋਲ ਜਾਂਦਾ ਹੈ। ਕਮਰ ਪੇਟੀ ਵਿਚਕਾਰ ਦੀਵਾਰ ਬਣ ਕੇ ਖੜ੍ਹੀ ਹੋਈ ਹੈ। ਨਾਇਕਾ ਹੌਲੀ ਹੌਲੀ ਜਿਹੇ ਉਸ ਗੈਰ ਮਰਦ ਨੂੰ ਆਪਣੇ ਪਤੀ ਦੇ ਸਰਾਹਣੇ ਥੱਲੇ ਰੱਖੀ ਚਾਬੀ ਲਿਆਉਣ ਲਈ ਕਹਿੰਦੀ ਹੈ।

ਸਵੇਰ ਹੁੰਦੇ ਹੀ ਪਤੀ ਉੱਠਦਾ ਹੈ। ਉਹ ਚਾਬੀ ਨੂੰ ਲੱਭਦਾ ਹੈ, ਚਾਬੀ ਕਿਤੇ ਗਵਾਚ ਗਈ ਹੈ। ਉਸ ਨੂੰ ਬਹੁਤ ਕ੍ਰੋਧ ਆ ਜਾਂਦਾ ਹੈ। ਨਾਇਕਾ ਆਉਂਦੀ ਹੈ ਅਤੇ ਪੁੱਛਦੀ ਹੈ ਕਿ ਕੀ ਹੋਇਆ? ਚਾਬੀ ਨੂੰ ਏਧਰ ਓਧਰ ਲੱਭਣ ਦਾ ਨਾਟਕ ਕਰਦੀ ਹੈ ਅਤੇ ਹੌਲੀ ਜਿਹੇ ਚਾਬੀ ਸਰਾਹਣੇ ਦੇ ਥੱਲੇ ਰੱਖ ਦਿੰਦੀ ਹੈ। ਅਤੇ ਪਤੀ ਨੂੰ ਸਰਾਹਣੇ ਦੇ ਥੱਲੇ ਲੱਭਣ ਦੇ ਲਈ ਕਹਿੰਦੀ ਹੈ। ਪਤੀ ਨੂੰ ਉਥੋਂ ਚਾਬੀ ਲੱਭ ਜਾਂਦੀ ਹੈ। ਉਹ ਬਹੁਤ ਖੁਸ਼ ਹੁੰਦਾ ਹੈ। ਉਹ ਇਹ ਕਹਿੰਦਾ ਹੋਇਆ ਪਤਨੀ ਨੂੰ ਚੁੰਮ ਲੈਂਦਾ ਹੈ ਕਿ ਤੇਰੇ ਵਰਗੀ ਪਿਆਰੀ ਪਤਨੀ ਕਿਸ ਦੇ ਕੋਲ ਨਹੀਂ ਹੈ।

### ਪਤੀ ਪਤਨੀ ਦੀ ਮਨੋ ਅਵਸਥਾ-

ਮਰਦ ਆਪਣੀ ਚਾਹਤ ਦੇ ਲਈ ਸੁੰਦਰ ਪਤਨੀ ਦੇ ਨਾਲ ਵਿਆਹ ਕਰਦਾ ਹੈ। ਪ੍ਰੰਤੂ ਵਿਆਹ ਉਪਰੰਤ ਉਸ ਵਿਚ ਸਨਕ ਆ ਜਾਂਦੀ ਹੈ। ਜਦੋਂ ਉਸ ਨੂੰ ਉਸ ਉੱਤੇ ਸ਼ੱਕ ਹੋਣ ਲੱਗਦੀ ਹੈ। ਆਪਣੀ ਪਤਨੀ ਪਰਾਏ ਮਰਦ ਨਾਲ ਕਿਵੇਂ ਅੱਖਾਂ ਚਾਰ ਕਰੇਗੀ, ਇਹ ਚਿੰਤਾ ਉਸ ਨੂੰ ਤੰਗ ਕਰਦੀ ਹੈ। ਉਸ ਨੂੰ ਆਪਣੀ ਸੁੰਦਰ ਪਤਨੀ ਦੁਸ਼ਮਣ ਦੇ ਬਰਾਬਰ ਲੱਗਦੀ ਹੈ।

ਨੀਤੀ ਸਾਸ਼ਤਰ ਵਿਚ ਲਿਖਿਆ ਹੈ ਕਿ ਭਾਰਯਾ ਰੂਪਵਤੀ ਸਤਰੂ। ਇਕ ਪਲ ਦੇਰ ਹੋ ਗਈ ਤਾਂ ਸ਼ੱਕ। ਕਿਸੇ ਗੈਰ ਮਰਦ ਨਾਲ (ਭਰਾ ਮੰਨ ਕੇ ਵੀ) ਗੱਲ ਕਰ ਲਈ ਤਾਂ ਵੀ ਸ਼ੱਕ। ਕੋਈ ਗੈਰ ਮਰਦ ਉਸ ਨੂੰ ਵੇਖੇਗਾ ਤਾਂ ਕ੍ਰੋਧ। ਉਹ ਕਿਸੇ ਗੈਰ ਮਰਦ ਨੂੰ ਵੇਖੇਗੀ ਤਾਂ ਵੀ ਕ੍ਰੋਧ। ਸੁੰਦਰਤਾ ਔਰਤ ਲਈ ਵਰਦਾਨ ਵੀ ਹੈ, ਸਰਾਪ ਵੀ। ਮਨੁੱਖੀ ਸੁਭਾ ਐਨਾ ਬੁਰਾ ਨਹੀਂ। ਪ੍ਰੰਤੂ ਜਦੋਂ ਮਰਦ ਵਿਚ ਸਵਾਰਥ ਦੀ ਭਾਵਨਾ ਆ ਗਈ, ਉਦੋਂ ਤਾਂ ਉਸ ਉੱਤੇ ਮੁਸੀਬਤਾਂ ਦਾ ਜਿਵੇਂ ਹੜ੍ਹ ਹੀ ਆ ਗਿਆ ਹੋਵੇ। ਨਾ ਉਸ ਨੂੰ ਚੈਨ, ਨਾ ਔਰਤ ਨੂੰ। ਉਹ ਆਪਣੇ ਪਰਛਾਵੇਂ ਨੂੰ ਵੇਖ ਕੇ ਭੂਤ ਸਮਝਣ ਲੱਗਦਾ ਹੈ, ਡਰ ਰਿਹਾ ਹੈ।

ਇਕ ਨਾਇਕ ਸੀ। ਕਈ ਦੇਸ਼ ਲੱਭ ਕੇ, ਕਾਫੀ ਮੁਸੀਬਤਾਂ ਝੱਲ ਕੇ ਉਸ ਨੇ ਇਕ ਬਹੁਤ ਸੁੰਦਰ ਔਰਤ ਨਾਲ ਵਿਆਹ ਕਰਵਾ ਲਿਆ। ਵਿਆਹ ਹੋਣ ਤੇ ਉਸ ਦੇ ਜੀਵਨ ਵਿਚ ਚਾਰ ਦਿਨ ਦੀ ਬਹਾਰ ਆਈ। ਫਿਰ ਸ਼ੁਰੂ ਹੋ ਗਿਆ ਮੁਸੀਬਤਾਂ ਦਾ ਸਿਲਸਿਲਾ। ਪਤੀ ਇਟਲੀ ਗਿਆ। ਉਨ੍ਹਾਂ ਦਿਨਾਂ ਵਿਚ ਇਟਲੀ ਦੀਆਂ ਕਮਰ ਪੇਟੀਆਂ ਮਸ਼ਹੂਰ ਸਨ। ਇਕ ਸੁੰਦਰ ਕਮਰ ਪੇਟੀ ਜਿਸ ਉੱਤੇ ਮੀਨਾਕਾਰੀ ਕੀਤੀ ਗਈ ਸੀ। ਸੋਨੇ ਦੀ ਪਰਤ ਚੜ੍ਹਾਈ ਗਈ ਸੀ। ਖਰੀਦ ਕੇ ਲੈ ਆਇਆ। ਉਸ ਨੇ ਪਤਨੀ ਨੂੰ ਦਿਖਾਇਆ ਅਤੇ ਉਸ ਨੂੰ ਉਕਸਾਇਆ। ਕਿਹਾ ਕਿ ਅੱਜ ਕੱਲ ਵੱਡੇ ਘਰਾਂ ਦੀਆਂ ਨੂੰਹਾਂ ਧੀਆਂ ਇਨ੍ਹਾਂ ਨੂੰ ਪਾ ਰਹੀਆਂ ਹਨ। ਕਿੰਨੀ ਸੁੰਦਰ ਹੈ। ਦੇਖ। ਉਸ ਨੂੰ ਪਵਾ ਦਿੱਤੀ ਤੇ ਸ਼ੀਸ਼ੇ ਵਿਚ ਵੇਖਣ ਲਈ ਕਿਹਾ। ਜਿੰਦਾ ਲਗਾ ਕੇ ਚਾਬੀ ਆਪਣੀ ਜੇਬ ਵਿਚ ਪਾ ਲਈ।


ਪਤਨੀ ਨੂੰ ਇਹ ਇਕ ਤਮਾਸ਼ੇ ਵਾਂਗ ਲੱਗਾ। ਕਮਰ ਪੇਟੀ ਦੇ ਕਾਰਨ ਉਸ ਨੂੰ ਕਠਿਨਾਈ ਹੋਣ ਤੇ ਵੀ ਉਹ ਖੁਸ਼ ਸੀ। ਉਹ ਇਹ ਸੋਚਦੀ ਹੋਈ ਆਨੰਦ ਵਿਚ ਡੁੱਬ ਗਈ ਕਿ ਵੱਡੇ ਘਰਾਂ ਦੀ ਪ੍ਰਥਾ ਹੁਣ ਇਸ ਘਰ ਵਿਚ ਵੀ ਆ ਗਈ, ਅਤੇ ਉਹ ਅੱਜ ਵੱਡੇ ਘਰਾਂ ਦੀਆਂ ਨੂੰਹਾਂ ਧੀਆਂ ਦੇ ਬਰਾਬਰ ਬਣ ਗਈ।

ਇਸ ਕਮਰ ਪੇਟੀ ਵਿਚ ਇਕ ਵਿਸ਼ੇਸ਼ਤਾ ਸੀ। ਕਮਰ ਪੇਟੀ ਦੇ ਪਤਰੇ ਨੂੰ ਲੱਕ ਨਾਲ ਲਗਾਉਣ ਦੇ ਲਈ ਚਾਰ ਸੋਨੇ ਦੀਆਂ ਜ਼ੰਜੀਰਾ ਸਨ। ਇਨ੍ਹਾਂ ਜ਼ੰਜੀਰਾਂ ਦੇ ਅੰਦਰੋਂ ਕਮਰ ਪੇਟੀ ਨੂੰ ਜਿੰਦਾ ਲਗਾਇਆ ਜਾਂਦਾ ਸੀ। ਕਮਰ ਪੇਟੀ ਉਸ ਔਰਤ ਦੇ ਲਈ ਥੋੜਾ ਔਖਾ ਕਰਦੀ ਸੀ ਪ੍ਰੰਤੂ ਉਸ ਨੂੰ ਖੁਸ਼ੀ ਇਸ ਲਈ ਹੋਈ ਕਿ ਹੁਣ ਉਸ ਦਾ ਪਤੀ ਸ਼ੱਕ ਦੀ ਦ੍ਰਿਸ਼ਟੀ ਨਾਲ ਉਸ ਵੱਲ ਨਹੀਂ ਵੇਖ ਰਿਹਾ ਅਤੇ ਉਸ ਨੂੰ ਛੱਡ ਕੇ ਏਧਰ ਉਧਰ ਜਾ ਰਿਹਾ ਹੈ। ਪਹਿਲਾਂ ਉਸ ਨੂੰ ਇਕ ਪਲ ਵੀ ਨਹੀਂ ਛੱਡਦਾ ਸੀ। ਹੁਣ ਉਸ ਔਰਤ ਨੂੰ ਥੋੜੀ ਮੁਕਤੀ ਮਿਲੀ, ਉਹ ਆਪਣੀਆਂ ਸਹੇਲੀਆਂ ਦੇ ਕੋਲ ਆਉਣ ਜਾਣ ਲੱਗੀ। ਪਤੀ ਨੂੰ ਯਕੀਨ ਸੀ ਕਿ ਹੁਣ ਪਤਨੀ ਏਧਰ ਓਧਰ ਗਈ ਤਾਂ ਵੀ ਕੁੱਝ ਗਲਤ ਕੰਮ ਨਹੀਂ ਕਰੇਗੀ। ਜੇਕਰ ਉਸ ਨੂੰ ਕੋਈ ਸ਼ੰਕਾਂ ਹੁੰਦੀ ਤਾਂ ਉਹ ਆਪਣੀ ਜੇਬ ਵਿਚ ਰੱਖੀ ਚਾਬੀ ਨੂੰ ਵੇਖ ਲੈਂਦਾ ਸੀ। ਤੁਰੰਤ ਉਸ ਨੂੰ ਸ਼ਾਂਤੀ ਮਿਲ ਜਾਂਦੀ ਸੀ। ਹਾਰ ਸਿੰਗਾਂਰ ਦੀ ਗੋਲਕ ਭਾਵੇਂ ਕਿਤੇ ਵੀ ਹੋਵੇ, ਉਸ ਦੀ ਚਾਬੀ ਤਾਂ ਉਸ ਦੇ ਕੋਲ ਹੈ!

ਦਿਨ ਬੀਤ ਰਹੇ ਸੀ। ਇਕ ਸੁੰਦਰ ਨੌਜਵਾਨ ਨਾਲ ਪਤਨੀ ਦੀ ਮਿੱਤਰਤਾ ਹੋ ਗਈ। ਦੋਹਾਂ ਵਿਚ ਕੇਵਲ ਮਿੱਤਰਤਾ ਸੀ, ਇਸ ਤੋਂ ਇਲਾਵਾਂ ਕੋਈ ਸਬੰਧ ਰਹਿਣਾ ਤਾਂ ਅਸੰਭਵ ਸੀ ਕਿਉਂਕਿ ਕਮਰ ਪੇਟੀ ਦੀ ਦੀਵਾਰ ਵਿਚ ਖੜੀ ਸੀ। ਪਤੀ ਨੂੰ ਸ਼ੱਕ ਹੋਇਆ। ਉਸ ਨੇ ਪਤਨੀ ਨੂੰ ਕੁੱਟਿਆ। ਉਸ ਨੌਜਵਾਨ ਦੀ ਘਰ 'ਚ ਮੁਕੰਮਲ ਪਬੰਦੀ ਲਗਾ ਦਿੱਤੀ। ਕੁਝ ਦਿਨ੍ਹਾਂ ਬਾਅਦ ਪਤਨੀ ਨੂੰ ਦੂਜੇ ਪਿੰਡ ਲੈ ਕੇ ਗਿਆ। ਘਰ ਵਿਚ ਇਕ ਨੌਕਰ ਸੀ। ਉਸ ਨੌਕਰ ਦੀ ਸ਼ਕਲ ਉਸ ਪ੍ਰੇਮੀ ਨਾਲ ਮਿਲਦੀ ਜੁਲਦੀ ਸੀ। ਪਤਨੀ ਉਸ ਨੌਕਰ ਨਾਲ ਪਿਆਰ ਨਾਲ ਰਹਿਣ ਲੱਗੀ। ਉਹ ਜਿੱਥੇ ਵੀ ਜਾਂਦੀ ਸੀ ਨੌਕਰ ਨੂੰ ਲੈ ਕੇ ਜਾਂਦੀ ਸੀ। ਇਕ ਦਿਨ ਮਾਲਕਿਨ ਕਿਤੇ ਨਾਚ ਕਰਨ ਦੇ ਲਈ ਗਈ। ਉਸਦਾ ਨੌਕਰ ਵੀ ਨਾਲ ਗਿਆ। ਉਹ ਖੁਸ਼ੀ ਨਾਲ ਨੱਚਣ ਲੱਗੀ। ਸੋਨੇ ਦੀ ਜ਼ੰਜੀਰਾਂ ਵਿਚੋਂ ਇਕ ਜ਼ੰਜੀਰ ਟੁੱਟ ਗਈ।

ਉਹ ਘਬਰਾ ਗਈ, ਤੁਰੰਤ ਨਾਚ ਛੱਡ ਕੇ ਕਮਰੇ ਵਿਚ ਆਈ। ਨੌਕਰ ਦਰਵਾਜ਼ੇ ਦੇ ਕੋਲ ਗਿਆ ਅਤੇ





ਪੈਰਿਸ ਕਮਰ ਪੇਟੀ

ਝੀਤ ਥਾਂਣੀ ਵੇਖਣ ਲੱਗਾ। ਨਾਇਕਾ ਟੁੱਟੀ ਹੋਈ ਜੰਜ਼ੀਰ ਨੂੰ ਠੀਕ ਕਰ ਰਹੀ ਸੀ। ਸਮਾਗਮ ਤੋਂ ਬਾਅਦ ਨੌਕਰ ਨੇ ਆਪਣੀ ਮਾਲਕਿਨ ਦੇ ਨਾਲ ਗੱਲਾਂ ਕਰਨੀਆਂ ਆਰੰਭ ਕਰ ਦਿੱਤੀਆਂ। ਦੋ ਤਿੰਨ ਪਲਾ ਵਿਚ ਵਿਚ ਮਾਲਕਿਨ ਨੇ ਨੌਕਰ ਨੂੰ ਪਛਾਣ ਲਿਆ। ਉਸ ਦੀ ਮਾੜੀ ਨੀਅਤ ਨੂੰ ਵੇਖ ਕੇ ਮਾਲਕਿਨ ਨੇ ਨੌਕਰ ਦੀ ਗੱਲ੍ਹ ਤੇ ਥੱਪੜ ਮਾਰ ਦਿੱਤਾ ਅਤੇ ਉਸੇ ਦਿਨ ਨੌਕਰੀ ਤੋਂ ਕੱਢ ਦਿੱਤਾ।

ਘਰ ਆ ਕੇ ਪਤੀ ਨੇ ਵੇਖਿਆ ਕਿ ਇਕ ਜੰਜ਼ੀਰ ਟੁੱਟੀ ਹੋਈ ਹੈ। ਉਸ ਦੀਆਂ ਅੱਖਾਂ ਗੁੱਸੇ ਨਾਲ ਲਾਲ ਹੋ ਗਈਆਂ। ਉਸ ਨੇ ਫਿਰ ਤੋਂ ਸਾਰੀਆਂ ਜੰਜ਼ੀਰਾਂ ਨੂੰ ਬੰਨ੍ਹ ਦਿੱਤਾ। ਦਿਨ ਬੀਤਣ ਲੱਗੇ। ਪਤਨੀ ਨੂੰ ਲੜਕਾ ਹੋਇਆ। ਲੜਕੇ ਦਾ ਚਿਹਰਾ ਨਾਇਕਾ ਦੇ ਪੁਰਾਣੇ ਪ੍ਰੇਮੀ ਵਰਗਾ ਸੀ। ਉਹ ਲੜਕਾ ਦੱਸ ਦਿਨ ਜਿਉਂਦਾ ਰਿਹਾ। ਫਿਰ ਉਸ ਦੀ ਮੌਤ ਹੋ ਗਈ। ਪਤੀ ਨੂੰ ਸ਼ੱਕ ਹੋਰ ਵੀ ਵੱਧ ਗਈ।

ਕਈ ਮਨੋਵਿਗਿਆਨੀਆਂ ਨੇ ਉਸ ਨੂੰ ਸਮਝਾਇਆ ਕਿ ਕਦੀ ਕਦੀ ਬੱਚੇ ਦੀ ਸ਼ਕਲ ਪਰਾਏ ਮਰਦ ਨਾਲ ਵੀ ਮਿਲ ਸਕਦੀ ਹੈ, ਇਸ ਦੇ ਲਈ ਸਰੀਰਕ ਸਬੰਧ ਜ਼ਰੂਰੀ ਨਹੀਂ। ਸੰਭੋਗ ਤੋਂ ਬਿਨਾ ਵੀ ਅਜਿਹੇ ਬੱਚੇ ਪੈਦਾ ਹੋ ਸਕਦੇ ਹਨ। ਅਕਲਮੰਦ ਬਾਪ ਦੇ ਬੁੱਧੂ ਵੀ ਪੈਦਾ ਹੋ ਸਕਦੇ ਹਨ। ਪ੍ਰੰਤੂ ਕੋਈ ਗੱਲ ਉਸ ਦੇ ਦਿਮਾਗ ਵਿਚ ਨਹੀਂ ਵੜੀ। ਬਦਲਾ ਲੈਣ ਦੇ ਲਈ ਪਤੀ ਨੇ ਪਤਨੀ ਨੂੰ ਕਮਰ ਪੇਟੀ ਲਗਾ ਕੇ ਚਾਬੀ ਆਪਣੇ ਕੋਲ ਰੱਖ ਕੇ ਉਸ ਨੂੰ ਘਰੋਂ ਬਾਹਰ ਕੱਢ ਦਿੱਤਾ।

ਬੇਚਾਰੀ ਪਤਨੀ ਹੁਣ ਕੀ ਕਰੇ। ਉਸ ਨੂੰ ਕੋਈ ਹੱਲ ਨਹੀਂ ਲੱਭਾ। ਉਹ ਕਈ ਯਤਨ ਕਰਕੇ ਆਪਣੇ ਪੁਰਾਣੇ ਪ੍ਰੇਮੀ ਦਾ ਪਤਾ ਲੱਭ ਕੇ ਉਸ ਦੇ ਕੋਲ ਚਲੀ ਗਈ। ਦੋਹਾਂ ਦਾ ਮਿਲਨ ਹੋਇਆ। ਹੁਣ ਨਾ ਕੋਈ ਕਮਰ ਪੇਟੀ ਵਿਚਕਾਰ ਆ ਸਕਦੀ ਸੀ ਨਾ ਕੋਈ ਜੰਜ਼ੀਰ। ਕਮਰ ਪੇਟੀ ਦੀ ਚਾਬੀ ਪਤੀ ਦੇ ਕੋਲ ਰਹਿਣ ਤੇ ਵੀ ਉਹ ਦੋਵੇਂ ਇਕ ਦੂਜੇ ਨਾਲ ਮਿਲ ਗਏ ਅਤੇ ਸੁੱਖੀ ਰਹਿਣ ਲੱਗੇ।

**ਮਰਦਾ ਦੇ ਰੱਖਿਅਕ ਕਵਚ-**

ਮਰਦਾ ਦੇ ਰੱਖਿਆ ਕਵਚ ਦੇ ਸਬੰਧ ਵਿਚ ਕੀ ਕਿਹਾ ਜਾਵੇ? ਜਦੋਂ ਮਰਦ ਔਰਤ ਨੂੰ ਨਿੱਜੀ ਜਾਇਦਾਦ ਮੰਨਣ ਲੱਗਾ ਉਦੋਂ ਤੋਂ ਰਾਕਸ਼ ਬਣ ਗਿਆ। ਉਸਦੀ ਮਾਂ ਇਕ ਔਰਤ ਹੈ। ਉਸਦੀ ਭੈਣ ਇਕ ਔਰਤ ਹੈ। ਉਸਦੀ ਪਤਨੀ ਇਕ ਔਰਤ ਹੈ। ਉਸਦੀ ਰਖੇਲ ਵੀ ਇਕ ਔਰਤ ਹੈ। ਇਨ੍ਹਾਂ ਸਭ ਤੋਂ ਉਹ ਕੁੱਝ ਨਾ ਕੁੱਝ ਆਨੰਦ ਪ੍ਰਾਪਤ ਕਰ ਰਿਹਾ ਹੈ। ਕੁਝ ਲਾਭ ਲੈ ਰਿਹਾ ਹੈ। ਫਿਰ ਵੀ ਮਰਦ ਨੇ ਔਰਤ ਨੂੰ ਜਿੰਨੀਆਂ ਗਾਲ੍ਹਾਂ ਕੱਢੀਆਂ, ਓਨੀਆਂ ਇਸ ਦੁਨੀਆਂ ਵਿਚ ਕਿਸੇ ਔਰਤ ਨੇ ਨਹੀਂ ਦਿੱਤੀਆਂ ਹੋਣਗੀਆਂ। ਮਰਦ ਨੇ ਔਰਤ ਉੱਤੇ ਕਿੰਨੀਆਂ ਤੋਹਮਤਾ ਲਗਾਈਆਂ। ਉਸ ਨੂੰ ਯਮਦੂਤ ਕਿਹਾ। ਸੱਪ ਦਾ ਜ਼ਹਿਰ ਕਿਹਾ। ਕਿਹਾ ਕਿ ਨਾਰੀ ਇਕ ਸਰਾਪ ਹੈ। ਸਾਰੇ ਗ੍ਰੰਥਾਂ ਵਿਚ ਇਹ ਹੀ ਗਾਲ੍ਹਾ, ਸਾਰੇ ਭਾਸ਼ਣਾਂ ਵਿਚ ਇਹ ਹੀ ਸ਼ਬਦ। ਔਰਤ ਦੇ ਪ੍ਰਤੀ ਹੀਣ ਦ੍ਰਿਸ਼ਟੀ ਪੈਦਾ ਕਰਨ ਦੇ ਲਈ ਉਸਨੇ ਜਿੰਨਾ ਹੋ ਸਕਿਆ, ਓਨੇ ਹੀਣ ਕਾਰਜ ਕੀਤੇ। ਔਰਤ ਦੇ ਪ੍ਰਤੀ ਨਫ਼ਰਤ ਪੈਦਾ ਕਰਨ ਦੇ ਲਈ ਉਸ ਨੇ ਕੀ ਕੀ ਨਹੀਂ ਕੀਤਾ! ਉਸ ਨੇ ਐਨਾ ਅਨਿਆ ਕੀਤਾ ਜਿਸ ਦਾ ਕੋਈ ਹਿਸਾਬ ਨਹੀਂ। ਐਨਾ ਕਰਨ ਤੋਂ ਬਾਅਦ ਵੀ ਉਸ ਨੂੰ ਸ਼ਾਂਤੀ ਨਹੀਂ ਮਿਲੀ। ਕਮਰਪੇਟੀ ਵਰਗੇ ਖਤਰਨਾਕ ਸਾਧਨ ਨੂੰ ਬਣਾਉਣ ਲੱਗਾ।

ਜੇਕਰ ਔਰਤ ਨੂੰ ਮਰਦ ਦੇ ਸਬੰਧ ਵਿਚ ਲਿਖਣ ਦਾ ਅਵਸਰ ਮਿਲੇ ਤਾਂ ਅਸੀਂ ਕਲਪਨਾ ਕਰ ਸਕਦੇ

ਹਾਂ ਕਿ ਮਰਦ ਦੇ ਸੁਭਾਅ ਦੇ ਸਬੰਧ ਵਿਚ ਉਹ ਕਿੰਨਾ ਚੰਗਾ ਵਿਸ਼ਲੇਸ਼ਣ ਕਰ ਸਕੇਗੀ। ਇਸ ਵਿਚ ਰਤਾ ਵੀ ਸ਼ੱਕ ਨਹੀਂ ਹੈ ਕਿ ਮਰਦ ਵੱਲੋਂ ਕੀਤਾ ਗਿਆ ਅਤਿਆਚਾਰ, ਅਨਿਆ, ਉਸਦੀ ਅਯੋਗਤਾ, ਉਸਦੀ ਸ਼ਕਤੀ, ਉਸਦੀਆਂ ਕਮਜੋਰੀਆਂ ਆਦਿ ਦੇ ਸਬੰਧ ਵਿਚ ਉਹ ਵਿਸਥਾਰ ਨਾਲ ਲਿਖ ਸਕੇਗੀ।

ਇਸ ਤਰ੍ਹਾਂ ਦੀਆਂ ਮੁਸ਼ਕਲਾਂ ਤੋਂ ਬਚਣ ਦੇ ਲਈ ਮਰਦ ਪਹਿਲਾਂ ਤੋਂ ਹੀ ਸਾਵਧਾਨ ਹੋ ਗਿਆ। ਪਤੀ ਬਰਤਾ ਧਰਮ, ਪਤੀ ਭਗਤੀ, ਪਤਨੀ ਧਰਮ ਆਦਿ ਸ਼ਬਦਾਂ ਦਾ ਜ਼ਾਲ ਬਣਾ ਕੇ ਉਸ ਉੱਤੇ ਸੁੱਟ ਦਿੱਤਾ। ਉਸ ਦਾ ਮੂੰਹ ਬੰਦ ਕਰ ਦਿੱਤਾ। ਧਰਮ ਦੀ ਭਾਵਨਾ ਨੂੰ ਸਰਿੰਜ ਵਿਚ ਪਾ ਕੇ ਉਸਦੇ ਲਹੂ ਅਤੇ ਹੱਡੀਆਂ ਵਿਚ ਰਚਾ ਦਿੱਤਾ। ਬੇਚਾਰੀ! ਬੇਵੱਸ!! ਹੁਣ ਇਸ ਤੋਂ ਛੁੱਟਕਾਰਾ ਕਿਵੇਂ ਪਾ ਸਕਦੀ ਹੈ?

ਮਰਦ ਪਰਮੇਸ਼ਵਰ ਹੈ। ਉਹ ਵਿਭਚਾਰ ਕਰੇਗਾ ਤਾਂ ਵੀ ਕੋਈ ਗਲਤੀ ਨਹੀਂ। ਉਹ ਰਾਕਸ਼ੀ ਵਿਹਾਰ ਕਰੇਗਾ ਤਾਂ ਵੀ ਗਲਤ ਨਹੀਂ। ਇਸ ਲਈ ਤਾਂ ਲਿਖਿਆ ਗਿਆ ਹੈ ਕਿ ਭੰਵਰੇ ਮੰਡਰਾਉਂਦੇ ਹਨ ਅਨੇਕ ਫੁੱਲਾਂ ਉੱਤੇ, ਮਰਦ ਵੀ ਤਾਂ ਭੌਰੇ ਹਨ। ਨਹੀਂ ਲੱਗਦਾ ਉਸ ਤੇ ਕੋਈ ਦੋਸ਼। ਇਸ ਤਰ੍ਹਾਂ ਕਹਿ ਕੇ ਮਰਦ ਨੇ ਔਰਤ ਨੂੰ ਜਾਲ਼ ਵਿਚ ਫਸਾ ਦਿੱਤਾ। ਔਰਤ ਪਿੰਜਰੇ ਦਾ ਪੰਛੀ ਬਣ ਗਈ। ਹੁਣ ਇਸ ਜਾਲ਼ ਵਿਚ ਇਸ ਪਿੰਜ਼ਰੇ ਵਿਚ ਉਹ ਤੜ੍ਹਫ ਰਹੀ ਹੈ। ਪਿੰਜ਼ਰੇ ਵਿਚੋਂ ਉਡਾਨ ਭਰਨ ਦੇ ਲਈ, ਜਾਲ਼ ਤੋੜਨ ਦੇ ਲਈ ਕਿੰਨਾ ਸਾਹਸ ਚਾਹੀਦਾ, ਮਰਦ ਦੇ ਰਾਕਸ਼ੀ ਵਸਤੂਆਂ ਨੂੰ ਦੁਨੀਆਂ ਦੇ ਸਾਹਮਣੇ ਰੱਖਣ ਦੇ ਲਈ ਕਿੰਨਾ ਸਾਹਸ ਚਾਹੀਦਾ ਹੈ! ਔਰਤ ਨੂੰ ਏਨਾ ਨਿਰਜੀਵ ਬਣਾਉਣ ਉੱਤੇ ਵੀ ਮਰਦ ਨੂੰ ਤ੍ਰਿਪਤੀ ਨਹੀਂ। ਕਮਰ ਪੇਟੀਆਂ ਔਰਤ ਨੂੰ ਬੇੜੀਆਂ ਦੇ ਰੂਪ ਵਿਚ ਦਿੱਤੀਆਂ ਗਈਆਂ। ਜੇਕਰ ਉਸ ਨੂੰ ਪੁੱਛਿਆ ਜਾਵੇ ਕਿ ਅਜਿਹਾ ਤੁਸੀਂ ਕਿਉਂ ਕੀਤਾ? ਉਹ ਇਹੀ ਉੱਤਰ ਦੇਵੇਗਾ ਕਿ ਸਭਿਆਤਾ ਦੇ ਵਿਕਾਸ ਦੇ ਲਈ ਮੈਂ ਯਤਨ ਕਰ ਰਿਹਾ ਹਾਂ। ਸਾਰੀ ਦੁਨੀਆਂ ਦੀ ਭਲਾਈ ਦੇ ਲਈ ਮੈਂ ਯਤਨ ਕਰ ਰਿਹਾ ਹਾਂ। ਉਹ ਵੇਦਾਂਤ ਦੀਆਂ ਗੱਲਾਂ ਕਰੇਗਾ। ਭਵਿੱਖ ਲਿਖੇਗਾ। ਪ੍ਰੰਤੂ ਆਪਣੇ ਪਸ਼ੂਪਨ ਨੂੰ ਨਹੀਂ ਪਛਾਣੇਗਾ। ਆਪਣੇ ਆਪ ਨੂੰ ਨਹੀਂ ਪਛਾਣੇਗਾ।


ਕਿਸ ਦੇ ਲਈ ਇਹ ਗਾਲ੍ਹਾ? ਇਹ ਪੇਟੀਆਂ? ਇਹ ਕਮਰਪੇਟੀਆਂ? ਇਹ ਸਾਰੇ ਯਤਨ ਕਿਸ ਨੂੰ ਤਬਾਹ ਕਰਨ ਦੇ ਲਈ? ਵਾਸ਼ਨਾ ਨੂੰ ਰੋਕਣ ਦੀ ਭਾਵਨਾ ਕਿਓ? ਪ੍ਰਕ੍ਰਿਤੀ ਦੇ ਵਿਰੁੱਧ ਚਲਣ ਦਾ ਇਹ ਵਿਚਾਰ ਕਿਉਂ? ਇਹ ਵਿਕ੍ਰਤੀ ਕਿਉਂ? ਕੋਈ ਵੀ ਅਜਿਹਾ ਨਹੀਂ ਕਹੇਗਾ ਕਿ ਸਾਰੀਆਂ ਔਰਤਾਂ ਆਪਣੀ ਮਰਜ਼ੀ ਨਾਲ ਘੁੰਮਣ, ਵਿਭਚਾਰੀ ਬਣਨ। ਸਾਰੀਆਂ ਔਰਤਾਂ ਨੂੰ ਪਤੀ ਬਰਤਾ ਬਣਾਉਣਾ ਜਿੰਨਾ ਔਖਾ ਹੈ, ਉਨ੍ਹਾਂ ਨੂੰ ਪਰਾਏ ਮਰਦਾਂ ਦੀਆਂ ਪ੍ਰੇਮਕਾਵਾਂ ਬਣਾਉਣਾ ਓਨਾ ਹੀ ਕਠਿਨ ਕਾਰਜ ਹੈ। ਪੂਰੀ ਦੁਨੀਆਂ ਦੀਆਂ ਔਰਤਾਂ ਨੂੰ ਕਮਰ ਪੇਟੀਆਂ ਪਵਾ ਦਵੋ ਤਾਂ ਵੀ ਵਿਭਚਾਰ ਨਹੀਂ ਰੁਕ ਸਕਦਾ। ਉਂਜ ਵੀ ਜੇਕਰ ਸਾਰੀਆਂ ਔਰਤਾਂ ਨੂੰ ਆਪਣੀ ਮਰਜ਼ੀ ਨਾਲ ਅਜ਼ਾਦ ਕਰ ਦੇਵੋ ਤਾਂ ਵੀ ਉਹ ਵੇਸਵਾਵਾਂ ਨਹੀਂ ਬਣਦੀਆਂ। ਸੁਭਾਅ ਅਤੇ ਹਾਲਾਤ ਦੋ ਮਹੱਤਵਪੂਰਨ ਵਿਸ਼ੇ ਹਨ। ਕੁੱਝ ਕਾਰਨ ਹੈ, ਇਸ ਲਈ ਇਹ ਸਭ ਹੋ ਰਿਹਾ ਹੈ।

ਮਰਦ ਵਿਚ ਹੌਸਲਾ ਹੈ, ਬੁੱਧੀ ਹੈ, ਤਾਂ ਇਨ੍ਹਾਂ ਕਾਰਨਾ ਨੂੰ ਲੱਭਣਾ ਚਾਹੀਦਾ ਹੈ। ਇਨ੍ਹਾਂ ਕਾਰਨਾ ਨੂੰ ਦੂਰ ਕਰਨ ਦੇ ਉਪਾਅ ਲੱਭਣਾ ਚਾਹੀਦਾ ਹਨ। ਦੋਸ਼ ਕਿਸ ਵਿਚ ਹੈ-ਔਰਤ ਵਿਚ ਜਾਂ ਮਰਦ ਵਿਚ? ਦੋਸ਼ ਨੂੰ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ। ਭੋਜਨ ਨੀਂਦ ਵਾਂਗ ਵਾਸ਼ਨਾ ਵੀ ਮਨੁੱਖ ਦੇ ਲਈ ਇਕ ਜ਼ਰੂਰੀ ਭੁੱਖ ਹੈ।

### ਮਰਦਾਂ ਦੀ ਮੂਰਖਤਾ ਦੇ ਠੋਸ ਚਿੰਨ੍ਹ-

ਨਾਜੀਆਂ ਨੂੰ ਮਾਰਨ ਵਾਲੇ ਸਾਧਨ ਅਤੇ ਕਮਰ ਪੇਟੀਆਂ ਵਰਗੇ ਵਿਨਾਸ਼ਕਾਰੀ ਸਾਧਨਾ ਤੋਂ ਮਨੁੱਖੀ ਸਭਿਆਤਾ ਦਾ ਕਾਫੀ ਨੁਕਸਾਨ ਹੋਇਆ। ਸਭਿਆਤਾ ਪੱਤਣ ਵੱਲ ਪਹੁੰਚ ਗਈ। ਦੋਹਾਂ ਸਾਧਨਾ ਨੂੰ ਬਣਾਉਣ ਦੇ ਲਈ ਮਨੁੱਖ ਦੀ ਪਸ਼ੂ ਬਿਰਤੀ ਪ੍ਰਗਟ ਹੋ ਰਹੀ ਹੈ। ਮਰਦ ਨੇ ਕਮਰ ਪੇਟੀਆਂ ਦਾ ਨਿਰਮਾਣ ਕਰਨ ਦੇ ਲਈ ਔਰਤ ਦੇ ਆਤਮ ਗੌਰਵ ਨੂੰ ਠੇਸ ਪਹੁੰਚਾਈ। ਆਪਣਾ ਵੀ ਗੌਰਵ ਖੋਹ ਬੈਠੀ। ਮਰਦਾਂ ਦੀ





ਏਰਨਾਕ ਕਮਰ ਪੇਟੀ

ਮੂਰਖਤਾ ਦੇ ਚਿੰਨ੍ਹ ਹਨ, ਇਹ ਕਮਰ ਪੇਟੀਆਂ। ਉਨ੍ਹਾਂ ਦੇ ਸਵਾਰਥ ਦਾ ਸਬੂਤ ਹੈ ਇਹ ਕਮਰ ਪੇਟੀਆਂ। ਤਮਾਸ਼ੇ ਦੀ ਵਸਤੂ ਹੋਣ ਦੇ ਕਾਰਨ, ਕੁੱਝ ਵਿਸ਼ੇਸ਼ਤਾ ਦੇ ਕਾਰਨ ਇਹ ਅਦਾਲਤਾਂ ਦੀਆਂ ਪੌੜੀਆਂ ਚੜ੍ਹ ਗਈਆਂ। ਮਰਦ ਦੇ ਹੰਕਾਰ ਨੇ ਕਬਜ਼ਾ ਕਰਨ ਦਾ ਯਤਨ ਕੀਤਾ। ਮਰਦ ਨੇ ਆਪਣੇ ਆਪ ਨੂੰ ਸੁਧਾਰਨ ਦਾ ਯਤਨ ਨਹੀਂ ਕੀਤਾ ਅਤੇ ਦੁਨੀਆਂ ਦਾ ਭਲਾ ਕਰਨ ਦੇ ਲਈ ਤੁਰ ਪਿਆ। ਮਰਦ ਵਿਚ ਜਿਨੀਆਂ ਕਮਜ਼ੋਰੀਆਂ ਹਨ ਉਹ ਦੋ ਗੁਣਾ ਹੋ ਗਈਆਂ। ਉਹ ਔਰਤ ਵਿਚ ਜਿਹੜਾ ਚੰਗਾ ਗੁਣ ਚਾਹੁੰਦਾ ਹੈ ਉਹ ਗੁਣ ਉਸ ਵਿਚ ਨਹੀਂ ਹੈ ਪ੍ਰੰਤੂ ਉਸ ਵਿਚ ਇਸ ਸੱਚ ਨੂੰ ਸਵੀਕਾਰ ਕਰਨ ਦਾ ਸਾਹਸ ਵੀ ਨਹੀਂ ਹੈ। ਆਪਣੀ ਪਤਨੀ ਨੂੰ ਇਕ ਕਮਰਪੇਟੀ ਪਾ ਕੇ ਉਹ ਖੁਦ ਪਰਾਏ ਮਰਦ ਦੀ ਕਮਰ ਪੇਟੀ ਨੂੰ ਤੋੜਨ ਦੇ ਲਈ ਤੁਰ ਪੈਂਦਾ ਹੈ। ਉਹ ਮੂਰਖ ਨਹੀਂ ਤਾਂ ਹੋਰ ਕੀ ਹੈ?

ਅੱਜ ਕਮਰ ਪੇਟੀਆਂ ਦਾ ਪ੍ਰਚੱਲਨ ਰਹੇ ਜਾਂ ਨਾ ਰਹੇ। ਜਿੰਦਾ ਲਗਾ ਕੇ ਕੈਦੀ ਰੱਖਣ ਦਾ ਰਿਵਾਜ਼ ਹੋਵੇ ਜਾਂ ਨਾ। ਪ੍ਰੰਤੂ ਇਸ ਤਰ੍ਹਾਂ ਦੀ ਭਾਵਨਾ ਤਾਂ ਮਰਦ ਵਿਚ ਅੱਜ ਵੀ ਹੈ। ਇਹ ਗੁਣ ਉਸ ਦੇ ਲਹੂ ਵਿਚ ਘੁਲ ਗਏ ਹਨ। ਅੱਜ ਵੀ ਅਜਿਹੇ ਮਰਦ ਹਨ ਜਿਹੜੇ ਆਪਣੀਆਂ ਪਤਨੀਆਂ ਤੇ ਸ਼ੱਕ ਕਰਦੇ ਹਨ ਅਤੇ ਮਨ ਹੀ ਮਨ ਤੜ੍ਹਫਦੇ ਹਨ।

ਇਸ ਸ਼ੱਕ ਦਾ ਕਾਰਨ ਔਰਤ ਕਦੀ ਨਹੀਂ ਹੋ ਸਕਦੀ। ਇਸ ਦਾ ਕਾਰਨ ਕੇਵਲ ਮਰਦ ਹੀ ਹੈ ਕਿਉਂਕਿ ਉਹ ਪੂਰਨ ਰੂਪ ਵਿਚ ਔਰਤ ਨੂੰ ਸੰਤੁਸ਼ਟ ਨਹੀਂ ਕਰ ਸਕਦਾ। ਉਸ ਨੂੰ ਤ੍ਰਿਪਤ ਕਰਨ ਦਾ ਹੱਲ ਉਸ ਦੇ ਕੋਲ ਨਹੀਂ ਹੈ। ਇਸ ਅਸੰਤੁਸ਼ਟਤਾ ਦਾ ਕਾਰਨ ਉਸ ਨੂੰ ਲੱਭਣਾ ਚਾਹੀਦਾ ਹੈ। ਔਰਤ ਨੂੰ ਸੰਤੁਸ਼ਟ ਕਰਨ ਦੇ ਲਈ ਕਾਮ ਸ਼ਾਸਤਰ ਪੜ੍ਹਨਾ ਜ਼ਰੂਰੀ ਹੈ। ਔਰਤ ਅਤੇ ਮਰਦ ਦੇ ਲਈ ਸੈਕਸ ਐਜੂਕੇਸ਼ਨ ਬਹੁਤ ਜ਼ਰੂਰੀ ਹੈ। ਪ੍ਰੰਤੂ ਸਾਡੇ ਸਮਾਜ ਵਿਚ ਅੰਧਵਿਸ਼ਵਾਸ ਹੈ ਜਿਸ ਦੇ ਚਲਦੇ ਇਸ ਸ਼ਾਸਤਰ ਦਾ ਨਾਂ ਤੱਕ ਸੁਣਨਾ ਮਹਾਂ ਪਾਪ ਹੈ। ਇਹ ਇਕ ਰੱਦ ਕੀਤਾ ਗ੍ਰੰਥ ਹੈ। ਸਾਡੇ ਪਰਿਵਾਰ ਵਿਚ ਇਸ ਸ਼ਬਦ ਨੂੰ ਸਵੀਕਾਰ ਕਰਨਾ ਤਾਂ ਦੂਰ ਦੀ ਗੱਲ ਹੈ ਇਸ ਤੇ ਗੱਲ ਕਰਨਾ ਦੀ ਮਨਾਹੀ ਹੈ। ਔਰਤ ਮਦਰ ਦੇ ਸੰਬੰਧਾਂ ਵਿਚ ਦਰਾਰ ਪੈਣ ਤਾਂ ਵੀ ਕੋਈ ਗੱਲ ਨਹੀਂ। ਵਿਭਚਾਰ ਵਧ ਜਾਵੇ ਤਾਂ ਵੀ ਕੋਈ ਗੱਲ ਨਹੀਂ। ਪ੍ਰੰਤੂ ਔਰਤ ਮਰਦ ਕਾਮ ਸ਼ਾਸਤਰ ਨੂੰ ਵੇਖ ਵੀ ਨਹੀਂ ਸਕਦੇ। ਵਾਸ਼ਨਾ ਤੋਂ ਦੂਰ ਭੱਜਣ ਦੇ ਲਈ ਮਰਦ ਕਮਰ ਪੇਟੀਆਂ ਪਵਾਉਣ ਲੱਗ ਪਏ ਤਾਂ ਵੀ ਕਮਰ ਪੇਟੀਆਂ ਫਜ਼ੂਲ ਸਿੱਧ ਹੋਈਆਂ। ਇਸ ਸੱਚ ਨੂੰ ਤੈਲਗੂ ਦੇ ਮਹਾਨ ਕਵੀ ਅਲਸਾਨੀ ਪੇਦਨਤਾ ਨੇ ਇਸ ਤਰ੍ਹਾਂ ਪੇਸ਼ ਕੀਤਾ ਸੀ- ਕਮਰ ਪੇਟੀਆਂ ਪਾ ਕੇ ਆਪਣੀਆਂ ਇੰਦਰੀਆਂ ਨੂੰ ਕਾਬੂ ਕਰਨ ਤੇ ਮਾਣ ਕਰਨ ਵਾਲੇ ਮਹਾਂਰਿਸ਼ੀ ਵੀ ਕਦੇ ਕਦੇ ਔਰਤਾਂ ਦੇ ਨੈਣਾਂ ਵਿਚ ਡੁੱਬ ਜਾਂਦੇ ਸਨ।

## *ਸੰਵਾਦ*: ਰਾਸ਼ਟਰਵਾਦ ਤੇ ਸਭਿਆਚਾਰ ਅੰਤਰ ਸੰਵਾਦ

*(ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਵੱਲੋਂ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਦੇ ਕਲਾ ਭਵਨ ਵਿਖੇ 28-29 ਅਕਤੂਬਰ, 2017 ਨੂੰ ਰਾਸ਼ਟਰੀ ਸੈਮੀਨਾਰ 'ਰਾਸ਼ਟਰਵਾਦ ਤੇ ਸਭਿਆਚਾਰ-ਅੰਤਰ-ਸੰਵਾਦ' ਵਿਸ਼ੇ 'ਤੇ ਕਰਵਾਇਆ ਗਿਆ। ਜਿਸ ਵਿਚ ਫ਼ਾਸੀਵਾਦ ਦੀ ਚੁਣੌਤੀ, ਰਾਸ਼ਟਰਵਾਦ ਅਤੇ ਲੋਕਤੰਤਰ, ਰਾਸ਼ਟਰਵਾਦ, ਸਾਹਿਤ ਤੇ ਸਮਾਜ, ਰਾਸ਼ਟਰਵਾਦ ਤੇ ਹਾਸ਼ੀਏ ਦਾ ਸਮਾਜ, ਰਾਸ਼ਟਰਵਾਦ ਮੀਡੀਆ ਤੇ ਫ਼ਿਲਮ ਆਦਿ ਮੁੱਦਿਆ ਤੇ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਆਏ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਇਨ੍ਹਾਂ ਲੰਮੇ ਭਾਸ਼ਣਾ ਨੂੰ ਅਸੀਂ ਸੰਖੇਪ ਵਿਚ ਪ੍ਰਕਾਸ਼ਤ ਕਰ ਰਹੇ ਹਾਂ। ਇਨ੍ਹਾਂ ਦਾ ਸੰਪਾਦਨ ਤੇ ਅਨੁਵਾਦ ਮੈਂ ਕੀਤਾ ਹੈ। ਕੁੱਝ ਵਿਦਵਾਨਾਂ ਦੇ ਵਿਚਾਰ ਰਹਿ ਗਏ ਹਨ। ਉਨ੍ਹਾਂ ਨੂੰ ਕਿਸੇ ਅਗਲੇ ਅੰਕ ਵਿਚ ਛਾਪ ਦਿੱਤਾ ਜਾਵੇਗਾ। ਸੈਮੀਨਾਰ ਦਾ ਉਦਘਾਟਨੀ ਭਾਸ਼ਣ ਭਾਰਤ ਦੇ ਸਾਬਕਾ ਉਪ ਰਾਸ਼ਟਰਪਤੀ ਮੁਹੰਮਦ ਹਾਮਿਦ ਅਨਸਾਰੀ ਨੇ ਦਿੱਤਾ ਸੀ। ਉਨ੍ਹਾਂ ਲੇਖਕਾਂ ਨੂੰ ਵਰਤਮਾਨ ਹਾਲਾਤ ਬਾਰੇ ਲਿਖਣ ਲਈ ਵੰਗਾਰਿਆ ਤੇ ਕਿਹਾ ਕਿ ਅਸੀਂ ਮੁਸ਼ਕਲ ਸਮੇਂ ਵਿਚ ਜੀਅ ਰਹੇ ਹਾਂ।-ਭਗਵੰਤ ਰਸੂਲਪੁਰੀ)*

**ਮੁਹੰਮਦ ਹਾਮਿਦ ਅਨਸਾਰੀ**: ਭਾਰਤ ਦਾ ਐਂਥਰੋਪੋਲਜਿਕਲ ਸਰਵੇ ਦੱਸਦਾ ਹੈ ਕਿ ਸਾਡੇ ਦੇਸ਼ ਵਿਚ 4635 ਭਾਈਚਾਰੇ ਵਸਦੇ ਹਨ। ਜਿਹੜੇ ਆਪਣੇ ਜੈਵਿਕ ਲੱਛਣਾ, ਪਹਿਰਾਵੇ, ਭਾਸ਼ਾਵਾਂ, ਪੂਜਾ-ਪਾਠ ਦੇ ਤਰੀਕੇ, ਖਾਣ-ਪੀਣ ਦੀਆਂ ਆਦਤਾਂ, ਰਿਸ਼ਤੇਦਾਰੀਆਂ ਅਤੇ ਕਿੱਤੇ ਆਦਿ ਵਿਚ ਭਿੰਨਤਾਵਾਂ ਕਰਕੇ ਵੱਖ ਵੱਖ ਹਨ। ਨਾਲ ਹੀ ਭਾਰਤ ਦਾ ਭਾਸ਼ਾਈ ਸਰਵੇ ਕਹਿੰਦਾ ਹੈ ਕਿ ਸੰਵਿਧਾਨ ਦੇ 8 ਵੇ ਸਡਿਊਲ ਵਿਚ ਮੌਜੂਦ 22 ਭਾਸ਼ਾਵਾਂ ਤੋਂ ਇਲਾਵਾ ਸਾਡੇ ਦੇਸ ਵਿਚ100 ਦੂਜੀਆਂ ਭਾਸ਼ਾਵਾਂ ਤੇ ਹਜ਼ਾਰਾ ਬੋਲੀਆਂ ਹਨ। ਫਲਸਰੂਪ ਭਾਰਤ ਦੀ ਪਛਾਣ ਬਹੁਲਤਾਵਾਦ ਅਤੇ ਵਿਭਿੰਨਤਾ 'ਚ ਹੈ, ਜਿਹੜੀ ਭਿੰਨਤਾ ਸਮਾਜਿਕ ਅਤੇ ਸਭਿਆਚਾਰਕ ਗੁਣਾਂ ਵਾਲੇ ਲੋਕਾਂ ਦੇ ਇਕੱਠੇ ਆਉਣ ਦੇ ਫਲਸਰੂਪ ਪੈਦਾ ਹੋਈ ਹੈ। ਇਹੀ ਬਹੁਲਤਾਵਾਦ ਸਾਡੀ ਭਾਰਤੀ ਪਹਿਚਾਨ ਨੂੰ ਸੰਵਿਧਾਨ ਵਿਚ ਸੈਕੂਲਰਇਜ਼ਮ ਅਤੇ ਡੈਮੋਕ੍ਰੇਸੀ ਦੇ ਨਾਲ ਨਿਸਚਤ ਕਰਦਾ ਹੈ। ਇਹ ਮੇਲਿਟਿੰਗ ਪਾਰਟ ਨਹੀਂ ਬਲਕਿ ਸੈਲੇਡ ਬਾਉਲ ਹੈ।

ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਭਾਰਤੀ ਹੋਣਾ ਇਕ ਅਜਿਹਾ ਚਰਮ ਪੱਤਰ ਹੈ ਜਿਸ ਉੱਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਛਾਪ ਇਸ ਤਰ੍ਹਾਂ ਲੱਗ ਚੁੱਕੀ ਹੈ ਕਿ ਪਿਛਲੀ ਲਿਖਤ ਦਾ ਵੱਖਰਾ ਕੋਈ ਵਜੂਦ ਨਹੀਂ ਦਿਸਦਾ। ਇਸ ਵਜ਼ਾ ਨਾਲ ਭਾਰਤੀ ਸੰਸਕ੍ਰਿਤੀ ਦੀ ਨਾ ਬਲਦੀ ਜਾ ਸਕਣ ਵਾਲੀ ਸਥਿਰ ਘਟਨਾ ਦੇ ਤੌਰ ਉੱਤੇ ਕਲਪਨਾ ਨਹੀਂ ਕਰਨੀ ਚਾਹੀਦੀ। ਬਲਕਿ ਇਹ ਗਤੀਸ਼ੀਲ ਹੋ ਕੇ ਨਵੀਨਤਾ ਨੂੰ ਚੁਣੌਤੀ ਦਿੰਦੇ ਹੋਏ ਉਸਦੀ ਰਚਨਾਤਮਿਕ ਪੁੱਛ ਪੜਤਾਲ ਕਰਦੀ ਹੈ।

ਇਤਿਹਾਸ ਆਪਣੇ ਆਪ ਵਿਚ ਸੰਘਰਸ਼ ਬਣ ਗਿਆ ਹੈ। ਇਹ ਆਪਣੇ ਵੱਲ ਉਨ੍ਹਾਂ ਨੂੰ ਖਿੱਚਦਾ ਹੈ ਜਿਹੜੇ ਮਨੁੱਖੀ ਅਨੁਭਵਾ ਨੂੰ ਸਿਰਜਦੇ ਹਨ ਜਾਂ ਉਨ੍ਹਾਂ ਦਾ ਵਰਣਨ ਕਰਦੇ ਹਨ। ਇਸ ਵਿਚ ਖਾਸ ਤੌਰ ਉੱਤੇ ਲੇਖਕ ਸਾਮਿਲ ਹਨ। ਇਕ ਇਨਸਾਨ ਦੇ ਤੌਰ ਉੱਤੇ ਰਾਜਨੀਤੀ 'ਚ ਹੋਣ ਵਾਲੀਆਂ ਘਟਨਾਵਾਂ ਤੋਂ ਦੂਰ ਨਹੀਂ ਰਹਿ ਸਕਦੇ। ਆਪਣੀ ਕਲਾ ਦੇ ਪ੍ਰਤੀ ਸਮਰਪਤ ਰਹਿ ਕੇ ਉਨ੍ਹਾਂ ਦੀ ਸਮਾਜਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਕਲਾ ਦੇ ਮਧਿਆਮ ਨਾਲ ਹੀ ਜਨਤਾ ਨੂੰ ਅਗਿਆਨਤਾ ਅਤੇ ਅੰਧਵਿਸ਼ਵਾਸ ਤੋਂ ਬਾਹਰ ਕੱਢਣ ਅਤੇ ਇਸ ਗੱਲ ਨੂੰ ਪੱਕਿਆ ਕਰਨ ਕਿ ਸਾਡੀ ਧਰਮ ਨਿਰਪੱਖਤ, ਤਰਕਸ਼ੀਲ ਸੰਸਕ੍ਰਿਤੀ ਬਚੀ ਰਹੇ, ਨਾਲ ਹੀ ਉਦਾਰਵਾਦੀ ਅਤੇ ਲੋਕਤੰਤਰਕ ਪ੍ਰੰਪਰਾਵਾਂ ਕਾਇਮ ਰੱਖੀਆਂ ਜਾ ਸਕਣ।



ਦੋਸਤੋਂ! ਆਪਾਂ ਮੁਸ਼ਕਲ ਸਮੇਂ ਵਿਚ ਰਹਿ ਰਹੇ ਹਾਂ। ਭਾਰਤੀ ਸੰਸਕ੍ਰਿਤੀ ਦੇ ਹੁਣ ਤੱਕ ਜਿਹੜੇ ਅਦਰਸ਼ ਰਹੇ ਹਨ, ਉਨ੍ਹਾਂ ਨੂੰ ਮੁੜ ਤੋਂ ਘੜ ਕੇ ਨਵੀਂ ਸ਼ਕਲ ਦਿੱਤੀ ਜਾ ਰਹੀ ਹੈ, ਜਿਹੜੀ ਕਿ ਭੱਦੀ ਤੇ ਬਦਸ਼ਕਲ ਹੀ ਨਹੀਂ ਬਲਕਿ ਅੰਗਹੀਣ ਵੀ ਦਿਖਾਈ ਦਿੰਦੀ ਹੈ। ਭਾਰਤੀ ਸੰਵਿਧਾਨ ਨੇ ਸਾਨੂੰ ਆਜ਼ਾਦੀ ਦੀ ਗਰੰਟੀ ਦਿੱਤੀ ਹੈ, ਉਸ ਵਿਚ ਉਦਾਰ ਰਾਸ਼ਟਰਵਾਦੀ ਕਦਰਾਂ ਕੀਮਤਾਂ ਨੂੰ ਕੱਟੜ ਵਿਚਾਰਧਾਰਾ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰ ਰਹੀ ਹੈ। ਅਜਿਹੀ ਸਥਿਤੀ ਵਿਚ ਸਾਰੇ ਨਾਗਰਿਕ, ਖਾਸ ਤੌਰ ਤੇ ਉਹ ਜਿਹੜੇ ਜਨਤਾ ਦੀ ਸਮਝ ਨੂੰ ਆਪਣੀਆ ਕਲਾ ਕਿਰਤਾ ਦੇ ਮਧਿਅਮ ਨਾਲ ਵੱਖਰੀ ਦਿਸ਼ਾ ਦਿੰਦੇ ਹਨ, ਉਨ੍ਹਾਂ ਨੂੰ ਇਸ ਚੁਣੌਤੀ ਦਾ ਭਰਪੂਰ ਜਵਾਬ ਦੇਣਾ ਚਾਹੀਦਾ ਹੈ। ਭਾਰਤ ਵਿਚ ਧਾਰਮਿਕ ਅਤੇ ਦਾਰਸ਼ਨਿਕ ਮੱਤਭੇਦਾਂ ਦੇ ਬਾਵਜੂਦ ਵੱਖਰੇ-ਵੱਖਰੇ ਮੱਤ, ਵਿਚਾਰ ਅਤੇ ਧਰਮਾਂ ਨੂੰ ਨਾਲ ਲੈ ਕੇ ਚੱਲਣ ਦੀ ਪੁਰਾਣੀ ਪ੍ਰੰਪਰਾ ਰਹੀ ਹੈ। ਅਸੀਂ ਭਾਰਤੀਆਂ ਦੇ ਤਰਕ ਕਰਨ ਵਿਚ ਗੌਰਵ ਮਹਿਸੂਸ ਕਰਦੇ ਹਨ। ਲੇਖਕ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਹੁੰਦੀ ਹੈ। ਲੇਖਕਾਂ ਦਾ ਕੰਮ ਵਰਤਮਾਨ ਹਾਲਾਤ ਬਾਰੇ ਲਿਖਣਾ ਹੁੰਦਾ ਹੈ। ਲੇਖਕ ਦੇਸ਼ ਦੀ ਸਮਾਜਿਕ ਪਛਾਣ ਬਣਾਉਂਦੇ ਹਨ ਅਤੇ ਸਮਾਜ ਨੂੰ ਰੂਪ ਦਿੰਦੇ ਹਨ। ਵਾਰ ਵਾਰ ਸਾਡੇ ਲੇਖਕਾਂ ਨੇ ਏਂਥਮ ਆਫ਼ ਰੇਜਿਸਟੈਂਟ ਭਾਵ ਕਿ ਪ੍ਰਤਿਰੋਧ ਦੇ ਗੀਤ ਲਿਖੇ ਹਨ। ਕਈਆਂ ਨੇ ਮਸ਼ਹੂਰ ਸ਼ਾਇਰ ਫ਼ੈਜ਼ ਦੀ ਨਜ਼ਮ ਸੁਣੀ ਹੋਵੇਗੀ... 'ਬੋਲ ਕੇ ਲਬ ਆਜ਼ਾਦ ਹੈ ਤੇਰੇ' ਲੇਖਕਾਂ ਨੇ ਹਮੇਸ਼ਾਂ ਹੀ ਵਿਰੋਧ ਦੇ ਗੀਤ ਲਿਖੇ ਹਨ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅੱਜ ਦੇ ਸਮਾਗਮ ਵਿਚ ਵੀ ਮੈਨੂੰ ਕੁੱਝ ਅਜਿਹਾ ਹੀ ਹੁੰਗਾਰਾ ਵੇਖਣ ਨੂੰ ਮਿਲੇਗਾ। ਜੈ ਹਿੰਦ!

**ਡਾ. ਸੁਖਦੇਵ ਸਿੰਘ**: ਦੋਸਤੋਂ! ਅੱਜ ਦੋ ਕਿਸਮ ਦੇ ਮਸਲਿਆਂ ਦੇ ਰੂ ਬ ਰੂ ਅਸੀਂ ਹਾਂ। ਇਕ ਪਾਸੇ ਕਾਰਪੋਰੇਟ ਬਾਜ਼ਾਰ ਹੈ ਜਿਹੜਾ ਆਪਣੀ ਕਿਸਮ ਦੀ ਲਭਾਉਣੀ ਹਿੰਸਾ ਸਾਡੇ ਉੱਤੇ ਫੈਲਾ ਰਿਹਾ ਹੈ। ਅੱਜ ਅਸੀਂ ਵੇਖ ਰਹੇ ਹਾਂ ਕਿ ਦੇਸ਼ ਨੂੰ ਚੁਣੀ ਹੋਈ ਸਰਕਾਰ ਨੇ ਕਿਸ ਤਰ੍ਹਾਂ ਕਾਰਪੋਰੇਟ ਦੀ ਝੋਲੀ ਵਿਚ ਪਾ ਦਿੱਤਾ ਹੈ। ਇਸ ਪੂੰਜੀ ਦੇ ਦੌਰ ਨੇ ਐਨੇ ਆਰਥਿਕ ਪਾੜੇ ਵਧਾ ਦਿੱਤੇ ਹਨ ਕਿ ਹਿੰਦੋਸਤਾਨ ਦੇ ਪੰਦਰਾਂ ਪਰਿਵਾਰਾਂ ਕੋਲ ਅੱਧੀ ਪੂੰਜੀ ਹੈ। ਦੂਜੇ ਪਾਸੇ ਭਾਰਤੀ ਸੰਸਕ੍ਰਿਤੀ ਦੀ ਤਲਾਸ਼ ਦੇ ਬਹਾਨੇ ਘੱਟ ਗਿਣਤੀਆਂ ਤੇ ਅੱਤਿਆਚਾਰ ਹੋ ਰਹੇ ਹਨ। ਇਸ ਵੇਲੇ ਜਿਨ੍ਹਾਂ ਦੇ ਵੱਡੇ ਸੰਕਟ ਮੰਡਰਾ ਰਹੇ ਹਨ ਉਹ ਸਾਡੀਆਂ ਘੱਟ ਗਿਣਤੀਆਂ ਹਨ, ਜਨ ਜਾਤੀਆਂ ਹਨ, ਦਲਿਤ ਹਨ। ਜਿਨ੍ਹਾਂ ਨੂੰ ਅਸੀਂ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਿਲ ਨਹੀਂ ਕਰ ਸਕੇ। ਅਸੀਂ ਜਨਜਾਤੀਆਂ ਨੂੰ ਸੱਭਿਅਕ ਸਮਾਜ ਵਿਚ ਤਾਂ ਸਾਮਿਲ ਨਹੀਂ ਕੀਤਾ ਅਸੀਂ ਉਨ੍ਹਾਂ ਨੂੰ ਜੰਗਲਾਂ ਤੋਂ ਉਜਾੜਨ ਤੇ ਲੱਗੇ ਹੋਏ ਹਾਂ। ਅੱਜ ਗਰੀਨ ਹੰਟ, ਗਰੀਨ ਰੈਵੂਲੇਸ਼ਨ ਦੇ ਨਾਂ ਉੱਤੇ ਕਿੰਨਾ ਕੁੱਝ ਪਰੋਸਿਆ ਜਾ ਰਿਹਾ ਹੈ। ਇਹ ਜੋ ਸਮਾਜ ਤੋਂ ਬੇਦਖਲ ਕੀਤੇ ਗਏ ਲੋਕ ਹਨ, ਇਨ੍ਹਾਂ ਦੀ ਪੁਕਾਰ ਸਾਨੂੰ ਸੁਣਾਈ ਨਾ ਦੇਵੇ... ਸਾਡੇ ਮੀਡੀਏ ਨੂੰ ਨਾ ਸੁਣੇ ਅੱਜ ਜੋ ਮੀਡੀਆ ਰੋਲ ਨਿਭਾ ਰਿਹਾ ਹੈ ਉਹ ਵੀ ਲੋਕਾਂ ਦੀ ਨਜ਼ਰ ਵਿਚ ਹੈ... ਲੋਕ ਮੀਡੀਏ ਨੂੰ ਵੀ ਵੇਖ ਰਹੇ ਹਨ। ਜੇ ਮੀਡੀਆ ਇਹ ਕਹਿ ਰਿਹਾ ਹੈ ਕਿ ਉਹ ਲੋਕਾਂ ਨੂੰ ਵੇਖ ਰਹੇ ਹਨ ਤਾਂ ਲੋਕ ਵੀ ਉਸ ਨੂੰ ਵੇਖ ਰਿਹਾ ਹੈ। ਇਕ ਪਾਸੇ ਲੇਖਕ ਗਊ ਰੱਖਿਆ ਦੇ ਬਹਾਨੇ ਹੁੰਦੇ ਕਤਲਾਂ ਦੇ ਖਿਲਾਫ਼ ਖੜ ਰਿਹਾ ਹੈ ਦੂਜੇ ਪਾਸੇ ਬਜ਼ਾਰ ਲੇਖਕ ਨੂੰ ਲਾਲਚ ਦੇ ਕੇ ਉਸ ਨੂੰ ਆਪਣੇ ਵੱਲ ਖਿੱਚ ਵੀ ਰਿਹਾ ਹੈ। ਲੇਖਕਾਂ ਦੀ ਆਵਾਜ਼ ਵੀ ਬੰਦ ਕੀਤੀ ਜਾ ਰਹੀ ਹੈ। ਸਹਿਮ ਵਿਚ ਜਦੋਂ ਲੇਖਕਾਂ ਨੂੰ ਇਹ ਕਹਿਣਾ ਪਵੇ ਕਿ ਮੈਂ ਲਿਖਣ ਤੋਂ ਤੋਬਾ ਕਰਦਾ ਹਾਂ ਤਾਂ ਇਸ ਸਥਿਤੀ ਵਿਚ ਸਾਨੂੰ ਚਿੰਤਾ ਕਰਨ ਦੀ ਲੋੜ ਹੈ। ਸਵਾਲ ਬਹੁਤ ਵੱਡੇ ਹਨ। ਕਿ ਪੂੰਜੀ ਦੇ ਬਾਜ਼ਾਰ ਤੋਂ ਕਿਰਤੀ ਬੰਦੇ ਨੂੰ ਕਿਵੇਂ ਬਚਾਉਣਾ ਹੈ ਸਾਡੇ ਗੁਰੂਆਂ, ਪੀਰਾਂ, ਭਗਤਾਂ, ਫ਼ਕੀਰਾਂ ਨੇ ਜਿਹੜੀ ਸਾਂਝੀ ਸੰਸਕ੍ਰਿਤੀ ਸਿਰਜੀ ਸੀ ਜਿਹਨੂੰ ਬਹੁ ਬਚਨੀ ਸੰਸਕ੍ਰਿਤੀ ਕਹਿੰਦੇ ਹਾਂ ਜਿਹੜੀ ਉਦਾਰਵਾਦੀ ਸੰਸਕ੍ਰਿਤੀ ਹੈ। ਜਿਹੜੀ ਸਹਿਨਸ਼ੀਲਤਾ ਦੀ ਸੰਸਕ੍ਰਿਤੀ ਹੈ ਤਾਂ ਜਦੋਂ ਗਊ ਰੱਖਿਆਕ ਆਮ ਬੰਦੇ ਨੂੰ ਮਾਰ ਰਹੇ ਹਨ ਤੇ ਗਊ ਰੱਖਿਆਕਾਂ ਦੀ ਪਿੱਠ

ਥਾਪੜਨ ਵਾਲੇ ਕਿਸ ਸੰਸਕ੍ਰਿਤੀ ਦੀ ਗੱਲ ਕਰਦੇ ਹਨ। ਲੋਕਾਂ ਨੂੰ ਵੰਡ ਕੇ ਇਹ ਲੋਕ ਕਿਸ ਸੰਸਕ੍ਰਿਤੀ ਦੀ ਤਲਾਸ਼ ਕਰ ਰਹੇ ਹਨ, ਜਿਹੜੀ ਭਾਰਤ ਦੀ ਸੰਸਕ੍ਰਿਤੀ ਨਹੀਂ। ਬਲਕਿ ਬਹੁ ਬਚਨੀ ਸਾਂਝੀ ਸੰਸਕ੍ਰਿਤੀ ਉਹ ਹੈ ਜਿਹੜੀ ਮੱਧਕਾਲ ਵਿਚ ਸਾਡੇ ਸੂਫ਼ੀਆਂ, ਭਗਤਾਂ ਤੇ ਗੁਰੂਆਂ ਨੇ ਸਾਨੂੰ ਦਿੱਤੀ। ਸਾਡੇ ਸਾਹਮਣੇ ਅੱਜ ਵੱਡਾ ਸਵਾਲ ਹੈ ਕਿ ਇਸ ਅਵਾਰਾ ਪੂੰਜੀ ਤੋਂ ਕਿਰਤੀ ਲੋਕਾਂ ਨੂੰ ਕਿਵੇਂ ਬਚਾਉਣਾ ਹੈ। ਪ੍ਰਗਤੀਵਾਦੀ ਲਹਿਰ ਸਾਡੀ ਦੂਜੀ ਪੁਨਰ ਜਾਗਰਣ ਦੀ ਲਹਿਰ ਹੈ। ਹਿੰਦੋਸਤਾਨ ਦੇ ਸਾਂਝੇ ਕਲਚਲ ਨੂੰ ਬਚਾਉਣਾ ਲਈ ਇਹ ਯਤਨਸ਼ੀਲ ਹੈ। ਜਿਹੜਾ ਅੱਜ ਨਾਅਰਾ ਦਿੱਤਾ ਜਾ ਰਿਹਾ ਕਿ ਹਿੰਦੋਸਤਾਨ ਦੀ ਸਾਂਝੀ ਸੰਸਕ੍ਰਿਤੀ ਦੀ ਪੁਨਰ ਤਲਾਸ਼ ਆਦਿ ਦਾ ਇਹ ਪੁਨਰ ਤਲਾਸ਼ ਨਹੀਂ ਸਗੋਂ ਉਸ ਨੂੰ ਵਿਗਾੜਨ ਦੇ ਯਤਨ ਹੋ ਰਹੇ ਹਨ।

**ਰਾਜੇਂਦਰ ਰਾਜਨ**: ਪੰਜ ਦਰਿਆਵਾਂ ਦੀ ਪ੍ਰਾਚੀਨ ਧਰਤੀ, ਤੇ ਜ਼ਿੰਦਾਦਿਲੀ। ਗੁਰੂ ਨਾਨਕ ਦੀ ਪ੍ਰੰਪਰਾ ਤੋਂ ਲੈ ਕੇ ਅੱਜ ਤੱਕ ਦੀ ਪ੍ਰੰਪਰਾ ਦਾ ਜ਼ਿਕਰ ਕੀਤਾ ਜਾਂਦਾ ਹੈ। ਅਸੀਂ ਸੰਘ ਵੱਲੋਂ ਇਹ ਫੈਸਲਾ ਕੀਤਾ ਕਿ ਅੱਜ ਦੇ ਸਮੇਂ ਵਿਚ ਅਸੀਂ ਚੁੱਪ ਕਰਕੇ ਨਹੀਂ ਬੈਠਾਗੇ। ਪ੍ਰਤੀਰੋਧ ਦੀ ਸੰਸਕ੍ਰਿਤੀ ਨੂੰ ਵਿਕਸਿਤ ਕਰਾਗੇ। ਅਤੇ ਇਸ ਪ੍ਰਤੀਰੋਧ ਦੀ ਅਵਾਜ਼ ਪੰਜਾਬ ਦੀ ਧਰਤੀ ਤੇ ਉੱਠੇ ਤੇ ਇਸ ਦੀ ਗੂੰਜ ਪੂਰੇ ਭਾਰਤ ਵਿਚ ਸੁਣਾਈ ਦੇਵੇ ਅਜਿਹੀ ਆਸ ਹੈ। ਇਪਟਾ ਦੇ ਇਕ ਸਮਾਗਮ ਵਿਚ ਹੁੱਲੜਬਾਜ਼ਾ ਨੇ ਖਰੂਦ ਕੀਤਾ ਤੇ ਸਮਾਗਮ ਨੂੰ ਖਰਾਬ ਕੀਤਾ, ਮੈਂ ਇਥੋਂ ਦੇ ਪ੍ਰਬੰਧਕਾਂ ਨੂੰ ਕਿਹਾ ਕਿ ਕੀ ਏਥੇ ਵੀ ਅਜਿਹਾ ਹੋਵੇਗਾ, ਤਾਂ ਉਹ ਕਹਿਣ ਲੱਗੇ ਕਿ ਇਹ ਗੁਰੂ ਗੋਬਿੰਦ ਸਿੰਘ ਦੀ ਧਰਤੀ ਹੈ। ਖ਼ਦਸਾ ਸੀ ਕਿ ਕਲਮ ਚਲਾਉਣ ਵਾਲੇ ਲੇਖਕ ਕੀ ਇਥੇ ਵੀ ਇਕ ਜੁਟ ਹੋ ਕੇ ਆਉਣਗੇ ? ਇਸ ਗੱਲ ਦੀ ਖੁਸ਼ੀ ਹੈ ਕਿ ਇਥੇ ਦੇਸ਼ ਦੇ ਕੋਨੇ ਕੋਨੇ ਤੋਂ ਲੋਕ ਆਏ ਹਨ।

**ਲਖਵਿੰਦਰ ਜੌਹਲ**: ਇਕ ਰਾਸ਼ਟਰ, ਇਕ ਧਰਮ ਦੇ ਸੈਟ ਪੈਟਰਨ ਵੱਲ ਨੂੰ ਲਿਜਾਣ ਦੇ ਜੋ ਯਤਨ ਹੋ ਰਹੇ ਹਨ। ਜਿਹੜੇ ਅਸਲ ਵਿਚ ਸਾਡੀ ਜਮਹੂਰੀ ਸੰਸਕ੍ਰਿਤੀ ਦੇ ਪੈਟਰਨ ਨਹੀਂ ਹਨ। ਉਨ੍ਹਾਂ ਪੈਟਰਨਾ ਨੂੰ ਤੋੜ ਕੇ ਇਕ ਕਰਨ ਦੇ ਯਤਨ ਹੋ ਰਹੇ ਹਨ। ਅੱਜ ਦਾ ਦੌਰ ਸਾਡੀ ਸਾਂਝੀ ਸੰਸਕ੍ਰਿਤੀ ਨੂੰ ਚਣੌਤੀਆਂ ਪੇਸ਼ ਕਰ ਰਿਹਾ ਹੈ। ਸਭ ਤੋਂ ਵੱਡੀ ਚਣੌਤੀ ਇਹ ਹੈ ਕਿ ਇਹ ਜਮਹੂਰੀਅਤ ਦੇ ਦੌਰ ਨੂੰ ਉਲੰਘ ਕੇ ਇਸ ਗੱਲ ਦੀ ਬਹੁਤ ਦੇਰ ਤੋਂ ਤਿਆਰੀ ਕਰ ਰਿਹਾ ਹੈ ਕਿ ਸਾਡੇ ਜਨ ਸਧਾਰਨ ਲੋਕਾਂ ਦੀ ਸਾਂਝੀ ਸੰਸਕ੍ਰਿਤੀ ਦਾ ਦੌਰ ਸਦੀਆਂ ਤੋਂ ਚੱਲਿਆ ਆ ਰਿਹਾ ਹੈ ਇਸ ਨੂੰ ਧਾਰਮਿਕ ਰੰਗਤ ਦੇ ਕੇ ਇਕ ਹੋਰ ਰਾਜਨੀਤੀ ਨੂੰ ਜਨਮ ਦਿੱਤਾ ਜਾ ਰਿਹਾ ਹੈ। ਤੇ ਜਨ ਸਧਾਰਨ ਨੂੰ ਅਸਲੀ ਮੁੱਦਿਆ ਤੋਂ ਭਟਕਾ ਰਹੇ ਨੇ ਇਕ ਖਾਸ ਤਰ੍ਹਾਂ ਦੀ ਰੰਗਤ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਜੇ ਸ਼ੁਰੂ ਤੋਂ ਵੇਖੀਏ ਤਾਂ ਚਾਹੇ ਉਹ ਮਹਾਤਮਾ ਬੁੱਧ ਦਾ ਦੌਰ ਸੀ ਜਾਂ ਜੈਨ ਮੁਨੀਆਂ ਦਾ ਦੌਰ ਤੇ ਫਿਰ ਭਗਤੀ ਲਹਿਰ ਆ ਜਾਂਦੀ ਹੈ ਉਸ ਸਮੇਂ ਤੋਂ ਲੈ ਕੇ ਆਜ਼ਾਦੀ ਦੀ ਲੜਾਈ ਦੇ ਦੌਰ ਤੋਂ ਹੁੰਦੇ ਹੋਏ ਅੱਜ ਤੱਕ ਅਸੀਂ ਸਾਂਝੀ ਸੰਸਕ੍ਰਿਤੀ ਦਾ ਮਾਹੌਲ ਪੈਦਾ ਕਰੀ ਰੱਖਿਆ ਹੈ। ਇਸ ਦੇ ਨਾਲ ਨਾਲ ਜਿਨ੍ਹਾਂ ਦੇ ਵਿਰੋਧ ਵਿਚ ਵਿਚਾਰ ਵੀ ਰਹੇ ਉਨ੍ਹਾਂ ਨੂੰ ਵੀ ਸਹਿਣਸ਼ੀਲਤਾ ਨਾਲ ਵੇਖਿਆ ਜਾਂਦਾ ਰਿਹਾ ਹੈ। ਮਹਾਤਮਾ ਬੁੱਧ ਨੇ ਜੇਕਰ ਹਿੰਦੂ ਧਰਮ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਸਤਿਕਾਰ ਨਾਲ ਵੇਖਿਆ ਗਿਆ ਜੇ ਜੈਨ ਮੁਨੀਆਂ ਨੇ ਹਿੰਦੂ ਧਰਮ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਇਸ ਦੇਸ਼ ਨੇ ਸਤਿਕਾਰ ਨਾਲ ਵੇਖਿਆ। ਸੌ ਵਿਚਾਰ ਆਪਸ ਵਿਚ ਭਿੜੇ, ਲੇਕਿਨ ਸਾਂਝੀ ਸੰਸਕ੍ਰਿਤੀ ਦਾ ਦੌਰ ਹਮੇਸ਼ਾ ਕਾਇਮ ਰੱਖਿਆ ਗਿਆ। ਸਮੇਂ ਸਮੇਂ ਜੋ ਵਿਕਾਰ ਵੀ ਆਏ ਉਨ੍ਹਾਂ 'ਤੇ ਉਂਗਲੀ ਵੀ ਉਠਾਈ। ਲੇਕਿਨ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਜੇਕਰ ਇਨ੍ਹਾਂ ਵਿਕਾਰਾਂ ਦੇ ਕੋਈ ਉਂਗਲੀ ਉਠਾਉਂਦਾ ਹੈ ਤਾਂ ਉਨ੍ਹਾਂ ਨੂੰ ਦਬਾਇਆ ਜਾ ਰਿਹਾ ਹੈ। ਅਸੀਂ ਵੇਖਦੇ ਹਾਂ ਕਿ ਗੌਰੀ ਲੰਕੇਸ਼, ਦਬੋਲਕਰ ਤੇ ਪਨਸਾਰੇ ਵਰਗਿਆਂ ਨੇ ਸਾਂਝੀ ਸੰਸਕ੍ਰਿਤੀ ਲਈ ਆਪਣੀ ਜਾਨ ਵੀ ਦਿੱਤੀ। ਸਾਂਝੀਵਾਲਤਾ, ਜਮਹੂਰੀਅਤ ਦੀ ਇਸ ਦੇਸ਼ ਨੂੰ ਕਿੰਨੀ ਲੋੜ ਹੈ।



**ਹਰਬੰਸ ਮੁਖੀਆ**: ਪ੍ਰਗਤੀਸ਼ੀਲ ਸਾਹਿਤ ਨਾਲ ਮੇਰਾ ਬਹੁਤਾ ਵਾਸਤਾ ਤਾਂ ਨਹੀਂ ਹੈ ਕਿਉਂਕਿ ਪ੍ਰਗਤੀਸ਼ੀਲਤਾ ਨਾਲ ਮੇਰਾ ਵਾਸਤਾ ਜ਼ਰੂਰ ਰਿਹਾ ਹੈ। ਫ਼ਾਸੀਵਾਦ ਦਾ ਸਭ ਤੋਂ ਵੱਡਾ ਪਹਿਲੂ ਇਹ ਹੁੰਦਾ ਹੈ ਕਿ ਬਹੁਤ ਸਾਰੇ ਮੱਤਾਂ ਉੱਤੇ ਇਕ ਮੱਤ ਨੂੰ ਠੋਸਣਾ। ਕਿ ਮੇਰਾ ਮੱਤ ਹੀ ਸਹੀ ਹੈ। ਅੱਜ ਦੇ ਦੌਰ ਵਿਚ ਇਹੀ ਵਿਡੰਬਨਾ ਹੈ ਕਿ ਅੱਜ ਬਹੁਤ ਸਾਰੇ ਮੱਤਾਂ ਉੱਤੇ ਇਕ ਮੱਤ ਨੂੰ ਲੱਦਿਆ ਜਾ ਰਿਹਾ ਹੈ। ਤਰਕ-ਵਿਤਰਕ ਦੇ ਜ਼ਰੀਏ ਨਹੀਂ ਬਲਕਿ ਰਾਜਾਂ ਦੀ ਸ਼ਕਤੀ ਦੀ ਵਰਤੋਂ ਕਰਕੇ ਇਸ ਤੋਂ ਅੱਗੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਸ਼ਕਤੀਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਤੇ ਵਿਚਾਰ ਕਰਨਾ ਮਹੱਤਵਪੂਰਨ ਹੈ। ਸੰਘ ਵੱਲੋਂ ਇਹ ਗੱਲ ਜ਼ੋਰ ਸ਼ੋਰ ਨਾਲ ਪ੍ਰਚਾਰੀ ਜਾਂਦੀ ਹੈ ਕਿ ਭਾਰਤੀ ਰਾਸ਼ਟਰਵਾਦ ਪੱਛਮੀ ਰਾਸ਼ਟਰਵਾਦ ਤੋਂ ਬਿਲਕੁੱਲ ਵੱਖਰਾ ਹੈ। ਭਾਰਤੀ ਰਾਸ਼ਟਰਵਾਦ ਇਕ ਸੰਸਕ੍ਰਿਤੀ ਪਰਿਕਲਪਨਾ ਹੈ। ਇਕ ਕਲਚਰਲ ਕਨਸੈਪਟ ਹੈ। ਇਸ ਲਈ ਉਹ ਇਕ ਸਨਾਤਨ ਕਨਸੈਪਟ ਹੈ। ਉਸ ਵਿਚ ਨਿਰੰਤਰਤਾ ਦੀ ਕੁਇਲੈਟੀ ਹੈ ਉਸ ਵਿਚ ਸਨਾਤਨ ਦੀ ਕੁਇਲੈਟੀ ਹੈ। ਉਸ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ। ਵੈਦਿਕ ਕਲਚਰ ਤੋਂ ਲੈ ਕੇ ਅੱਜ ਤੱਕ ਸਾਡੇ ਵਿਚਕਾਰ ਇਹ ਰਾਸ਼ਟਰਵਾਦ ਰਿਹਾ ਹੈ। ਇਹ ਉਹੀ ਰਾਸਟਰਵਾਦ ਹੈ ਜਿਹਦਾ ਅਸੀਂ ਝੰਡਾ ਉਠਾ ਰਹੇ ਹਾਂ। ਸੰਘ ਵਾਲੇ ਲੋਕ ਇਹ ਕਹਿੰਦੇ ਹਨ। ਇਸ ਤੋਂ ਵੱਖਰਾ ਹੈ। ਪੱਛਮੀ ਰਾਸ਼ਟਰਵਾਦ ਇਸ ਸਮੇਂ 'ਚ ਇਕ ਕਾਲ ਵਿਚ ਉਸ ਦਾ ਵਿਕਾਸ ਹੋਇਆ ਜਿਸ ਕਰਕੇ ਉਹ ਸੀਮਤ ਹੈ। ਉਸ ਦਾ ਸਬੰਧ ਆਰਥਿਕ ਤੇ ਰਾਜਨੀਤਿਕ ਪ੍ਰਸਥਿਤੀਆਂ ਨਾਲ ਹੈ। ਤੱਤ ਨਾਲ ਹੈ। ਸੰਸਕ੍ਰਿਤਿਕ ਪ੍ਰਸਥਿਤੀਆਂ ਨਾਲ ਉਸ ਦਾ ਸਬੰਧ ਨਹੀਂ ਹੈ। ਸਾਨੂੰ ਇਹ ਬੁਨਿਆਦੀ ਫਰਕ ਦੱਸਿਆ ਜਾਂਦਾ ਹੈ। ਪੱਛਮੀ ਰਾਸ਼ਟਰਵਾਦ ਹੈ ਉਹ ਸੋ ਸਾਲ ਪਹਿਲਾਂ ਜੇ ਆਇਆ ਤਾਂ ਹੋਰ ਦੋ ਤਿੰਨ ਸੌ ਸਾਲਾਂ ਬਾਅਦ ਖਤਮ ਹੋ ਜਾਵੇਗਾ। ਭਾਵ ਸਥਾਈ ਨਹੀਂ। ਅਸਲ ਵਿਚ ਜੋ ਭਾਰਤੀ ਰਾਸ਼ਟਰਵਾਦ ਹੈ ਜੋ ਨਿਰੰਤਰ ਹੈ ਤੇ ਸਨਾਤਨੀ ਹੈ ਉਹ ਹੀ ਸੱਚਾ ਰਾਸਟਰਵਾਦ ਹੈ। ਇਸ ਸਾਨੂੰ ਵਾਰ ਵਾਰ ਦੱਸਿਆ ਜਾਂਦਾ ਹੈ।

ਇਸ ਸਬੰਧੀ ਮੈਂ ਕੁਝ ਨੁਕਤੇ ਰੱਖਣਾ ਚਾਹੁੰਦਾ ਹਾਂ ਕਿ ਕੋਈ ਵੀ ਸ਼ਬਦ ਜਾਂ ਪਰਿਕਲਪਨਾ ਸਨਾਤਨ ਨਹੀਂ ਹੁੰਦੀ। ਉਸ ਦਾ ਚ੍ਰਤਿਰ ਹੀ ਨਹੀਂ ਹੁੰਦਾ। ਹਾਰ ਵਿਚ ਅਸਥਿਰਤਾ ਬਣੀ ਰਹਿੰਦੀ ਹੈ। ਇਹ ਇਕ ਯਥਾਰਥ ਹੈ। ਧਰਤੀ ਨੂੰ ਅਸੀਂ ਹਥੌੜੇ ਮਾਰ ਮਾਰ ਕੇ ਚਪਟਾ ਨਹੀਂ ਕਰ ਸਕਦੇ ਇਹ ਗੋਲ ਹੀ ਰਹੇਗੀ। ਜੋ ਮਨੁੱਖ ਦੇ ਵਿਚਾਰ ਹੁੰਦੇ ਹਨ ਉਹ ਹਮੇਸ਼ਾਂ ਅਸਥਿਰ ਰਹਿੰਦੇ ਹਨ, ਬਦਲਦੇ ਰਹਿੰਦੇ ਹਨ। ਇਸ ਤਰ੍ਹਾਂ ਪੇਸ਼ ਕਰਨਾ ਇਹ ਵਾਸਤਵਿਕਤਾ ਹੈ ਇਹ ਅਬਜੈਕਟ ਰਿਆਲਿਟੀ ਹੈ। ਇਸ ਵਿਚ ਵੱਡੀ ਪ੍ਰੋਬਲਿਮ ਹੈ। ਕੁੱਝ ਚੀਜਾਂ ਦੀ ਅਬਜੈਕਟ ਰਿਆਲਿਟੀ ਹੁੰਦੀ ਹੈ। ਜਿਵੇਂ ਅਕਾਸ਼ ਹੈ ਧਰਤੀ ਹੈ। ਕੁੱਝ ਚੀਜ਼ਾ ਦੀ ਅਬਜੈਕਟ ਰਿਆਲਿਟੀ ਸੰਭਵ ਨਹੀਂ ਹੁੰਦੀ। ਉਸ ਵਿਚ ਅਸਥਿਰਤਾ ਬਣੀ ਰਹਿੰਦੀ ਹੈ। ਜਿਨ੍ਹਾਂ ਦੇ ਸਰੋਤ ਮੁੱਖ ਦੇ ਮਸਤਕ ਹੁੰਦੇ ਹਨ। ਅਸੀਂ ਰਾਸ਼ਟਰ ਸ਼ਬਦ ਹੀ ਲਈਏ। ਭਾਰਤ ਵਿਚ ਮਹਾਂਭਾਰਤ ਤੇ ਅਰਥ ਸ਼ਾਸਤਰ ਵਿਚ ਰਾਸ਼ਟਰ ਸ਼ਬਦ ਦੀ ਵਰਤੋਂ ਹੋਈ ਹੈ। ਧ੍ਰਿਤਰਾਸ਼ਟ੍ਰ ਤੋਂ ਅਸੀਂ ਜਾਣੂ ਹਾਂ। ਮਨੂੰ ਸਿਮਰਤੀ ਵਿਚ ਰਾਸ਼ਟਰ ਸ਼ਬਦ ਦੀ ਵਰਤੋਂ ਹੋਈ ਹੈ। ਅਰਥ ਸ਼ਾਸਤਰ ਵਿਚ ਰਾਜ ਦੇ ਤੱਤ ਵੀ ਦੱਸੇ ਗਏ ਸਨ। ਦੁਰਗ, ਕਿਲ੍ਹਾ, ਸੇਤੂ, ਵਨ, ਵਪਾਰ ਆਦਿ। ਭਾਵ ਕਿ ਰਾਸ਼ਟਰ ਇਕ ਹੈ। ਜਿਸ ਦਾ ਸੰਦਰਭ ਰਾਜ ਨਾਲ ਹੈ। ਰਾਜ ਇਕ ਤੱਤ ਹੈ ਜਿਸ ਦਾ ਸਬੰਧ ਰੀਅਲਇਜ਼ਮ ਹੈ। ਮਨੂੰ ਸਿਮਰਤੀ ਤੇ ਅਰਥ ਸ਼ਾਸਤਰ ਵਿਚ ਜੋ ਸੱਤ ਤੱਤ ਦੱਸੇ ਗਏ ਹਨ। ਉਨ੍ਹਾਂ ਤੱਤਾਂ ਵਿਚ ਰਾਜ ਇਕ ਤੱਤ ਹੈ। ਪਰ ਇਹ ਉਹ ਤੱਤ ਨਹੀਂ ਜਿਹੜਾ ਸਭ ਦੇ ਉਪਰ ਹਾਵੀ ਹੋ ਜਾਵੇ। ਸੋ ਰਾਸ਼ਟਰ ਦੀ ਪਰਿਕਲਪਨਾ ਉਨ੍ਹਾਂ ਅਰਥਾਂ ਵਿਚ ਨਹੀਂ ਹੈ ਜਿਹੜਾ ਅੱਜ ਸਾਨੂੰ ਦੱਸਿਆ ਜਾ ਰਿਹਾ ਹੈ। ਇਹ ਦਿਲਚਸਪ ਗੱਲ ਇਹ ਹੈ ਕਿ ਪੂਰਵ ਵੈਦਿਕ ਕਾਲ ਵਿਚ ਰਾਸ਼ਟਰ ਸ਼ਬਦ ਦੀ ਵਰਤੋਂ ਨਹੀਂ ਹੋਈ, ਇਸ ਦੀ ਵਰਤੋਂ ਉਤਰ ਵੈਦਿਕ ਕਾਲ ਵਿਚ ਹੋਈ। ਉਤਰ ਵੈਦਿਕ ਕਾਲ ਵਿਚ ਜਦੋਂ ਛੋਟੇ ਛੋਟੇ ਰਾਜ ਬਣਨ ਲੱਗੇ

ਤਾਂ ਰਾਸ਼ਟਰ ਸ਼ਬਦ ਦੀ ਵਰਤੋਂ ਹੋਣ ਲੱਗੀ। ਰਾਸ਼ਟਰ ਦਾ ਸਬੰਧ ਰਾਜ ਨਾਲ ਪੂਰੀ ਤਰ੍ਹਾਂ ਹੈ। ਪੂਰਵ ਵੈਦਿਕ ਕਾਲ ਵਿਚ ਰਾਸ਼ਟਰ ਦੀ ਵਰਤੋਂ ਨਹੀਂ ਹੋਈ, ਉਸ ਕਾਲ ਵਿਚ ਕਬੀਲੇ ਸਨ। ਕਬੀਲੇ ਦੇ ਮੁਖੀਆ ਸਨ। ਸੋ ਰਾਜ ਦਾ ਰਾਸ਼ਟਰ ਇਕ ਤੱਤ ਹੈ। ਅੱਜ ਜੋ ਰਾਸ਼ਟਰ ਦੇ ਅਰਥ ਦੱਸੇ ਜਾ ਰਹੇ ਹਨ ਉਹ ਇਕ ਰਾਜ ਸੰਪੂਰਨ ਇਕਾਈ ਹੈ। ਇਸ ਤਰ੍ਹਾਂ ਹੀ ਕੌਮ ਸ਼ਬਦ ਹੈ। ਉਰਦੂ ਵਿਚ ਕੌਮਪ੍ਰਸ਼ਤੀ ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ। ਕੌਮ ਦੇ ਇਕ ਅਰਥ ਨਹੀਂ ਹਨ। ਨੇਸ਼ਨ ਸ਼ਬਦ ਹੈ। ਅਸੀਂ ਗਾਣੇ ਸੁਣਦੇ ਸਾਂ ਕਿ ਜੇਹ ਜ਼ਿੰਦਗੀ ਹੈ ਕੌਮ ਕੀ...। ਪਰ ਕੌਮ ਨੂੰ, ਸਮੁਦਾਇ ਨੂੰ ਕੌਮ ਕਿਹਾ ਜਾਂਦਾ ਹੈ। ਸਮੁਦਾਇ ਦੇ ਇਕ ਹਿੱਸੇ ਨੂੰ ਕੌਮ ਕਿਹਾ ਜਾਂਦਾ ਹੈ। ਮੁਸਲਿਮ ਸਮੁਦਾਇ ਪੂਰੀ ਦੁਨੀਆਂ ਵਿਚ ਇਕ ਕੌਮ ਹੋ ਜਾਂਦੀ ਹੈ। ਮੁਸਲਮਾਨਾਂ ਦਾ ਇਕ ਸਮੁਦਾਇ ਕੌਮ ਹੋ ਜਾਂਦਾ ਹੈ। ਅੱਗੇ ਮੁਸਲਿਮ ਕੌਮ ਵਿਚ ਸੁੰਨੀ ਕੌਮ ਤੇ ਸੀਆਂ ਕੌਮ, ਇਰਾਨੀ ਕੌਮ, ਪਾਕਿਸਤਾਨੀ ਕੌਮ। ਕੌਮ ਦੇ ਕਈ ਅਰਥ ਹੁੰਦੇ ਹਨ ਇਕ ਅਰਥ ਨਹੀਂ ਹੁੰਦਾ। ਅੱਜ ਸਾਨੂੰ ਡੰਡਾ ਫੜ ਕੇ ਸਮਝਾਇਆ ਜਾ ਰਿਹਾ ਹੈ ਕਿ ਕੌਮ ਦਾ ਇਕ ਹੀ ਅਰਥ ਹੈ। ਪਰ ਇਕ ਅਰਥ ਨਹੀਂ ਹੈ। ਸ਼ਬਦਾਂ ਦਾ ਇਕ ਚਰਿਤ੍ਰ ਹੁੰਦਾ ਹੈ। ਇਨ੍ਹਾਂ ਦੇ ਅਰਥ ਸਮੇਂ ਸਮੇਂ ਨਾਲ ਬਦਲਦੇ ਰਹਿੰਦੇ ਹਨ। ਇਹ ਇਕ ਗੱਲ ਹੈ, ਦੂਜੀ ਗੱਲ ਇਹ ਕਿ ਤੁਸੀਂ ਸੁਣਿਆ ਹੋਵੇਗਾ ਕਿ ਸਪੇਨ ਦੇ ਲੋਕਾਂ ਕੈਟੇਲੋਨੀਆਂ ਨੇ ਕਿਹਾ ਕਿ ਅਸੀਂ ਤੁਹਾਡੇ ਨੇਸ਼ਨ 'ਚ ਸ਼ਾਮਿਲ ਨਹੀਂ ਹਾਂ। ਅਸੀਂ ਵੱਖਰੇ ਹੋਣਾ ਚਾਹੁੰਦੇ ਹਾਂ। ਯੂ ਕੇ ਤੋਂ ਸਕੌਟਲੈਂਡ ਵੱਖਰਾ ਹੋਣਾ ਚਾਹੁੰਦਾ ਸੀ। ਪੰਜਾਹ ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਅਸੀਂ ਵੱਖਰੇ ਹੋਣਾ ਚਾਹੁੰਦੇ ਹਾਂ। ਯੂ. ਕੇ. ਵਰਗਾ ਕੰਟਰੀ ਵੀ ਇਕ ਨੇਸ਼ਨ ਨਹੀਂ ਰਿਹਾ। ਉਥੇ ਵੀ ਸਮੱਸਿਆ ਹੈ। ਇਕ ਬੜ੍ਹੀ ਦਿਲਚਸਪ ਪੁਸਤਕ ਹੈ, 'ਫਰੇਨ ਰਿਡੇਲ ਵੀ ਫਰਾਂਸ਼ ਦੇ ਵੱਡੇ ਇਤਿਹਾਸਕਾਰ ਹਨ... ਉਨ੍ਹਾਂ ਦੀ ਆਖਰੀ ਕਿਤਾਬ ਹੈ।'ਅਡੈਂਟਟੀ ਆਫ਼ ਫਰਾਂਸ' ਉਹ ਕਿਤਾਬ 'ਚ ਇਕ ਸਵਾਲ ਨਾਲ ਗੱਲ ਸ਼ੁਰੂ ਕਰਦੇ ਹਨ, ਇਜ ਫਰਾਂਸ ਵੰਨ ਕੰਟਰੀ, ਇਜ ਫਰਾਂਸ ਵੰਨ ਨੇਸ਼ਨ..ਇਜ ਫਰਾਸ ਵੰਨ ਸੁਸਾਇਟੀ...ਕਈ ਸਾਲਾਂ ਬਾਅਦ ਫਰਾਂਸ ਦੀ ਇਕ ਅਡੈਂਟਟੀ ਬਣਨੀ ਸ਼ੁਰੂ ਹੋਈ। ਉਹ ਇਸ ਉੱਤੇ ਸਵਾਲ ਕਰ ਰਹੇ ਹਨ ਕਿ ਵਾਕਿਆ ਹੀ ਫਰਾਂਸ ਇਕ ਨੇਸ਼ਨ, ਇਕ ਸੁਸਾਇਟੀ ਬਣ ਸਕਿਆ ਹੈ? ਤੇ ਕਿਵੇਂ ਵੀਹਵੀਂ ਸਦੀ ਦੇ ਦੂਜੇ ਹਿੱਸੇ ਵਿਚ ਆ ਕੇ 1920-25 ਜਦੋਂ ਰੇਡੀਓ ਦੀ ਵਰਤੋਂ ਹੋਣ ਲੱਗੇ ਜਾਂ ਟੀ ਵੀ ਆਇਆ ਉਦੋਂ ਜਾ ਕੇ ਫਰਾਂਸ ਨੇਸ਼ਨ ਬਣ ਸਕਿਆ। ਉਹ ਸਵਾਲ ਕਰਦੇ ਹਨ ਕਿ ਕੀ ਫਰਾਂਸ 1920-50 ਵਿਚ ਕੰਟਰੀ ਨੂੰ ਨੇਸ਼ਨ ਬਣਾ ਸਕਿਆ? ਨਹੀਂ ਬਣਾ ਸਕਿਆ। ਸੋ ਨੈਸ਼ਨਲਇਜ਼ਮ ਪੂਰੀ ਤਰ੍ਹਾਂ ਨਾਲ ਪ੍ਰਭਾਸ਼ਿਤ ਨਹੀਂ ਕਰ ਸਕਿਆ। ਇਹ ਹੋ ਵੀ ਨਹੀਂ ਸਕੇਗਾ। ਕਿਉਂਕਿ ਇਹ ਅਸਥਿਰ ਹੈ। ਅਸੀਂ ਵੇਖਦੇ ਹਾਂ ਭਾਰਤ ਵਿਚ ਬਹੁਤ ਸਮੱਸਿਆਵਾਂ ਹਨ, ਕਸ਼ਮੀਰ ਦੀ ਸਮੱਸਿਆ ਹੈ.. ਨਾਗਾਲੈਂਡ ਦੀਆਂ ਸਮੱਸਿਆਵਾਂ ਹਨ। ਇਨ੍ਹਾਂ ਥਾਵਾਂ ਦੇ ਲੋਕ ਆਪਣੇ ਆਪ ਨੂੰ ਭਾਰਤ ਦੇ ਲੋਕ ਨਹੀਂ ਕਹਾਉਣਾ ਚਾਹੁੰਦੇ। ਉਹ ਕਹਿੰਦੇ ਨੇ ਅਸੀਂ ਇੰਡੀਆ ਤੋਂ ਹਾਂ। ਏਥੋਂ ਤੱਕ ਛੋਟੇ ਜਿਹੇ ਰਾਜ ਸ਼੍ਰੀ ਲੰਕਾ ਵਿਚ ਵੀ ਸਮੱਸਿਆਵਾਂ ਹਨ। ਇਹ ਸਮੱਸਿਆਵਾਂ ਨਿੱਜੀ ਵਿਹਾਰ ਵਿਚ ਵੀ ਹਨ, ਕੇਵਲ ਕਲਪਨਾ ਵਿਚ ਨਹੀਂ ਹਨ। ਦੁਨੀਆਂ ਦੇ ਹਰ ਕੋਨੇ ਵਿਚ ਇਹ ਸਮੱਸਿਆਵਾਂ ਹਨ। ਸੋ ਰਾਸ਼ਟਰ, ਜਾਂ ਰਾਸ਼ਟਰਵਾਦ ਜਾਂ ਰਾਸ਼ਟਰੀਅਤਾ ਸਾਨੂੰ ਦਿੱਤਾ ਹੋਇਆ ਅਸਲ ਗਿਵਨ ਕਨਸੈਪਟ ਨਹੀਂ ਹੈ ਕਿ ਅਸੀਂ ਮੰਨ ਕੇ ਚੱਲੀਏ ਕਿ ਇਹੀ ਸੱਚ ਹੈ। ਜਾਂ ਦੇਸ਼ ਸ਼ਬਦ ਨੂੰ ਲੈ ਲਓ! ਅਸੀਂ ਕਹਿੰਦੇ ਹਾਂ ਭਾਰਤ ਇਜ ਏ ਕੰਟਰੀ, ਇੰਡੀਆ ਇਜ ਏ ਕੰਟਰੀ...ਅੰਗਰੇਜ਼ੀ ਵਿਚ ਕੰਟਰੀ ਦੇ ਅਰਥ ਹੁੰਦੇ ਨੇ ਗਾਓਂ...ਟਾਊਨ ਐਂਡ ਕੰਟਰੀ... ਹਰ ਇੰਗਲਿਸ਼ ਮੈਨ ਤੇ ਵੂਮੈਨ ਦਾ ਇਕ ਘਰ ਲੰਡਨ ਹੁੰਦਾ ਹੈ ਇਕ ਕੰਟਰੀ ਹਾਊਸ ਹੁੰਦਾ ਹੈ। ਇਹ ਗੱਲ ਫਰਾਂਸ ਵਿਚ ਹੈ। ਇਹ ਅਰਥ ਸਥਾਪਤ ਹੋ ਚੁੱਕੇ ਹਨ ਇਹ ਮਾਇਨੇ ਹੁਣੇ ਹੁਣੇ 19 ਵੀ ਸਦੀ 'ਚ ਸਥਾਪਤ ਹੋਏ ਹਨ। ਦੇਸ਼ ਅਸਲ ਵਿਚ ਉਹਨੂੰ ਕਹਿੰਦੇ ਹਾਂ ਜਿੱਥੇ ਤੁਹਾਡਾ ਜਨਮ ਹੋਇਆ ਹੋਵੇ। ਜੋ ਦੂਜੀ ਥਾਂ ਚਲੇ ਗਿਆ ਉਸ ਨੂੰ ਵਿਦੇਸ਼ ਕਹਿੰਦੇ ਹਾਂ।



ਵਿਦੇਸ਼ੀਆਂ ਸ਼ਬਦ ਪ੍ਰਚੱਲਤ ਹੋ ਗਿਆ। ਵਿਦੇਸ਼ੀ ਉਹ ਜੋ ਪਟਨਾ ਤੋਂ ਕਲਕੱਤਾ ਚਲੇ ਗਿਆ। ਭਾਰਤ ਜਿਹਨੂੰ ਅਸੀਂ ਦੇਸ਼ ਕਹਿੰਦੇ ਹਾਂ ਉਹ ਪਲੇਸ ਆਫ ਬਰਥ ਹੈ। ਹੁਣ ਵੀ ਸ਼ਬਦ ਪ੍ਰਚੱਲਤ ਹੈ ਕਿ ਬਈ ਕਿੱਥੇ ਜਾ ਰਹੇ ਹੋ? ਬਈ ਅਸੀਂ ਦੇਸ਼ ਜਾ ਰਹੇ ਹਾਂ। ਦੇਸ਼ ਦੇ ਜੋ ਅਰਥ ਬਣ ਚੁੱਕੇ ਹਨ ਕਿ ਹੁਣ ਹੁਣੇ ਹੁਣੇ ਬਣੇ ਹਨ ਉਹ ਸਥਿਰ ਨਹੀਂ ਉਹ ਅਸਥਿਰ ਹਨ। ਕੀ ਸਮੁੱਚੇ ਭਾਰਤ ਲਈ ਅਸੀਂ ਭਾਰਤ ਸ਼ਬਦ ਦੀ ਵਰਤੋਂ ਕਰਦੇ ਹਾਂ। ਜਦੋਂ ਭਾਰਤ ਸ਼ਬਦ ਦੀ ਵਰਤੋਂ ਕਰਦੇ ਹਾਂ ਤਾਂ ਪੂਰਾ ਨੌਰਥ-ਈਸਟ ਬਾਹਰ ਹੋ ਜਾਂਦਾ ਹੈ, ਪੂਰਾ ਵੈਸਟਨ ਇੰਡੀਆ ਬਾਹਰ ਹੋ ਜਾਂਦਾ ਹੈ, ਪੂਰਾ ਕਸ਼ਮੀਰ ਬਾਹਰ ਹੋ ਜਾਂਦਾ ਹੈ। ਦਿੱਲੀ ਤੋਂ ਬਿਹਾਰ ਤੱਕ ਨੂੰ ਭਾਰਤ ਮੰਨਿਆ ਗਿਆ ਹੈ। ਹਿੰਦੋਸਤਾਨ ਆਪਣੇ ਆਪ ਵਿਚ ਭਾਰਤੀ ਲਫ਼ਜ਼ ਜਾਂ ਸ਼ਬਦ ਹੈ। ਹਿੰਦੋਸਤਾਨ ਵੈਸੇ ਵੀ ਭਾਰਤੀ ਲਫ਼ਜ਼ ਨਹੀਂ ਹੈ। ਹਿੰਦੋਸਤਾਨ ਫਾਰਸੀ ਸ਼ਬਦ ਹੈ। ਸੋ ਸ਼ਬਦਾਂ ਦੇ ਅਰਥ ਬਦਲਦੇ ਰਹਿੰਦੇ ਨੇ, ਵਿਕਸਿਤ ਹੁੰਦੇ ਹਨ ਜੇਕਰ ਇਕੋ ਅਰਥ ਲੈਂਦੇ ਰਹਿਣਾ ਹੈ ਤਾਂ ਉਨ੍ਹਾਂ ਦੀ ਪ੍ਰਕਿਰਤੀ ਦੇ ਖ਼ਿਲਾਫ਼ ਹੋਵੇਗਾ। ਇਨ੍ਹਾਂ ਵਿਚ ਅਸਥਿਰਤਾ ਕਿਹੋਂ ਜਿਹੀ ਹੈ? ਇਹ ਵਸਤੂਪਰਕ ਯਥਾਰਤ ਨਹੀਂ ਹੈ। ਇਹ ਅਬਜੈਕਟਿਵ ਰਿਆਲਟੀ ਨਹੀਂ ਹੈ। ਇਹ ਵੱਖ-ਵੱਖ ਦੇਸ਼ ਵਿਚ ਧਰਤੀ ਨੂੰ ਕੁਦਰਤ ਨੇ ਨਹੀਂ ਵੰਡਿਆ ਅਸੀਂ ਵੰਡਿਆ ਹੈ। ਇਹ ਵਸਤੂਪਰਕ ਯਥਾਰਤ ਤਾਂ ਇਹੀ ਹੈ ਕਿ ਇਕ ਜ਼ਮੀਨ ਹੈ, ਸਮੁੰਦਰ ਹੈ ਉਸ ਤੇ ਲੋਕ ਰਹਿੰਦੇ ਹਨ। ਲੇਕਿਨ ਉਸ ਦੀ ਪਰਿਕਲਪਨਾ ਇਹ ਹੈ ਕਿ ਉਥੇ ਇਕ ਯੁਨਾਇਟਡ ਸਟੇਟ ਹੈ, ਇਕ ਇੰਡੀਆ ਹੈ, ਇਕ ਪਾਕਿਸਤਾਨ ਹੈ। ਇਹ ਪਰਿਕਲਪਨਾਵਾਂ ਹਨ। ਇਹ ਮਾਨਵ ਚੇਤਨਾ ਦੀ ਰਚਨਾ ਹੈ, ਕੁਦਰਤ ਦੀ ਨਹੀਂ। ਕਿਉਂਕਿ ਇਹ ਮਾਨਵ ਚੇਤਨ ਦੀ ਰਚਨਾ ਹੈ ਇਸ ਲਈ ਇਹ ਅਸਥਿਰ ਤੇ ਪਰਿਵਰਤਨ ਸ਼ੀਲ ਹੁੰਦੀਆਂ ਹੀ ਹਨ। ਇਨ੍ਹਾਂ ਨੂੰ ਅ-ਪਰਿਵਰਤਨਸ਼ੀਲ ਨਹੀਂ ਬਣਾਇਆ ਜਾ ਸਕਦਾ। ਜ਼ਮੀਨ ਨੂੰ ਤੁਸੀਂ ਚਪਟਾ ਕਿਵੇਂ ਕਰ ਸਕਦੇ ਹੋ। ਸੋ ਹਰ ਪਰਿਕਲਪਨਾ ਦਾ ਆਪਣਾ ਇਕ ਸੰਦਰਭ ਹੁੰਦਾ ਹੈ। ਇਹ ਸੰਦਰਭ ਸਭ ਤੋਂ ਅਹਿਮ ਤੱਤ ਹੁੰਦਾ ਹੈ। ਕਿ ਕਿਸ ਸ਼ਬਦ ਦੀ ਕਿਸ ਸੰਦਰਭ ਵਿਚ ਵਰਤੋਂ ਕਰ ਰਹੇ ਹੋ। ਰਾਸ਼ਟਰਵਾਦ ਨੇ ਇਕ ਪਾਸੇ ਆਰਥਿਕ, ਸਮਾਜਿਕ, ਵਿਚਾਰਕ, ਭਾਸ਼ਾਈ ਵਿਕਾਸ ਦਿੱਤਾ ਯੂਰਪੀ ਦੇਸ਼ਾਂ ਵਿਚ ਇਸੇ ਰਾਸ਼ਟਰਵਾਦ ਨੇ ਆਪਸ ਵਿਚ ਯੁੱਧ ਵੀ ਕਰਵਾਏ। ਦੋ ਵਿਸ਼ਵ ਯੁੱਧ ਵੀ ਇਸੇ ਰਾਸ਼ਟਰਵਾਦ ਕਾਰਨ ਹੋਏ। ਇਸ ਦੇ ਕਈ ਪਹਿਲੂ ਹਨ। ਦੂਜੇ ਪਾਸੇ ਰਾਸ਼ਟਰਵਾਦ ਨੇ ਉਪਨਿਵੇਸ਼ਵਾਦ ਖਿਲਾਫ਼ ਸੁਤੰਤਰਤਾ ਸੰਗਰਾਮ ਸਮੇਂ ਲੜਨ ਦੀ ਊਰਜ਼ਾ ਤੇ ਸ਼ਕਤੀ ਵੀ ਦਿੱਤੀ ਹੈ। ਤੇ ਸਾਮਰਾਜਵਾਦ ਨੂੰ ਖਤਮ ਕਰਨ ਦੀ। ਦੂਜੇ ਪਾਸੇ ਰਵਿੰਦਰ ਨਾਥ ਠਾਕੁਰ ਨੇ ਭਾਰਤੀ ਰਾਸ਼ਟਰਵਾਦ ਦਾ ਜ਼ੋਰਦਾਰ ਰੂਪ ਵਿਚ ਸਮਰੱਥਨ ਵੀ ਕੀਤਾ ਇਹ ਵੀ ਚਿੰਤਾ ਪ੍ਰਗਟ ਕੀਤੀ ਕਿ ਰਾਸ਼ਟਰਵਾਦ ਬਹੁਤ ਸੰਕੀਰਣ ਹੁੰਦਾ ਹੈ। ਦੂਜੇ ਪਾਸੇ ਗਾਂਧੀ ਤੇ ਨਹਿਰੂ ਨੇ ਰਾਸ਼ਟਰਵਾਦ ਵਿਚ ਸਭ ਨੂੰ ਸ਼ਾਮਿਲ ਕੀਤਾ। ਦੂਜੇ ਪਾਸੇ ਸਵਰਕਰ ਤੇ ਜਿਨਹਾ ਨੇ ਰਾਸ਼ਟਰਵਾਦ ਇਕ ਸਮੁਦਾਇ ਲਈ ਥਾਂ ਦਿੱਤੀ। ਸੋ ਰਾਸ਼ਟਰਵਾਦ ਦੇ ਅਲੱਗ ਅਲੱਗ ਪਹਿਲੂ ਬਣ ਜਾਂਦੇ ਹਨ। ਅੱਜ ਅਸੀਂ ਭਾਰਤ ਵਾਸੀ ਉਸੇ ਚੌਰਾਹੇ ਉੱਤੇ ਧਕੇਲੇ ਜਾ ਰਹੇ ਹਾਂ ਕਿ ਸਾਨੂੰ ਪੂਰੀ ਤਰ੍ਹਾਂ ਨਾਲ ਚਰਮ ਸੰਕੀਰਣ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ, ਆਰ. ਐਸ. ਐਸ. ਨੇ ਜੋ ਵਿਵਸਥਾ ਬਣਾਈ ਹੈ ਉਸ ਵੱਲੋਂ ਸਾਨੂੰ ਚਰਮ ਸੰਕੀਰਣ ਬਣਾਉਣ ਦੀ ਕੋਸ਼ਿਸ਼ ਹੈ। ਹੁਣ ਸਾਡੇ ਉੱਤੇ ਨਿਰਭਰ ਹੈ ਕਿ ਅਸੀਂ ਰਾਸ਼ਟਰਵਾਦ ਨੂੰ ਕਿਨ੍ਹਾਂ ਅਰਥਾਂ ਉੱਤੇ ਖੜ੍ਹਾ ਕਰਦੇ ਹਾਂ। ਇਹ ਫੈਸਲਾ ਅਸੀਂ ਕਰਨਾ ਹੈ ਅਸੀਂ ਕਿਸ ਰਾਸ਼ਟਰਵਾਦ ਦੇ ਅਰਥਾਂ ਨੂੰ ਲੈਣਾ ਚਾਹੁੰਦੇ ਹਾਂ।

**ਅਸ਼ੋਕ ਵਾਜਪਈ:** ਮਿਤਰੋਂ ਹੁਣੇ ਹੁਣੇ ਤੁਸੀਂ ਵੱਡੇ ਵੱਡੇ ਵਖਿਆਨ ਸੁਣੇ। ਸਭ ਤੋਂ ਵੱਡਾ ਦੁਸ਼ਮਣ ਤਾਂ ਸੰਘ ਹੈ ਤੁਸੀਂ ਇਸ ਦੇ ਸਮਾਨਅੰਤਰ ਕੋਈ ਸੰਗਠਨ ਕਿਓ ਨਹੀਂ ਬਣਾਇਆ। ...ਉਸ ਲਈ ਤੁਹਾਨੂੰ ਘਾਹ ਵੱਲ ਝੁਕਣਾ ਪਵੇਗਾ ਕਿਉਂਕਿ ਕਵਿਤਾ ਤਾਂ ਘਾਹ ਵਿਚ ਏਧਰ ਉਧਰ ਖਿੰਡੀ ਪਈ ਹੈ। ਮੁਸਲਮਾਨ

ਰਾਸ਼ਟਰੀਅਤਾ ਨੇ ਤਾਂ ਦੇਸ਼ ਦਾ ਬਟਵਾਰਾ ਹੀ ਕਰਵਾ ਦਿੱਤਾ। ਇਸ ਕਵਿਤਾ ਦਾ ਉਸ ਸੰਮੇਲਨ ਨਾਲ ਕੋਈ ਸੰਬੰਧ ਨਹੀਂ ਹੈ। ਮੈਂ ਸੋਚ ਰਿਹਾ ਹਾਂ ਇਹ ਜਿਹੜੀ ਭਾਰਤੀ ਰਾਸ਼ਟਰਅਤਾ ਦੀ ਗੱਲ ਕਰ ਰਹੇ ਨੇ ਇਹ ਸਦੀਆਂ ਤੋਂ ਚੱਲੀ ਆ ਰਹੀ ਏ... ਹਲਾਂਕਿ ਭਾਰਤ ਇਕ ਬਚਨ ਹੈ। ਅਸਲ ਵਿਚ ਇਹ ਬਹੁ ਵਚਨ ਹੈ। ਇੰਡੀਆ ਇਕ ਬਚਨ ਹੈ, ਭਾਰਤ ਸ਼ਬਦ ਬਹੁ ਵਚਨ ਹੈ। ਇਸ ਵਿਚ ਭਿੰਨ ਭਿੰਨ ਪਹਿਰਾਵੇ ਤੇ ਸੰਸਕ੍ਰਿਤੀਆਂ ਹਨ। ਹਿੰਦੂ ਧਰਮ ਦੀ ਸਮਝ ਉਪਨਿਵੇਸ਼ਕ ਸਮਝ ਹੈ। ਉਸ ਵਿਚ ਅਲਪ ਸੰਖਿਆ ਨੂੰ ਦੋਇਮ ਦਰਜ਼ਾ ਦਿੱਤਾ ਗਿਆ ਹੈ। ਇਹ ਪਹਿਲੀ ਸੱਤਾ ਹੈ ਜਿਹੜੀ ਬੁੱਧੀਜੀਵੀਆਂ ਵਿਰੁੱਧ ਦੋਸ਼ ਲਗਾਉਂਦੀ ਹੈ। ਸਾਨੂੰ ਖਾਣ ਦੀ ਸਲਾਹ ਦਿੱਤੀ ਜਾ ਰਹੀ ਕਿ ਅਸੀਂ ਕੀ ਖਾਣਾ ਹੈ। ਇਥੇ ਲੇਖਕਾਂ ਦੀ ਕੋਈ ਹੈਸੀਅਤ ਹੀ ਨਹੀਂ। ਸਾਨੂੰ ਚਲਾਕੀ ਦੀ ਵੀ ਲੋੜ ਹੈ। ਧਰਮ ਯੁੱਧ ਨਹੀਂ ਹਨ ਪਰ ਧਰਮ ਯੁੱਧ ਵਿਚ ਕ੍ਰਿਸ਼ਨ ਨੇ ਚੁਤਰਾਈਆਂ ਕੀਤੀਆਂ। ਸੰਘ ਅਫਵਾਹਾ ਉਡਾਉਂਦਾ ਹੈ ਅਸੀਂ ਕਿਓ ਨਹੀਂ। ਜੇਕਰ ਸਾਡਾ ਉਦੇਸ਼ ਪਵਿੱਤਰ ਹੈ। ਸਾਨੂੰ ਚਲਾਕੀ ਤੋਂ ਕੰਮ ਲੈਣਾ ਪਵੇਗਾ। ਇਨ੍ਹਾਂ ਦੀ ਭਾਸ਼ਾ ਸਿੱਖੋ। ਜੋ ਦੂਜੇ ਹਨ ਤੇ ਦੂਜੇ ਨਹੀਂ ਹੋਣੇ ਚਾਹੀਦੇ। ਏਨਾ ਕਾਫੀ ਹੈ ਕਿ ਦਲਿਤ, ਇਸਤਰੀ ਹੈ ਤੇ ਤੁਹਾਨੂੰ ਮਾਰਿਆ ਜਾ ਸਕਦਾ ਹੈ ਗਿਆਨ ਸਾਡੇ ਕੋਲ ਵੱਧ ਹੈ, ਵਿਵੇਕਸ਼ੀਲ ਹਾਂ ਫਿਰ ਅਸੀਂ ਕਿਉਂ ਨਹੀਂ ਕੁੱਝ ਕਰ ਸਕਦੇ ਆਪਣੇ ਵਿਚਾਰਕ ਮੱਤਭੇਦਾ ਨੂੰ ਰੱਖੋ ਪਰ ਜਦੋਂ ਵੱਡੀ ਲੜਾਈ ਹੋਵੇ ਤਾਂ ਇਕੱਠੇ ਹੋ ਜਾਓ। ਮੈਂ ਯੁਵਾ ਲੇਖਕਾਂ ਨੂੰ ਮਿਲਿਆ ਉਨ੍ਹਾਂ ਵਿਚੋਂ ਇਕ ਨੇ ਵੀ ਕਿਸੇ ਸਮਾਜਿਕ ਮੁੱਦੇ ਤੇ ਲੜਾਈ ਨਹੀਂ ਲੜੀ। ਯੁਵਾ ਲੇਖਕਾਂ ਦੀਆਂ ਵੱਡੀਆਂ ਪੀੜ੍ਹੀਆਂ ਤਿਆਰ ਹੋ ਰਹੀਆਂ ਨੇ ਜਿਨ੍ਹਾਂ ਨੂੰ ਚੇਤਨਾ ਦਾ ਗਿਆਨ ਨਹੀਂ। ਤਿੰਨ ਸਾਲ ਹੋ ਗਏ ਹਨ ਪਰ ਕੋਈ ਵੱਡਾ ਲੇਖਕ ਉਤਰੀ ਭਾਰਤ ਵਿਚੋਂ ਉਨ੍ਹਾਂ ਦੀ ਗੋਦ ਵਿਚ ਨਹੀਂ ਗਿਆ। ਇਹ ਵੱਡੀ ਗੱਲ ਹੈ। ਵਿਰੋਧ ਕਰਨ ਵਾਲਾ ਹਰ ਲੇਖਕ ਹੋਣਾ ਚਾਹੀਦਾ ਹੈ।

**ਡਾ. ਚਮਨ ਲਾਲ**: ਰਾਸ਼ਟਰ ਦਾ ਸੰਕਲਪ ਕਦੇ ਉਸ ਤਰੀਕੇ ਨਾਲ ਰਿਹਾ ਹੀ ਨਹੀਂ ਹੈ। ਪੂਰੀ ਧਰਤੀ ਇਕ ਪਰਿਵਾਰ ਹੈ। ਇਸ ਵਿਚ ਰਾਸ਼ਟਰ ਤਾਂ ਕਿਤੇ ਵੀ ਨਹੀਂ ਸੀ। ਧਰਤੀ ਤੇ ਲੋਕ ਪੈਦਾ ਹੋਏ, ਕਬੀਲੇ ਪੈਦਾ ਹੋਏ। ਇਸ ਪੂਰੀ ਧਰਤੀ ਵਿਚ ਜਿੱਥੇ ਜਿੱਥੇ ਵੀ ਲੋਕ ਪੈਦਾ ਹੋਏ ਵਸਦੇ ਗਏ। ਕ੍ਰਾਂਤੀ ਜੇਕਰ ਹੋਵੇਗੀ ਤਾਂ ਜੇਕਰ ਪੂਰੇ ਵਿਸ਼ਵ ਵਿਚ ਨਹੀਂ ਹੋਵੇਗੀ ਤਾਂ ਸਫ਼ਲ ਨਹੀਂ ਹੋ ਸਕਦੀ। ਭਗਤ ਸਿੰਘ ਨੇ ਕਿਹਾ ਸੀ ਅਸੀਂ ਵਰਲਡ ਫੈਡਰੇਸ਼ਨ ਲਈ ਕੰਮ ਕਰਦੇ ਹਾਂ। ਇਕ ਬਿਆਨ ਵਿਚ ਉਸ ਨੇ ਕਿਹਾ। ਰਾਸ਼ਟਰ ਦਾ ਅਰਥ ਬਹੁਤ ਵਿਸ਼ਾਲ ਹੈ। ਗੁਰੂ ਗੋਬਿੰਦ ਸਿੰਘ ਨੇ ਕਿਹਾ 'ਮਾਨਸ ਕੀ ਜਾਤ' ਰਵਿਦਾਸ ਕਹਿੰਦਾ ਹੈ ਕਿ 'ਬੇਗਮਪੁਰਾ ਵਸਾਉਣਾ' ਭਾਵ ਕਿ ਇਕ ਉਹ ਰਾਜ ਦੀ ਸਥਾਪਨਾ ਕਰਨੀ ਜਿਹਦੇ ਵਿਚ ਸਮਾਨਤਾ ਹੋਵੇ। ਬਸਤੀਵਾਦ ਖਿਲਾਫ਼ ਜਿਨ੍ਹਾਂ ਦੇਸ਼ਾਂ ਨੇ ਲੜਾਈ ਲੜੀ ਉਹ ਰਾਸ਼ਟਰੀ ਮੁਕਤੀ ਦਾ ਸੰਘਰਸ਼ ਸੀ। ਉਹ ਰਾਸ਼ਟਰੀ ਸੀ। ਇਹ ਸੰਕੀਰਣਤਾ ਆਜ਼ਾਦੀ ਲਈ ਨਹੀਂ ਸੀ। ਉਦੋਂ ਇਕ ਦੂਜੇ ਦੀ ਅਲੋਚਨਾ ਸੀ ਗਾਂਧੀ ਦੀ ਆਲੋਚਨਾ ਕਰਦੇ ਸਨ। ਪਰ ਉਹ ਆਲੋਚਨਾ ਗਾਲੀ ਗਲੋਚ ਵਾਲੀ ਨਹੀਂ ਸੀ। ਬੋਸ ਲਾਹੌਰ ਜੇਲ੍ਹ ਤੋਂ ਸੰਦੇਸ਼ ਭੇਜਦੇ ਹਨ, ਜਿਸ ਵਿਚ ਰਾਸ਼ਟਰੀਅਤਾ ਦਾ ਜ਼ਿਕਰ ਹੈ। ਸੰਸਕ੍ਰਿਤੀ ਅਤੇ ਰਾਸ਼ਟਰੀਅਤਾ ਇਸ ਦੇ ਬਾਰੇ ਵਿਚ ਜਦੋਂ ਵੀ ਚਰਚਾ ਕਰਨੀ ਹੈ ਤਾਂ ਸਾਨੂੰ ਇਨ੍ਹਾਂ ਗੱਲਾਂ ਦਾ ਧਿਆਨ ਕਰਨਾ ਪਵੇਗਾ।

**ਪ੍ਰੋ. ਅਰੁਣ ਕੁਮਾਰ**: ਸਾਡੇ ਸਮਾਜ ਵਿਚ ਪਿਛਲੇ ਪੰਜਾਹ ਕੁ ਸਾਲਾਂ ਵਿਚ ਕਾਫੀ ਬਦਲਾਅ ਆਇਆ ਹੈ। ਇਸ ਵਿਚ ਆਰਥਿਕ ਮਸਲੇ ਕਾਫੀ ਹਾਵੀ ਹੋ ਗਏ ਹਨ। ਜੋ ਆਰਥਿਕ ਮਾਡਲ ਹੁੰਦੇ ਹਨ ਉਸ ਵਿਚ ਇਤਿਹਾਸ ਨੂੰ ਵੱਖ ਕਰ ਦਿੱਤਾ ਜਾਂਦਾ ਹੈ। ਜੋ ਉਸ ਨੂੰ ਸਮਝਣ ਦੇ ਲਈ ਸਾਨੂੰ ਇਤਿਹਾਸ ਨੂੰ ਸਮਝਣ ਲਈ ਪਿੱਛੇ ਜਾਣ ਦੀ ਲੋੜ ਪੈਂਦੀ ਹੈ। ਜੋ ਆਰਥਿਕ ਵਿਸ਼ੇ ਹਨ ਉਹ ਸਭ ਉੱਤੇ ਹਾਵੀ ਹੋ ਗਏ ਹਨ। ਕੋਈ ਵੀ ਜੋ ਚੀਜ ਆਉਂਦੀ ਹੈ ਐਵੇਂ ਨਹੀਂ ਆ ਜਾਂਦੀ, ਉਸ ਦਾ ਇਤਿਹਾਸਕ ਪਰਿਪੇਖ ਹੁੰਦਾ ਹੈ।



ਜੋ ਆਰਥਿਕ ਮਾਡਲ ਆਉਂਦੇ ਹਨ ਉਹ ਅ-ਇਤਿਹਾਸਕ ਹੁੰਦੇ ਹਨ। ਅੱਜ ਦੀ ਜਿਹੜੀ ਸਾਡੀ ਅਰਥ ਵਿਵਸਥਾ ਹੈ ਉਸ ਦਾ ਰੇਟ ਤੇਜ਼ੀ ਨਾਲ ਡਿੱਗ ਗਿਆ ਹੈ। 5.7 ਪ੍ਰਤੀਸ਼ਤ ਦੀ ਰਫ਼ਤਾਰ ਨਾਲ ਗਰੋਥ ਹੋਈ ਪਰ ਮੇਰਾ ਮੱਤ ਹੈ ਕਿ ਉਹ ਇਕ ਪ੍ਰਤੀਸ਼ਤ ਤੋਂ ਵਧੇਰੇ ਨਹੀਂ ਹੈ। ਜੇ ਕਰ 5.7 ਪ੍ਰਤੀਸ਼ਤ ਗਰੋਥ ਹੋ ਰਹੀ ਹੈ ਤਾਂ ਇਹ ਕੋਈ ਕਰਾਇਸਸ ਨਹੀਂ ਹੈ ਕਿਉਂਕਿ ਦੁਨੀਆਂ ਦੀ ਇਹ ਅੱਛੀ ਗਰੋਥ ਦੀ ਨਿਸ਼ਾਨੀ ਹੈ। ਪਰ ਜੇਕਰ 1 ਪ੍ਰਤੀਸ਼ਤ ਦੀ ਰਫ਼ਤਾਰ ਨਾਲ ਵੱਧ ਰਹੀ ਹੈ ਤਾਂ ਜ਼ਰੂਰ ਕਰਾਇਸਸ ਹੈ। ਮੈਨੂੰ ਲੱਗ ਰਿਹਾ ਹੈ ਕਿ ਜ਼ਰੂਰ ਕਰਾਇਸਸ ਹੈ ਕਿਉਂਕਿ ਉਸ ਨੇ ਆਰਥਿਕ ਅਡਵਾਈਜ਼ਰੀ ਬੋਰਡ ਦਾ ਗਠਨ ਕੀਤਾ ਹੈ। ਇਸ ਲਈ ਬੈਂਕਾਂ ਨੇ ਉਸ ਨੂੰ ਦੋ ਲੱਖ ਕਰੋੜ ਦਾ ਲੋਨ ਦਿੱਤਾ ਹੈ। ਸਾਡੀ ਆਰਥਿਕ ਵਿਵਸਥਾ ਦੇ ਦੋ ਅਹਿਮ ਹਿੱਸੇ ਹਨ ਇਕ ਹੈ ਸੰਗਠਤ ਖੇਤਰ ਦੂਜਾ ਹੈ ਅ ਸੰਗਠਤ ਖੇਤਰ ਸੰਗਠਤ ਖੇਤਰ ਵਿਚ 7 ਪ੍ਰਤੀਸ਼ਤ ਕੰਮ ਕਰਦੇ ਹਨ ਤੇ ਅ ਸੰਗਠਤ ਖੇਤਰਾਂ ਵਿਚ 93 ਪ੍ਰਤੀਸ਼ਤ ਕੰਮ ਕਰਦੇ ਹਨ। ਸੰਗਠਤ ਖੇਤਰ ਵਿਚ 55 ਪ੍ਰਤੀਸ਼ਤ ਉਤਪਾਦਨ ਹੁੰਦਾ ਹੈ ਅ ਸੰਗਠਤ ਖੇਤਰ ਵਿਚ 45 ਪ੍ਰਤੀਸ਼ਤ ਉਤਪਾਦਨ ਹੁੰਦਾ ਹੈ। ਤੇ ਜੀ ਐਸ ਟੀ ਦਾ ਜੋ ਸਭ ਤੋਂ ਵੱਧ ਅਸਰ ਨੋਟ ਬੰਦੀ ਤੇ ਪਿਆ ਹੈ ਉਹ ਅਸੰਗਠਤ ਖੇਤਰ ਹਨ। ਜੋ ਵੀ ਸਰਵੇ ਆਏ ਉਨ੍ਹਾਂ ਕਿਹਾ ਕਿ 60 ਤੋਂ 80 ਪ੍ਰਤੀਸ਼ਤ ਅਸਰ ਅ ਸੰਗਠਤ ਖੇਤਰਾਂ ਦਾ ਪਿਆ। ਜੇ 50 ਪ੍ਰਤੀਸਤ ਵੀ ਅਸਰ ਹੋਵੇ ਤਾਂ ਰੇਟ 50-50 ਪ੍ਰਤੀਸ਼ਤ ਰਹੀ ਹੋਵੇਗੀ। ਅੱਜ ਵੀ ਜੇਕਰ ਟਰੇਡਰ ਕੋਲ ਜਾ ਕੇ ਗੱਲਬਾਤ ਕਰੋ ਤਾਂ ਉਹ ਕਹੇਗਾ ਕਿ ਅੱਜ 20-30 ਪ੍ਰਤੀਸ਼ਤ ਟਰੇਡ ਡਿੱਗ ਗਿਆ ਹੈ। ਜੇ ਇਹ ਮੰਨ ਲਓ ਕਿ 10 ਪ੍ਰਤੀਸ਼ਤ ਗਿਰਾਵਟ ਆਈ ਤਾਂ ਸਾਡਾ ਮੰਨਣਾ ਹੈ ਸਾਡਾ ਰੇਟ ਆਫ ਗਰੋਥ ਇਕ ਪ੍ਰਤੀਸ਼ਤ ਵਧੇਗਾ। ਜੋ ਸਰਕਾਰ ਦੇ ਅੰਕੜੇ ਹਨ ਉਹ ਸਹੀ ਅੰਕੜੇ ਨਹੀਂ ਹਨ। ਸਭ ਤੋਂ ਵੱਡਾ ਕਰਾਇਸਸ ਹੈ ਅਸੰਗਠਤ ਖੇਤਰ ਦਾ ਹੈ। ਸੰਗਠਤ ਖੇਤਰ ਤਾਂ ਬੈਂਕ ਦੀ ਵਰਤੋ ਕਰ ਸਕਦਾ ਹੈ। ਕਰੈਡਟ ਕਾਰਡ ਦੀ ਵਰਤੋ ਕਰ ਸਕਦਾ ਹੈ ਪਰ ਜੋ ਅਸੰਗਠਤ ਖੇਤਰ ਹੈ ਉਹ ਵਧੇਰੇ ਕਰਕੇ ਕੈਸ਼ ਨਾਲ ਕੰਮ ਕਰਦਾ ਹੈ। ਕੈਸ ਦਾ ਮਤਲਬ ਬਲੈਕ ਨਹੀਂ ਹੈ। ਇਹ ਗਲਤ ਧਾਰਨ ਹੈ ਕਿ ਕੈਸ ਦਾ ਮਤਲਬ ਬਲੈਕ ਹੈ। ਸਰਕਾਰ ਦੀ ਇਹੀ ਧਾਰਨਾ ਸੀ ਜਿਸ ਕਾਰਨ ਨੋਟਬੰਦੀ ਲਾਗੂ ਕੀਤੀ ਗਈ। ਇਹੀ ਗਲਤ ਧਾਰਨਾ ਸੀ ਕਿ ਜੇ ਕੈਸ ਕੱਢ ਲਵਾਂਗੇ ਤਾਂ ਕਾਲਾ ਧੰਨ ਕਲੈਪਸ ਕਰ ਜਾਵੇਗਾ। ਸਾਡੀ ਜੋ ਕਾਲੇ ਧੰਨ ਦੀ ਸੰਪਤੀ ਹੈ ਉਹ ਤਿੰਨ ਸੌ ਤੋਂ ਚਾਰ ਹਜ਼ਾਰ ਕਰੋੜ ਹੈ। ਕੈਸ ਜੋ ਹੈ ਉਹ ਤਿੰਨ ਲੱਖ ਕਰੋੜ ਹੈ। ਭਾਵ ਕਿ ਜੋ ਕਾਲਾ ਧੰਨ ਹੈ ਉਸਦਾ ਇਕ ਪ੍ਰਤੀਸ਼ਤ ਹੈ। ਜੇ ਤੁਸੀਂ ਸਾਰੇ ਦਾ ਸਾਰਾ ਧੰਨ ਫਰੀਜ਼ ਕਰ ਵੀ ਦੇਵੋ ਤਾਂ ਤਾਂ ਵੱਧ ਤੋਂ ਵੱਧ ਇਕ ਪ੍ਰਤੀਸ਼ਤ ਕਾਲੇ ਧੰਨ ਤੇ ਅਸਰ ਪੈ ਸਕਦਾ ਹੈ। ਪ੍ਰੰਤੂ ਤਾਂ ਵੀ 0.1 ਪ੍ਰਤੀਸ਼ਤ ਤੇ ਅਸਰ ਨਹੀਂ ਪਿਆ। ਸੋ ਮੇਰਾ ਮੰਨਣਾ ਹੈ ਕਿ ਜੋ ਅਸੰਗਠਤ ਖੇਤਰ ਹਨ ਉਸ ਨੂੰ ਜਬਰਦਸਤ ਧੱਕਾ ਲੱਗਾ ਹੈ। ਮੇਰਾ ਮੰਨਣਾ ਹੈ ਕਿ ਨੋਟਾ ਦੀ ਕਮੀ ਤਾਂ ਖਤਮ ਹੋ ਗਈ ਪਰ ਰੀਸ਼ੈਸ਼ਨ ਲੰਮਾ ਚਲ ਰਿਹਾ ਹੈ। ਜਿਸ ਦੇ ਕਾਰਨ ਇਨਵੈਸਟਮੈਂਟ ਡਿੱਗਿਆ। ਤੇ ਇਹ ਚੱਲਦੀ ਰਹੇਗੀ। ਜੋ ਵਰਗ ਸਮਾਜ ਵਿਚ ਹਾਸ਼ੀਏ ਤੇ ਹਨ ਉਨ੍ਹਾਂ ਦਾ ਹਾਸ਼ੀਏ ਤੇ ਜਾਣਾ ਲਗਾਤਾਰ ਵੱਧ ਰਿਹਾ ਹੈ। ਇਸ ਨੂੰ ਸਮਝਣਾ ਪਵੇਗਾ ਕਿ ਇਹ ਕਿਸ ਤਰ੍ਹਾਂ ਨਾਲ ਹੋ ਰਿਹਾ ਹੈ। ਐਨੇ ਸਾਲਾ ਵਿਚ ਸੰਗਠਤ ਖੇਤਰ 93 ਪ੍ਰਤੀਸ਼ਤ ਕਿਵੇਂ ਬਣਿਆ ਹੋਇਆ ਹੈ, ਇਹ ਵੀ ਸਮਝਣਾ ਪਵੇਗਾ। ਅੱਜ ਦਾ ਸੰਦਰਭ ਵਿਸ਼ਵੀਕਰਨ ਹੈ। ਪਰ ਵਿਸ਼ਵੀਕਰਨ ਬਹੁਤ ਪੁਰਾਣਾ ਹੈ। ਜਦੋਂ ਬੁੱਧ ਧਰਮ ਜਪਾਨ ਗਿਆ ਉਹ ਵੀ ਵਿਸ਼ਵੀਕਰਨ ਹੈ। ਜੋ ਹਿੰਦੁਸਤਾਨ ਵਿਚ ਵਪਾਰ ਹੁੰਦਾ ਸੀ ਉਹ ਵੀ ਵਿਸ਼ਵੀਕਰਨ ਹੈ। ਸੰਨ 1750 ਤੋਂ ਬਾਅਦ ਜੋ ਇਕ ਤਰਫ਼ਾ ਵਿਸ਼ਵੀਕਰਨ ਹੋਇਆ ਉਸ ਨੂੰ ਸਮਝਣਾ ਹੋਵੇਗਾ। ਇਹ ਇਕ ਤਰਫ਼ਾ ਵਿਸ਼ਵੀਕਰਨ ਸੰਨ 47 ਤੋਂ ਬਾਅਦ ਵੀ ਚਲਦਾ ਰਿਹਾ। ਵਿਕਾਸ ਦੇ ਦੋ ਭਾਗ ਸਨ ਇਕ ਸੀ ਵਿਕਾਸ ਦਾ ਵਿਦੇਸ਼ੀ ਹਿੱਸਾ ਦੂਜਾ ਸੀ ਕੇਂਦਰੀ ਯੋਜਨਾ ਦਾ ਜੋ ਸੋਵੀਅਤ ਯੂਨੀਅਨ ਦਾ ਸੀ। ਸੋ ਅਸੀਂ ਇਕ ਮਿਕਸ ਅਰਥ ਵਿਵਸਥਾ ਦਾ ਰਾਹ ਅਖਤਿਆਰ ਕੀਤਾ।

ਇਹ ਧਾਰਨਾ ਸੀ ਕਿ ਅਸੀਂ ਇਸ ਨਾਲ ਆਧੁਨਿਕ ਹੋ ਜਾਵਾਂਗੇ। ਇਹ ਸੀ ਜੋ ਉਪਰ ਤੋਂ ਵਿਕਾਸ ਹੋਵੇਗਾ ਤਾਂ ਉਹ ਖਿਸਕ ਕੇ ਥੱਲੇ ਤੱਕ ਪਹੁੰਚ ਜਾਵੇਗਾ। ਪਰ ਇਹ ਗਲਤ ਸੋਚ ਸੀ। ਸਾਡੇ ਕੋਲ ਦੋ ਪੈਰਾਡਾਇਮ ਹਨ ਸੰਯੁਕਤ ਅਰਥ ਵਿਵਸਥਾ ਹੈ। ਅਸੀਂ ਕਿਹਾ ਜੋ ਆਧੁਨਿਕਤਾ ਹੈ ਉਹ ਪੱਛਮ ਦੀ ਆਧੁਨਿਕਤਾ ਹੈ ਸੋ ਜੇ ਅਸੀਂ ਪੱਛਮ ਨੂੰ ਕਾਪੀ ਕਰ ਲਵਾਂਗੇ ਤਾਂ ਆਧੁਨਿਕ ਹੋ ਜਾਵਾਂਗਾ। ਦੂਜਾ ਸੀ ਕਿ ਜੋ ਵੀ ਵਿਕਾਸ ਕਰੇਗਾ ਉਹ ਮਾਰਕੀਟ ਕਰੇਗੀ। ਇਸ ਨੂੰ ਪੱਛਮੀ ਚਿੰਤਕਾਂ ਨੇ ਸਪੋਟ ਦਿੱਤੀ। ਲੁਈਸ ਕਹਿੰਦਾ ਹੈ ਜੇ ਕਰ ਮਾਡਰਨ ਸੈਕਟਰ ਵਧੇਗਾ ਤਾਂ ਬੈਕਵਰਡ ਸੈਕਟਰ ਨੂੰ ਜ਼ਜਬ ਕਰ ਲਵੇਗਾ। ਬੈਕਵਰਡ ਸੈਕਟਰ ਵੱਲ ਬਹੁਤਾ ਧਿਆਨ ਦੇਣ ਦੀ ਜ਼ਰੂਰਤ ਨਹੀਂ ਹੈ। ਅਸੀਂ ਵੱਡੇ ਵੱਡੇ ਡੈਮ ਬਣਾ ਦਿੱਤੇ। ਵੱਡੀਆਂ ਵੱਡੀਆਂ ਫੈਕਟਰੀਆਂ ਬਣਾ ਦਿੱਤੀਆਂ। ਸਾਡੀ ਜੋ ਇਲੀਟ ਕਲਾਸ ਸੀ ਉਸ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋਇਆ। ਪਰ ਉਸ ਦਾ ਅਸਰ ਥੱਲੇ ਤੱਕ ਨਹੀਂ ਹੋਇਆ। ਸਾਡੀ ਗਰੀਬੀ ਵੱਧਦੀ ਗਈ। ਸੰਨ50 ਵਿਚ ਸਾਡੇ ਬੇਲੈਂਸ਼ ਆਫ ਕਰੈਡਿਟ ਦਾ ਸੰਕਟ ਆਇਆ। 70 ਵਿਆ ਵਿਚ ਐਮਰਜੈਂਸੀ ਲਗਾ ਦਿੱਤੀ ਗਈ। 80 ਵਿਆ ਵਿਚ ਅਸੀਂ ਵਰਲਡ ਬੈਂਕ ਕੋਲ ਗਏ। ਜੋ ਮਾਸ ਲੈਵਲ ਦੀ ਮਿਜਿਓਰਟੀ ਹੈ ਉਸ ਦੇ ਕਾਰਨ ਕਰਾਇਸਸ ਆਇਆ। ਜੋ ਕਰਾਇਸਸ ਆਇਆ ਉਸ ਦੇ ਮਗਰ ਜਿਹੜੀ ਫਿਲਾਸ਼ਫੀ ਸੀ ਉਸ ਨੂੰ ਸਮਝਣਾ ਪਵੇਗਾ। 1947 ਵਿਚ ਧਾਰਨਾ ਇਹ ਸੀ ਕਿ ਜਿਹੜਾ ਇਕੱਲਾ ਹੈ ਉਹ ਆਪਣੀਆਂ ਪਰੇਸ਼ਾਨੀਆਂ ਲਈ ਜੁੰਮੇਵਾਰ ਨਹੀਂ ਹੈ। ਜੋ ਸਿੱਖਿਆ ਹੈ, ਸਿਹਤ ਹੈ, ਰੋਜਗਾਰ ਹੈ ਇਹ ਸਾਰਾ ਕੁੱਝ ਉਹ ਨਹੀਂ ਕਰ ਸਕਦਾ ਹੈ। ਗਰੀਬ ਆਪਣੇ ਲਈ ਕੋਈ ਸਕੂਲ ਨਹੀਂ ਬਣਾ ਸਕਦਾ। ਰੋਜਗਾਰ ਪੈਦਾ ਨਹੀਂ ਕਰ ਸਕਦਾ। ਉਹ ਆਪਣੇ ਲਈ ਜੌਬ ਕਰੇਇਟ ਨਹੀਂ ਕਰ ਸਕਦਾ। ਸੋ ਸਟੇਟ ਨੂੰ ਹੀ ਵੱਡਾ ਰੋਲ ਦਿੱਤਾ ਗਿਆ। ਇਹ ਜੋ ਧਾਰਨਾ ਸੀ ਜਿਸ ਦੇ ਅਧਾਰ ਤੇ ਸਾਡੀਆਂ ਨੀਤੀਆਂ ਬਣੀਆਂ। ਉਸ ਨੂੰ 1900 ਤੱਕ ਆਉਂਦੇ ਆਉਂਦੇ ਪਲਟ ਦਿੱਤਾ। ਕਿ ਜੇਕਰ ਗਰੀਬੀ ਹੈ ਤਾਂ ਉਸ ਨੂੰ ਮਾਰਕੀਟ ਵਿਚ ਜਾ ਕੇ ਆਪਣੀ ਗਰੀਬੀ ਦਾ ਹੱਲ ਕੱਢਣਾ ਪਵੇਗਾ। ਜੇ ਸਿਹਤ ਦੀ ਸਮੱਸਿਆ ਹੈ ਤਾਂ ਮਾਰਕੀਟ ਵਿਚ ਜਾਣਾ ਪਵੇਗਾ। ਇਹ ਸਟੇਟ ਕੇਂਦਰਤ ਨੀਤੀਆਂ ਸਨ। ਜਿਸ ਕਾਰਨ ਜਦੋਂ ਸਟੇਟ ਕਮਜ਼ੋਰ ਹੋਇਆ ਤਾਂ ਮਾਰਕੀਟ ਹਾਵੀ ਹੋ ਗਈ। ਮੇਰੀ ਧਾਰਨਾ ਹੈ ਕਿ ਇਸ ਲਈ ਸਾਡੇ ਅੰਦਰੂਨੀ ਫੈਕਟਰ ਦੇ ਨਾਲ ਨਾਲ ਬਾਹਰੀ ਫੈਕਟਰ ਵੀ ਜ਼ਿੰਮੇਵਾਰ ਹਨ। ਬਾਹਰੀ ਫੈਕਟਰ ਵਿਚ ਰੂਸ ਤੇ ਚੀਨ ਇਹ ਦੋਵੇਂ ਦੇਸ਼ਾਂ ਵਿਚ ਅੱਧ ਵਿਚ ਤਬਦੀਲੀ ਆਈ। ਸੋਵੀਅਤ ਯੂਨੀਅਨ ਪੱਤਣ ਵੱਲ ਚਲੇ ਗਿਆ। ਚੀਨ ਨੇ 180 ਡਿਗਰੀ ਮੋੜ ਕੱਟ ਲਿਆ ਕਿ ਕਿਹਾ ਸਾਨੂੰ ਤਾਂ ਗਰੋਥ ਚਾਹੀਦੀ ਹੈ ਚਾਹੇ ਜਿਵੇਂ ਮਰਜ਼ੀ ਆਵੇ। ਸੋ ਉਸ ਨੇ ਪੂੰਜੀਵਾਦ ਨੂੰ ਅਪਣਾ ਲਿਆ। ਸੋਵੀਅਤ ਯੂਨੀਅਨ ਕਮਜ਼ੋਰ ਪੈ ਗਿਆ ਤੇ ਇਸ ਦੇ ਚਲਦੇ ਪੂੰਜੀਪਤੀ ਦੇਸ਼ ਕਮਜ਼ੋਰ ਪੈ ਗਏ। ਸੋ ਨਵੇਂ ਮੁੱਦੇ ਆਏ ਕਿ ਖੇਤੀਬਾੜੀ ਦਾ ਖੁੱਲ੍ਹਣਾ। ਜੋ ਅਮਰੀਕਾ ਦੇ ਰਾਜਦੂਤ ਸਨ ਉਨ੍ਹਾਂ ਨੇ ਕਿਹਾ ਹੁਣ ਸਮਾਂ ਆ ਗਿਆ ਕਿ ਅਸੀਂ ਤੁਹਾਡੀ ਖੇਤੀਬਾੜੀ ਦੀ ਮਾਰਕੀਟ ਨੂੰ ਕਾਬਜ਼ੇ ਵਿਚ ਕਰ ਲਈਏ। ਸਾਡੇ ਕੋਲ ਬਹੁਤ ਸਾਰੀ ਖੇਤਬਾੜੀ ਦੀ ਜ਼ਮੀਨ ਵਾਧੂ ਪਈ ਹੈ। ਨਵੇਂ ਮੁੱਦੇ ਆਏ, ਕਿਹੜੇ? ਖੇਤੀਬਾੜੀ ਦਾ ਖੁੱਲ੍ਹਾ ਬਜ਼ਾਰ, ਨੌਕਰੀਆਂ ਦਾ ਖੁੱਲ੍ਹਣਾ, ਬੌਧਿਕਤਾ ਦਾ ਖੁੱਲ੍ਹਾ ਬਜ਼ਾਰ। ਇਹ ਸਾਰੇ ਨਵੇਂ ਮੁੱਦੇ ਆਏ। ਉਦੋਂ ਜਦੋਂ ਉਸ ਨੇ ਵੇਖਿਆ ਕਿ ਸੋਵੀਅਤ ਯੂਨੀਅਨ ਹੁਣ ਕਮਜ਼ੋਰ ਪੈ ਗਿਆ ਹੈ। ਹੁਣ ਉਸ ਨੂੰ ਕਿਸੇ ਦੇਸ਼ ਦਾ ਸਮਰਥਨ ਨਹੀਂ ਮਿਲ ਸਕਦਾ। ਪਹਿਲਾਂ ਸਹਾਇਤਾ ਦਿੱਤਾ ਜਾਂਦੀ ਸੀ ਹੁਣ ਵਪਾਰ ਦੇ ਵਟਾਂਦਰੇ ਦੀ ਗੱਲ ਹੋਣ ਲੱਗੀ। ਥੈਚਰ ਆਈ ਉਸ ਨੇ ਵਰਲਡ ਬੈਂਕ ਦੀ ਲਾਈਨ ਖਤਮ ਕਰ ਦਿੱਤੀ। ਵਰਲਡ ਬੈਂਕ ਦੀ ਲਾਇਨ ਪੁਸ਼ ਕੀਤੀ। ਵਰਲਡ ਬੈਂਕ ਦੀ ਲਾਈਨ ਵੀ ਸਮੇਂ ਸਮੇਂ ਨਾਲ ਬਦਲਦੀ ਰਹੀ ਹੈ। ਇਹੀ ਕਿ ਉਹ ਸੰਸਾਰ ਦੇ ਪੂੰਜੀਪਤੀਆਂ ਨੂੰ ਕਿਵੇਂ ਲਾਭ ਦੇਵੇਗੀ ਇਹ ਰਹੀ ਹੈ। ਮਿਸਾਲ ਵਜੋਂ ਵਿਤਨਾਮ ਬਾਰੇ ਉਨ੍ਹਾਂ ਨੇ ਵੇਖਿਆ



ਕਿ ਗਰੀਬੀ ਇਕ ਅਜਿਹਾ ਕਾਰਨ ਸੀ ਜਿਸ ਨਾਲ ਵਿਤਨਾਮ ਅੱਗੇ ਵੱਧ ਰਿਹਾ ਹੈ। ਤਾਂ ਪੌਵਰਟੀ ਰਮੂਵਲ ਵਰਲਡ ਬੈਂਕ ਦੀ ਲਾਈਨ ਬਣੀ। ਜਦੋਂ ਬਹੁਤ ਜਿਆਦਾ ਗਰੀਬੀ ਅਸੀਂ ਖਤਮ ਕਰਾਂਗੇ ਤਾਂ ਕਮਿਊਨਿਜ਼ਮ ਦਾ ਹੋਲਡ ਖਤਮ ਹੋ ਜਾਵੇਗਾ। ਜਦੋਂ ਇਹ ਸਮੱਸਿਆ ਖਤਮ ਹੋ ਗਈ ਤਾਂ ਉਨ੍ਹਾਂ ਨੇ ਰਜ਼ੀਲੀਅਨ ਮਾਡਲ ਨਾਂ ਦੀ ਲਾਈਨ ਤਿਆਰ ਕੀਤੀ ਉਹ ਕੀ ਸੀ ਕਿ ਫ੍ਰੀ ਟਰੇਡ। ਉਧਰ ਲੈਟਿਨ ਅਮਰੀਕਾ ਵਿਚ ਅਰਥ ਵਿਵਸਥਾ ਕਲੈਪਸ ਕਰ ਗਈ, ਉਨ੍ਹਾਂ ਨੇ ਕਿਹਾ ਇਹ ਲਾਈਨ ਤਾਂ ਚੱਲੇਗੀ ਨਹੀਂ ਨਵੀਂ ਲਾਇਨ ਤਿਆਰ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਸਾਊਥ ਏਸੀਆ। ਇਹ ਤਾਂ ਫ੍ਰੀ ਮਾਰਕੀਟ ਦਾ ਮਾਡਲ ਨਹੀਂ ਸੀ ਤਾਂ ਮਾਰਕੀਟ ਫਰੈਂਡਲੀ ਸਟੇਟ ਹੋਣੀ ਚਾਹੀਦੀ ਹੈ। ਫਿਰ ਇਹ ਲਾਇਨ ਆ ਗਈ ਕਿ ਮਾਰਕੀਟ ਨੂੰ ਖੁੱਲ੍ਹਾ ਛੱਡ ਦਿਓ। ਇਸ ਨਾਲ ਵੀ ਕਰਾਇਸਸ ਆਇਆ। ਮੇਰਾ ਕਹਿਣ ਦਾ ਮਤਲਬ ਹੈ ਕਿ ਪੂਰੀ ਅਰਥ ਵਿਵਸਥਾ ਵਿਚ ਇਕ ਮੂਵਮੈਂਟ ਹੁੰਦੀ ਰਹਿੰਦੀ ਹੈ। ਭਾਰਤ ਦੀ ਅਰਥ ਵਿਵਸਥਾ ਦਾ ਸੰਸਾਰ ਦੀ ਅਰਥ ਵਿਵਸਥਾ ਵਿਚ ਇਕ ਸਮਨਵੈਂ ਹੈ। ਸਾਡੀਆਂ ਜੋ ਨੀਤੀਆਂ ਹਨ, ਉਨ੍ਹਾਂ ਤੇ ਇੰਟਰਨੈਸ਼ਨਲ ਪੂੰਜੀ ਦਾ ਦਾਬਾ ਵੱਧਦਾ ਗਿਆ। ਬਜ਼ਾਰ ਤਾਂ ਹਰ ਸਮੇਂ ਰਿਹਾ ਪਰ ਬਜ਼ਾਰੀਕਰਨ ਨਵਾਂ ਆਇਆ। ਤੁਸੀਂ ਕੁਝ ਕਣਕ ਦਿੱਤੀ ਤੁਹਾਨੂੰ ਕੱਪੜਾ ਮਿਲਿਆ। ਤੁਸੀਂ ਕੁਝ ਹੋਰ ਵਸਤੂ ਦਿੱਤੀ ਤੁਹਾਨੂੰ ਹੋਰ ਸਮਾਨ ਮਿਲਿਆ। ਇਹ ਵੀ ਇਕ ਬਾਜ਼ਰ ਹੈ। ਬਜ਼ਾਰ ਹਰ ਸਮੇਂ ਸੀ। ਬਜ਼ਾਰੀਕਰਨ ਵਿਚ ਕੀ ਹੁੰਦਾ ਹੈ ਕਿ ਜੋ ਸਮਾਜਿਕ ਸੰਦ ਹੁੰਦੇ ਹਨ ਉਹ ਸਾਰੇ ਕਲੈਪਸ ਕਰ ਜਾਂਦੇ ਹਨ। ਬਜ਼ਾਰੀਕਰਨ ਵਿਚ ਸਾਰੇ ਸਮਾਜਿਕ ਸੰਦ ਖਤਮ ਹੋ ਜਾਂਦੇ ਹਨ। ਇਹ ਸਿਧਾਂਤ ਆਇਆ ਕਿ ਡਾਲਰ ਵੋਟ ਭਾਵ ਕਿ ਜੇਕਰ ਤੁਹਾਡੇ ਕੋਲ ਇਕ ਡਾਲਰ ਹੈ ਤਾਂ ਇਕ ਵੋਟ ਹੋਵੇਗੀ। ਇਹ ਸਿਧਾਂਤ ਪ੍ਰਫੁੱਲਤ ਹੋਇਆ ਕਿ ਜੇਕਰ ਤੁਹਾਡੇ ਕੋਲ ਪੈਸੇ ਹਨ ਤਾਂ ਤੁਸੀਂ ਮਰਸੀਡੀਜ਼ ਕਾਰ ਖਰੀਦ ਸਕਦੇ ਹੋ ਜੇਕਰ ਪੈਸੇ ਨਹੀਂ ਹਨ ਤਾਂ ਤੁਸੀਂ ਰੋਟੀ ਵੀ ਨਹੀਂ ਖਰੀਦ ਸਕਦੇ। ਨਿਰਭਰ ਇਸ ਗੱਲ ਉੱਤੇ ਹੈ ਕਿ ਤੁਹਾਡੀ ਖਰੀਦ ਸ਼ਕਤੀ ਕਿੰਨੀ ਹੈ। ਲੋਕਤੰਤਰ ਦਾ ਪ੍ਰਿੰਸੀਪਲ ਸੀ ਇਕ ਆਦਮੀ ਇਕ ਵੋਟ। ਇਸ ਦੇ ਚਲਦੇ ਹੋਏ ਇਕ ਅਮਰੀਕਨ ਦੇ ਬਰਾਬਰ ਚਾਲੀ ਭਾਰਤੀ ਹਨ। ਕਿਉਂਕਿ ਉਸ ਦੀ ਪਰਚੇਜ਼ਿੰਗ ਪਾਵਰ ਚਾਲੀ ਗੁਣਾ ਵੱਧ ਹੈ। ਮਾਰਕੀਟ ਦਾ ਸਿਧਾਂਤ ਖਰੀਦ ਸ਼ਕਤੀ ਦੇ ਨਿਰਭਰ ਕਰਦਾ ਹੈ। ਸਾਡੀ ਖੇਤੀਬਾੜੀ ਨਾਲ ਕੀ ਹੋਇਆ ਕਿ ਹੁਣ ਉਨ੍ਹਾਂ ਫ਼ਸਲਾਂ ’ਤੇ ਵੱਧ ਧਿਆਨ ਦਿੱਤਾ ਜਾਂਦਾ ਹੈ। ਜਿਨ੍ਹਾਂ ਦੀ ਸੰਸਾਰ ਮੰਡੀ ਵਿਚ ਲੋੜ ਹੈ ਜਿਹੜੀਆਂ ਫ਼ਸਲਾਂ ਦੀ ਭਾਰਤੀਆਂ ਨੂੰ ਲੋੜ ਹੈ ਉਸ ਤੇ ਧਿਆਨ ਨਹੀਂ ਦਿੱਤਾ ਜਾਂਦਾ। ਜਿਸ ਕਾਰਨ ਸੰਸਾਰ ਪੱਧਰ ਤੇ ਸੀਰੀਆਂ ਦੀ ਖੱਪਤ ਵੱਡੀ ਪੱਧਰ ’ਤੇ ਡਿੱਗ ਗਈ। 20 ਪ੍ਰਤੀਸ਼ਤ ਹੇਠਾ ਡਿੱਗ ਗਿਆ। ਡਾਲਰ ਵੋਟ ਦਾ ਸਿਧਾਂਤ ਇਹੀ ਹੈ ਕਿ ਜੇਕਰ ਤੁਸੀਂ ਹਾਸ਼ੀਏ ਤੇ ਹੋ ਤਾਂ ਹੋਰ ਹਾਸ਼ੀਏ ਤੇ ਚਲੇ ਜਾਵੋਗੇ। ਅੱਜ 2000 ਇੰਟਰਨੈਸ਼ਨਲ ਏਜੰਸੀਆਂ ਹਨ ਆਫ ਗਲੋਬਲ ਗਵਰਨੈਸ। ਗਲੋਬਲ ਪੱਧਰ ’ਤੇ ਕਿਸ ਦੀ ਗੱਲ ਮੰਨੀ ਜਾਂਦੀ ਹੈ ਅਮਰੀਕੀ ਦੀ ਜਾਂ ....ਉਥੇ ਜੋ ਤੀਜੀ ਦੁਨੀਆਂ ਦੇ ਦੇਸ਼ ਹਨ ਉਨ੍ਹਾਂ ਦੀ ਗੱਲ ਘੱਟ ਹੁੰਦੀ ਹੈ। ਭਾਰਤ ਵਿਚ ਕਿੰਨ੍ਹਾਂ ਪ੍ਰਾਂਤਾ ਦੀ ਗੱਲ ਚੱਲਦੀ ਹੈ ਜੋ ਖੁਸ਼ਹਾਲ ਪ੍ਰਾਂਤ ਹਨ, ਗਰੀਬ ਪ੍ਰਾਂਤਾ ਨੂੰ ਕੌਣ ਪੁੱਛਦਾ ਹੈ। ਮਹਾਂਰਾਸ਼ਟਰ ਦਾ ਮਤਲਬ ਕੀ ਹੈ? ਵਿਧਰਬਾ ਨਹੀਂ ਜਿੱਥੇ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਹੁੰਦੀਆਂ ਹਨ। ਬੰਬੇ-ਪੂਨਾ ਬੈਲਟ, ਬੰਬੇ ਮਦੋਦਰਾ ਬੈਲਟ। ਯੂ ਪੀ ਦਾ ਮਤਲਬ ਕਾਨਪੁਰ ਜਾਂ ਬਾਂਧਾ ਨਹੀਂ ਹੈ..ਮਤਲਬ ਹੈ ਨੋਇਡਾ ਜਾਂ ਗਾਜੀਆਬਾਦ ਜਿਹੜੇ ਦਿੱਲੀ ਦੀ ਕੱਛ ਵਿਚ ਹਨ। ਸਾਰਾ ਇਨਵਸਮੈਂਟ ਓਥੇ ਜਾਵੇਗਾ। ਇਸ ਨਾਲ ਮੇਨ ਵਰਤਾਰੇ ਹਾਸ਼ੀਏ ਤੇ ਜਾਂਦੇ ਹਨ ਤੇ ਜਿਹੜੀਆਂ ਹਾਸ਼ੀਏ ਤੇ ਧਕੇਲੀਆਂ ਸੰਸਥਾਵਾਂ ਜਾਂ ਮੁੱਦੇ ਹੁੰਦੇ ਹਨ ਉਨ੍ਹਾਂ ਨੂੰ ਖਤਮ ਕਰ ਦਿੱਤਾ ਜਾਂਦਾ ਹੈ। ਸੋ ਇਹ ਵੱਡੀਆਂ ਏਜੰਸੀਆਂ ਨਿਰਧਾਰਤ ਕਰਨਗੀਆਂ ਕਿ ਏਥੇ ਕੀ ਹੋਣਾ ਚਾਹੀਦਾ ਹੈ। ਗਰੀਬ ਨਹੀਂ ਨਿਰਧਾਰਤ ਕਰੇਗਾ ਕਿ ਉਸ ਨੇ ਕੀ ਕਰਨਾ ਹੈ। ਸੋ ਜਿਹੜੀਆਂ ਪੌਲਸੀਆਂ ਦਾ ਫਰੇਮ ਵਰਕ ਹੈ। ਉਹ ਸਾਡੇ ਹੱਥੋਂ

ਨਿਕਲ ਕੇ ਇੰਟਰਨੈਸ਼ਨਲ ਏਜੰਸੀਆਂ ਦੇ ਹੱਥ ਵਿਚ ਚਲੇ ਗਿਆ ਹੈ। ਦੂਜਾ ਫੈਕਟਰ ਹੈ ਮੋਰ ਇਜ ਬੈਟਰ। ਤੁਹਾਡੇ ਕੋਲ ਜੇਕਰ ਇਕ ਕਮੀਜ਼ ਹੈ ਤਾਂ ਜੇਕਰ ਦੂਜੀ ਲੈਂਦੇ ਹੋ ਤਾਂ ਤੁਹਾਡਾ ਖਰਚਾ ਵੱਧ ਜਾਵੇਗਾ। ਇਕ ਕਾਰ ਹੈ ਤਾਂ ਦੂਜੀ ਲਵੋਗੇ ਤਾਂ ਤੁਹਾਡਾ ਖਰਚਾ ਵੱਧ ਜਾਵੇਗਾ। ਇਸ ਨਾਲ ਖਪਤ ਵੱਧਦੀ ਚਲੀ ਜਾਂਦੀ ਹੈ। ਮਤਲਬ ਇਹ ਕੀ ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਗਿਲਟੀ ਫੀਲ ਨਹੀਂ ਕਰਨੀ ਚਾਹੀਦੀ। ਜੋ ਮਨ ਕਰਦਾ ਕਰੋ, ਉਸ ਵਿਚ ਗਿਲਟੀ ਫੀਲ ਕਰਨ ਦੀ ਲੋੜ ਨਹੀਂ ਹੈ। ਜੋ ਸਿਧਾਂਤ ਆਉਂਦਾ ਹੈ ਉਹ ਰੈਸ਼ਨਲ ਮੈਨ। ਜੋ ਇਹ ਆਸ ਕਰਦਾ ਹੈ ਕਿ ਮੈਂ ਲਾਭ ਵੱਧ ਤੋਂ ਵੱਧ ਕਿਵੇਂ ਕਮਾ ਸਕਦਾ ਹਾਂ। ਕੀ ਹੈ ਕਿ ਜਿੰਨੀਆਂ ਵੀ ਸਾਫ਼ ਸੁਥਰੀਆਂ ਟੈਕਨੌਲਜੀਇਜ਼ ਹਨ। ਉਹ ਉਨਤ ਦੇਸ਼ਾਂ ਵਿਚ ਅਤੇ ਜਿੰਨੀਆਂ ਵੀ ਡਰਟੀ ਤੇ ਗੰਦੀਆਂ ਟੈਕਨੌਲਜੀਇਜ਼ ਹਨ ਉਹ ਗਰੀਬ ਭਾਵ ਏਸ਼ੀਆਂ ਦੇਸ਼ਾਂ ਦੇ ਲਈ ਹਨ। ਜਹਾਜ ਰੀਸਾਈਕਿਲਿੰਗ ਹੈ, ਪਲਾਸਟਿਕ ਰੀਸਾਈਕਿਲਿੰਗ ਹੈ ਹਸਪਤਾਲ ਰੀਸਾਈਕਿਲਿੰਗ ਹੈ ਇਹ ਸਭ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਹੋ ਰਿਹਾ ਹੈ। ਜੋ ਹੈਵੀ ਪਿਲਿਊਟਇੰਗ ਕਾਰਖਾਨੇ ਹਨ, ਹੈਵੀ ਕੈਮੀਕਲ ਹਨ। ਇਹ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਚਲ ਰਹੇ ਹਨ। ਸਾਡਾ ਵਾਤਾਵਰਨ ਤਾਂ ਬਹੁਤ ਜਿਆਦਾ ਪ੍ਰਦੂਸ਼ਤ ਹੋਈ ਜਾ ਰਿਹਾ ਹੈ। ਅਤੇ ਉਨ੍ਹਾਂ ਦਾ ਵਾਤਾਵਰਨ ਕਲੀਨ ਹੈ। ਲੰਡਨ ਵਿਚ 1950 ਵਿਚ ਲੋਕ ਮਿਸ਼ਾਲਾ ਲੈ ਕੇ ਨਿਕਲਦੇ ਸਨ ਜਦੋਂ ਧੂੰਆਂ ਹੁੰਦਾ ਸੀ ਉਸੇ ਤਰ੍ਹਾਂ ਜਿਹੜੀਆਂ ਨਦੀਆਂ ਸਨ ਉਹ ਗੰਦੇ ਨਾਲੇ ਦੇ ਪਾਣੀ ਦੀ ਤਰ੍ਹਾਂ ਬਦਬੂ ਮਾਰਦੀਆਂ ਸਨ ਕੀ ਹੋਇਆ ਕਿ ਹੁਣ ਸਾਰੀਆਂ ਦੀਆਂ ਸਾਰੀਆਂ ਪਲਿਊਟਿੰਗ ਇੰਡਸਟਰੀ ਏਥੇ ਆ ਗਈਆਂ ਹਨ। ਵਿਸ਼ਵ ਬੈਂਕ ਦੇ ਇਕ ਡਾਇਰੈਕਟਰ ਨੇ ਇਕ ਲੇਖ ਲਿਖਿਆ, ਉਨ੍ਹਾਂ ਕਿਹਾ ਕਿ ਜੇਕਰ ਕੈਂਸਰ ਫੈਲੇ ਤਾਂ ਲੋਕ ਮਰਨ ਤਾਂ ਕਿੱਥੇ ਮਰਨ ਤਾਂ ਉਨ੍ਹਾਂ ਕਿਹਾ ਕਿ ਤੀਜੀ ਦੁਨੀਆਂ ਦੇ ਲੋਕਾਂ ਵਿਚ ਇਹ ਕੈਂਸਰ ਆਵੇ। ਇਥੇ ਲੋਕ ਮਰਨ ਨਾ ਕਿ ਆਂਡਵਾਸ ਕੰਟਰੀ ਵਿਚ। ਉਨ੍ਹਾਂ ਪਰੌਸ਼ਟੇਟ ਕੈਂਸਰ ਦੀ ਜਾਣਕਾਰੀ ਦਿੱਤੀ। ਉਨ੍ਹਾਂ ਅੱਗੇ ਕਿਹਾ ਕਿ ਇਹ ਕੈਂਸਰ ਕਿੱਥੇ ਆਵੇ। ਜੇਕਰ ਆਂਡਵਾਸ ਕੰਟਰੀ ਵਿਚ ਇਹ ਕੈਂਸਰ ਆਉਂਦਾ ਹੈ ਤਾਂ ਅਵਿਕਸਿਤ ਦੇਸ਼ਾਂ ਵਿਚ ਮਨੁੱਖ ਦੀ ਜ਼ਿੰਦਗੀ ਤਾਂ ਪੰਜ ਸਾਲ ਘੱਟੇਗੀ। ਵਿਕਸਿਤ ਦੇਸ਼ ਵਿਚ 15 ਸਾਲ ਦੀ ਜ਼ਿੰਦਗੀ ਘੱਟ ਜਾਵੇਗੀ। ਉਥੇ ਉਮਰ ਹੱਦ 70 ਸਾਲ ਹੈ। ਉਹ ਤਿੰਨ ਗੁਣਾ ਵੱਧ ਹੈ। ਕਿਉਂਕਿ ਉਹ ਚਾਲੀ ਗੁਣਾ ਕਮਾਉਂਦੇ ਹਨ ਤਾਂ ਤਿੰਨ ਗੁਣਾ ਚਾਲੀ, ਇਕ ਸੋ ਵੀਹ ਗੁਣਾ ਬਣ ਜਾਂਦੀ ਹੈ। ਇਸ ਲਈ ਆਂਡਵਾਸ ਕੰਟਰੀ ਦੇ ਲੋਕਾਂ ਨੂੰ ਜੇਕਰ ਬਚਾ ਲਿਆ ਜਾਵੇ ਤਾਂ ਵੱਧ ਲਾਭਕਾਰੀ ਹੈ। ਮਾਰਕੀਟ ਵਿਚ ਮਨੁੱਖ ਇਕ ਨੰਬਰ ਹੈ। ਮਾਰਕੀਟ ਵਿਚ ਕੇਵਲ ਅਰਥ ਸ਼ਾਸਤਰ ਮੈਟਰ ਕਰਦਾ ਹੈ ਬਾਕੀ ਕੁੱਝ ਨਹੀਂ। ਇਹ ਜੋ ਲੌਜਕ ਹੈ ਮਾਰਕੀਟ ਦਾ। ਇਹ ਨਿੱਜੀ ਕੇਂਦਰ ਹੈ। ਇਸ ਦੇ ਚੱਲਦੇ ਹੋਏ ਸਮਾਜਿਕ ਐਕਸਨ ਬਹੁਤ ਮੁਸ਼ਕਲ ਹੋ ਗਿਆ ਹੈ। ਤੁਸੀਂ ਜਿੰਨਾ ਵਧੇਰੇ ਕਮਾਉਗੇ ਉਨ੍ਹਾਂ ਹੀ ਚੰਗਾ ਹੈ। ਜਿਸ ਨਾਲ ਮਨੁੱਖ ਸਵੈ ਕੇਂਦਰਿਤ ਹੁੰਦਾ ਜਾ ਰਿਹਾ ਹੈ। ਉਹ ਵੱਧ ਤੋਂ ਵੱਧ ਲਾਭ ਲੈਣ ਵਾਲੇ ਮਨੁੱਖ ਵਾਂਗ ਵਰਤਾਓ ਕਰ ਰਿਹਾ ਹੈ। ਇਕ ਹੋਰ ਜਿਹੜੀ ਵੱਡੀ ਗੱਲ ਵਾਪਰੀ ਹੈ ਉਹ ਹੈ ਟੈਕਨੌਲਜੀ। ਟੈਕਨੌਲਜੀ ਬਹੁਤ ਜਿਆਦਾ ਅਹਿਮ ਹੋ ਗਈ ਹੈ। ਕਿਵੇਂ ਬਈ ਹੁਣ ਇਸ ਤਰ੍ਹਾਂ ਦੀਆਂ ਕਾਰਾਂ ਆ ਰਹੀਆਂ ਹਨ ਜਿਨ੍ਹਾਂ ਵਿਚ ਡਰਾਇਵਰ ਦੀ ਲੋੜ ਨਹੀਂ ਪਵੇਗੀ। ਇਥੇ ਕੀ ਹੋਵੇਗਾ ਕਿ ਲੱਖਾਂ ਡਰਾਇਵਰ ਵਿਹਲੇ ਹੋ ਜਾਣਗੇ। ਇਹੀ ਸਾਡੀ ਅਰਥ ਵਿਵਸਥਾ ਵਿਚ ਹੋਇਆ ਕਿ 80 ਪ੍ਰਤੀਸ਼ਤ ਸਾਡੀ ਇੰਨਵੈਨਸਮੈਂਟ ਕਾਰਪੋਰੇਟ ਘਰਾਣਿਆ ਦੇ ਢਿੱਡ ਵਿਚ ਜਾ ਰਹੀ ਹੈ। ਕੇਵਲ ਨੌਂ ਮੀਲੀਅਨ ਲੋਕ ਪ੍ਰਾਈਵੇਟ ਸੈਕਟਰ ਵਿਚ ਹਨ ਜਦ ਕਿ ਟੋਟਲ ਵਰਕ ਲੋਡ 450 ਬੀਲੀਅਨ ਹੈ। ਸਾਡੇ ਕਾਰਪੋਰੇਟ ਸੈਕਟਰ ਵਿਚ ਕੇਵਲ 9 ਮਿਲੀਅਨ ਕਾਮੇ ਹਨ ਪਰ ਕਾਰਪੋਰੇਟ ਸੈਕਟਰ ਵਿਚ 80 ਪ੍ਰਤੀਸ਼ਤ ਪੈਸਾ ਜਾ ਰਿਹਾ ਹੈ। ਜੌਬ ਕੋਈ ਨਹੀਂ ਪੈਦਾ ਹੋ ਰਹੀ। ਜੋ ਸਾਡਾ ਆਸੰਗਠਤ ਖੇਤਰ ਹੈ ਜੋ 93 ਪ੍ਰਤੀਸਤ ਕਾਮੇ ਹਨ ਉਨ੍ਹਾਂ ਲਈ ਪੈਸਾ 20 ਪ੍ਰਤੀਸ਼ਤ ਜਾ ਰਿਹਾ ਹੈ। ਅੱਗੇ ਜੋ ਖੇਤੀਬਾੜੀ



ਹੈ ਉਸ ਵਿਚ ਤਾਂ ਕੇਵਲ 4 ਪ੍ਰਤੀਸ਼ਤ ਜਾ ਰਿਹਾ ਹੈ। ਹਾਲਾ ਕਿ ਉੱਥੇ 50 ਪ੍ਰਤੀਸਤ ਲੋਕਾਂ ਲਈ 4 ਪ੍ਰਤੀਸ਼ਤ ਇਨਵੈਸਟਮੈਂਟ ਜਾ ਰਿਹਾ ਹੈ ਤੇ ਸੱਤ ਪ੍ਰਤੀਸ਼ਤ ਲੋਕਾਂ ਲਈ 80 ਪ੍ਰਤੀਸ਼ਤ ਇਨਵੈਸਟਮੈਂਟ ਜਾ ਰਿਹਾ ਹੈ। ਨਾ ਉੱਥੇ ਨੌਕਰੀਆਂ ਪੈਦਾ ਹੋ ਰਹੀਆਂ ਹਨ ਨਾ ਇਥੇ ਨੌਕਰੀਆਂ ਪੈਦਾ ਹੋ ਰਹੀਆਂ ਹਨ। ਇਹ ਰੋਜਗਾਰ ਦਾ ਸੰਕਟ ਹੈ। ਸਾਡੇ ਯੂਥ ਦੇ ਲਈ ਇਕ ਪਾਸੇ ਨਿੱਜੀ ਸਿੱਖਿਆ ਅਦਾਰੇ ਵੱਧ ਰਹੇ ਹਨ ਦੂਜੇ ਪਾਸੇ ਰੋਜਗਾਰ ਪੈਦਾ ਨਹੀਂ ਹੋ ਰਹੇ। 2015 ਵਿਚ ਯੂ ਪੀ 'ਚ 360 ਪੋਸਟਾਂ ਪੀ ਓ ਲਈ ਨਿਕਲੀਆਂ ਸਨ। ਉਸ ਲਈ 295 ਪੀਐਚ. ਡੀ. ਨੇ ਅਪਲਾਈ ਕੀਤਾ। 2 ਲੱਖ ਇੰਜੀਨੀਅਰ ਨੇ ਅਪਲਾਈ ਕੀਤਾ। ਦੋ ਲੱਖ ਐਮ ਟੈਕ., ਬੀ ਟੈਕ ਨੇ ਅਪਲਾਈ ਕੀਤਾ। ਕਿੰਨਾ ਜਬਰਦਸਤ ਨੌਕਰੀਆਂ ਲੈਣ ਦਾ ਸੰਕਟ ਹੈ। ਅੱਗੇ ਦਿਸਦਾ ਹੀ ਨਹੀਂ ਕਿ ਕੀ ਹੋਣ ਵਾਲਾ ਹੈ। ਅਸੀਂ ਵੇਖਦੇ ਹਾਂ ਕਿ ਭਾਰਤ ਵਿਚ ਇੰਟਰਨੈਟ ਬਹੁਤ ਘੱਟ ਸੀ। ਫੋਨ ਬਹੁਤ ਘੱਟ ਸੀ। ਟੈਲੀਗ੍ਰਾਮ ਚੱਲਦੀਆਂ ਸਨ। ਮਨੁੱਖ ਦਾ ਜੋ ਵਿਹਾਰ ਹੈ ਉਹ ਸੁੰਗੜਦਾ ਜਾ ਰਿਹਾ ਹੈ। ਟੈਕਨੌਲਜ਼ੀ ਦੀ ਵਜ਼੍ਹਾ ਕਾਰਨ। ਟੈਕਨੌਲਜ਼ੀ ਬਹੁਤ ਵੱਡਾ ਫੈਕਟਰ ਹੈ। ਇਕ ਸਮਾਂ ਸੀ ਜਦੋਂ ਦਿੱਲੀ ਯੂਨੀਵਰਸਿਟੀ ਵਿਚ ਇਕ ਕਾਲ ਨਾਲ ਹਜ਼ਾਰਾ ਪ੍ਰੋਫੈਸਰ ਸੜਕਾਂ ਉੱਤੇ ਨਿਕਲ ਆਉਂਦੇ ਸਨ। ਹੁਣ ਅਜਿਹਾ ਨਹੀਂ ਹੈ। ਜਦੋਂ ਦਾ ਪੂੰਜੀਵਾਦ ਦਾ ਦੌਰ ਆਇਆ ਹੈ। ਪ੍ਰੋਫੈਸਰਾਂ ਦੀਆਂ ਤਨਖਾਹਾਂ ਲੱਖਾਂ ਵਿਚ ਹੋ ਗਈਆਂ ਹਨ। ਤਾਂ ਉਨ੍ਹਾਂ ਨੇ ਕਾਰਾਂ ਖਰੀਦ ਲਈਆਂ। ਹੁਣ ਜੇਕਰ ਕਾਲ ਆਵੇ ਤਾਂ ਮਸਾਂ ਦੋ ਚਾਰ ਸੌ ਪ੍ਰੋ. ਸੜਕਾਂ 'ਤੇ ਨਿਕਲਦੇ ਹਨ। ਜੋ ਬੁੱਧੀਜੀਵੀ ਕਲਾਸ ਹੈ ਉਹ ਵੀ ਸਿਸਟਮ ਵਿਚ ਕਲੈਪਸ ਹੁੰਦਾ ਜਾ ਰਿਹਾ ਹੈ। ਜੇ ਐਨ ਯੂ ਵਿਚ ਵੀ ਇਹੀ ਹਾਲ ਹੈ। ਇਸ ਪਿੱਛੇ ਸਾਡੇ ਅਧਿਆਪਕਾਂ ਦੀ ਨਲਾਇਕੀ ਵੀ ਹੈ। ਦੂਜਾ ਹੈ ਕਾਲੇ ਧੰਨ ਦੀ ਅਰਥ ਵਿਵਸਥਾ। ਕਾਲੇ ਧੰਨ ਦੀ ਵਿਵਸਥਾ ਸਾਡੇ ਦੇਸ਼ ਵਿਚ 100 ਲੱਖ ਕਰੋੜ ਦੀ ਹੋ ਗਈ ਹੈ। ਕਰੀਬ 160 ਲੱਖ ਕਰੋੜ ਦੀ ਅਰਥ ਵਿਵਸਥਾ ਹੈ। ਉਸ ਦੇ ਉਪਰ 100 ਲੱਖ ਕਰੋੜ ਹੋਰ ਹੈ। ਇਸ ਦਾ ਅਸਰ ਕੀ ਹੁੰਦਾ ਹੈ। ਇਸ ਦਾ ਅਸਰ ਹੁੰਦਾ ਹੈ। ਐਂਟੀ ਸੋਸਲ ਐਕਟੀਵਿਟੀ ਲਈ। ਭਾਵ ਕਿ ਤੁਸੀਂ ਇਕ ਬੰਦੇ ਨੂੰ ਖੱਡਾ ਪੁੱਟਣ ਲਈ ਲਾ ਦਿੱਤਾ ਅਤੇ ਰਾਤ ਨੂੰ ਦੂਜੇ ਬੰਦੇ ਨੂੰ ਉਸ ਨੂੰ ਪੂਰਨ ਲਈ ਲਗਾ ਦਿੱਤਾ। ਅਗਲੇ ਦਿਨ ਜੀਰੋ ਆਉਟਪੁੱਟ ਪਰ ਦੋ ਤਰ੍ਹਾਂ ਦਾ ਲਾਭ ਜਾਂ ਇਨਕਮ। ਇਸ ਦਾ ਮਤਲਬ ਕੀ ਹੋਇਆ ਐਕਟਿਵਿਟੀ ਵਿਦਾਉਟ ਪ੍ਰੋਡੈਕਟਿਵਿਟੀ। ਕਿ ਤੁਸੀਂ ਇਕ ਸੜਕ ਬਣਾਈ ਉਸ ਵਿਚ ਲੁੱਕ ਘੱਟ ਪਾ ਦਿੱਤੀ। ਜਿਸ ਦਾ ਨਤੀਜਾ ਕੀ ਹੋਇਆ ਕਿ ਸੜਕ ਮਹੀਨੇ ਬਾਅਦ ਟੁੱਟ ਗਈ। ਤਾਂ ਤੁਸੀਂ ਉਸ ਸੜਕ ਦੀ ਰੀਪੇਅਰ ਕਰਦੇ ਰਹਿੰਦੇ ਹੋ ਨਾ ਕਿ ਨਵੀਆਂ ਸੜਕਾਂ ਬਣਾਉਂਦੇ ਰਹਿੰਦੇ ਹੋ। ਏਥੋਂ ਤੱਕ ਪੁਲਿਸ ਦਾ ਜੋ ਕੰਮ ਹੁੰਦਾ ਹੈ, ਉਹ ਨਹੀਂ ਕਰ ਰਹੀ ਉਹ ਹਫ਼ਤਾ ਵਸੂਲ ਕਰ ਰਹੀ ਹੈ। ਇਸ ਤਰ੍ਹਾਂ ਨਿਆਂ ਪ੍ਰਬੰਧ ਹੈ। ਰਾਜਨੀਤੀ ਹੈ। ਜਿਸ ਕਾਰਨ ਸਾਡੀ ਅਰਥ ਵਿਵਸਥਾ 5 ਪ੍ਰਤੀਸ਼ਤ ਰੇਟ ਆਫ ਗਰੋਥ ਘਾਟੇ ਦੇ ਰੇਟ ਨਾਲ ਚੱਲ ਰਹੀ ਹੈ। 70 ਵਿਆਂ ਦੇ ਅੱਧ ਵਿਚ। ਜੇ ਸਭ ਕੁੱਝ ਠੀਕ ਹੁੰਦਾ ਤਾਂ ਸਾਡੀ ਅਰਥ ਵਿਵਸਥਾ ਦੋ ਟ੍ਰਲੀਅਨ ਡਾਲਰ ਦੀ ਥਾਂ 17 ਟ੍ਰਲੀਅਨ ਡਾਲਰ ਹੁੰਦੀ। ਜੋ ਅਮਰੀਕਾ ਦੇ ਬਰਾਬਰ ਦੀ ਹੁੰਦੀ ਹੈ। ਜੋ ਕਾਲੇ ਧੰਨ ਦੀ ਅਰਥ ਵਿਵਸਥਾ ਹੈ। ਉਸ ਦੇ ਸਮਾਜਿਕ, ਆਰਥਿਕ ਪ੍ਰਭਾਵਾ ਨੂੰ ਸਮਝਣਾ ਪਵੇਗਾ। ਤਾਂ ਸਮਝ ਵਿਚ ਆਵੇਗਾ ਕਿ ਅੱਜ ਦੇ ਦੌਰ ਵਿਚ ਲੋਕਤੰਤਰ ਤਾਕਤਾਂ ਕਿਓਂ ਕਮਜ਼ੋਰ ਹੋ ਰਹੀਆਂ ਹਨ। ਜੋ ਇੰਟਰਨੈਸ਼ਨਲ ਤਾਕਤਾਂ ਹਨ। ਜਿਨ੍ਹਾਂ ਦੇ ਕਬਜ਼ੇ ਵਿਚ ਸਾਡੀਆਂ ਆਰਥਿਕ ਨੀਤੀਆਂ ਚਲੇ ਗਈਆਂ ਹਨ। ਉਨ੍ਹਾਂ ਤੋਂ ਕਿਵੇਂ ਛੁਟਕਾਰਾ ਪ੍ਰਾਪਤ ਕਰਨਾ ਹੈ। ਇਹ ਬਹੁਤ ਅਹਿਮ ਮੁੱਦਾ ਹੈ। ਜੇਕਰ ਉਥੋਂ ਸਾਨੂੰ ਛੁਟਕਾਰਾ ਮਿਲੇਗਾ ਤਾਂ ਸਾਡੀ ਅਰਥ ਵਿਵਸਥਾ ਮਜਬੂਤ ਹੋਵੇਗੀ। ਨਹੀਂ ਤਾਂ ਸਾਡੀ ਅਰਥ ਵਿਵਸਥਾ ਇਸੇ ਰੁਟੀਨ ਵਿਚ ਚਲਦੀ ਰਹੇਗੀ। ਇਸਦੇ ਨਾਲ ਜੋ ਸਮਾਜਿਕ, ਆਰਥਿਕ ਤਾਕਤਾਂ ਨਾਲ ਨਾਲ ਚੱਲਦੀਆਂ ਰਹਿਣਗੀਆਂ। ਤੇ ਸਾਡੀਆਂ ਲੋਕਤੰਤਰ ਤਾਕਤਾਂ ਨੂੰ ਕਮਜ਼ੋਰ ਕਰਦੀਆਂ ਰਹਿਣਗੀਆਂ। ਜੋ

ਆਮ ਆਦਮੀ ਹੈ, ਗਰੀਬ ਆਦਮੀ ਹੈ। ਉਸ ਨੂੰ ਸਮਝ ਨਹੀਂ ਆ ਰਿਹਾ ਕਿ ਇਹ ਸਭ ਕੁੱਝ ਕੀ ਹੋ ਰਿਹਾ ਹੈ। ਮੇਰੀ ਧਾਰਨਾ ਹੈ ਕਿ ਕੇਵਲ ਭਾਰਤ ਦੇਸ਼ ਅਜਿਹਾ ਹੈ। ਜਿੱਥੇ ਅਸੀਂ ਕਿਸੇ ਤਰ੍ਹਾਂ ਦੇ ਬਦਲ ਦੀ ਗੱਲ ਕਰ ਸਕਦੇ ਹਾਂ। ਅੱਜ ਚੀਨ ਵੀ ਦੂਜੀ ਦਿਸ਼ਾ ਵਿਚ ਚਲੇ ਗਿਆ ਹੈ। ਰੂਸ ਵੀ ਦੂਜੀ ਦਿਸ਼ਾ ਵਿਚ ਚਲੇ ਗਿਆ ਹੈ। ਉਹ ਇਹ ਬਦਲ ਦੀ ਗੱਲ ਨਹੀਂ ਕਰਨਗੇ। ਸੋ ਬਹੁਤ ਘੱਟ ਦੇਸ਼ ਅਜਿਹੇ ਹਨ ਜਿੱਥੇ ਕਿਸੇ ਬਦਲ ਦੀ ਗੱਲ ਹੋ ਸਕਦੀ ਹੈ। ਜੋ ਇਥੇ ਮੂਵਮੈਂਟ ਹੈ ਜੋ ਸੰਸਾਰ ਪੱਧਰ ਦੀ ਮੂਵਮੈਂਟ ਹੈ ਸੰਸਾਰ ਪੱਧਰ ਤੇ ਇਕ ਸਮਨਵੈਂ ਹੈ। ਸਾਡੀਆਂ ਪਾਲਸੀਆਂ ਵਿਚ ਇੰਟਰਨੈਸ਼ਨਲ ਦੇਸ਼ਾਂ ਦਾ ਪ੍ਰਭਾਵ ਵੱਧਦਾ ਚਲਾ ਗਿਆ। ਜਦ ਤੱਕ ਕਾਲੇ ਧੰਨ ਤੇ ਅਸੀਂ ਕੰਟਰੋਲ ਨਹੀਂ ਕਰਦੇ ਸਾਡੀ ਕਿਤੇ ਵੀ ਢੋਈ ਨਹੀਂ ਹੋਣੀ ਵੱਡੀਆਂ ਤਾਕਤਾਂ ਇਹ ਕਹਿੰਦੀਆਂ ਹਨ ਕਿ ਹੁਣ ਸਮਾਂ ਆ ਗਿਆ ਹੈ ਅਸੀਂ ਤੁਹਾਡੀ ਖੇਤੀ ਬਾੜੀ ਨੂੰ ਕੈਪਚਰ ਕਰ ਲਈਏ। ਪਹਿਲਾਂ ਏਡ ਦੀ ਗੱਲ ਹੁੰਦੀ ਸੀ। ਹੁਣ ਨਹੀਂ। ਵਰਲਡ ਬੈਂਕ ਦੀ ਲਾਈਨ ਵੀ ਬਦਲਦੀ ਰਹੀ ਹੈ।

**ਪ੍ਰੋ. ਮਨੇਂਦਰਨਾਥ ਠਾਕੁਰ:** ਹੁਣ ਵਿਚਾਰਕੀ ਖਤਮ ਹੋ ਗਈ ਹੈ। ਖੱਬੇ ਪੱਖੀਆਂ ਵਿਚ ਤਾਂ ਪਹਿਲਾਂ ਹੀ ਹੋ ਗਈ ਹੈ। ਪਿੰਡ ਦੇ ਪਿਛੋਕੜ ਦਾ ਹਾਂ। ਮੈਨੂੰ ਹੈਰਾਨੀ ਏ ਕਿ ਵਿਚਾਰਕ ਸੰਕਟ ਕਿਵੇਂ ਪੈਦਾ ਹੋ ਗਿਆ ਹੈ। ਇਹ ਦਰਸ਼ਨ ਦਾ ਵੀ ਬਹੁਤ ਵੱਡਾ ਸੰਕਟ ਹੈ। ਦੁਨੀਆਂ ਦੇ ਸਾਰੇ ਦਾਰਸ਼ਨਿਕ ਇਹ ਕਹਿ ਰਹੇ ਕਿ ਦਰਸ਼ਨ ਕਿਵੇਂ ਰਹੇਗਾ ਕਿਉਂਕਿ ਪੂਰੀ ਦੁਨੀਆਂ ਨੂੰ ਖਤਰਾ ਹੈ। ਇਹ ਸੰਕਟ ਐਨਾ ਗਹਿਰਾ ਹੈ ਕਿ ਉਨ੍ਹਾਂ ਕੋਲ ਵੀ ਕੋਈ ਬਦਲ ਨਹੀਂ। ਜੋ ਸੰਵਾਦ ਕਰ ਰਹੇ ਹਨ। ਉਸ ਵਿਚੋਂ ਵੀ ਕੋਈ ਸਿੱਟਾ ਨਹੀਂ ਨਿਕਲ ਰਿਹਾ। ਕਿ ਤੁਸੀਂ ਕਿਸੇ ਦੀ ਵੋਟਾ ਪਾ ਕੇ ਚੋਣ ਕੀਤਾ ਹੈ ਦੂਜੇ ਦਿਨ ਓਨੇ ਹੀ ਲੋਕ ਸੜਕ ਉੱਤੇ ਹਨ ਕਿ ਇਹ ਗਲਤ ਹੋ ਗਿਆ ਹੈ। ਆਰਟੀਫਿਸ਼ੀਅਲ ਟੈਕਨੌਲਜੀ ਐਨੀ ਵਧ ਗਈ ਹੈ ਕਿ ਲੋਕ ਸਾਰੇ ਦੇ ਸਾਰੇ ਵਿਹਲੇ ਹੋ ਗਏ ਹਨ। ਗਾਂਧੀ, ਟੈਗੋਰ ਤੇ ਭਗਤ ਸਿੰਘ ਵਿਚ ਰਾਸ਼ਟਰਵਾਦ ਤੇ ਬਹਿਸ ਚੱਲਦੀ ਸੀ ਕਿ ਦੋ ਤਰਾਂ ਨਾਲ ਰਾਸ਼ਟਰਵਾਦ ਰਹੇਗਾ ਹੀ। ਰਾਜਨੀਤਿਕ ਪਾਰਟੀਆਂ ਵੀ ਕਾਰਪੋਰੇਟ ਘਰਾਣੇ ਹੋ ਗਏ ਹਨ। ਪਾਰਟੀਆਂ ਦਾ ਗਰਾਸ ਰੂਟ ਖਤਰ ਹੋ ਗਿਆ ਹੈ, ਇਹ ਜੋ ਕਾਰਪੋਰੇਟ ਪਾਰਟੀ ਸਿਸਟਮ ਅੰਦਰ ਜਨਵਾਦੀ ਪਾਰਟੀ ਸਿਸਟਮ ਬਹੁਤ ਮੁਸ਼ਕਲ ਹੈ। ਇਸੇ ਸਮੇਂ ਸਾਹਿਤਕਾਰਾਂ ਦਾ ਰੋਲ ਬਹੁਤ ਵੱਡਾ ਹੈ। ਗਾਂਧੀ ਨੇ ਇਕ ਵਾਰ ਕਿਹਾ ਕਿ ਤੁਸੀਂ ਜਿਹੜੀ ਮਰਜ਼ੀ ਭਾਸ਼ਾ ਵਿਚ ਲਿਖੋਂ ਪਰ ਲਿਖੋ ਉਹ ਜੋ ਤੁਹਾਡੇ ਮਨ 'ਚ ਹੈ, ਬਾਅਦ ਵਿਚ ਅਨੁਵਾਦ ਹੋ ਜਾਵੇਗਾ। ਪਰ ਰਾਸ਼ਟਰਵਾਦ ਬਾਰੇ ਲਿਖੋਂ। ਨਹਿਰੂ ਨੇ ਵਜ਼ੀਫਾ ਦੇਣਾ ਸ਼ੁਰੂ ਕੀਤਾ, ਨਿਰਾਲਾ ਜੀ ਲਈ ਪਰ ਨਿਰਾਲਾ ਜੀ ਉਸ ਨੂੰ ਦੋ ਮਹੀਨੇ ਵਿਚ ਖਤਮ ਕਰ ਦਿੰਦੇ ਸਨ। ਜੋ ਰਸ਼ੈਸਨ ਦੀ ਸਮੱਸਿਆ ਹੈ ਇਹ ਕਿਵੇਂ ਖਤਮ ਹੋਵੇਗਾ ਇਹ ਮੁੱਖ ਸਮੱਸਿਆ ਹੈ। ਜੋ ਹਾਸ਼ੀਏ ਤੇ ਧਕੇਲਣ ਦੀ ਗੱਲ ਸਮਾਜ ਵਿਚ ਚੱਲ ਰਹੀ ਹੈ, ਇਸ ਨੂੰ ਸਮਝਣ ਦੀ ਲੋੜ ਹੈ। ਜੋ ਸੰਗਠਨ ਖੇਤਰ ਹਨ ਉਨ੍ਹਾਂ ਦੇ ਹਾਸ਼ੀਏ ਤੇ ਚਲੇ ਜਾਣ ਨੂੰ ਸਮਝਣਾ ਪਵੇਗਾ। ਜੋ ਬੁੱਧ ਧਰਮ ਹੈ ਦੂਜੇ ਦੇਸ਼ ਵਿਚ ਚਲੇ ਗਿਆ ਉਹ ਵੀ ਵਿਸ਼ਵੀਕਰਨ ਹੈ। ਉਸ ਨੂੰ ਸਮਝਣਾ ਪਵੇਗਾ। ਇਹ ਇਕ ਤਰਫਾ ਵਿਸ਼ਵੀਕਰਨ ਨੂੰ ਸਮਣਾ ਪਵੇਗਾ। ਪੱਛਮ ਨੂੰ ਕਾਪੀ ਕਰ ਲਵਾਂਗੇ ਤਾਂ ਆਧੁਨਿਕ ਹੋ ਜਾਵਾਗੇ। ਪਿਛਲੇ ਸਦੀ ਵਿਚ ਦੋ ਪੈਰਾਡਾਇਮ ਚੱਲੇ। ਦੂਜਾ ਸੀ ਜਿਹੜਾ ਕੰਮ ਕਰੇਗਾ ਉਹ ਨਿੱਜੀ ਖੇਤਰ ਕਰੇਗਾ।

**ਸੁਬੋਧ ਮਲੇਕਰ:** ਮੈਂ ਰਾਸ਼ਟਰਵਾਦ ਦਾ ਸ਼ਿਕਾਰ ਹਾਂ। ਮੇਰੀ ਯੂਨੀਵਰਸਿਟੀ ਰਾਸ਼ਟਰਵਾਦ ਦਾ ਸ਼ਿਕਾਰ ਹੈ। ਪੂਰਾ ਦੇਸ਼ ਰਾਸ਼ਟਰਵਾਦ ਦਾ ਸ਼ਿਕਾਰ ਹੈ। ਜਿਸ ਰਾਸ਼ਟਰਵਾਦ ਤੇ ਦੇਸ਼ ਭਗਤਾਂ ਨੇ ਜਾਨ ਵਾਰ ਦਿੱਤੀ ਇਹ ਉਹ ਰਾਸ਼ਟਰਵਾਦ ਨਹੀਂ ਹੈ। ਭੂਮੰਡਲੀਕਰਨ ਦਾ ਇਹ ਸੰਦੇਸ਼ ਸੀ ਕਿ ਪੂੰਜੀਵਾਦੀ ਦੇਸ਼ਾਂ ਨੇ ਰਾਸ਼ਟਰਵਾਦ ਦਾ ਮੂੰਹ ਖੋਹਿਆ ਪੂਰੇ ਦੁਨੀਆਂ ਵਿਚੋਂ ਕੰਪਿਊਟਰ ਮਾਹਰਾਂ ਲਈ ਆਪਣੇ ਦੇਸ਼ ਅੰਦਰ ਰਾਹ ਖੋਲ੍ਹਿਆ। ਇਥੋਂ ਬੇਰੁਜਗਾਰੀ ਪ੍ਰਵੇਸ਼ ਕੀਤੀ। ਭਾਰਤ ਦੇ ਪੂਰੇ ਲੋਕ ਅਮਰੀਕਾ ਗਏ। ਉਥੋਂ ਦੇ ਲੋਕਾਂ ਹੱਥੋਂ ਨੌਕਰੀ ਚਲੇ ਗਈ।



ਉਥੋਂ ਦੇ ਲੋਕਾਂ ਨੂੰ ਬੇਰੁਜਗਾਰ ਕਰ ਦਿੱਤਾ ਹੈ। ਹੁਣ ਉਹ ਕਹਿ ਰਹੇ ਨੇ ਅਸੀਂ ਆਪਣੇ ਲੋਕਾਂ ਨੂੰ ਰੋਜਗਾਰ ਦੇਵਾਗੇ। ਇਹ ਉਨ੍ਹਾਂ ਦਾ ਰਾਸ਼ਟਰਵਾਦ ਹੈ। ਅੱਜ ਅਮਰੀਕਾ ਵਿਚ ਬੇਰੋਜ਼ਗਾਰ ਦੇ ਨਾਂ ਤੇ ਰਾਸ਼ਟਰਵਾਦ ਦਾ ਨਾਅਰਾ ਹੈ। ਅੱਜ ਸਾਡੇ ਦੇਸ਼ ਦੀ ਅਰਥ ਵਿਵਸਥਾ ਦੀ ਕੁੰਡੀ ਦੁਨੀਆਂ ਦੇ ਕੋਲ ਹੈ। ਮਾਰਕਸ ਨੇ ਕਿਹਾ ਜਿਨ੍ਹਾਂ ਪੂੰਜੀਵਾਦੀ ਦੇਸ਼ਾਂ ਨੇ ਇਹ ਰੋਜਗਾਰ ਪੈਦਾ ਕੀਤਾ ਹੁਣ ਇਹ ਰਾਸ਼ਟਰਵਾਦ ਦਾ ਨਾਅਰਾ ਦੇ ਕੇ ਵਿਦੇਸ਼ੀ ਲੋਕਾਂ ਨੂੰ ਬਾਹਰ ਕੱਢ ਕੇ ਰਾਸ਼ਟਰਵਾਦੀ ਬਣ ਰਿਹਾ ਹੈ। ਰਾਸ਼ਟਰੀ ਬੇਰੋਜਗਾਰਾਂ ਦੇ ਨਾਂ ਤੇ ਇਹ ਰਾਸ਼ਟਰਵਾਦ ਦਾ ਨਾਅਰ ਦੇ ਰਹੇ ਨੇ ਤੇ ਭਾਰਤ ਅੰਦਰ ਹੁਣ ਰਾਸ਼ਟਰਵਾਦ ਦਾ ਨਾਅਰਾ ਦਿੱਤਾ ਜਾ ਰਿਹਾ ਹੈ। ਬੇਰੋਜਗਾਰ ਰਿਜ਼ਰਵ ਫੌਜ ਹੈ ਤੇ ਇਹ ਆਰਮੀ ਦੇ ਅੱਗੇ ਤਨਖਾਹ ਵਾਲੀ ਆਰਮੀ ਮੁਕਾਬਲਾ ਨਹੀਂ ਕਰ ਸਕਦੀ। ਇਸ ਦੇਸ਼ ਅੰਦਰ ਇਹ ਸਥਿਤੀਆਂ ਪੈਦਾ ਹੋ ਰਹੀਆਂ ਹਨ ਕਿ ਬੇਰੋਜਗਾਰ ਕਿਵੇਂ ਉੱਠ ਰਹੇ ਹਨ। ਇਹ ਸੰਕਟ ਲਗਾਤਾਰ ਵੱਧਦਾ ਆ ਰਿਹਾ ਹੈ। ਇਹ ਹਨੇਰੀ ਚੱਲੀ ਹੈ ਡੰਡੇ ਥੱਲੇ ਵੱਧ ਤੋਂ ਵੱਧ ਖੜੇ ਹੋਵੋ ਇਸ ਨਾਲ ਰਾਸ਼ਟਰਵਾਦ ਪੈਦਾ ਹੋਵੇਗਾ। ਇੰਝ ਭਲਾ ਰਾਸ਼ਟਰਵਾਦ ਪੈਦਾ ਹੋਵੇਗਾ। ਫਿਰ ਯੋਗ ਰਾਹੀਂ ਰਾਸ਼ਟਰਵਾਦ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੁਨੀਆਂ ਵਿਚ ਕਿਹਾ ਜਾ ਰਿਹਾ ਕਿ ਇਹਦਾ ਕੋਈ ਬਦਲ ਨਹੀਂ ਪਰ ਬਦਲ ਦੀ ਪ੍ਰਕਿਰਿਆ ਲਗਾਤਾਰ ਚਲਦੀ ਰਹਿੰਦੀ ਹੈ। ਸਿਵਲ ਸੁਸਾਇਟੀ, ਭੂ ਮੰਡਲੀਕਰਨ ਵਰਗੀ ਭਾਸ਼ਾ ਵਰਤੀ ਜਾ ਰਹੀ ਹੈ ਇਸ ਭਾਸ਼ਾ ਨੂੰ ਅਨਪੜ੍ਹ ਲੋਕ ਨਹੀਂ ਸਮਝ ਸਕਦੇ। ਸਾਡੇ ਵਰਗੇ ਪ੍ਰੋਫੈਸਰ ਨਹੀਂ ਸਮਝਦੇ। ਅਸੀਂ ਆਮ ਲੋਕਾਂ ਨੂੰ ਸਰਲ ਭਾਸ਼ਾ ਵਿਚ ਇਹ ਗੱਲਾਂ ਦੱਸ ਨਹੀਂ ਸਕਦੇ ਪਰ ਵਿਦੇਸ਼ ਤੇ ਯੂਨੀਵਰਸਿਟੀਆਂ ਵਿਚ ਜਾ ਕੇ ਗੱਲਾਂ ਕਰ ਸਕਦੇ ਹਾਂ।

**ਅਵਤਾਰ ਸਿੰਘ ਸਾਦਿਕ:** ਮੈਂ ਸਮਝਦਾ ਕਿ 54 ਸਾਲ ਪਹਿਲਾਂ ਆਪਣੇ ਦੇਸ਼ ਦੀ ਇਸ ਸਥਿਤੀ ਨੂੰ ਛੱਡ ਕੇ ਮੁਲਕ ਛੱਡਿਆ ਕਿ ਹੁਣ ਚੰਗਾ ਮੁਲਕ ਬਣੇਗਾ। ਜਿੱਥੇ ਮੈਂ ਰਹਿ ਰਿਹਾ ਹਾਂ ਉਥੇ ਵੀ 8 ਮੀਲੀਅਨ ਲੋਕ ਫੁੱਟ ਪਾਥਾਂ ਤੇ ਹਨ। ਜਦੋਂ ਮੈਂ ਇੰਗਲੈਂਡ ਗਿਆ ਸੀ ਉਦੋਂ ਲੋਕ ਨਹੀਂ ਲੱਗਦੇ ਸਨ ਹੁਣ ਇਹ ਸਥਿਤੀ ਨਹੀਂ ਹੈ। ਹੁਣ ਸਥਿਤੀ ਇਹ ਹੈ ਕਿ ਹੁਣ ਭੁੱਖੇ ਲੋਕ ਤੁਹਾਡੇ ਕੋਲੋਂ ਖੋਹ ਕੇ ਲੈ ਜਾਣਗੇ। ਜੋ ਅੱਜ ਅਸੀਂ ਗੱਲ ਕਰ ਰਹੇ ਹਾਂ ਇਹ ਇਥੋਂ ਦੀ ਗੱਲ ਨਹੀਂ ਇਹ ਸੰਸਾਰ ਦੀ ਗੱਲ ਹੈ ਪੂਰੇ ਸੰਸਾਰ ਵਿਚ ਲੋਕ ਭੁੱਖੇ ਮਰ ਰਹੇ ਹਨ। ਇੰਗਲੈਂਡ ਵਿਚ ਮਿਲੀਅਨ ਲੋਕ ਬੇਘਰੇ ਹਨ। ਲੋਕ ਬਾਹਰ ਰਹਿ ਰਹੇ ਹਨ। ਇਹ ਜੀਵਨ ਦੀ ਦਿਸ਼ਾ ਹੈ। ਜਿਹੜੀ ਜਿੰਮੇਵਾਰੀ ਬੁੱਧੀਜੀਵੀਆਂ ਉੱਤੇ ਹੈ ਉਹ ਬਹੁਤ ਵੱਡੀ ਹੈ। ਜ਼ਿੰਦਗੀ ਵਿਚ ਜਿਹੜੀ ਹੋਪ ਹੈ ਉਹ ਬਦਲਦੀ ਨਹੀਂ ਹੈ। ਜਿਹੜੀ ਖੱਬੇਪੱਖੀ ਧਾਰਾ ਸੀ ਜਿਸ ਨੇ ਦੇਸ਼ ਨੂੰ ਅਜ਼ਾਦ ਕਰਨ ਵਿਚ ਅਹਿਮ ਰੋਲ ਅਦਾ ਕੀਤਾ । ਜੋ ਸਮਾਜਿਕ ਨਿਆ ਦੇ ਚਾਰੇ ਥੰਮ ਹਨ ਉਹ ਚਾਰੇ ਖਤਰੇ ਵਿਚ ਹਨ। ਐਨੇ ਸਾਲਾਂ ਵਿਚ ਜਿਹੜੀਆਂ ਗਲਤੀਆਂ ਕੀਤੀਆਂ ਸਨ ਉਹ ਕਿਹੜੀਆਂ ਸਨ। ਸਾਨੂੰ ਰਾਜਨੀਤਿਕ ਅਜ਼ਾਦੀ ਨੂੰ ਸਮਝਣਾ ਪਵੇਗਾ ਫਿਰ ਹੀ ਸਮਾਜਿਕ ਅਜ਼ਾਦੀ ਆ ਸਕਦੀ ਹੈ। ਕਿਊਬਾ ਨਿੱਕੀ ਜਿਹਾ ਮੁਲਕ ਹੈ ਉਸ ਨੂੰ ਡੇਗਣ ਦੇ ਲਈ ਪੂੰਜੀਪਤੀਆਂ ਨੇ ਬਹੁਤ ਯਤਨ ਕੀਤੇ। ਜੋ ਬਦਲ ਹੈ ਉਹ ਸਾਡੀ ਕੰਡੀਸ਼ਨ ਦੇ ਅਧਾਰ ਤੇ ਹੋਵੇਗਾ। ਸਾਡੇ ਬੁੱਧੀਜੀਵੀ ਲੋਕਾਂ ਦਾ ਇਹ ਫਰਜ ਬਣਦਾ ਹੈ ਕਿ ਜਨਤਾ ਨੂੰ ਚੇਤਨ ਕਰਨ ਦੇ ਲਈ ਉਨ੍ਹਾਂ ਦੀ ਭਾਸ਼ਾ ਵਿਚ ਗੱਲ ਕੀਤੀ ਜਾਵੇ।

**ਅਰੁਣ ਕੁਮਾਰ:** ਵਸਤੂ ਤੇ ਲਾਗਤ ਬਹੁਤ ਵੱਧ ਰਹੀ ਹੈ ਤੇ ਉਹਦਾ ਲਾਗਤ ਮੁੱਲ ਨਹੀਂ ਮਿਲ ਰਿਹਾ। ਇਹ ਲੰਮੀ ਪ੍ਰਕਿਰਿਆ ਹੈ। ਜਦੋਂ ਲਾਗਤ ਖਰਚ ਵੱਧਦਾ ਹੈ ਤਾਂ ਜੋ ਪੁਰਾਣੇ ਸੰਦ ਹਨ ਤਾਂ ਲਾਗਤ ਵੱਧਦੀ ਜਾਂਦੀ ਹੈ। ਜੋ ਇਨਵੈਸਨਮੈਂਟ ਹੋਣੀ ਚਾਹੀਦਾ ਹੈ ਉਹ ਇਨਵੈਸਟਮੈਂਟ ਕਾਰਪੋਰੇਟ ਸੈਕਟਰ ਵਿਚ ਜਾ ਰਿਹਾ ਹੈ। ਜਦੋਂ ਤੱਕ ਵੱਡਾ ਪੈਕੇਜ ਨਹੀਂ ਆਵੇਗਾ ਤਾਂ ਕਿਸਾਨੀ ਦਾ ਦੁਖਾਂਤ ਵੱਧਦਾ ਹੀ ਜਾਵੇਗਾ। 4 ਪ੍ਰਤੀਸ਼ਤ ਕਿਸਾਨ ਇਹ ਚਾਹੁੰਦੇ ਹਨ ਕਿ ਉਹ ਖੇਤੀ ਨਹੀਂ ਕਰਨਾ ਚਾਹੁੰਦੇ। ਇਹ ਵੱਡਾ ਦੁਖਾਂਤ ਹੈ।

ਕਰਜ਼ਾ ਮਾਫ ਹੋ ਗਿਆ ਇਹ ਵਕਤੀ ਗੱਲਾਂ ਹਨ। ਫਿਲਹਾਲ ਕਰਜ਼ਾ ਮਾਫ਼ ਤਾਂ ਕਰਨਾ ਚਾਹੀਦਾ ਹੈ ਪਰ ਉਸ ਉੱਤੇ ਦਬਾਵ ਪੈਣਾ ਚਾਹੀਦਾ ਹੈ ਟੈਕਸ ਘੱਟ ਕੀਤਾ ਜਾਵੇ। ਬੀਜ਼ ਸਸਤੇ ਕੀਤੇ ਜਾਣ। ਜੀ ਐਸ ਟੀ ਦਾ ਲਾਭ ਤਾਂ ਵੱਡੇ ਉਦਯੋਗਾਂ ਨੂੰ ਮਿਲੇਗਾ। ਛੋਟਾ ਉਦਯੋਗ ਖਤਮ ਹੋ ਰਿਹਾ ਹੈ।

**ਹਰੀਸ਼ ਪੁਰੀ**: ਰਾਸ਼ਟਰਵਾਦ ਦੇ ਸਬੰਧ ਵਿਚ ਗੱਲਾਂ ਹੋ ਰਹੀਆਂ ਹਨ। ਸਿਸਟਮ ਆਪਣੇ ਆਪ ਵਿਚ ਦੁਖਾਂਤ ਹੀ ਪੈਦਾ ਕਰ ਰਿਹਾ ਹੈ। ਇਹ ਜੋ ਬਜ਼ਾਰੀਕਰਨ ਹੈ। ਟੈਕਨੌਲਜ਼ੀ ਕਿਵੇਂ ਪੱਤਣ ਦਾ ਕਾਰਨ ਬਣ ਜਾਂਦੀ ਹੈ। ਕਿ ਅੱਜ ਇਹ ਸਿਸਟਮ ਨੂੰ ਚਲਾਉਣ ਵਾਲੇ, ਇਸ ਸਿਸਟਮ ਦਾ ਅਧਿਐਨ ਕਰਨ ਵਾਲੇ ਸਾਰਿਆਂ ਦੇ ਸਾਹਮਣੇ ਜੋ ਗਵਾਚ ਗਿਆ ਹੈ ਉਸ ਦਾ ਮਸਲਾ ਹੈ। ਇਹ ਸਥਿਤੀ ਜੋ ਹੈ ਇਹ ਵਿਚਾਰਾ ਦੇ ਪੱਧਰ ਤੇ ਸੰਕਟ ਦੀ ਸਥਿਤੀ ਹੈ। ਜੋ ਇਹ ਅਰਥਵਿਵਸਥਾ ਪੈਦਾ ਕਰ ਰਹੀ ਹੈ, ਇਸ ਤੇ ਸੋਚਣ ਦੀ ਲੋੜ ਹੈ। ਇਹ ਜੋ ਸਿਸਟਮ ਹੈ ਜਿਸ ਤੋਂ ਸਰਕਾਰਾਂ ਬਣਦੀਆਂ ਹਨ। ਅੱਜ ਦੀਆਂ ਸਰਕਾਰਾਂ ਨੂੰ ਪਤਾ ਹੈ ਕਿ ਇਹ ਸਿਸਟਮ ਲੋਕਾਂ ਦੇ ਭਲੇ ਲਈ ਨਹੀਂ ਹੈ ਪਰ ਜਿਨ੍ਹਾਂ ਕਾਰਪੋਰੇਟ ਘਰਾਣਿਆ ਦਾ ਦਾਬਾ ਹੈ ਉਸ ਤੋਂ ਵੱਖਰਾ ਹੋ ਕੇ ਕੰਮ ਨਹੀਂ ਕਰ ਸਕਦੇ। ਲੋਕਾਂ ਦੀਆਂ ਸਮੱਸਿਆਵਾਂ ਤੋਂ ਪਰੇ ਜਾ ਕੇ ਗੱਲਾਂ ਕੀਤੀਆਂ ਜਾ ਰਹੀਆਂ ਹਨ। ਜਿੰਨੇ ਵਧੇਰੇ ਲੋਕਾਂ ਦੇ ਨਾਂ ਉੱਤੇ ਪ੍ਰੋਗਰਾਮ ਬਣਦੇ ਹਨ। ਉਨੀ ਹੀ ਪ੍ਰਤੀਬੱਧਤਾ ਬਣਦੀ ਹੈ ਕਿ ਉਹ ਪ੍ਰੋਗਰਾਮਾਂ ਨੂੰ ਲਾਗੂ ਵੀ ਕਰੇ। ਇਹ ਦੁਖਾਂਤ ਦੁਨੀਆਂ ਭਰ ਵਿਚ ਹੈ। ਇਹ ਕਾਰਪੋਰੇਟ ਪਾਵਰ ਦਾ ਸੰਕਟ ਹੈ। ਇਹ ਜੋ ਰਾਸ਼ਟਰਵਾਦ ਦਾ ਨਾਅਰਾ ਲਗਾ ਰਹੇ ਹਨ ਕਿਸ ਤਰ੍ਹਾਂ ਹਿੰਸ਼ਾ ਫੈਲਾ ਰਹੇ ਹਨ। ਸਾਡਾ ਜੋ ਫੋਕਸ ਹੈ ਇਹ ਰੀਐਕਟਿਵ ਹੈ। ਮਸਲਾ ਇਹ ਹੈ ਕਿ ਕੀ ਸਾਡੇ ਕੋਲ ਇਹਦਾ ਕੋਈ ਬਦਲ ਨਹੀਂ। ਇਹ ਬੁੱਧੀਜੀਵੀ ਲੋਕਾਂ ਦੀ ਜਿੰਮੇਵਾਰੀ ਹੈ ਇਹ ਲੋਕ ਤਾਂ ਆਪਣਾ ਕੰਮ ਕਰਨ।

**ਪ੍ਰੋ. ਹੇਮਲਤਾ ਮਹੇਸ਼ਵਰ**: ਮੈਂ ਤੁਹਾਡੇ ਸਾਹਮਣੇ 1950 ਤੋਂ ਪਹਿਲਾਂ ਦਾ ਭਾਰਤ ਅਤੇ 1950 ਤੋਂ ਬਾਅਦ ਦਾ ਭਾਰਤ ਨਾਲ ਜੋੜ ਕੇ ਗੱਲ ਕਰਨਾ ਚਾਹੁੰਦੀ ਹਾਂ। ਅਸੀਂ ਵੇਖਦੇ ਹਾਂ ਕਿ ਸੰਵਿਧਾਨ ਦੇ ਕਰਕੇ ਹੀ ਅਸੀਂ ਮਨੁੱਖ ਦੇ ਜੋ ਅਧਿਕਾਰ ਹੁੰਦੇ ਹਨ ਉਹ ਹਾਸਲ ਕੀਤੇ ਹਨ। ਇਸ ਸੰਵਿਧਾਨ ਨੇ ਬਿਨਾ ਕਿਸੇ ਭੇਦ ਭਾਵ ਦੇ ਸਾਨੂੰ ਅਧਿਕਾਰ ਦਿੱਤੇ ਹਨ। ਬਿਨਾਂ ਕਿਸੇ ਭੇਦ ਭਾਵ ਦੇ ਭਾਰਤੀ ਲੋਕ ਹੋਣ ਦੇ ਜਜ਼ਬੇ ਨੂੰ ਮਜਬੂਤ ਕੀਤਾ। ਭਾਰਤੀ ਹੋਣਾ ਪ੍ਰਸੰਗਕ ਹੈ। ਇਸੇ ਲਈ ਗਾਂਧੀ ਦੇ ਪ੍ਰਸੰਗ ਵਿਚ ਡਾ. ਅੰਬੇਡਕਰ ਨੇ ਕਿਹਾ ਸੀ ਕਿ ਮੈਂ ਪਹਿਲਾਂ ਵੀ ਭਾਰਤੀ ਸਾਂ ਹੁਣ ਵੀ ਭਾਰਤੀ ਹਾਂ। ਇਸ ਤੋਂ ਇਲਾਵਾ ਮੈਨੂੰ ਹੋਰ ਪਹਿਚਾਨ ਨਹੀਂ ਚਾਹੀਦੀ। ਜਿਵੇਂ ਹੀ ਅਸੀਂ ਪਹਿਚਾਣ ਬਣਾਉਣੀ ਸ਼ੁਰੂ ਕਰ ਦਿੰਦੇ ਹਾਂ ਸੰਕਟ ਪੈਦਾ ਹੁੰਦਾ ਹੈ। ਮੈਨੂੰ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਪੜ੍ਹਨਾ ਬਹੁਤ ਜ਼ਰੂਰੀ ਲੱਗਦਾ ਹੈ। ਉਸ ਵਿਚ ਲਿਖਿਆ ਹੈ। ਅਸੀਂ ਭਾਰਤੀ ਲੋਕ ਭਾਰਤ ਨੂੰ ਇਕ ਸੰਪੂਰਨ ਪ੍ਰਭੂਸੰਮਪਨ ਧਰਮ ਨਿਰਪੱਖ, ਲੋਕਤੰਤਰ ਗਣਰਾਜ ਬਣਾਉਣ ਦੇ ਲਈ ਨਾਗਰਿਕਾਂ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ ਨਿਆ.....ਸਮਰਪਤ ਕਰਦੇ ਹਾਂ। ਕੀ ਵਾਕਿਆ ਹੀ ਅਸੀਂ 70 ਸਾਲਾਂ ਦੌਰਾਨ ਇਸ ਪ੍ਰਸਤਾਵਨਾ ਨੂੰ ਦੁਬਾਰਾ ਪੜ੍ਹਨਾ ਜ਼ਰੂਰੀ ਸਮਝਿਆ ਹੈ। ਇਸ ਪ੍ਰਸਤਾਵਨਾ ਵਿਚ ਕੁੱਲ ਤੇਰਾਂ ਬਿੰਦੂ ਲੁਕੇ ਹੋਏ ਹਨ। ਪਹਿਲਾ ਹੈ ਸਮਾਜਿਕ ਨਿਆ, ਦੂਜਾ ਆਰਥਿਕ ਨਿਆ, ਤੀਜਾ ਰਾਜਨੀਤਿਕ ਨਿਆ... ਪੰਜਵਾਂ ਵਿਅਕਤੀ ਦੀ ਸੁਤੰਤਰਤਾ,...ਬਾਰਵਾਂ ਰਾਸ਼ਟਰ ਦੀ ਏਕਤਾ... ਪਰ ਅਸੀਂ ਕਰ ਕੀ ਰਹੇ ਹਾਂ। ਜਦੋਂ ਅਜ਼ਾਦੀ ਪ੍ਰਾਪਤ ਹੋਈ ਤਾਂ ਭਾਵੇਂ ਕਿ ਡਾ. ਅੰਬੇਡਕਰ ਸਿੱਧੇ ਤੌਰ ਤੇ ਇਸ ਵਿਚ ਸ਼ਾਮਿਲ ਤਾਂ ਨਹੀਂ ਸਨ ਪਰ ਜਦੋਂ ਤੱਕ ਲੋਕਤੰਤਰ ਦੀ ਮੂਲ ਚੂਲ ਨੂੰ ਸਮਝਿਆ ਨਹੀਂ ਜਾਵੇਗਾ ਤਾਂ ਲੋਕਤੰਤਰ ਅਧੂਰਾ ਰਹੇਗਾ। ਸੰਵਿਧਾਨ ਸਭਾ ਨੂੰ ਸੰਵਿਧਾਨ ਦਿੰਦੇ ਹੋਏ ਕਿਹਾ ਸੀ ਕਿ ਮੈਂ ਰਾਜਨੀਤਿਕ ਲੋਕਤੰਤਰ ਦੀ ਸਥਾਪਨਾ ਤਾਂ ਇਸ ਵਿਚ ਕੀਤੀ ਹੈ ਪਰ ਇਹ ਸਫ਼ਲ ਤਾਂ ਹੋਵੇਗੀ ਜਦੋਂ ਇਹ ਸਮਾਜਿਕ ਲੋਕਤੰਤਰ ਵਿਚ ਕਨਵਰਟ ਹੋਵੇਗੀ। ਕੀ ਅਸੀਂ ਸਮਾਜਿਕ ਲੋਕਤੰਤਰ ਦੀ ਸਥਾਪਨਾ ਕੀਤੀ? ਸਾਡੇ ਲਈ



ਕਿਉਂ ਮੇਰਾ ਆਪਣਾ ਹੋਣਾ ਜ਼ਰੂਰੀ ਹੋ ਗਿਆ ਹੈ। ਲੋਕਤੰਤਰ ਤਾਂ ਸਪੇਸ ਦੀ ਮੰਗ ਕਰਦਾ ਹੈ ਲੋਕ ਤੰਤਰ ਸੁਤੰਤਰਤ ਦੇਣ ਲਈ ਬਣਿਆ ਹੁੰਦਾ ਹੈ। ਸੁਤੰਤਰਤਾ ਕੁੱਝ ਵੀ ਕਰਨ ਦੀ ਅਜ਼ਾਦੀ ਨਹੀਂ ਹੁੰਦਾ। ਕਿਉਂ ਅਸੀਂ ਭਾਵਨਾਵਾਂ ਦੇ ਠੇਸ ਪਹੁੰਚਣ ਨੂੰ ਲੈ ਕੇ ਹੀ ਸੁਤੰਤਰਤਾ ਸੀਮਤ ਕਰ ਲੈਂਦੇ ਹਾਂ। ਦਲਿਤਾਂ ਵੱਲੋਂ 15 ਅਗਸਤ 1975 ਨੂੰ ਐਲਾਨ ਕੀਤਾ ਗਿਆ ਕਿ ਇਹ ਕਾਲੀ ਸੁਤੰਤਰਤਾ ਹੈ। ਨਿਸਚੇ ਹੀ ਦਲਿਤ ਪੈਂਥਰ ਦਾ ਅਸਹਿਜ ਹੋਣਾ ਠੀਕ ਸੀ। ਕਿਉਂਕਿ ਉਨ੍ਹਾਂ ਨੂੰ ਸਪੇਸ ਨਹੀਂ ਮਿਲ ਰਿਹਾ ਹੈ। ਸਪੇਸ ਤਾਂ ਅੱਜ ਵੀ ਨਹੀਂ ਹੈ। ਜੇਕਰ ਸਪੇਸ ਹੁੰਦਾ ਤਾਂ ਮੇਰੇ ਵਰਗੇ ਦੋ ਚਾਰ ਲੋਕ ਨੌਕਰੀਆਂ ਵਿਚ ਨਹੀਂ ਹੁੰਦੇ। ਸਾਡਾ ਕਿੰਨਾ ਵੱਡਾ ਬੈਕਲੌਗ ਬਚਿਆ ਹੋਇਆ ਹੈ। ਉਸ ਨੂੰ ਭਰਿਆ ਜਾ ਚੁੱਕਾ ਹੁੰਦਾ। ਲਗਾਤਾਰ ਦਲਿਤਾਂ, ਇਸਤਰੀਆਂ ਉੱਤੇ ਜ਼ੁਲਮ... ਮਸਲਨ ਪਾਣੀ ਲਿਜਾਂਦੀ ਹੋਈ ਇਕ ਦਲਿਤ ਇਸਤਰੀ ਛੂਹ ਕੀ ਗਈ ਕਿ ਉਸ ਇਸਤਰੀ ਦਾ ਕਤਲ ਕਰ ਦਿੱਤਾ ਜਾਂਦਾ ਹੈ। ਜੋ ਦਲਿਤ ਮਰੇ ਹੋਏ ਡੰਗਰਾਂ ਦਾ ਚਮੜਾ ਲਾਹੁਣ ਦਾ ਕਾਰਜ਼ ਕਰ ਰਿਹਾ ਹੈ, ਇਕ ਤਰ੍ਹਾਂ ਨਾਲ ਉਹ ਸਮਾਜ ਨੂੰ ਗੰਦਗੀ ਤੋਂ ਬਚਾ ਰਿਹਾ ਹੈ ਉਨ੍ਹਾਂ ਚਾਰ ਮੁੰਡਿਆ ਨੂੰ ਸਮਾਜ ਵੱਲੋਂ ਐਨਾ ਕੁੱਟਿਆ ਜਾਂਦਾ ਹੈ ਕਿ ਜ਼ੁਲਮ ਦਾ ਅੰਤ ਹੋ ਜਾਂਦਾ ਹੈ। ਸੱਚ ਹਮੇਸ਼ਾ ਭਰਮ ਨਹੀਂ ਹੁੰਦਾ। ਜੇਕਰ ਕੋਈ ਤੁਹਾਡਾ ਸੱਚ ਹੈ ਤਾਂ ਸਾਹਮਣੇ ਵਾਲੇ ਦਾ ਵੀ ਕੋਈ ਸੱਚ ਹੋਵੇਗਾ। ਅਸੀਂ ਇਥੇ ਸਪੇਸ ਦੇਣਾ ਕਿਉਂ ਨਹੀਂ ਜਾਣਦੇ। ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਇਨ੍ਹਾਂ ਸਾਰੀਆਂ ਭ੍ਰਾਂਤੀਆਂ ਤੋਂ ਗੁਜ਼ਰਦੇ ਹੋਏ ਇਹ ਸਮਾਂ ਕਿਉਂ ਗ੍ਰਹਿਣ ਕੀਤਾ। ਮੈਨੂੰ ਲੱਗਦਾ ਹੈ ਕਿ ਇਸ ਦੇਸ਼ ਦਾ ਸਮਾਜਿਕ ਚਿੰਤਕ , ਇਸ ਦੇਸ਼ ਦਾ ਅਧਿਆਪਕ ਕਰ ਕੀ ਰਿਹਾ ਹੈ। ਕੀ ਮੂਲ ਨਿਵਾਸੀ ਹੋਣਾ, ਦਲਿਤ ਹੋਣਾ, ਹਿੰਦੂ ਹੋਣਾ, ਸਿੱਖ ਹੋਣਾ ਜ਼ਰੂਰੀ ਹੈ? ਜਾਂ ਭਾਰਤੀ ਹੋਣਾ ਜ਼ਰੂਰੀ ਹੈ। ਭਾਰਤੀ ਹੋਣ ਦੀ ਪਹਿਚਾਣ ਤਾਂ ਨਿਸਚਿਤ ਹੈ। ਲਿੰਕਨ ਆਪਣੀ ਇਕ ਚਿੱਠੀ ਵਿਚ ਲਿਖਦਾ ਹੈ ਜਿਹੜੀ ਉਸ ਨੇ ਆਪਣੇ ਬੇਟੇ ਦੀ ਅਧਿਆਪਕ ਨੂੰ ਲਿਖੀ ਸੀ ਕਿ ਉਸ ਨੂੰ ਆਹ ਪੜ੍ਹਾਉਣ ਜਾਂ ਆਹ ਨਾ ਪੜ੍ਹਾਉਣਾ ਕਿਉਂ ਜ਼ਰੂਰੀ ਹੈ। ਇਸ ਵਿਚ ਸਫ਼ਲ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ। ਜਿਸ ਵਿਚ ਅਨੇਕਾਂ ਸਾਲ ਅਧਿਆਪਕ ਨੇ ਅਰਬੀ ਪੜ੍ਹਾਉਣ 'ਚ ਨਸ਼ਟ ਕਰ ਦਿੱਤੇ। ਜਦੋਂ ਸਾਨੂੰ ਸੁਤੰਤਰਤਾ ਮਿਲੀ ਤਾਂ ਉਦੋਂ ਸਾਡੇ ਨੇਤਾ ਬਹੁਤ ਪੜ੍ਹੇ ਲਿਖੇ ਸਨ। ਉਦੋਂ ਉਨ੍ਹਾਂ ਨੇ ਸੋਚ ਨੂੰ ਵਿਸਥਾਰ ਤੇ ਸਪੇਸ ਦੇਣ ਦੀ ਗੱਲ ਕੀਤੀ ਸੀ। ਕੋਈ ਵੀ ਦੇਸ਼ ਜਦੋਂ ਹਰ ਨਾਗਰਿਕ ਦੇ ਸਹਿਯੋਗ ਨਾਲ ਨਹੀਂ ਚੱਲੇਗਾ ਤਾਂ ਉਸ ਦੇਸ਼ ਦਾ ਵਿਕਾਸ ਕਿਤੇ ਨਾ ਕਿਤੇ ਅਧੂਰਾ ਰਹੇਗਾ। ਉਹ ਵਿਕਾਸ ਅੰਗਹੀਣ ਹੋਵੇਗਾ ਜਿਹੜਾ ਹਿੱਸਾ ਤੁਹਾਡੇ 'ਚ ਸ਼ਾਮਿਲ ਨਹੀਂ ਹੋਵੇਗਾ ਉਹ ਪਰੇਸ਼ਾਨੀ ਪੈਦਾ ਕਰੇਗਾ। ਜਾ ਪਾਲ ਸਾਰਤਰ ਨੇ ਕਿਤੇ ਕਿਹਾ ਕਿ ਕਿਸੇ ਵੀ ਦੇਸ਼ ਦੀ ਮਹਾਨਤਾ ਇਸ ਨਾਲ ਨਹੀਂ ਨਾਪੀ ਜਾ ਸਕਦੀ ਕਿ ਉਸ ਨੇ ਦੇਸ਼ ਲਈ ਕਿੰਨਾ ਲਹੂ ਡੋਹਲਿਆ। ਇਸ ਨਾਲ ਨਾਪੀ ਜਾਵੇਗੀ ਕਿ ਉਹ ਲੋਕਾਂ ਨੂੰ ਨਾਲ ਤੋਰਨ ਵਿਚ ਕਿੰਨਾ ਸਫ਼ਲ ਹੋਏ। ਅਸੀਂ ਲੋਕਾਂ ਨੂੰ ਭਾਰਤੀ ਨਾਗਰਿਕ ਹੋਣ ਦਾ ਦਰਜ਼ਾ ਨਹੀਂ ਦੇ ਰਹੇ। ਅਸੀਂ ਉਸ ਨੂੰ ਧਰਮ ਦੇ ਇਕ ਖਾਨੇ ਵਿਚ ਫਿਟ ਕਰ ਦੇਣਾ ਚਾਹੁੰਦੇ ਹਾਂ। ਇਸ ਤਰ੍ਹਾਂ ਸੋਚਦੇ ਹਾਂ ਕਿ ਉਹ ਸਾਡੇ ਵਾਂਗ ਸੋਚੇ। ਜਦੋਂ ਅੰਬੇਡਕਰ ਬੁੱਧ ਧਰਮ ਗ੍ਰਹਿਣ ਕਰਦੇ ਹਨ ਤਾਂ 22 ਪ੍ਰਤਿਗਿਆ ਕਰਦੇ ਹਨ ਉਸ ਵਿਚ ਪਹਿਲੀ ਹੈ ਕਿ ਮੈਂ ਬ੍ਰਹਮਾਂ, ਵਿਸ਼ਣੂ, ਮਹੇਸ਼ ਨੂੰ ਅਵਤਾਰ ਮੰਨਣ ਤੋਂ ਇਨਕਾਰੀ ਹਾਂ। ਜਦੋਂ ਤੁਹਾਡੀ ਸੰਸਕ੍ਰਿਤੀ ਮੇਰੇ ਉੱਤੇ ਹਮਲਾ ਕਰ ਰਹੀ ਹੈ, ਮੈਨੂੰ ਸਾਹ ਨਹੀਂ ਲੈਣ ਦਿੰਦੀ ਤਾਂ ਅਜਿਹਾ ਹੋਵੇਗਾ ਹੀ। ਸਾਰਾ ਦੇ ਸਾਰਾ ਬ੍ਰਾਹਮਣਿਕ ਸਮਾਜ ਤਾਂ ਪਿਤਰੀ ਸੱਤਾ ਨਾਲ ਖੜਾ ਹੈ। ਤਾਂ ਉਨ੍ਹਾਂ ਨੂੰ ਛੱਡਣਾ ਜ਼ਰੂਰੀ ਹੈ। ਮੇਰਾ ਸਮਾਜ ਅੰਬੇਡਕਰ ਚਿੰਤਨ ਨਾਲ ਚਲ ਰਿਹਾ ਹੈ। ਕਿਸੇ ਨੇ ਕਿਹਾ ਵੀ ਸੀ ਕਿ ਕੀ ਇਕ ਅਛੂਤ ਸਾਡੇ ਨਿਯਮ ਬਣਾਏਗਾ? ਪਰ ਨਿਯਮ ਬਣੇ... ਸਾਨੂੰ ਅੱਠ ਘੰਟੇ ਕੰਮ ਕਰਨ ਦੀ ਇਜ਼ਾਜ਼ਤ ਹੈ। ਪ੍ਰਸੂਤੀ ਛੁੱਟੀ ਲੈਣ ਦੀ ਅਜ਼ਾਦੀ ਹੈ। ਹੋਰ ਅਨੇਕਾਂ ਅਧਿਕਾਰ ਹਨ। ਜਦੋਂ ਤੱਕ ਸਾਡੇ ਦਿਮਾਗ ਵਿਚ ਇਹ ਦਾਇਰੇ ਬਣੇ ਹੋਏ ਹਨ ਉਦੋਂ ਤੱਕ ਅਸੀਂ

ਲੋਕਤੰਤਰ ਨੂੰ ਸਮਝ ਨਹੀਂ ਸਕਦੇ। ਜਦੋਂ ਤੱਕ ਤੁਹਾਡੀ ਦ੍ਰਿਸ਼ਟੀ ਵਿਸ਼ਾਲ ਨਹੀਂ ਹੋਵੇਗੀ ਤਾਂ ਕਿਸੇ ਵੀ ਦੇਸ਼ ਦਾ ਲੋਕਤੰਤਰ ਅੰਗਹੀਣ ਹੀ ਹੋਵੇਗਾ।

**ਖਗੇਂਦਰ ਠਾਕੁਰ**: ਮੈਂ ਕਹਿਣਾ ਚਾਹੁੰਦਾ ਹਾਂ ਕਿ ਰਾਸ਼ਟਰਵਾਦ ਸ਼ਬਦ ਸਾਡੀ ਸਮਝ ਦੇ ਅਨਕੂਲ ਨਹੀਂ ਹੈ। ਰਾਸ਼ਟਰੀ ਭਾਵਨਾ ਤੇ ਰਾਸ਼ਟਰਵਾਦ ਵਿਚ ਬਹੁਤ ਫਰਕ ਹੈ। ਰਾਸ਼ਟਰਵਾਦ ਨਾਲ ਇਕ ਤਰ੍ਹਾਂ ਦਾ ਹੰਕਾਰ ਆ ਜਾਂਦਾ ਹੈ ਜੋ ਠੀਕ ਨਹੀਂ ਹੈ। ਜੋ ਹਾਸ਼ੀਏ ਦਾ ਸਮਾਜ ਹੈ ,ਇਹ ਸਾਡੇ ਸਮਾਜ ਲਈ ਖੂਬਸੂਰਤ ਨਹੀਂ ਹੈ। ਜਦੋਂ ਅਸੀਂ ਕਾਗਜ਼ ਤੇ ਲਿਖਦੇ ਹਾਂ ਤਾਂ ਹਾਸ਼ੀਆ ਲਗਾ ਦਿੰਦੇ ਹਾਂ ਕਿ ਕੋਈ ਭੁੱਲੀ ਚੁੱਕੀ ਚੀਜ਼ ਲਿਖੀ ਜਾ ਸਕੇ। ਸਾਡੀ ਸਮਾਜਿਕ ਸ਼ਕਲ ਵਿਚ ਹਾਸ਼ੀਆ ਚੰਗਾ ਨਹੀਂ ਉਹ ਲੋਕ ਜਿਨ੍ਹਾਂ ਨੂੰ ਮੁੱਖ ਧਾਰਾ ਵਿਚ ਸਥਾਨ ਨਹੀਂ ਮਿਲਿਆ। ਜੋ ਅਸੀਂ ਬੋਲਦੇ ਹਾਂ ਬ੍ਰਾਹਮਣ, ਖੱਤਰੀ, ਵੈਸ਼ ਪਰ ਗੀਤਾ ਵਿਚ ਚਾਰ ਵਰਣਾ ਦਾ ਜ਼ਿਕਰ ਹੈ। ਸਭ ਤੋਂ ਪਹਿਲਾਂ ਸਮਾਜ ਦੀ ਜਿਹੜੀ ਵੰਡ ਹੋਈ ਉਹ ਵਰਣਾ ਵਿਚ ਹੋਈ। ਉਪਰਲੇ ਵਰਣਾ ਵਿਚ ਭੇਦਭਾਵ ਹੈ। ਜਾਤੀਆਂ ਤਾਂ ਬਹੁਤ ਬਾਅਦ ਵਿਚ ਬਣੀਆਂ। ਮਨੂ ਸਿਮਰਤੀ ਵਿਚ ਸ਼ੂਦਰਾਂ ਨੂੰ ਪੈਰਾਂ ਤੋਂ ਪੈਦਾ ਹੋਏ ਕਿਹਾ ਗਿਆ ਹੈ। ਮਨੂ ਸਿਮਰਤੀ ਦੀ ਰਚਨਾ ਈਸਾ ਤੋਂ ਸੋ-ਦੋ ਸੋ ਸਾਲ ਪਹਿਲਾਂ ਹੋਈ ਹੋਵੇਗੀ। ਮੋਰੀਆ ਕਾਲ ਤੋਂ ਬਾਅਦ ਹੀ ਹੋਈ ਹੋਵੇਗੀ। ਇਸ ਕਾਲ ਵਿਚ ਵਿਚ ਵੀ ਸਮੰਤੀ ਸਮਾਜ ਸੀ। ਅਧੁਨਿਕ ਸਮੇਂ ਵਿਚ ਸਵਾਮੀ ਦਇਆਨੰਦ ਸਸਰਵਤੀ ਨੇ ਇਸ ਉੱਤੇ ਬਹੁਤ ਲਿਖਿਆ ਹੈ। ਸਵਾਮੀ ਵਿਵੇਕਾ ਨੰਦ ਨੇ ਕਿਹਾ ਕਿ ਬ੍ਰਾਹਮਣਾਂ ਦਾ ਰਾਜ ਰਿਹਾ, ਖੱਤਰੀਆਂ ਦਾ ਰਾਜ ਰਿਹਾ। ਹੁਣ ਵੈਸ਼ਾਂ ਦਾ ਰਾਜ ਚੱਲ ਰਿਹਾ ਹੈ। ਵੈਸ਼ ਦਾ ਮਤਲਬ ਹੈ ਪੂੰਜੀਵਾਦ। ਕਾਰਲ ਮਾਰਕਸ ਨੇ ਵੀ ਕਿਹਾ ਕਿ ਜਦੋਂ ਪੂੰਜੀਵਾਦ ਆਵੇਗਾ ਤਾਂ ਬਹੁਤ ਸਾਰੀਆਂ ਜਾਤੀਆਂ ਖਤਮ ਹੋ ਜਾਣਗੀਆਂ। ਸਾਡੇ ਦੇਸ਼ ਵਿਚ ਨਹੀਂ ਖਤਮ ਕਰ ਸਕਿਆ। ਇਹ ਵੱਖਰੀ ਗੱਲ ਹੈ ਕਿ ਖਤਮ ਹੋਈਆਂ ਹਨ ਜਾਂ ਨਹੀਂ? ਆਧੁਨਿਕ ਸਮਾਜ ਦੇ ਨਾਲ ਜਾਤੀਆਂ ਦਾ ਵਿਕਾਸ ਵੀ ਹੋ ਜਾਣਾ ਚਾਹੀਦਾ ਹੈ। ਪਰ ਸਾਡੇ ਦੇਸ਼ ਵਿਚ ਜਾਤੀਆਂ ਦਾ ਖਾਤਮਾ ਨਹੀਂ ਹੋਇਆ। ਰਾਜਨੀਤੀ ਨੇ ਇਸ ਨੂੰ ਬਚਾਇਆ ਹੋਇਆ ਹੈ। ਜਮਸੇਦ ਪੁਰ ਦਾ ਕਾਰਖਾਨਾ ਬਣਿਆ 1907 'ਚ ਉਤੇ ਜੋ ਲੋਹਾਂ ਪਿਘਲਾ ਰਹੇ ਸਨ ਉਹ ਲੁਹਾਰ ਨਹੀਂ ਹਨ ਉਥੇ ਪੰਡਤ ਵੀ ਲੋਹੇ ਦਾ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਬਾਟਾ ਦੇ ਕਾਰਖਾਨੇ ਵਿਚ ਜੋ ਜੁੱਤੀਆਂ ਬਣਾ ਰਹੇ ਸਨ ਉਹ ਸਾਰ ਚਮਾਰ ਨਹੀਂ ਪੰਡਤ ਵੀ ਸਨ। ਮਸ਼ੀਨ ਨਾਲ ਬਣਾ ਰਹੇ ਹਨ। 1863 ਵਿਚ ਪਹਿਲੀ ਰੇਲ ਗੱਡੀ ਚੱਲੀ। ਉਸ ਦੀ ਜੋ ਖਬਰ ਛਪੀ ਉਸ ਨੇ ਲਿਖਿਆ ਕਿ ਹਜ਼ਾਰਾ ਲੋਕ ਵੇਖਣ ਲਈ ਖੜੇ ਹੋ ਗਏ। ਉਸ ਨੇ ਅੱਗੇ ਲਿਖਿਆ ਸਾਰੀਆਂ ਜਾਤੀਆਂ ਦੇ ਇਕ ਕਤਾਰ ਵਿਚ ਖੜੇ ਸਨ। ਮੈਂ ਇਹ ਅਰਥ ਕੱਢਿਆ ਕਿ ਉਦਯੋਗਿਕ ਵਿਕਾਸ ਨਾਲ ਜਾਤੀਆਂ ਦਾ ਖਾਤਮਾ ਹੋ ਸਕਦਾ ਹੈ। ਜੇਕਰ ਉਦਯੋਗ ਦਾ ਵਿਕਾਸ ਹੋਵ ਤਾਂ ਜਾਤੀਆਂ ਦਾ ਸਰੂਪ ਠੀਕ ਹੋ ਸਕਦਾ ਹੈ। ਹਾਸ਼ੀਏ ਦਾ ਫਰਕ ਖਤਮ ਕੀਤਾ ਜਾ ਸਕਦਾ ਹੈ। ਹੁਣ ਜਾਤੀਆਂ ਨੂੰ ਮਿਟਾਉਣ ਦਾ ਭੌਤਿਕ ਅਧਾਰ ਸ਼ੁਰੂ ਹੋ ਗਿਆ। ਅੰਬੇਡਕਰ ਨੇ ਕਿਤੇ ਲਿਖਿਆ ਹੈ ਕੰਮ ਵੀ ਜਾਤੀਆਂ ਦੇ ਅਧਾਰ ਤੇ ਮਿਲਦਾ ਸੀ ਪਰ ਹੌਲੀ ਹੌਲੀ ਦੂਰ ਹੋ ਗਿਆ। ਕਿ ਵੱਖ ਵੱਖ ਜਾਤੀ ਦੇ ਅਧਾਰ ਤੇ ਕਾਰਖਾਨੇ ਬਣੇ, ਜੋ ਹੌਲੀ-ਹੌਲੀ ਖਤਮ ਹੋ ਗਏ। ਵਿਚਾਰਕ ਢੰਗ ਨਾਲ ਇਸ ਮਾਨਸਿਕਤਾ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

**ਹੇਤੂ ਭਾਰਦਵਾਜ**: ਅਸੀਂ ਚੀਜ਼ਾਂ ਨੂੰ ਸਮੁੱਚਤਾ ਵਿਚ ਰੱਖ ਕੇ ਨਹੀਂ ਵੇਖਦੇ। ਜਿਸ ਚੀਜ਼ ਦਾ ਸਾਨੂੰ ਲਾਭ ਮਿਲਦਾ ਹੈ ਉਸ ਨੂੰ ਅੱਗੇ ਰੱਖਦੇ ਹਾਂ ਜਿਸ ਘਟਨਾ ਦਾ ਨੁਕਸਾਨ ਮਿਲਦਾ ਹੈ ਉਸ ਨੂੰ ਪਿੱਛੇ ਧਕੇਲ ਦਿੰਦੇ ਹਾਂ ਸੋ ਅਸੀਂ ਚੀਜ਼ਾ ਨੂੰ ਸਮੁੱਚਤਾ ਵਿਚ ਨਹੀਂ ਵੇਖਦੇ। ਰਾਜਨੀਤਿਕ ਲੋਕ ਨਹੀਂ ਚਾਹੁੰਦੇ ਕਿ ਇਤਿਹਾਸ ਨੂੰ ਬਦਲਿਆ ਜਾਵੇ। ਜੋ ਹਾਸ਼ੀਏ ਦਾ ਸਮਾਜ ਹੈ ਉਸ ਨੂੰ ਉਸੇ ਤਰ੍ਹਾਂ ਰੱਖਣਾ ਚਾਹੁੰਦੇ ਹਨ। ਇਹ




ਪੜ੍ਹ ਰਹੇ ਹਾਂ ਕਿ ਸਾਡਾ ਅਤੀਤ ਬਹੁਤ ਚੰਗਾ ਹੈ ਅਸੀਂ ਮੁੜ ਉਥੇ ਪਰਤ ਜਾਣਾ ਚਾਹੁੰਦੇ ਹਾਂ। ਕਿਤੇ ਨਾ ਕਿਤੇ ਅਸੀਂ ਯਥਾਰਥ ਨਾਲੋਂ ਮੂਹ ਮੋੜ ਲੈਂਦੇ ਹਾਂ। ਸਾਨੂੰ ਸੱਤਾ ਜੋ ਰਾਸ਼ਟਰਵਾਦ ਬਣਾਉਣਾ ਚਾਹੁੰਦੀ ਹੈ ਅਸੀਂ ਅਤੀਤ ਨਾਲ ਜੁੜੀਏ। ਇਕ ਭਾਰਤ ਮੰਡਲ ਤੋਂ ਪਹਿਲੇ ਦਾ ਇਕ ਬਾਅਦ ਦਾ ਹੈ। ਇਸੇ ਲਈ ਅਸੀਂ ਯਥਾਰਥ ਨਾਲ ਜੁੜਦੇ ਹਾਂ। ਮੰਡਲ ਦੇ ਲਾਗੂ ਹੋਣ ਤੋਂ ਬਾਅਦ ਚੱਕਰ ਉਲਟਾ ਹੋ ਜਾਂਦਾ ਹੈ। ਹਾਸ਼ੀਏ ਦਾ ਸਮਾਜ ਹੋਰ ਗਹਿਰਾ ਹੋ ਜਾਂਦਾ ਹੈ। ਜਾਤੀਆਂ ਹੋਰ ਵੱਧ ਜਾਂਦੀਆਂ ਹਨ। ਹੁਣ ਸਾਨੂੰ ਵਾਰ ਵਾਰ ਅਤੀਤ ਵੱਲ ਜਾਣਾ ਦੀ ਲੋੜ ਨਹੀਂ ਬਈ ਮਨੂੰ ਸਿਮਰਿਤੀ ਸੀ ਜਾਂ ਨਹੀਂ, ਮੈਨੂੰ ਉਦੋਂ ਵਧੇਰੇ ਤਕਲੀਫ਼ ਹੁੰਦੀ ਜਦੋਂ ਅਸੀਂ ਇਨ੍ਹਾਂ ਨੂੰ ਐਨਾ ਮਹੱਤਵ ਦਿੰਦੇ ਹਾਂ। ਇਕ ਮਰੀ ਹੋਈ ਕਿਤਾਬ ਨੂੰ ਐਨਾ ਮਹੱਤਵ ਦੇਣੀ ਜ਼ਰੂਰੀ ਨਹੀਂ। ਬਹੁਤ ਸਾਰੀਆਂ ਸਮਰਿਤੀਆਂ ਲਿਖੀਆਂ ਗਈਆਂ। ਭਾਰਤ ਦਾ ਕੋਈ ਸਮਾਜ ਨਹੀਂ ਜੋ ਸਮਰਿਤੀਆਂ ਨਾਲ ਚੱਲਿਆ ਹੋਵੇ। ਸਭ ਤੋਂ ਪਹਿਲਾਂ ਸਾਨੂੰ ਇਕ ਅੰਗਰੇਜ਼ ਵੱਲੋਂ ਮਨੂ ਸਮਰਿਤੀ ਦਾ ਅਨੁਵਾਦ ਮਿਲਦਾ ਹੈ। ਉਸ ਨੂੰ ਅੰਬੇਡਕਰ ਨੇ ਪੜ੍ਹਿਆ।

**ਚੌਥੀ ਰਾਮ ਯਾਦਵ**: ਦੁੱਖ ਦੀ ਗੱਲ ਹੈ ਸਾਡਾ ਹਿੰਦੀ ਖੇਤਰ ਪ੍ਰਗਤੀਸ਼ੀਲ ਸਾਹਿਤ ਹੈ। ਪਰ ਉਥੇ ਕਿਓ ਅਸੀਂ ਕੋਈ ਰਵਿਦਾਸ ਪੈਦਾ ਨਹੀਂ ਕੀਤਾ। ਹਾਸ਼ੀਏ ਦੇ ਸਮਾਜ ਵਿਚੋਂ ਬਹੁਤ ਸਾਰੇ ਦਲਿਤ ਲੇਖਕ ਉਭਰੇ। ਅੱਜ ਵਧੇਰੇ ਸਾਹਿਤ ਦਲਿਤਾਂ ਵੱਲੋਂ ਲਿਖਿਆ ਜਾ ਰਿਹਾ ਹੈ। ਸਾਨੂੰ ਸਵੈ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਕਿ ਅਸੀਂ ਕਿਉਂ ਦਲਿਤਾਂ ਨੂੰ ਨਾਲ ਨਹੀਂ ਜੋੜ ਸਕੇ। ਸਾਨੂੰ ਅੰਬੇਡਕਰ ਵੀ ਨਾਲ ਲੈਣਾ ਪਵੇਗਾ, ਸਾਨੂੰ ਭਗਤ ਸਿੰਘ ਨੂੰ ਅਤੇ ਮਾਰਕਸ ਨੂੰ ਵੀ ਇਕ ਸਾਥ ਨਾਲ ਲੈ ਕੇ ਚੱਲਣ ਦੀ ਲੋੜ ਹੈ। ਤਾਂ ਹੀ ਅਸੀਂ ਇਕ ਜੁੱਟ ਹੋ ਸਕਦੇ ਹਾਂ। ਜੋ ਰਾਸ਼ਟਰ ਦਾ ਨਿਰਮਾਣ ਕਰਦੇ ਹਨ ਉਨ੍ਹਾਂ ਨੂੰ ਦਬਾਇਆ ਜਾ ਰਿਹਾ ਹੈ। ਸਾਨੂੰ ਸਾਂਝਾ ਸਭਿਆਚਾਰਕ ਮੋਰਚਾ ਬਣਾਉਣ ਦੀ ਲੋੜ ਹੈ। ਅੱਜ ਸਾਡੇ ਮਾਰਕਸਵਾਦੀ ਵੀ ਕਬੀਰ ਨੂੰ ਆਪਣਾ ਪ੍ਰੇਰਣਾ ਸਰੋਤ ਮੰਨਦੇ ਹਨ ਤੇ ਅੰਬੇਡਕਰਵਾਦੀ ਵੀ ਕਬੀਰ ਨੂੰ ਆਪਣੀ ਪ੍ਰੇਰਨਾ ਦਾ ਸਰੋਤ ਮੰਨਦੇ ਹਨ। ਇਕ ਭੰਗੀ ਲਈ ਚਮਾਰ ਬਰਾਮਣ ਹੈ। ਜਦੋਂ ਤੱਕ ਸਾਡੇ ਵਿਚ ਰੋਟੀ ਬੇਟੀ ਦਾ ਸਬੰਧ ਨਹੀਂ ਬਣਦਾ ਉਦੋਂ ਤੱਕ ਜਾਤੀਆਂ ਟੁੱਟ ਨਹੀਂ ਸਕਦੀਆਂ। ਜੋ ਰਾਸ਼ਟਰਵਾਦ ਦਾ ਨਿਰਮਾਣ ਕਰਨ ਵਾਲਿਆ ਦੇ ਪ੍ਰੇਰਕ ਹਨ ਉਨ੍ਹਾਂ ਨੂੰ ਦੇਸ਼ ਧਰੋਹੀ ਕਿਹਾ ਜਾ ਸਕਦਾ ਹੈ। **(ਸਕ੍ਰਿਪਟ ਤੇ ਅਨੁਵਾਦ -ਭਗਵੰਤ ਰਸੂਲਪੁਰੀ)**

**ਕਾਰਜ ਸਿੰਘ**
**ਦਾ**
**ਪੰਜਾਬੀ ਆਲੋਚਨਾ ਵਿਚ**
**ਪਹਿਲਾ ਕਾਰਜ**
**ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ**
**(ਸਮਾਜਿਕ ਸਰੋਕਾਰ ਅਤੇ ਦਲਿਤ ਚੇਤਨਾ)**

**ਪ੍ਰਕਾਸ਼ਕ:**
**ਕੇ. ਜੀ. ਗ੍ਰਾਫ਼ਿਕਸ,**
**ਜੀ. ਐਨ. ਡੀ. ਯੂ. ਕੰਪਲੈਕਸ, ਅੰਮ੍ਰਿਤਸਰ**
**ਮੁੱਲ : 180 ਰੁਪਏ, ਪੰਨੇ : 124**



**ਪ੍ਰਤੀਕਰਮ**

# ਮੇਰੇ ਪੁਰਖੇ?- ਸਰਬਜੀਤ

ਪਿਛਲੇ ਦਿਨਾਂ ਵਿਚ 'ਕਹਾਣੀ ਧਾਰਾ' ਦਾ ਵਿਸ਼ੇਸ਼ ਅੰਕ 'ਮੇਰੇ ਪੁਰਖੇ' ਪੜ੍ਹਿਆ। ਇਸ ਅੰਕ ਨੂੰ ਪੜ੍ਹ ਕੇ ਪਾਠਕ ਇਕ ਵਾਰ ਆਪਣੀਆਂ ਜੜ੍ਹਾਂ, ਆਪਣੇ ਅਤੀਤ ਤੇ ਮਨੁੱਖੀ ਹੋਂਦ ਨੂੰ ਨਿਰਧਾਰਿਤ ਕਰਨ ਵਾਲੇ ਪ੍ਰਸੰਗ ਬਾਰੇ ਜ਼ਰੂਰ ਸੋਚਦਾ ਹੈ। ਇਹ ਅੰਕ ਦੇ ਲੇਖ ਪਰਿਵਾਰ, ਘਰ-ਬਾਰ ਤੇ ਭਾਈਚਾਰੇ ਦੇ ਮਨੁੱਖੀ ਸ਼ਖ਼ਸੀਅਤ ਉੱਪਰ ਪ੍ਰਭਾਵਾਂ ਬਾਰੇ ਚਰਚਾ ਕਰਦੇ ਹਨ। ਸੋ ਇਸ ਅੰਕ ਦੀ ਪੜ੍ਹਤ ਨਾਲ ਸ਼ਖ਼ਸੀਅਤ ਉੱਪਰ 'ਵਿਰਾਸਤ ਦੀ ਛਾਪ' ਚਾਹੇ/ਅਣਚਾਹੇ ਪਾਠਕ ਦੇ ਵਿਚਾਰਾਂ ਦਾ ਕੇਂਦਰ ਬਣ ਜਾਂਦੀ ਹੈ। ਇਸ ਲਈ ਕੁਦਰਤੀ ਗੱਲ ਹੈ ਕਿ ਇਸ ਅੰਕ ਨੂੰ ਪੜ੍ਹ ਕੇ ਮੈਂ ਵੀ ਆਪਣੇ 'ਪੁਰਖਿਆਂ' ਬਾਰੇ ਸੋਚਣ ਲੱਗੀ। ਲੇਕਿਨ ਇਸ ਬਾਬਤ ਸੋਚਣ ਨਾਲ ਡਰ ਤੇ ਹੈਰਾਨੀ ਮੇਰੇ ਦਿਮਾਗ ਉੱਪਰ ਹਾਵੀ ਹੋਣ ਲੱਗੇ। ਇਸਦਾ ਕਾਰਨ ਸੀ ਕਿ ਮੈਨੂੰ ਮੇਰੇ ਪੁਰਖਿਆਂ ਦੇ ਨਕਸ਼ ਸਾਫ਼ ਨਹੀਂ ਹੋ ਰਹੇ ਸਨ। ਮੈਂ ਕੋਸ਼ਿਸ਼ ਕਰਨ 'ਤੇ ਵੀ ਆਪਣੇ ਪੁਰਖਿਆਂ ਦੀ ਪਛਾਣ ਨਹੀਂ ਕਰ ਪਾ ਰਹੀ ਸੀ। ਇਹ ਬਹੁਤ ਹੈਰਾਨੀ ਵਾਲੀ ਘਟਨਾ ਸੀ ਕਿ ਆਪਣੇ ਪੁਰਖਿਆਂ ਦੇ ਰੂ-ਬ-ਰੂ ਹੋਣ ਦੀ ਕੋਸ਼ਿਸ਼ ਵਿਚ ਮੈਂ ਖ਼ੁਦ ਆਪਣੇ ਰੂ-ਬ-ਰੂ ਸੀ। ਇਹ ਮੇਰੇ ਲਈ ਨਵਾਂ ਤਾਂ ਨਹੀਂ ਪਰ ਖਲਾਅ ਵਿਚ ਲਟਕਣ ਵਰਗਾ ਅਨੁਭਵ ਸੀ।

ਇਨ੍ਹਾਂ ਸੋਚਾਂ ਦਰਮਿਆਨ ਹੀ ਮੈਨੂੰ ਖ਼ਿਆਲ ਆਇਆ ਕਿ ਆਖ਼ਿਰ ਸੰਪਾਦਕ ਨੇ ਅਜਿਹਾ ਵਿਸ਼ਾ ਕਿਉਂ ਚੁਣਿਆ? ਮੈਂ ਇਸ ਅੰਕ ਵਿਚਲਾ ਸੰਪਾਦਕ ਦੁਆਰਾ ਲਿਖਤ ਲੇਖ ਦੁਬਾਰਾ ਪੜ੍ਹਦੀ ਹਾਂ। ਇਸ ਲੇਖ ਦੀ ਦੂਜੀ ਪੜ੍ਹਤ ਨਾਲ ਮੈਨੂੰ ਕਿਸੇ ਗੁੰਝਲ ਦਾ ਸਿਰਾ ਹੱਥ ਆਉਂਦਾ ਲੱਗਦਾ ਹੈ। ਮੈਨੂੰ ਮਹਿਸੂਸ ਹੁੰਦਾ ਹੈ ਕਿ ਸੰਪਾਦਕ ਵੀ ਮੇਰੇ ਹੀ ਵਾਂਗ ਖਲਾਅ ਵਿਚ ਲਟਕ ਰਿਹਾ ਹੈ। ਉਸ ਕੋਲ ਵੀ ਆਪਣੇ ਪੁਰਖਿਆਂ ਦੀ ਸਹੀ ਪਛਾਣ ਨਹੀਂ ਹੈ ਉਹ ਵੀ ਪੁਰਖਿਆਂ ਦੀ ਭਾਲ ਵਿਚ ਕਦੇ ਦਾਦਕੇ, ਕਦੇ ਨਾਨਕੇ ਤੇ ਕਦੇ ਅੰਬੇਦਕਰ ਵੱਲ ਦੇਖਦਾ ਹੈ। ਇਹੀ ਸਥਿਤੀ ਮੇਰੀ ਭਾਵ 'ਔਰਤ' ਦੀ ਹੈ। ਮੈਨੂੰ ਸਮਝ ਨਹੀਂ ਆ ਰਹੀ ਕਿ 'ਮਾਂ' ਜਾਂ 'ਬਾਪ' ਦੇ ਵੰਸ਼ਾਂ ਵਿਚੋਂ ਔਰਤ ਦੇ ਪੁਰਖੇ 'ਕਿਹੜੇ' ਹਨ? ਔਰਤ ਦੀ ਹੋਂਦ, ਹੋਣੀ ਤੇ ਸ਼ਖ਼ਸੀਅਤ ਕਿਸ ਵੰਸ਼ ਦੁਆਰਾ ਅਸਰ ਅੰਦਾਜ਼ ਅਤੇ ਨਿਰਧਾਰਿਤ ਹੁੰਦੀ ਹੈ? ਅਸੀਂ ਔਰਤ ਨੂੰ ਬਾਪ ਜਾਂ ਮਾਂ ਦੀ ਵੰਸ਼ਾਵਲੀ ਵਿਚੋਂ ਕਿਸ ਵਿਚ ਰੱਖਾਂਗੇ? ਪਹਿਲੀ ਨਜ਼ਰੇ ਇਹ ਸਵਾਲ ਫਜ਼ੂਲ ਲੱਗ ਸਕਦਾ ਹੈ ਲੇਕਿਨ ਹੋਂਦ ਦੇ ਮਸਲਿਆਂ ਦੇ ਪ੍ਰਸੰਗ ਵਿਚ ਇਹ ਬਹੁਤ ਗੁੰਝਲਦਾਰ ਸਵਾਲ ਹੈ। ਇਸ ਬਾਰੇ ਜਿੰਨਾ ਸੋਚੋਗੇ ਓਨਾ ਹੀ ਉਲਝਦੇ ਜਾਵੋਗੇ। ਕੋਈ ਕਹਿ ਸਕਦਾ ਹੈ ਕਿ ਮਾਂ-ਬਾਪ ਔਰਤ ਲਈ ਵੱਖ-ਵੱਖ ਨਹੀਂ ਹੁੰਦੇ ਅਤੇ ਇਹ ਦੋਵੇਂ ਹੀ ਉਸਦੇ ਪੁਰਖਿਆਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਹ ਠੀਕ ਹੈ ਲੇਕਿਨ ਮੇਰਾ ਸਵਾਲ ਹੈ ਕਿ ਮਾਂ-ਬਾਪ ਤੋਂ ਅੱਗੇ ਦੀ ਵੰਸ਼ਾਵਲੀ ਔਰਤ ਕਿਸ ਨਾਲ ਜੋੜੇ? ਔਰਤ ਦੀ ਵਿਰਾਸਤ ਇਨ੍ਹਾਂ ਦੋਵਾਂ ਵਿਚੋਂ ਕਿਸਦੇ ਪੂਰਵਜਾਂ ਨਾਲ ਸੰਬੰਧਿਤ ਹੈ? ਇਸਦਾ ਕਾਰਨ ਹੈ ਕਿ ਪੁਰਖਿਆਂ ਦਾ ਸੰਕਲਪ ਵਿਰਾਸਤ ਨਾਲ ਸੰਬੰਧਿਤ ਹੈ ਤੇ ਵਿਰਾਸਤ ਆਪਣੇ ਆਪ ਵਿਚ ਨਿੱਜੀ ਜਾਇਦਾਦ ਦੇ ਸੰਕਲਪ ਨਾਲ ਜੁੜੀ ਹੋਈ ਹੈ। ਇਸਨੂੰ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੁਰਖਿਆਂ ਦੁਆਰਾ ਸੰਚਿਤ ਕੀਤੀ ਜਾਇਦਾਦ ਪਹਿਲੀ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾਂਦੀ ਹੈ। ਦੂਜੀ ਪੀੜ੍ਹੀ ਅਜਿਹੀ ਜਾਇਦਾਦ ਦੀ ਕੇਵਲ ਮਾਲਕੀ ਪ੍ਰਾਪਤ ਨਹੀਂ ਕਰਦੀ। ਉਹ ਸੰਪੱਤੀ ਜ਼ਮ੍ਹਾਂ ਕਰਨ ਅਤੇ ਉਸ ਉੱਪਰ ਕਬਜ਼ਾ ਬਣਾਈ ਰੱਖਣ ਦੀਆਂ ਪੁਰਖਿਆਂ ਦੀਆਂ ਵਿਧੀਆਂ ਤੋਂ ਵੀ ਜਾਣੂ ਹੋ ਜਾਂਦੀ ਹੈ। ਇਸ ਤਰ੍ਹਾਂ ਹਰ ਪੀੜ੍ਹੀ ਜਾਇਦਾਦ ਸੰਚਿਤ ਕਰਨ ਅਤੇ ਅਗਲੀ ਪੀੜ੍ਹੀ ਨੂੰ ਵਿਰਸੇ ਵਿਚ ਦੇਣ ਦੇ ਰਸਤੇ ਤੁਰ ਪੈਂਦੀ ਹੈ। ਇਸ ਤਰ੍ਹਾਂ ਵਿਰਾਸਤ ਦਾ ਰਸਤਾ ਮਨੁੱਖ ਦਾ ਮੌਲਿਕ ਨਾ ਹੋ ਕੇ ਤੈਅਸ਼ੁਦਾ ਰਸਤਾ ਹੈ। ਇਹ ਪੂਰਵਜਾਂ ਦਾ ਰਸਤਾ ਹੈ ਜਿਸ ਉੱਪਰ ਬਿਨਾਂ ਕਿੰਤੂ ਕੀਤੇ ਤੁਰਨਾ ਹੁੰਦਾ ਹੈ। ਇਹੀ ਕਾਰਨ



ਹੈ ਕਿ ਪਰੰਪਰਾ ਮਨੁੱਖੀ ਜੀਵਨ ਅਤੇ ਮਨੁੱਖੀ ਹੋਣੀ ਦੇ ਨਿਰਧਾਰਨ ਵਿਚ ਬਹੁਤ ਮਹੱਤਵਪੂਰਨ ਹੁੰਦੀ ਹੈ। ਇਸ ਪ੍ਰਸੰਗ ਵਿਚ ਇਸ ਤੱਥ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿ ਪੂਰਵਜਾਂ ਦੁਆਰਾ ਨਿਰਧਾਰਤ ਅਤੇ ਪਰੰਪਰਾ ਦੁਆਰਾ ਨਿਸ਼ਚਿਤ ਰਸਤੇ ਨੂੰ ਬਿਨਾਂ ਕਿਤੂੰ ਅਪਨਾਉਣ ਉਪਰੰਤ ਮਨੁੱਖ ਆਪਣੇ ਨਿੱਜੀ ਅਨੁਭਵ ਨਾਲ ਜਿਉਣ ਦੀ ਬਜਾਇ ਪੁਰਖਾਂ ਦੁਆਰਾ ਅਨੁਭਵ ਅਤੇ ਪ੍ਰਵਾਨ ਕੀਤੇ ਸੱਚ ਦੇ ਸਹਾਰੇ ਜਿਉਣਾ ਸ਼ੁਰੂ ਕਰ ਦਿੰਦਾ ਹੈ। ਇਸ ਤਰ੍ਹਾਂ ਪੁਰਖਿਆਂ ਤੋਂ ਪ੍ਰਾਪਤ ਜਾਇਦਾਦ ਰਾਹੀਂ ਮਨੁੱਖ ਨੂੰ ਕੇਵਲ ਕੁਝ ਪਦਾਰਥਕ ਵਸਤਾਂ ਪ੍ਰਾਪਤ ਨਹੀਂ ਹੁੰਦੀਆਂ ਸਗੋਂ ਇਸ ਮਾਧਿਅਮ ਰਾਹੀਂ ਪੁਰਖਿਆਂ ਦੀ ਵਿਚਾਰਧਾਰਾ ਤੇ ਦਰਸ਼ਨ ਵੀ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਦੇ ਹਨ। ਇਸਦੇ ਵਿਪਰੀਤ ਹਾਸ਼ੀਆਗਤ ਧਿਰਾਂ ਕੋਲ ਜਾਇਦਾਦ ਦਾ ਪੀੜ੍ਹੀ ਦਰ ਪੀੜ੍ਹੀ ਸੰਚਾਰ ਹੋਣ ਵਾਲਾ ਠੋਸ ਰੂਪ ਨਾ ਹੋਣ ਕਾਰਨ ਉਨ੍ਹਾਂ ਦੀ ਵਿਚਾਰਧਾਰਾ ਤੇ ਦਰਸ਼ਨ ਵੀ ਅਗਲੀਆਂ ਪੀੜ੍ਹੀਆਂ ਤੱਕ ਨਹੀਂ ਪਹੁੰਚਦਾ। ਇਹੀ ਕਾਰਨ ਹੈ ਕਿ ਔਰਤਾਂ ਦੇ ਨਾਲ-ਨਾਲ ਬਾਕੀਆਂ ਹਾਸ਼ੀਆਗਤ ਧਿਰਾਂ ਆਪਣੇ ਪੁਰਖਿਆਂ ਅਤੇ ਉਨ੍ਹਾਂ ਦੇ ਇਤਿਹਾਸ ਬਾਰੇ ਜਿਆਦਾ ਵਿਸਤ੍ਰਿਤ ਜਾਣਕਾਰੀ ਨਹੀਂ ਰੱਖਦੀਆਂ। ਇਸਦਾ ਮੁੱਖ ਕਾਰਨ 'ਜਾਇਦਾਦ' ਦੇ ਅਗਲੀ ਪੀੜ੍ਹੀ ਤੱਕ ਸੰਚਾਰ ਦੀ ਅਣਹੋਂਦ ਹੈ। ਅਜਿਹੀਆਂ ਧਿਰਾਂ ਦੇ ਪੁਰਖਿਆਂ ਦੇ ਇਤਿਹਾਸ ਦੀ ਪਛਾਣ, ਸਿਰਜਣਾ ਤੇ ਸਥਾਪਤੀ ਪ੍ਰਤੀ ਭਾਵੁਕ ਲਗਾਅ ਵਿਚ ਕਮੀ ਦਾ ਕਾਰਨ ਵੀ ਇਹੀ ਹੈ ਕਿ ਸੰਚਿਤ ਸੰਪੱਤੀ ਦੀ ਅਣਹੋਂਦ ਵਿਚ ਇਨ੍ਹਾਂ ਦੀ ਹਰ ਪੀੜ੍ਹੀ ਨੂੰ ਆਪਣਾ ਜੀਵਨ ਨਵੇਂ ਸਿਰੇ ਤੋਂ ਸ਼ੁਰੂ ਕਰਨਾ ਪੈਂਦਾ ਹੈ। ਮੁੱਢਲੇ ਪੜਾਅ ਤੋਂ ਜੀਵਨ ਦੀ ਸ਼ੁਰੂਆਤ ਕਰਨ ਵਾਲੀਆਂ ਅਜਿਹੀਆਂ ਪੀੜ੍ਹੀਆਂ ਨੂੰ ਭੂਤਕਾਲ ਨਾਲੋਂ ਵਧੇਰੇ ਭਵਿੱਖ ਦੀ ਚਿੰਤਾ ਹੁੰਦੀ ਹੈ। ਔਰਤ ਦੀ ਸਥਿਤੀ ਇਸ ਪ੍ਰਸੰਗ ਵਿਚ ਵਧੇਰੇ ਗੁੰਝਲਦਾਰ ਹੈ। ਔਰਤ ਇਨ੍ਹਾਂ ਹਾਸ਼ੀਆਗਤ ਧਿਰਾਂ ਵਿਚ ਅਜਿਹੀ ਇਕੱਲੀ ਅਤੇ ਪ੍ਰਮੁਖ ਧਿਰ ਹੈ ਜਿਹੜੀ ਜਾਇਦਾਦ ਦੇ ਹੱਕ ਤੋਂ ਵਾਂਝੀ ਹੋਣ ਦੇ ਨਾਲ-ਨਾਲ ਆਪਣੀਆਂ ਜੜ੍ਹਾਂ ਨਾਲੋਂ ਵੀ ਟੁੱਟੀ ਹੁੰਦੀ ਹੈ। ਸੋ ਜੜ੍ਹਾਂ ਤੋਂ ਟੁੱਟੀ ਅਜਿਹੀ ਹੋਂਦ ਦੇ ਪ੍ਰਸੰਗ ਵਿਚ ਇਤਿਹਾਸ, ਵਿਰਾਸਤ ਤੇ ਪੁਰਖਿਆਂ ਦੇ ਸੰਕਲਪ ਨੂੰ ਨਵੇਂ ਕੋਣਾਂ ਤੋਂ ਦੇਖਣ ਦੀ ਲੋੜ ਹੈ।

ਇਸ ਸਮੁੱਚੇ ਪ੍ਰਸੰਗ ਵਿਚ ਜਦੋਂ ਅਸੀਂ ਔਰਤ ਅਤੇ ਦਲਿਤ ਦੇ ਪੁਰਖਿਆਂ ਬਾਰੇ ਸਵਾਲ ਨੂੰ ਸੰਬੋਧਿਤ ਹੁੰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਔਰਤ ਤੇ ਦਲਿਤ ਨੂੰ ਵਿਰਾਸਤ ਵਿਚ ਜਾਇਦਾਦ ਨਹੀਂ ਸਗੋਂ 'ਕਿਰਤ' ਮਿਲਦੀ ਹੈ। ਸਾਡੇ ਨੇੜੇ ਦੇ ਮਨੁੱਖੀ ਇਤਿਹਾਸ ਦੇ ਵੱਡੇ ਹਿੱਸੇ ਵਿਚ ਇਨ੍ਹਾਂ ਦੋਵਾਂ ਧਿਰਾਂ ਨੂੰ 'ਪੈਦਾਵਾਰ ਦੇ ਸਾਧਨਾਂ' ਦੀ ਬਰਾਬਰ ਵੰਡ 'ਤੇ ਆਧਾਰਿਤ ਜਾਇਦਾਦ ਦੀ ਮਾਲਕੀ ਨਹੀਂ ਦਿੱਤੀ ਗਈ। ਸੋ ਪੈਦਾਵਾਰ ਦੇ ਸਾਧਨਾਂ ਦੀ ਅ-ਬਰਾਬਰ ਵੰਡ ਹਾਸ਼ੀਆਗਤ ਧਿਰਾਂ ਦੀਆਂ ਸਮੱਸਿਆਵਾਂ ਦੇ ਮੂਲ ਕਾਰਨਾਂ ਵਿਚੋਂ ਇਕ ਹੈ। ਲੇਕਿਨ ਇਹ ਇਕੋ-ਇਕ ਸਮੱਸਿਆ ਨਹੀਂ ਹੈ ਕਿਉਂਕਿ ਆਰਥਿਕ ਸਥਿਤੀ ਵਿਚ ਸੁਧਾਰ ਆਉਣ ਉਪਰੰਤ ਵੀ ਬਹੁਤ ਸਾਰੀਆਂ ਸਮਾਜਿਕ ਸਮੱਸਿਆਵਾਂ ਦਾ ਨਿਵਾਰਨ ਨਹੀਂ ਹੁੰਦਾ। ਇਸ ਅੰਕ ਵਿਚਲੇ ਬਹੁਤ ਸਾਰੇ ਲੇਖ ਅਜਿਹੀ ਸਥਿਤੀ ਵੱਲ ਇਸ਼ਾਰਾ ਕਰਦੇ ਹਨ ਕਿ ਦਲਿਤਾਂ ਤੇ ਔਰਤਾਂ ਦੇ ਆਰਥਿਕ ਤੌਰ 'ਤੇ ਸੰਪੰਨ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਬਰਾਬਰ ਦਾ ਦਰਜ਼ਾ ਨਹੀਂ ਮਿਲਦਾ। ਲੇਕਿਨ ਇਸਦੇ ਕਾਰਨਾਂ ਦੀ ਨਿਸ਼ਾਨਦੇਹੀ ਵੀ ਇਸੇ ਅੰਕ ਵਿਚੋਂ ਹੋ ਜਾਂਦੀ ਹੈ। ਇਹ ਲੇਖ ਦੱਸਦੇ ਹਨ ਕਿ ਅਜਿਹੇ ਵਿਅਕਤੀ ਆਰਥਿਕ ਤੌਰ 'ਤੇ ਸੰਪੰਨ ਹੋਣ ਦੇ ਬਾਅਦ 'ਪ੍ਰਤੀਰੋਧੀ ਸਭਿਆਚਾਰ' ਦੀ ਸਿਰਜਣਾ ਨਾ ਕਰਕੇ ਮੁੱਖ ਧਾਰਾ ਦੇ ਸਭਿਆਚਾਰ ਵਿਚ ਵਿਲੀਨ ਹੋਣ ਦਾ ਰਸਤਾ ਅਪਣਾ ਲੈਂਦੇ ਹਨ। ਅਜਿਹਾ ਕਰਨ ਨਾਲ ਉਹ ਆਪਣੇ ਵਰਗ ਅਤੇ ਵਜੂਦ ਦੋਵਾਂ ਨਾਲ ਧੋਖਾ ਕਰਦੇ ਹਨ ਅਤੇ ਸਾਰੀ ਜ਼ਿੰਦਗੀ ਖ਼ੁਦ ਸਿਰਜੇ ਝੂਠ ਨੂੰ ਜਿਉਂਦੇ ਹਨ। ਸੰਖੇਪ ਵਿਚ ਅਜਿਹੇ ਵਿਅਕਤੀ ਪੂਰੇ ਵਰਗ ਦੀ ਮੁਕਤੀ ਨਾਲ ਖ਼ੁਦ ਨੂੰ ਜੋੜ ਕੇ ਦੇਖਣ ਦੀ ਬਜਾਇ ਛੋਟੇ-ਛੋਟੇ ਨਿੱਜੀ ਫਾਇਦੇ ਬਟੋਰਨ ਤੱਕ ਮਹਿਦੂਦ ਰਹਿ ਜਾਂਦੇ ਹਨ। ਇਸੇ ਕਾਰਨ ਬਹੁਤ ਸਾਰੀਆਂ ਸਮਾਜ ਸੁਧਾਰਕ ਲਹਿਰਾਂ ਚੱਲਣ ਦੇ ਬਾਵਜੂਦ ਸਦੀਆਂ ਬੀਤਣ ਦੇ ਬਾਅਦ ਵੀ ਇਨ੍ਹਾਂ ਦੀ ਸਥਿਤੀ ਵਿਚ ਕੋਈ ਸੁਧਾਰ ਨਹੀਂ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਆਰਥਿਕਤਾ ਪਹਿਲਾ ਪੜਾਅ ਹੈ ਜਿਸਦੇ

ਮਾਧਿਅਮ ਰਾਹੀਂ ਨਵੇਂ ਵਿਚਾਰ ਨਵੀਂਆਂ ਪੀੜ੍ਹੀਆਂ ਤੱਕ ਪਹੁੰਚਾਏ ਜਾ ਸਕਦੇ ਹਨ। ਉਨ੍ਹਾਂ ਨੂੰ ਦੱਸਿਆ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਉਨ੍ਹਾਂ ਨੂੰ ਸੋਚਣਾ, ਸਮਝਣਾ ਤੇ ਦੇਖਣਾ ਸਿਖਾਇਆ ਜਾ ਰਿਹਾ ਹੈ, ਉਹ ਇਕੋ ਇਕ ਤਰੀਕਾ ਨਹੀਂ ਹੈ। ਉਸਤੋਂ ਬਿਨਾਂ ਵੀ ਦੁਨੀਆਂ ਨੂੰ ਸਮਝਣ ਤੇ ਪਰਖਣ ਦੇ ਬਹੁਤ ਸਾਰੇ ਤਰੀਕੇ ਹਨ।

ਪਰ ਸਾਨੂੰ ਕੇਵਲ ਬਣੇ-ਬਣਾਏ ਰਸਤੇ ਉੱਪਰ ਤੁਰਨਾ ਸਿਖਾਇਆ ਜਾਂਦਾ ਹੈ। ਸਾਨੂੰ ਪਰੰਪਰਾ ਤੇ ਸਭਿਆਚਾਰ ਦੇ ਨਾਮ ਉੱਪਰ ਬਹੁਤ ਸਾਰੇ ਦਕਿਆਨੂਸੀ, ਬਕਵਾਸ ਅਤੇ ਪੁਰਾਣੇ ਹੋ ਚੁੱਕੇ ਵਿਚਾਰਾਂ ਨੂੰ ਨਾ ਕੇਵਲ ਮੰਨਣ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਉਨ੍ਹਾਂ ਦਾ ਸੰਚਾਰ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਇਸ ਲਈ ਜਾਤ ਅਤੇ ਲਿੰਗ ਭੇਦ ਦੇ ਮਾਮਲੇ ਵਿਚ ਅੱਜ ਸਭ ਤੋਂ ਪਹਿਲੀ ਲੋੜ ਨਵੇਂ ਕੋਣਾਂ ਤੋਂ ਜ਼ਿੰਦਗੀ, ਸਮਾਜ ਤੇ ਸਭਿਆਚਾਰ ਨੂੰ ਦੇਖਣ ਦੀ ਹੈ। ਹਾਸ਼ੀਆਗਤ ਧਿਰਾਂ ਦੇ ਮਸਲੇ ਉੱਪਰ ਨਵਾਂ ਨਜ਼ਰੀਆ ਪੈਦਾ ਕਰਨਾ ਮੁੱਢਲੀ ਸ਼ਰਤ ਹੈ। ਸਾਡੇ ਸਮੇਂ ਦੇ ਅਧਿਐਨਾਂ ਦੀ ਮੁੱਖ ਸਮੱਸਿਆ ਨਵੇਂ ਸਵਾਲਾਂ ਨੂੰ ਪਰਚੱਲਿਤ ਮੁਹਾਵਰੇ ਵਿਚ ਸੰਬੋਧਿਤ ਹੋਣ ਵਿਚ ਹੈ। ਇਹ ਸਹੀ ਢੰਗ ਨਹੀਂ ਹੈ। ਅਜਿਹਾ ਕਰਨ ਨਾਲ ਬਹੁਤ ਕੁਝ ਅਣਦੇਖਿਆ ਰਹਿ ਜਾਂਦਾ ਹੈ। ਜਿਵੇਂ ਕਿ ਸਾਡੇ ਸਾਰਿਆਂ ਲਈ ਇਹ ਬੜੀ ਸਾਧਾਰਨ ਗੱਲ ਹੈ ਕਿ ਵਿਆਹ ਤੋਂ ਬਾਅਦ ਬਾਪ ਦੀ ਵੰਸਾਵਲੀ ਵਿਚੋਂ ਔਰਤ ਦਾ ਨਾਮ ਕੱਟਿਆ ਜਾਂਦਾ ਹੈ। ਅਸੀਂ ਕਦੇ ਇਸ ਵਰਤਾਰੇ ਉੱਪਰ ਕਿੰਤੂ ਨਹੀਂ ਕੀਤਾ ਕਿ ਅਜਿਹਾ ਕਿਉਂ ਹੁੰਦਾ ਹੈ? ਕੇਵਲ ਇੰਨਾ ਹੀ ਨਹੀਂ ਅੱਜ ਵੀ ਪਤੀ ਦੀ ਵੰਸ਼ਾਵਲੀ ਵਿਚ ਔਰਤ ਦੇ 'ਮਾਂ-ਪਿਓ' ਦਾ ਵੇਰਵਾ ਕਿਉਂ ਦਰਜ਼ ਨਹੀਂ ਹੁੰਦਾ? ਕਿਉਂ ਔਰਤ ਦੀ ਮੌਤ ਦਾ ਰਿਕਾਰਡ ਪੁੱਤਰਾਂ ਵਾਂਗ ਆਪਣੇ ਪਿਤਾ ਦੀ ਵੰਸ਼ਾਵਲੀ ਵਿਚ ਨਹੀਂ ਸਗੋਂ ਪਤੀ ਦੀ ਵੰਸ਼ਾਵਲੀ ਵਿਚ ਦਰਜ਼ ਹੁੰਦਾ ਹੈ? ਇਸਦਾ ਕਾਰਨ ਹੈ ਕਿ ਸਾਡੇ ਸਮਾਜ ਅੰਦਰ ਵਿਆਹ ਸਿੱਧੇ ਤੌਰ 'ਤੇ ਪਿਤਾ ਦੁਆਰਾ ਆਪਣੀ ਧੀ ਨੂੰ ਵਾਰਸੀ ਦੇ ਹੱਕਾਂ ਤੋਂ ਬੇਦਖ਼ਲ ਕਰਨ ਦੀ ਵਿਵਸਥਾ ਦਾ ਨਾਮ ਹੈ। ਹੁਣ ਕਾਨੂੰਨੀ ਤੌਰ 'ਤੇ ਚਾਹੇ ਔਰਤ ਆਪਣੇ 'ਮਾਂ-ਪਿਓ' ਦੀ ਜਾਇਦਾਦ ਵਿਚ ਬਰਾਬਰ ਦੀ ਹਿੱਸੇਦਾਰ ਹੁੰਦੀ ਹੈ ਲੇਕਿਨ ਪੰਜਾਬੀ ਸਮਾਜ ਅੰਦਰ ਅੱਜ ਵੀ ਇਹ ਸਿਰਫ਼ ਭਰਾਵਾਂ ਦੀ ਅਣਹੋਂਦ ਵਿਚ ਹੀ ਸੰਭਵ ਹੈ। ਔਰਤ ਨੂੰ ਭਾਰਾਵਾਂ ਦੇ ਬਰਾਬਰ ਪੇਕੇ ਪਰਿਵਾਰ ਦੀ ਜਾਇਦਾਦ ਵਿਚ ਹਿੱਸਾ ਨਹੀਂ ਮਿਲਦਾ। ਇਸੇ ਸੰਦਰਭ ਵਿਚ 'ਪੁਰਸ਼' ਦੁਆਰਾ ਬਾਪ ਦੀ ਵੰਸ਼ਾਵਲੀ ਨਾਲ ਜੁੜਨਾ ਤਰਕਸੰਗਤ ਹੈ ਕਿਉਂਕਿ ਪੁਰਸ਼ ਦੀ ਪਛਾਣ ਸਾਰੀ ਉਮਰ ਬਾਪ-ਦਾਦੇ ਵਾਲੇ ਇਕੋ ਪਿਛੋਕੜ ਵਿਚ ਨਿਰਧਾਰਿਤ ਹੁੰਦੀ ਹੈ ਲੇਕਿਨ ਔਰਤ ਨਾਲ ਅਜਿਹਾ ਨਹੀਂ ਹੈ। ਕੇਵਲ ਵਿਆਹ ਤੱਕ ਹੀ ਔਰਤ ਦੀ ਪਛਾਣ ਉਸਦੇ ਬਾਪ-ਦਾਦਾ ਰਾਹੀਂ ਨਿਰਧਾਰਿਤ ਹੁੰਦੀ ਹੈ। ਵਿਆਹ ਤੋਂ ਬਾਅਦ ਪਛਾਣ ਦਾ ਇਹ ਸੂਤਰ ਪਤੀ ਨਾਲ ਜੁੜ ਜਾਂਦਾ ਹੈ। ਇਸ ਲਈ ਸਮਾਜਿਕ, ਨੈਤਿਕ ਤੇ ਧਾਰਮਿਕ ਤੌਰ 'ਤੇ ਪਿਤਾ ਦੇ ਪੁਰਖੇ ਔਰਤ ਦੇ ਪੁਰਖੇ ਨਹੀਂ ਹੋ ਸਕਦੇ।

ਇਸਦੇ ਨਾਲ ਹੀ ਸਾਡੇ ਸਮਾਜ ਵਿਚ ਔਰਤ 'ਮਾਂ ਦੀ ਵੰਸ਼ਾਵਲੀ' ਨੂੰ ਵੀ ਪੁਰਖਿਆਂ ਵਜੋਂ ਨਹੀਂ ਅਪਣਾ ਸਕਦੀ। ਇਸਦਾ ਕਾਰਨ ਹੈ ਕਿ ਸਾਡੇ ਕੋਲ 'ਮਾਂ ਦੀ ਵੰਸ਼ਾਵਲੀ' ਦੀ ਕੋਈ ਵਿਵਸਥਾ ਨਹੀਂ ਹੈ। 'ਮਾਂ ਦੀ ਵੰਸ਼ਾਵਲੀ' ਤੋਂ ਮੇਰਾ ਭਾਵ 'ਨਾਨਕਾ ਪਰਿਵਾਰ ਦੀ ਵੰਸ਼ਾਵਲੀ' ਨਹੀਂ ਹੈ ਸਗੋਂ 'ਮਾਤਰੀ ਵੰਸ਼ਾਵਲੀ' ਤੋਂ ਹੈ। ਲੇਕਿਨ ਜਿੱਥੇ ਸਭ ਕੁਝ ਦਾ ਕਰਤਾ-ਧਰਤਾ ਕੇਵਲ 'ਬਾਪ ਦੇ ਬਾਪ ਦਾ ਬਾਪ' ਹੈ ਉੱਥੇ 'ਮਾਂ ਦੀ ਮਾਂ ਦੀ ਮਾਂ' ਨੂੰ ਕੌਣ ਯਾਦ ਰੱਖਦਾ ਹੈ? ਪਰ ਇਹ ਅਚੰਭੇ ਵਾਲੀ ਗੱਲ ਹੈ ਕਿ ਇਸੇ ਅੰਕ ਵਿਚ ਸੁਹਜਦੀਪ ਨੇ ਔਰਤ ਦੇ ਪ੍ਰਸੰਗ ਵਿਚ ਪੁਰਖਿਆਂ ਨਾਲ ਸੰਬੰਧਿਤ ਅਜਿਹੇ ਪ੍ਰਸ਼ਨਾਂ ਨੂੰ ਸੰਬੋਧਿਤ ਹੋਣ ਦੀ ਕੋਸ਼ਿਸ਼ ਕੀਤੀ ਹੈ। ਉਸਨੇ ਆਪਣੇ ਲੇਖ ਵਿਚ 'ਮਾਂ ਦੀ ਮਾਂ ਦੀ ਮਾਂ' ਤੱਕ ਦਾ ਸੰਖੇਪ ਇਤਿਹਾਸ ਦੇ ਕੇ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡੇ ਸਮਾਜ ਅੰਦਰ ਔਰਤ ਦੁਆਰਾ ਇਤਿਹਾਸ ਦੀ ਸਿਰਜਣਾ ਆਸਾਨ ਕੰਮ ਨਹੀਂ ਹੈ। ਉਸਨੇ ਬੜੀ ਖ਼ੂਬਸੂਰਤੀ ਨਾਲ ਅਸਿੱਧੇ ਰੂਪ ਵਿਚ ਇਹ ਵੀ ਦੱਸਿਆ ਕਿ ਸਹੁਰਿਆਂ ਦੀ ਵੰਸ਼ਾਵਲੀ ਔਰਤ ਦੀ ਵੰਸ਼ਾਵਲੀ ਨਹੀਂ ਹੁੰਦੀ ਸਗੋਂ ਉਹ ਤਾਂ ਇਸਨੂੰ ਅੱਗੇ ਚਲਾਉਣ ਦਾ ਸਾਧਨ ਮਾਤਰ ਹੁੰਦੀ ਹੈ। ਇਸਦਾ



ਸਪੱਸ਼ਟ ਉਦਾਰਹਨ 'ਵੰਸ਼ਾਵਲੀਆਂ' ਅਤੇ 'ਵੰਸ਼ ਵਿਵਸਥਾ' ਹੈ ਜਿੱਥੇ ਔਰਤ ਦਾ ਪੁੱਤਰ ਵੀ ਉਸ ਕਰਕੇ ਨਹੀਂ ਜਾਣਿਆ ਜਾਂਦਾ। ਇੰਤਹਾ ਇਹ ਹੈ ਕਿ ਬਹੁਤੀ ਵਾਰ ਔਰਤ ਪਤੀ ਤੋਂ ਬਾਅਦ ਪੁੱਤਰ ਦੀ ਪਹਿਚਾਣ ਦੀ ਮੁਹਤਾਜ਼ ਹੁੰਦੀ ਹੈ। ਇਸੇ ਕਾਰਨ ਪਿੰਡਾਂ ਵਿਚ ਚੱਲਦੇ 'ਉਧਾਰ ਖਾਤਿਆਂ' ਵਿਚ ਕਿਸੇ ਔਰਤ ਦਾ ਨਾਮ ਮੁਸ਼ਕਿਲ ਹੀ ਦਰਜ਼ ਹੁੰਦਾ ਹੈ। ਵਿਧਵਾ ਔਰਤ ਦਾ ਖਾਤਾ ਵੀ ਬਹੁਤੀ ਵਾਰ ਉਸਦੇ ਪੁੱਤਰ ਦੇ ਨਾਮ ਉੱਪਰ ਹੁੰਦਾ ਹੈ। ਅਜਿਹੀ ਸਥਿਤੀ ਵਿਚ ਔਰਤ ਦੁਆਰਾ ਆਪਣੇ ਪੁਰਖਿਆਂ ਦੀ ਪਛਾਣ ਕਰਨਾ ਜਿੰਨਾ ਮਹੱਤਵਪੂਰਨ ਹੈ, ਉਨਾ ਹੀ ਮੁਸ਼ਕਿਲ ਹੈ।

ਇਹ ਨਹੀਂ ਹੈ ਕਿ ਇਹ ਸਿਰਫ਼ ਦਲਿਤਾਂ ਅਤੇ ਔਰਤਾਂ ਦੀ ਹੋਣੀ ਹੈ। ਇਹ ਸਮਾਜ ਦੀ ਹਰ ਹਾਸ਼ੀਆਗਤ ਧਿਰ ਦੀ ਹੋਣੀ ਹੈ ਜਿਵੇਂ ਕਿ 'ਕਿੰਨਰਾਂ' ਤੇ 'ਵੇਸਵਾਵਾਂ' ਦੇ ਪੁਰਖੇ ਅਸੀਂ ਕਿਵੇਂ ਨਿਰਧਾਰਿਤ ਕਰਾਂਗੇ? ਇਹ ਸਾਡੇ ਸਮਾਜ ਦਾ ਹਿੱਸਾ ਹਨ। ਇਨ੍ਹਾਂ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਰ ਸਾਡੇ ਸਮਾਜ ਦੀ ਕਿਹੜੀ 'ਵੰਸ਼ਾਵਲੀ' ਇਨ੍ਹਾਂ ਨੂੰ ਅਪਣਾਉਣ ਲਈ ਰਜ਼ਾਮੰਦ ਹੋਵੇਗੀ? ਇਸ ਅੰਕ ਵਿਚ ਦਵਿੰਦਰ ਮੰਡ ਆਪਣੇ ਲੇਖ ਵਿਚ ਇਕ ਜਗ੍ਹਾ ਕਹਿੰਦਾ ਹੈ ਕਿ 'ਕਈ ਪੁਰਖੇ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਖ਼ੂਨ ਤੁਹਾਨੂੰ ਸੰਸਾਰ ਦੇ ਨਾਇਕ ਬਣਾ ਦਿੰਦਾ ਹੈ। ਦੂਜੇ ਪਾਸੇ ਅਜਿਹੇ ਪੁਰਖੇ ਵੀ ਹਨ ਜਿਨ੍ਹਾਂ ਦਾ ਨਾਮ ਤੁਹਾਡੀਆਂ ਪੀੜ੍ਹੀਆਂ ਲਈ ਜ਼ਖ਼ਮ ਬਣ ਜਾਂਦਾ ਹੈ।' ਲੇਕਿਨ ਮੇਰੀ ਜਾਚੇ ਇਕ ਤੀਜੀ ਕਿਸਮ ਦੇ ਪੁਰਖੇ ਵੀ ਹੁੰਦੇ ਹਨ ਜਿਹੜੇ ਬੀਤੇ ਸਮੇਂ ਦੇ ਹਨੇਰੇ ਵਿਚ ਗੁਆਚ ਜਾਂਦੇ ਹਨ। ਅਜਿਹੇ ਪੁਰਖੇ ਸਾਧਾਰਨ ਬੰਦੇ ਹੁੰਦੇ ਹਨ ਜਿਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਭੁੱਲ ਜਾਂਦੀਆਂ ਹਨ। ਇਨ੍ਹਾਂ ਵਿਚ ਅ-ਵਿਸ਼ੇਸ਼ ਵਿਅਕਤੀ, ਦਲਿਤ ਤੇ ਔਰਤਾਂ ਆਦਿ ਸਾਰੀਆਂ ਹਾਸ਼ੀਆਗਤ ਧਿਰਾਂ ਸ਼ਾਮਿਲ ਹਨ ਜਿਨ੍ਹਾਂ ਨੂੰ ਆਪਣੀ ਸਾਧਾਰਨਤਾ ਕਰਕੇ ਇਤਿਹਾਸ ਤੇ ਵਿਰਾਸਤ ਵਿਚ ਬਣਦਾ ਸਥਾਨ ਨਹੀਂ ਮਿਲਿਆ। ਇਸ ਅੰਕ ਵਿਚ ਵੀ ਤਕਰੀਬਨ ਅਜਿਹੀ ਵੰਡ ਦੇਖਣ ਨੂੰ ਮਿਲਦੀ ਹੈ ਜਿਸ ਵਿਚ ਜਿਆਦਾਤਰ ਲੇਖਕਾਂ ਨੇ ਜਾਇਦਾਦ ਜਾਂ ਰੁਤਬਿਆਂ ਦੇ ਮਾਲਕ ਰਹੇ ਪੁਰਖਿਆਂ ਨੂੰ ਬੜੇ ਮਾਣ ਨਾਲ ਚਿਤਰਿਆ ਹੈ ਜਦੋਂਕਿ ਜਾਇਦਾਦ ਵਿਹੂਣੇ ਪੁਰਖਿਆਂ ਦੇ ਇਤਿਹਾਸ ਦੀ ਕੋਈ ਬਹੁਤੀ ਮਾਣਮੱਤੀ ਤਸਵੀਰਕਸ਼ੀ ਨਹੀਂ ਕੀਤੀ ਗਈ। ਇੱਥੋਂ ਤੱਕ ਕਿ ਦਲਿਤਾਂ ਦੇ ਵਿਆਖਿਆਨ ਵਿਚ ਵੀ ਅਮੀਰ ਤੇ ਗ਼ਰੀਬ ਪੁਰਖਿਆਂ ਸੰਬੰਧੀ ਬਿਰਤਾਂਤਕਾਰੀ ਵਿਚ ਫ਼ਰਕ ਮਿਲਦਾ ਹੈ। ਸਾਧਨ ਵਿਹੂਣੇ ਦਲਿਤ ਪੁਰਖਿਆਂ ਦੇ ਵਾਰਿਸ ਵਿਯੋਗ ਅਤੇ ਦੁੱਖ ਵਿਚੋਂ ਲਿਖਦੇ ਹਨ ਜਦੋਂਕਿ ਸਾਧਨ-ਸੰਪੰਨ ਦਲਿਤ ਪੁਰਖਿਆਂ ਦੇ ਵਾਰਿਸ ਮਾਣ ਅਤੇ ਵਡਿਆਈ ਨਾਲ ਆਪਣੇ ਪੁਰਖਿਆਂ ਬਾਰੇ ਲਿਖਦੇ ਹਨ। ਪਰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਪੁਰਖਿਆਂ ਦੇ ਸੰਬੰਧ ਵਿਚ ਉਹ ਇਤਿਹਾਸ ਵੀ ਮਾਣਮੱਤਾ ਹੁੰਦਾ ਹੈ ਜਿਸ ਵਿਚ ਕੁਝ ਵੀ ਮਹਾਨ ਨਹੀਂ ਹੁੰਦਾ ਕਿਉਂਕਿ ਸਾਡੀ ਹੋਂਦ ਅਤੇ ਅਸਤਿਤਵ ਦੀ ਗੌਰਵਤਾ ਅਜਿਹੇ ਸਾਧਾਰਨ ਪੁਰਖਿਆਂ ਦੀ ਕਰਜ਼ਦਾਰ ਹੁੰਦੀ ਹੈ। ਇਸੇ ਤਰ੍ਹਾਂ ਪੁਰਖਿਆਂ ਦੇ ਗੁਣਾਂ ਦੇ ਨਾਲ-ਨਾਲ ਉਨ੍ਹਾਂ ਦੇ ਔਗੁਣ ਵੀ ਬਰਾਬਰ ਮਹੱਤਵ ਰੱਖਦੇ ਹਨ। ਇਸ ਅੰਕ ਵਿਚ ਐਸ.ਆਰ.ਲੱਧੜ ਆਪਣੇ ਲੇਖ ਦੀ ਸ਼ੁਰੂਆਤ ਇਸ ਕਥਨ ਨਾਲ ਕਰਦਾ ਹੈ ਕਿ 'ਪੁਰਖੇ ਸਭ ਲਈ ਪੂਜਣਯੋਗ ਹੁੰਦੇ ਹਨ।' ਲੇਕਿਨ ਇਹ ਸਹੀ ਨਹੀਂ ਹੈ। ਸਾਰੇ ਪੁਰਖੇ ਪੂਜਣਯੋਗ ਨਹੀਂ ਹੁੰਦੇ ਅਤੇ ਨਾ ਹੀ ਸਾਰਿਆਂ ਲਈ ਸਾਰੇ ਪੁਰਖੇ ਪੂਜਣਯੋਗ ਹੁੰਦੇ ਹਨ। ਔਰਤਾਂ ਦੇ ਵਿਸ਼ੇਸ਼ ਪ੍ਰਸੰਗ ਵਿਚ ਪੁਰਖੇ ਪੂਜਣਯੋਗ ਨਹੀਂ ਕਹੇ ਜਾ ਸਕਦੇ। ਇਸਦਾ ਕਾਰਨ ਹੈ ਕਿ ਉਨ੍ਹਾਂ ਨੇ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਨੂੰ ਪਰੰਪਰਾਗਤ ਰੂਪ ਵਿਚ ਨਾ ਕੇਵਲ ਅੱਗੇ ਵਧਾਇਆ ਸਗੋਂ ਹਰ ਯੁੱਗ ਵਿਚ ਅਜਿਹੀਆਂ ਵਧੀਕੀਆਂ ਨੂੰ ਉਚਿਤ ਠਹਿਰਾਉਣ ਦਾ ਪ੍ਰਵਚਨ ਵੀ ਸਿਰਜਿਆ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਪੁਰਖਿਆਂ ਸੰਬੰਧੀ ਅਜਿਹੇ ਬਹੁਤ ਸਾਰੇ ਸਵਾਲ ਇਹ ਅੰਕ ਸਾਡੇ ਜ਼ਿਹਨ ਵਿਚ ਪੈਦਾ ਕਰਦਾ ਹੈ। ਔਰਤ ਹੋਣ ਕਾਰਨ ਮੇਰੇ ਪੁਰਖਿਆਂ ਦੀ ਪਛਾਣ ਅਜੇ ਧੁੰਦਲਕੇ ਵਿਚ ਹੈ ਲੇਕਿਨ ਮਨੁੱਖੀ ਹੋਂਦ ਨਾਲ ਸੰਬੰਧਿਤ ਇਸ ਸਮੱਸਿਆ ਨੂੰ ਮੈਂ ਔਰਤ ਵਜੋਂ ਮੁਖ਼ਾਤਿਬ ਹਾਂ।

**- ਸਰਬਜੀਤ** (ਖੋਜ ਵਿਦਿਆਰਥਣ, ਪੰਜਾਬੀ ਯੂਨੀ. ਪਟਿਆਲਾ)-94787-42476